ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 11 | Issue 7 | 24 February 2021 to 02 March 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਮਹਿਰਾਜ ਵਿਚ ਨੌਜਵਾਨਾਂ ਦਾ ਭਾਰੀ ਇਕੱਠ

## ਲੱਖਾ ਸਿਧਾਣਾ ਦਿੱਲੀ ਪੁਲਿਸ ਨੂੰ ਚੁਣੌਤੀ ਦੇ ਕੇ ਮਹਿਰਾਜ ਵਿਖੇ ਹੋਈ ਰੈਲੀ ਵਿੱਚ ਹੋਇਆ ਸ਼ਾਮਲ

**ਮਹਿਰਾਜ/ਏ.ਟੀ.ਨਿਊਜ਼:** ਨੌਜਵਾਨ ਨੌਜਵਾਨ ਲੀਡਰ ਲੱਖਾ ਸਿਧਾਣਾ ਦਿੱਲੀ ਪੁਲਿਸ ਨੂੰ ਚੁਣੌਤੀ ਦੇ ਕੇ ਮਹਿਰਾਜ ਵਿਖੇ ਹੋਈ ਰੈਲੀ ਵਿੱਚ ਸ਼ਾਮਲ ਹੋਇਆ। ਉਹ ਅੱਧਾ ਘੰਟਾ ਰੈਲੀ ਵਿੱਚ ਰੁਕਿਆ ਤੇ ਸਟੇਜ ਤੋਂ ਇਕੱਠ ਨੂੰ ਸੰਬੋਧਨ ਕੀਤਾ। ਲੱਖਾ ਸਿਧਾਣਾ ਨੂੰ ਵੇਖ ਰੈਲੀ ਵਿੱਚ ਸ਼ਾਮਲ ਨੌਜਵਾਨਾਂ ਦਾ ਜੋਸ਼ ਸੱਤਵੇਂ ਆਸਮਾਨ 'ਤੇ ਪਹੁੰਚ ਗਿਆ, ਦਰਅਸਲ ਲੱਖਾ ਸਿਧਾਣਾ ਲਾਲ ਕਿਲ੍ਹੇ 'ਤੇ ਹੋਈ ਕਥਿਤ ਹਿੰਸਾ ਮਾਮਲੇ 'ਚ ਦਿੱਲੀ ਪੁਲਿਸ ਨੂੰ ਲੋੜੀਂਦਾ ਹੈ। ਅਜਿਹੇ ਵਿੱਚ ਹੁਣ ਲੱਖਾ ਸਿਧਾਣਾ ਦੀ ਗ੍ਰਿਫ਼ਤਾਰੀ ਦਿੱਲੀ ਪੁਲਿਸ ਲਈ ਵੱਕਾਰ ਦਾ ਸਵਾਲ ਬਣ ਗਿਆ ਹੈ। ਉਧਰ, ਇਹ ਵੀ ਚਰਚਾ ਹੈ ਕਿ ਪੁਲਿਸ, ਲੱਖਾ ਸਿਧਾਣਾ ਨੂੰ ਉਸ ਦੇ ਪਿੰਡ ਵਿੱਚੋਂ ਗ੍ਰਿਫ਼ਤਾਰ ਨਹੀਂ ਕਰ ਸਕੇਗੀ ਕਿਉਂਕਿ ਪਿੰਡ ਵਾਲਿਆਂ ਨੇ ਪਹਿਲਾਂ ਹੀ ਐਲਾਨ ਕੀਤਾ ਹੈ ਕਿ ਪੁਲਿਸ ਨੂੰ ਪਿੰਡ ਵਿਚ ਹੀ ਨਹੀਂ ਵੜ੍ਹਨ ਦਿੱਤਾ ਜਾਏਗਾ। ਲੱਖਾ ਸਿਧਾਣਾ ਦਾ ਪੰਜਾਬੀਆਂ ਨੂੰ ਸੁਨੇਹਾ ਸੀ ,ਕਿ ਉਸ ਦੀਆਂ ਰਗਾਂ ਵਿੱਚ ਵਗਦਾ ਖ਼ੂਨ ਪੰਜਾਬ ਲਈ ਹੈ ਅਤੇ ਜੇਕਰ ਡੁੱਲ੍ਹੇਗਾ ਤਾਂ ਉਹ ਪੰਜਾਬ ਦੇ ਲੋਕਾਂ ਲਈ ਡੁੱਲ੍ਹੇਗਾ।

ਉਸ ਨੇ ਕਿਹਾ ਕਿ ਕੇਂਦਰ ਸਰਕਾਰ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਅੰਦੋਲਨ ਨੂੰ ਖਤਮ ਕਰਨਾ ਚਾਹੁੰਦੀ ਹੈ ,ਪਰ ਪੰਜਾਬ ਦੇ ਬਹਾਦਰ ਲੋਕ ਅਜਿਹਾ ਨਹੀਂ ਹੋਣ ਦੇਣਗੇ। ਲੱਖੇ ਨੇ ਅੱਗੇ ਕਿਹਾ ਕਿ, ਇਹ ਲੜਾਈ ਪੰਜਾਬ ਦੀਆਂ ਫਸਲਾਂ ਦੀ ਹੀ ਨਹੀਂ ਸਗੋਂ ਨਸਲਾਂ 'ਤੇ ਹੋਂਦ ਦੀ ਲੜਾਈ ਹੈ, ਜੋ ਬਹਾਦਰ ਕੌਮਾਂ ਵੱਲੋਂ ਲੜੀ ਜਾਂਦੀ ਹੈ, ਜਿਹੜੀਆਂ ਕੌਮਾਂ ਆਪਣੇ ਹੱਕਾਂ ਲਈ ਲੜਨਾ ਛੱਡ ਦਿੰਦੀਆਂ ਹਨ ਉਨ੍ਹਾਂ ਦੀ ਹੋਂਦ ਹੌਲੀ-ਹੌਲੀ ਖ਼ਤਮ ਹੋ ਜਾਂਦੀ ਹੈ। ਦਿੱਲੀ ਪੁਲਿਸ ਬਾਰੇ ਬੋਲਦਿਆਂ ਲੱਖਾ ਸਿਧਾਣਾ ਨੇ ਕਿਹਾ, ਕਿ ਦਿੱਲੀ ਪੁਲਿਸ ਜਿੰਨੇ ਮਰਜੀ ਪਰਚੇ ਕਰ ਲਵੇ ਪਰ ਪੰਜਾਬ ਦੇ ਲੋਕ ਹੁਣ ਤਿੰਨ ਕਾਨੂੰਨ ਰੱਦ ਕਰਵਾਏ ਬਿਨਾਂ ਪਿੱਛੇ ਨਹੀਂ ਹਟਣਗੇ। ਉਸਨੇ ਆਪਣੀ ਰੈਲੀ ਵਿਚ ਪਹੁੰਚੇ ਦਲਿਤ ਭਾਈ ਚਾਰੇ ਦਾ ਸ਼ਪੈਸ਼ਲ ਤੌਰ ਉਪਰ ਧੰਨਵਾਦ ਕੀਤਾ। ਲੱਖੇ ਨੇ ਕਿਸਾਨ ਆਗੂਆਂ ਨਾਲ ਮੋਢੇ ਨਾਲ ਮੋਢਾ ਜੋੜਦੇ ਕਿਹਾ ਕਿ ਭਾਵੇਂ ਹੀ ਕਿਸਾਨ ਆਗੂ ਪ੍ਰਧਾਨ ਰਾਜੇਵਾਲ ਨੇ ਬੇਸ਼ਕ ਇਹ ਕਿਹਾ ਕਿ, ਲੱਖੇ ਸਬੰਧੀ ਸਰਕਾਰ ਹੀ ਫੈਸਲਾ ਲਵੇ, ਪਰ ਉਹ ਐਲਾਨ ਕਰਦੇ ਹਨ ਕਿ ਜੇਕਰ ਦਿੱਲੀ ਪੁਲਿਸ ਕਿਸੇ ਕਿਸਾਨ ਆਗੂ ਨੂੰ ਗ੍ਰਿਫਤਾਰ ਕਰੇਗੀ ਤਾਂ ਉਹ ਉਸ ਨਾਲ ਚੱਟਾਨ ਵਾਂਗ ਖੜ੍ਹਨਗੇ। ਦਿੱਲੀ ਪੁਲਿਸ ਬਾਰੇ ਗੱਲ ਕਰਦਿਆਂ ਲੱਖੇ ਨੇ ਕਿਹਾ ਕਿ ਜੇਕਰ ਦਿੱਲੀ ਪੁਲੀਸ ਪੰਜਾਬ 'ਚ ਕਿਸੇ ਨੌਜਵਾਨ ਦੀ ਗ੍ਰਿਫਤਾਰੀ ਲਈ ਆਉਂਦੀ ਹੈ ਤਾਂ ਲੋਕ ਇਕੱਠੇ ਹੋ ਕੇ ਉਸ ਦਾ ਘਿਰਾਓ



ਕਰਨ। ਦਿੱਲੀ ਪੁਲਿਸ ਜੇਕਰ ਕਿਸੇ ਨੌਜਵਾਨ ਜਾਂ ਕਿਸਾਨ ਨੂੰ ਗ੍ਰਿਫਤਾਰ ਕਰਕੇ ਲੈ ਜਾਂਦੀ ਹੈ ਤਾਂ ਇਸ ਦੀ ਜਿੰਮੇਵਾਰੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹੋਵੇਗੀ। ਲੱਖਾ ਸਿਧਾਣਾ ਰੈਲੀ ਨੂੰ ਸੰਬੋਧਨ ਕਰਨ ਤੋਂ ਬਾਅਦ ਮੋਟਰਸਾਈਕਲ 'ਤੇ ਸਵਾਰ ਹੋ ਕੇ ਉੱਥੋਂ ਗਾਇਬ ਹੋ ਗਏ ।ਰੈਲੀ ਦੀ ਵਿਸ਼ੇਸ਼ ਗੱਲ ਇਹ ਸੀ ਕਿ, ਇਸ ਰੈਲੀ ਵਿਚ ਦਲਿਤ ਭਾਈਚਾਰਾ ਹੁੰਮ ਹੁਮਾਕੇ ਪਹੁੰਚਿਆ। ਲੱਖੇ ਦੀ ਸੁਰ ਕਿਸਾਨ ਆਗੂਆਂ ਤੇ ਕਾਮਰੇਡਾਂ ਨਾਲ ਆਪਸੀ ਤਣਾਅ ਘਟਾਉਣ ਵਾਲੀ ਸੀ। ਲੱਖੇ ਦਾ ਇਸ ਰੈਲੀ ਵਿਚ ਪੁੱਜਣ ਨੂੰ ਲੈ ਕੇ ਸਿਆਸਤ ਸ਼ੁਰੂ ਹੋ ਗਈ ਇਸ ਬਾਰੇ ਪੰਜਾਬ ਪੁਲਿਸ ਅਤੇ ਵਿਰੋਧੀ ਧੀਰਾਂ ਨੇ ਆਪਣੇ-ਆਪਣੇ ਬਿਆਨਾਂ ਰਾਹੀਂ ਲੱਖਾਂ ਸਿਧਾਣਾ ਤੇ ਪ੍ਰਸ਼ਾਸ਼ਨ ਸਬੰਧੀ ਟਿੱਪਣੀ ਕੀਤੀ। ਬਠਿੰਡਾ ਦੇ ਐੱਸ.ਐੱਸ.ਪੀ ਭੁਪਿੰਦਰ ਸਿੰਘ ਵਿਰਕ ਨੇ ਦੱਸਿਆ, "ਦਿੱਲੀ ਪੁਲਿਸ ਨੇ ਇਸ ਸਬੰਧ ਵਿੱਚ ਘੱਟੋ-ਘੱਟ ਸੋਮਵਾਰ ਸਾਮ ਤੱਕ ਸਾਡੇ ਨਾਲ ਸੰਪਰਕ ਨਹੀਂ ਕੀਤਾ ਸੀ।"ਉਨ੍ਹਾਂ ਨੇ ਕਿਹਾ, "ਇਹ ਦਿੱਲੀ ਪੁਲਿਸ ਦਾ ਕੇਸ ਹੈ ਨਾ ਕਿ ਪੰਜਾਬ ਪੁਲਿਸ ਦਾ।"

ਭਾਰਤੀ ਜਨਤਾ ਪਾਰਟੀ ਦੇ ਆਗੂ ਹਰਜੀਤ ਸਿੰਘ ਗਰੇਵਾਲ ਨੇ ਬਠਿੰਡਾ ਰੈਲੀ ਦੌਰਾਨ ਲੱਖਾ ਸਿਧਾਣਾ ਨੂੰ ਪੰਜਾਬ ਪੁਲਿਸ ਵਲੋਂ ਗ੍ਰਿਫਤਾਰ ਨਾ ਕਰਨ ਨੂੰ ਪ੍ਰਸਾਸਨਿਕ ਨਾਕਾਮੀ ਦੱਸਿਆ। ਉਸ ਉੱਤੇ ਇੱਕ ਲੱਖ ਦਾ ਇਨਾਮ ਹੈ ਅਤੇ ਇਹ ਹੈਰਾਨੀਜਨਕ ਹੈ ਕਿ ਪੰਜਾਬ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰਨ ਲਈ ਦਿੱਲੀ ਪੁਲਿਸ ਨਾਲ ਤਾਲਮੇਲ ਨਹੀਂ ਕੀਤਾ। ਉਹ ਇੱਕ ਸੱਕੀ ਮੁਲਜਮ ਹੈ ਜੋ ਅੰਦੋਲਨ ਕਰ ਰਿਹਾ ਹੈ।"

ਆਮ ਆਦਮੀ ਪਾਰਟੀ ਦੇ ਆਗੂ ਅਤੇ ਵਿਧਾਇਕ ਅਮਨ ਅਰੋੜਾ ਨੇ ਕਿਹਾ, "ਅਸੀਂ ਇਸ ਮਸਲੇ ਉੱਤੇ ਕੁਝ ਨਹੀਂ ਕਹਿਣਾ"।

ਅਕਾਲੀ ਦਲ ਦੇ ਆਗੂ ਦਲਜੀਤ ਸਿੰਘ ਚੀਮਾ ਨੇ ਇਹ ਮਾਮਲੇ ਉੱਤੇ ਸੂਬਾ ਸਰਕਾਰ ਹੀ ਚੰਗੀ ਤਰ੍ਹਾਂ ਦੱਸ ਸਕਦੀ ਹੈ। "ਇਹ ਕਾਨੂੰਨ ਦਾ ਮਜਾਕ ਹੈ।" ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਰੈਲੀ ਬਾਦਲ ਦਲ ਲਈ ਇਕ ਵੱਡੀ ਚਣੌਤੀ ਹੈ, ਇਸ ਕਰਕੇ ਬਾਦਲ ਦਲ ਦਾ ਪ੍ਰਤੀਕਰਮ ਵੀ ਸਖ਼ਤ ਹੈ ਪਰ ਮਹਿਰਾਜ ਦਾ ਹਲਕਾ ਸਿਆਸਤੀ ਹੈ।

# ਕਸ਼ਮੀਰ ਵਿੱਚ ਵੱਧਦੀ ਹਿੰਸਾ, ਤੇ ਪੈੜਾਂ 'ਚ ਰੁਲਦੇ ਚੂਰੋ-ਚੂਰ ਹੋਏ ਪਰਿਵਾਰ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਪਰਿਵਾਰ ਭਾਵੇਂ ਪੁਲਿਸ ਮੁਲਾਜਮਾਂ ਦੇ ਹੋਣ, ਚਾਹੇ ਕਸ਼ਮੀਰੀ ਲੜਾਕਿਆਂ ਦੇ, ਨੇੜਲੇ ਦਿਨਾਂ ਵਿਚ ਹੋਈਆਂ ਹਿੰਸਕ ਗਤੀਵਿਧੀਆਂ ਤੋਂ ਇਹ ਤਾਂ ਸਾਫ ਹੈ ਕਿ ਉਹਨਾਂ ਦੇ ਦੁੱਖਾਂ ਦਾ ਅੰਤ ਅਜੇ ਨੇੜੇ-ਤੇੜੇ ਕਿਤੇ ਨਹੀਂ। 19 ਫਰਵਰੀ ਦੀ ਸਵੇਰ, ਕੇਂਦਰੀ ਕਸਮੀਰ, ਬੁਡਗਾਮ ਜਿਲੇ ਦੇ ਖੀਰੀਗੁੰਡ ਪਿੰਡ ਵਿੱਚ, ਆਪਣੇ ਘਰ ਬੈਠਾ 'ਅਬਦੁਲ ਸਾਲਮ ਨਜਰ' ਕੱਪ ਵਿੱਚ ਚਾਹ ਪਾ ਰਿਹਾ ਸੀ, ਜਦੋਂ ਉਸ ਨੇ ਆਪਣੇ ਪੁੱਤਰ ਦੇ ਦਿਹਾਂਤ ਦੀ ਖਬਰ ਸੁਣੀ। 'ਦਾ ਵਾਇਰ' ਨਾਲ ਗੱਲ ਕਰਦਿਆਂ ਉਹਨਾਂ ਕਿਹਾ, "ਇੰਝ ਲੱਗਿਆ ਜਿਵੇਂ ਦੁੱਖਾਂ ਦਾ ਪਹਾੜ ਮੇਰੇ ਉੱਪਰ ਟੁੱਟ ਪਿਆ ਹੋਵੇ"।

ਉਹਨਾਂ ਦੇ ਪੁੱਤ ਮੁਹੰਮਦ ਅਤਲਾਫ ਨੇ, ਚਾਰ ਸਾਲ ਪਹਿਲਾਂ ਵੀਹ ਸਾਲਾਂ ਦੀ ਉਮਰ ਵਿੱਚ, ਹਾਈ ਸਕੂਲ ਦੀ ਸਿੱਖਿਆ ਖਤਮ ਕਰਨ ਉਪਰੰਤ ਘਰ ਦੀ ਮਾਲੀ ਹਾਲਤ ਨੂੰ ਮੱਦੇਨਜਰ ਰੱਖਦੇ ਹੋਏ ਜੰਮੂ-ਕਸਮੀਰ ਪੁਲਿਸ ਬਲ ਵਿੱਚ ਭਰਤੀ ਹੋਣ ਦਾ ਫੈਸਲਾ ਕੀਤਾ।

ਨਜਰ ਮੁਤਾਬਿਕ, 18 ਫਰਵਰੀ ਦੀ ਰਾਤ, ਅਬਦੁਲ ਸਾਲਮ, ਮਨਜੂਰ ਅਹਿਮਦ ਅਤੇ ਇੱਕ ਹੋਰ ਸਾਥੀ ਸਮੇਤ ਮਿਲੀਟੈਂਟਾਂ ਦੀ ਖੋਜ ਵਿੱਚ ਇੱਥੋਂ ਤੀਹ ਕਿਲੋਮੀਟਰ ਦੂਰ ਬੀਰਵਾਹ ਵਿਖੇ ਜਾਨੀਗਾਮ ਪਿੰਡ ਵਿੱਚ ਇੱਕ ਤਲਾਸੀ ਮੁਹਿੰਮ ਲਈ ਪਹੁੰਚੇ ਸਨ।



ਅਚਾਨਕ, ਕਿਤਿਉਂ ਨਿਕਲ ਕੇ ਲੜਾਕਿਆਂ ਨੇ ਉਹਨਾਂ 'ਤੇ ਗੋਲੀਆਂ ਦੀ ਵਾਛੜ ਕੀਤੀ ਤੇ ਫਿਰ ਸੰਘਣੇ ਹਨੇਰੇ ਵਿੱਚ ਗਾਇਬ ਹੋ ਗਏ। ਮਨਜੂਰ ਅਹਿਮਦ ਦਾ ਬਚਾਅ ਰਿਹਾ, ਪਰ ਅਤਲਾਫ ਗੰਭੀਰ ਫੱਟੜ੍ਹ ਹੋ ਗਿਆ।

ਇਸੇ ਹੀ ਦਿਨ, ਸ੍ਰੀਨਗਰ ਦੇ ਬਰਜੁਲੂਆ ਜਿਲੇ ਵਿੱਚ ਮਿਲੀਟੈਂਟਾਂ ਨੇ ਦੋ ਹੋਰ ਪੁਲਿਸ ਵਾਲਿਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਤੇ ਦੋਵੇਂ ਹੀ ਮਾਰੇ ਗਏ। ਸੋਪੀਆਂ ਵਿਖੇ, ਅੱਧੀ ਰਾਤ ਤੋਂ ਸਵੇਰ ਤੱਕ ਚੱਲੀ ਹਥਿਆਰਬੰਦ ਲੜਾਈ ਵਿੱਚ ਤਿੰਨ ਮਿਲੀਟੈਂਟਾਂ ਨੂੰ ਫੌਜ ਵੱਲੋਂ ਮਾਰ ਸੁੱਟਿਆ ਗਿਆ, ਜੋ ਕਿ 'ਅਲ ਬਦਰ' ਨਾਂ ਦੇ ਗਰੁੱਪ ਨਾਲ ਤਾਲੋਕਾਤ ਰੱਖਦੇ ਸਨ।

ਸੁੱਕਰਵਾਰ ਦੇ ਖ਼ੂਨੀ ਘਟਨਾਕ੍ਰਮ ਤੋਂ ਦੋ ਦਿਨ ਪਹਿਲਾਂ ਹੀ ਮਿਲੀਟੈਂਟਾਂ ਵੱਲੋਂ 22 ਸਾਲਾ ਅਕਾਸ ਮਹਿਰਾ ਦਾ ਕਤਲ ਕਰ ਦਿੱਤਾ ਗਿਆ, ਜੋ ਕਿ ਇੱਕ ਹੋਟਲ ਕਾਰੋਬਾਰੀ ਦਾ ਪੁੱਤ ਸੀ। ਇਹ ਇਸ ਸਾਲ ਦੀ ਦੂਜੀ ਘਟਨਾ ਹੈ, ਜਿਸ ਵਿੱਚ ਕਸਮੀਰ ਵਿੱਚ ਕੰਮ ਕਰ ਰਹੇ ਬਾਹਰਲੇ ਕਾਰੋਬਾਰੀਆਂ ਨੂੰ ਨਿਸਾਨਾ ਬਣਾਇਆ ਗਿਆ। ਗਰਮੀ ਰੁੱਤ ਬਰੂਹਾਂ ਤੇ ਹੈ ਪਰ ਕਸ਼ਮੀਰ ਵਿੱਚ ਵੱਧ ਰਿਹਾ ਹਿੰਸਾ ਦਾ ਸੇਕ, ਪਿੱਛੇ ਭਿਆਨਕ ਮਨੁੱਖੀ ਕਸਟਾਂ ਦੀਆਂ ਪੈੜਾਂ ਛੱਡ ਰਿਹਾ ਹੈ। ਫਲਸਰੂਪ, ਘਾਟੀ ਵਿੱਚ ਨਿਗਰਾਨੀ ਵਧਾਉਣ ਦੀਆਂ ਕੋਸਿਸਾਂ ਵਜੋਂ ਖਿੱਤੇ ਨੂੰ ਹਥਿਆਰਬੰਦ ਸੁਰੱਖਿਆ ਦੀ ਚਾਦਰ ਵਿੱਚ ਲਪੇਟਣ ਦੀਆਂ ਕਨਸੋਆਂ ਵਿੱਚ ਵਾਧਾ ਹੋ ਰਿਹਾ ਹੈ।

ਬਾਕੀ ਸਫ਼ਾ 30 'ਤੇ

# ਦਿੱਲੀ ਵਿਚ ਦਹਿਸਤ ਦੇ ਸਾਏ ਹੇਠ ਜੀਅ ਰਹੇ ਘੱਟਗਿਣਤੀ ਮੁਸਲਮਾਨ

**ਨਵੀਂ ਦਿੱਲੀ/ਏ.ਟੀ.ਨਿਊਜ਼:** ਨਿਸਾ ਮੇਵਾਤੀ ਅਤੇ ਉਸਦਾ ਪਰਿਵਾਰ, ਦਿੱਲੀ ਦੇ ਉੱਤਰ-ਪੱਛਮੀ ਇਲਾਕੇ ਦੇ, ਹਿੰਦੂਆਂ ਅਤੇ ਮੁਸਲਮਾਨਾਂ ਦੀ ਘੁਲੀ-ਮਿਲੀ ਆਬਾਦੀ ਵਾਲੇ ਸਵ ਵਿਹਾਰ ਵਿੱਚ, ਪਿਛਲੇ ਇੱਕ ਦਹਾਕੇ ਤੋਂ ਸਾਂਤੀ ਨਾਲ ਰਹਿ ਰਿਹਾ ਸੀ।

ਪਰ ਪਿਛਲੀ ਫਰਵਰੀ, ਉਹਨਾਂ ਦੀ ਦੁਨੀਆਂ ਬਦਲ ਗਈ। "ਤੇ ਇਹ ਇਕ-ਦਮ ਬਦਲੀ ਸੀ," ਅੱਖਾਂ ਵਿੱਚ ਉਦਾਸੀ ਸਮੋਈ ਬੈਠੀ ਨਿਸਾ ਦੇ ਬੋਲ ਸਨ।

25 ਫਰਵਰੀ,2020 ਨੂੰ ਸਵੇਰੇ ਉਹ ਆਪਣੇ ਰੋਜ-ਮਰ੍ਹਾ ਦੇ ਕੰਮ ਕਰ ਰਹੀ ਸੀ, ਜਦੋਂ ਉਹਨੇ ਆਪਣੇ ਘਰ ਤੋਂ ਕੁੱਝ ਦੂਰ 'ਜੈ ਸ੍ਰੀ ਰਾਮ' ਦੀਆਂ ਚੰਘਿਆੜਾਂ ਸੁਣੀਆਂ, ਜੋ ਕਿ ਹੈ ਤਾਂ ਇੱਕ ਹਿੰਦੂ ਨਾਹਰਾ, ਪਰ ਪਿਛਲੇ ਸਮੇਂ ਵਿੱਚ ਕਤਲ ਲਈ ਚੀਖ ਰਹੀ ਭੀੜ ਦੀ ਆਵਾਜ ਬਣਦਾ ਜਾ ਰਿਹਾ।

"ਨੇੜਲੇ ਰਾਹ ਉੱਪਰ ਹਿੰਦੂ ਭੀੜ ਵੱਲੋਂ ਇੱਕ ਮੁਸਲਮਾਨ ਪਰਿਵਾਰ ਨੂੰ ਘਰੋਂ ਬਾਹਰ ਘੜੀਸਿਆ ਜਾ ਰਿਹਾ ਸੀ ਅਤੇ ਕੁੱਟਮਾਰ ਕੀਤੀ ਜਾ ਰਹੀ ਸੀ।" ਉਸਨੇ ਅਲ ਜਜੀਰਾ ਨਾਲ ਗੱਲ ਕਰਦਿਆਂ ਦੱਸਿਆ।

ਆਂਢ-ਗੁਆਂਢ ਵਿੱਚ ਹਾਲਾਤ ਅਣਸੁਖਾਵੇਂ ਬਣੇ ਹੋਏ ਸਨ, ਜਦੋਂ ਤੋਂ ਹਿੰਦੂ ਭੀੜ ਨੇ ਇਲਾਕੇ ਦੇ ਮੁਸਲਮਾਨ ਪਰਿਵਾਰਾਂ ਨੂੰ ਮਿੱਥ ਕੇ ਨਿਸਾਨਾ ਬਣਾਉਣਾ ਸੁਰੂ ਕਰਿਆ ਹੋਇਆ ਸੀ, ਜਿਹੜੇ ਪਰਿਵਾਰ, ਹਿੰਦੂ ਰਾਸਟਰਵਾਦੀ ਪਾਰਟੀ 'ਭਾਰਤੀ ਜਨਤਾ ਪਾਰਟੀ' ਦੀ ਸਰਕਾਰ ਦੁਆਰਾ ਲਿਆਂਦੇ ਨਵੇਂ ਨਾਗਰਿਕਤਾ ਕਾਨੂੰਨਾਂ ਖਿਲਾਫ ਆਵਾਜ ਬੁਲੰਦ ਕਰ ਰਹੇ ਸਨ।

"ਪਰ ਸਾਨੂੰ ਉਮੀਦ ਨਹੀਂ ਸੀ ਕਿ ਉਹ ਸਾਡੇ ਤੇ ਵੀ ਹਮਲਾ ਕਰਨਗੇ। ਅਸੀਂ ਸੋਚਿਆ ਕਿ ਅਸੀਂ ਆਪਣੇ ਘਰ ਵਿੱਚ ਸੁਰੱਖਿਅਤ ਹਾਂ।"

ਪਰ ਉਹ ਗਲਤ ਸੀ।

ਨਿਸਾ ਦਾ ਗੁਆਂਢ, ਹੋਰ ਵੀ ਕਈ ਇਲਾਕਿਆਂ ਸਮੇਤ ਮੁਸਲਮਾਨ ਵਿਰੋਧੀ ਦੰਗਿਆਂ ਵਿੱਚ ਘਿਰ ਗਿਆ, ਜਿਹੜੇ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ 50 ਤੋਂ ਵੱਧ ਲੋਕਾਂ ਦੀ ਮੌਤ ਦਾ ਕਾਰਨ ਬਣੇ, ਜਿਹਨਾਂ ਵਿੱਚ ਬਹੁਗਿਣਤੀ ਮੁਸਲਮਾਨ ਸਨ।

ਜਿਵੇਂ ਹੀ ਚੀਕ-ਚਿਹਾੜਾ ਵਧਣ ਲੱਗਿਆ ਤਾਂ ਨਿਸਾ ਦੇ ਪਰਿਵਾਰ ਨੇ ਆਪਣੀ ਜਾਨ ਬਚਾਉਣ ਲਈ, ਘਰੋਂ ਨਿੱਕਲ ਕੇ, ਨਾਲ ਲੱਗਦੇ ਵੱਧ ਮੁਸਲਮਾਨ ਵਸੋਂ ਵਾਲੇ ਇਲਾਕੇ ਵਿੱਚ, ਇੱਕ ਰਿਸਤੇਦਾਰ ਦੇ ਘਰ ਸਰਨ ਲੈ ਲਈ।

ਉਹ ਪੰਦਰਾਂ ਦਿਨ ਉੱਥੇ ਰਹੇ ਤੇ ਜਦੋਂ ਵਾਪਿਸ ਆਏ ਤਾਂ ਇੱਕ ਗੱਲ ਸਾਫ ਸੀ ਕਿ ਹੁਣ ਉੱਥੇ ਉਹਨਾਂ ਨੂੰ 'ਜੀ ਆਇਆਂ ਨੂੰ' ਨਹੀਂ ਹੈ।

"ਦੰਗਿਆਂ ਤੋਂ ਪਹਿਲਾਂ ਉੱਥੇ ਮੁਸਲਮਾਨ ਤੇ ਹਿੰਦੂ ਪਰਿਵਾਰ ਬਿਨਾਂ ਕਿਸੇ ਪਰੇਸਾਨੀ ਦੇ ਇਕੱਠੇ ਰਹਿ ਰਹੇ ਸਨ। ਪਰ ਜਦੋਂ ਵਾਪਸ ਆਏ ਸਾਫ ਹੋਇਆ ਕਿ ਹੁਣ ਗੱਲਾਂ ਹੋਰ ਹਨ। ਸਾਡੇ ਗੁਆਂਢੀ ਮਿੱਤਰ ਹੁਣ ਸਾਡੇ ਮਿੱਤਰ ਨਹੀਂ ਰਹੇ ਸਨ। ਜੇ ਦੁਸਮਣ ਨਹੀਂ ਤਾਂ, ਉਹ ਘੱਟੋ ਘੱਟ ਅਜਨਬੀ ਜਰੂਰ ਬਣ ਗਏ ਸਨ।

ਬਾਕੀ ਸਫ਼ਾ 31 'ਤੇ

# ਡਾਕਟਰ ਜਾਪੜਾ ਦਾ ਅਣਮਨੁੱਖੀ ਚਿਹਰਾ ਹੋਇਆ ਬੇਨਕਾਬ

**ਸਰਬਜੀਤ ਕੌਰ/ਏ.ਟੀ.ਨਿਊਜ਼:** ਭਾਰਤ ਸਰਕਾਰ ਦੁਆਰਾ ਕਾਰਪੋਰੇਸ਼ਨਾਂ ਦੇ ਪੱਖ ਪੂਰਨ ਵਾਲੇ ਅਤੇ ਕਿਸਾਨੀ ਵਿਰੁੱਧ ਜੋ ਤਿੰਨ ਕਾਲੇ ਕਾਨੂੰਨ ਪੇਸ਼ ਕੀਤੇ ਗਏ ਹਨ,ਉਨ੍ਹਾਂ ਬਿੱਲਾਂ ਦਾ ਵਿਰੋਧ ਸੰਸਾਰ ਭਰ ਵਿੱਚ ਜਾਣਿਆਂ ਪਹਿਚਾਣਿਆਂ ਸ਼ਖਸੀਅਤਾਂ ਦੁਆਰਾ ਕੀਤਾ ਜਾ ਰਿਹਾ ਹੈ,ਪਰ ਇਸ ਦੇ ਬਾਵਜੂਦ ਵੀ ਕੁਝ ਚਿਹਰੇ ਅਜਿਹੇ ਹਨ ਜੋ ਇਨ੍ਹਾਂ ਕਾਨੂੰਨਾਂ ਦੇ ਹੱਕ ਦੀ ਗੱਲ ਕਰ ਰਹੇ ਹਨ ।ਇਨ੍ਹਾਂ ਲੋਕਾਂ ਨੂੰ ਅਸੀਂ ਆਸਾਨ ਸ਼ਬਦਾਂ ਵਿਚ ਮੋਦੀ ਭਗਤ ਆਖ ਕੇ ਬੁਲਾਉਂਦੇ ਹਨ , ਅਜਿਹੇ ਲੋਕਾਂ ਨੂੰ ਨਾ ਤੇ ਰੱਬ ਦਾ ਖ਼ੌਫ਼ ਹੁੰਦਾ ਹੈ, ਤੇ ਨਾ ਹੀ ਕਿਸੇ ਉੱਤੇ ਅੱਤਿਆਚਾਰ ਹੁੰਦਾ ਦਿਖਾਈ ਦਿੰਦਾ ਹੈ ਇਹ ਲੋਕ ਸਿਰਫ਼ ਚੰਦ ਕੁ ਰੁਪਿਆਂ ਦੀ ਖ਼ਾਤਰ ਆਪਣਾ ਈਮਾਨ ਤਕ ਵੇਚ ਦਿੰਦੇ ਹਨ ਬੇਸ਼ੱਕ ਅਜਿਹੇ ਲੋਕ ਭਾਰਤ ਵਿੱਚ ਹੋਣ ਜਾਂ ਫਿਰ ਸੰਸਾਰ ਦੇ ਕਿਸੇ ਹੋਰ ਖਿੱਤੇ ਵਿਚ ਵਾਸ ਕਰਦੇ ਹੋਣ ,ਪਰ ਸੋਚ ਵਿਚ ਸਿਰਫ਼ ਇਨ੍ਹਾਂ ਦੇ ਰੁਪਏ ਦੀ ਪੱਟੀ ਬੱਝੀ ਹੁੰਦੀ ਹੈ ।ਇਨ੍ਹਾਂ ਲੋਕਾਂ ਵਿੱਚੋਂ ਹੀ ਅਮਰੀਕਾ 'ਚ ਕੈਲੀਫੋਰਨੀਆ ਦੇ ਸ਼ਹਿਰ ਫਰੀਮੌਂਟ ਵਿੱਚ ਡਾ. ਰੋਮੇਸ਼ ਜੈਪਰਾ ਕਾਰਡੀਓਲੌਜਿਸਟ ਹਨ, ਜਿਨ੍ਹਾਂ ਨੇ ਮੋਦੀ ਦੁਆਰਾ ਬਣਾਏ ਕਾਲੇ ਕਾਨੂੰਨਾਂ ਦਾ ਸਮਰਥਨ ਕੀਤਾ ਅਤੇ ਇਸ ਸਮਰਥਨ ਦੀ ਸ਼ੁਰੂਆਤ ਲਈ ਆਪਣੇ ਕੁਝ ਕੁ ਸਾਥੀਆਂ ਸਮੇਤ ਇਕ ਯੋਜਨਾਬੱਧ ਰੈਲੀ ਕੱਢਣ ਦਾ ਯਤਨ ਕੀਤਾ ਪਰ ਬਦਕਿਸਮਤੀ ਨਾਲ ਉਸ ਦੀ ਇਸ ਰੈਲੀ ਵਿਚ ਕੇਵਲ ਦੋ ਕਾਰਾਂ ਹੀ ਦੇਖੀਆਂ ਗਈਆਂ ਜੋ ਉਸ ਦੇ ਨਾਲ ਸਨ ।ਇਸ ਰੈਲੀ ਸਬੰਧੀ ਜਦੋਂ ਜਾਣਕਾਰੀ ਸਥਾਨਕ ਸਿੱਖ ਭਾਈਚਾਰੇ ਅਤੇ ਕਿਸਾਨੀ ਸਮਰਥਨ ਵਿੱਚ ਭਾਗੀਦਾਰੀ ਕਰਨ ਵਾਲੇ ਲੋਕਾਂ ਤਕ ਪਹੁੰਚੀ ਤਾਂ ਉਹ ਇਕੱਠੇ ਹੋ ਕੇ ਇਸ ਦਾ ਵਿਰੋਧ ਕਰਨ ਲਈ ਉਨ੍ਹਾਂ ਦੁਆਰਾ ਨਿਰਧਾਰਿਤ ਕੀਤੇ ਗਏ ਸਥਾਨ ਤੇ ਪਹੁੰਚ ਗਏ। ਜਿਨ੍ਹਾਂ ਦੀ ਗਿਣਤੀ ਡਾ. ਜੈਪਰਾ ਦੀ ਰੈਲੀ ਵਿਚ ਸ਼ਾਮਲ ਲੋਕਾਂ ਤੋਂ ਕਿਤੇ ਵੱਧ ਸੀ, ਸਥਾਨਕ ਕਿਸਾਨੀ ਹੱਕ ਦੇ ਸਿੱਖ ਵਲੰਟੀਅਰਾਂ ਨੇ ਸੈਂਕੜੇ ਹੋਰ ਵਲੰਟੀਅਰਾਂ ਨੂੰ ਇਕੱਠੇ ਕਰ ਕੇ ਉਨ੍ਹਾਂ ਦੀ ਨਿਰਧਾਰਿਤ ਥਾਂ ਤੇ ਹੀ ਕਿਸਾਨੀ ਹੱਕਾਂ ਵਿੱਚ ਇਕ ਭਾਰੀ ਰੈਲੀ ਕੱਢ ਦਿੱਤੀ ਅਤੇ ਜਿਸ ਨੂੰ



ਸੰਬੋਧਿਤ ਕਿਸਾਨੀ ਹੱਕਾਂ ਦੀ ਗੱਲ ਕਰਨ ਵਾਲੇ ਬਜ਼ੁਰਗ ਤੇ ਨੌਜੁਆਨਾਂ ਦੁਆਰਾ ਕੀਤਾ ਗਿਆ ਤੇ ਜਿਸ ਵਿਚ ਭਾਰਤੀ ਸਰਕਾਰ ਦੀਆਂ ਤਸ਼ੱਦਦ ਢਾਹੁਣ ਵਾਲੀਆਂ ਰਣਨੀਤੀਆਂ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ ਗਿਆ ।

ਡਾ. ਜੈਪਰਾ ਦੁਆਰਾ ਆਪਣੀ ਕਾਰ ਰੈਲੀ ਵਿੱਚ ਲੋਕਾਂ ਨੂੰ ਸ਼ਾਮਲ ਕਰਨ ਦੇ ਲਈ ਕਿਸਾਨਾਂ ਪ੍ਰਤੀ ਬਹੁਤ ਹੀ ਅਪਮਾਨਜਨਕ ਭਾਸ਼ਾ ਦੀ ਵਰਤੋਂ ਕੀਤੀ । ਉਨ੍ਹਾਂ ਦੀ ਇਸ ਭੱਦੀ ਸ਼ਬਦਾਵਲੀ ਵਿੱਚ ਕਿਸਾਨਾਂ ਪ੍ਰਤੀ ਅਜਿਹੇ ਸ਼ਬਦਾਂ ਦਾ ਪ੍ਰਯੋਗ ਕੀਤਾ ਜਿਸ ਵਿੱਚ ਉਨ੍ਹਾਂ ਨੇ ਕਿਸਾਨਾਂ ਨੂੰ ਅੱਤਵਾਦੀ, ਵੱਖਵਾਦੀ ਅਤੇ ਨਫਰਤ ਫੈਲਾਉਣ ਵਾਲੇ ਕਿਹਾ ਗਿਆ, ਅਜਿਹੀ ਸੋਚ ਦੇ ਮਾਲਕ ਡਾ. ਜੈਪਰਾ ਹਨ, ਜਿਨ੍ਹਾਂ ਦੇ ਅਜਿਹੇ ਮਨਸੂਬੇ ਖ਼ੁਦ ਦੇ ਹੁੰਦੇ ਹਨ ਉਨ੍ਹਾਂ ਨੂੰ ਬਾਕੀ ਲੋਕ ਵੀ ਅਜਿਹੇ ਹੀ ਜਾਪਦੇ ਹਨ , ਅਜਿਹੇ ਲੋਕਾਂ ਨੇ ਨਾਂ ਤੇ ਸਿੱਖ ਇਤਿਹਾਸ ਪੜ੍ਹਿਆ ਹੁੰਦਾ ਹੈ ਤੇ ਨਾ ਹੀ ਉਨ੍ਹਾਂ ਨੇ ਕਦੇ ਇਸ ਨੂੰ ਵਾਚਿਆ ਹੁੰਦਾ ਹੈ । ਭਾਰਤ ਦੀ ਧਰਤੀ ਤੇ ਪਿਛਲੇ ਛੇ ਮਹੀਨਿਆਂ ਤੋਂ ਇਨ੍ਹਾਂ ਕਠੋਰ ਕਾਲੇ ਕਾਨੂੰਨਾਂ ਦਾ ਸ਼ਾਂਤੀ ਪੂਰਵਕ ਵਿਰੋਧ ਪ੍ਰਦਰਸ਼ਨ ਚੱਲ ਰਿਹਾ ਹੈ ਅਤੇ ਇਨ੍ਹਾਂ ਦਾ ਇਹ ਵਿਰੋਧ ਪ੍ਰਦਰਸ਼ਨ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਦੀਆਂ ਸਰਹੱਦਾਂ ਉੱਤੇ ਡੇਰੇ ਲਾ ਕੇ ਕੀਤਾ ਜਾ ਰਿਹਾ ਹੈ । ਲਗਾਤਾਰ ਚਲਦੇ ਇਸ ਕਿਸਾਨੀ ਸੰਘਰਸ਼ ਵਿਚ ਅੱਤ ਦੀ ਸਰਦੀ ਦੌਰਾਨ ਲੱਖਾਂ ਲੋਕਾਂ ਦੇ ਸਬਰ ਤੇ ਸਿਦਕ ਨੂੰ ਪ੍ਰਣਾਮ ਕੀਤਾ ਜਾ ਰਿਹਾ ਹੈ। ਭਾਰੀ ਸਰਦੀਆਂ ਪੈਣ ਦੇ ਕਾਰਨ ਅਤੇ ਹਕੂਮਤ ਦੇ ਕਠੋਰ ਵਰਤਾਰੇ ਦੇ ਕਾਰਨ ਜੋ ਇਸ ਸਮੇਂ ਤਾਨਾਸ਼ਾਹੀ ਨਜ਼ਰੀਂ ਪੈ ਰਿਹਾ ਹੈ ਜਿਸ ਵਿੱਚ ਉਮੀਦ ਬਹੁਤ ਹੀ ਘੱਟ ਤੇ ਧੁੰਦਲੀ ਨਜ਼ਰ ਆ ਰਹੀ ਹੈ ਜਿਸ ਕਾਰਨ ਕੁਝ ਕਿਸਾਨਾਂ ਦੁਆਰਾ ਖ਼ੁਦਕੁਸ਼ੀਆਂ ਵੀ ਕੀਤੀਆਂ ਗਈਆਂ ਤੇ ਜਿਨ੍ਹਾਂ ਦਾ ਜ਼ਿੰਮੇਦਾਰ ਇਸ ਹਕੂਮਤ ਨੂੰ ਹੀ ਠਹਿਰਾਇਆ ਗਿਆ ਹੈ । ਅਜਿਹੀ ਸਥਿਤੀ ਵਿਚ ਮੌਤ ਦੀ ਬੁੱਕਲ ਵਿਚ ਪੈਣ ਵਾਲਾ ਹਰ ਇਨਸਾਨ ਨੂੰ ਸ਼ਹੀਦ ਦਾ ਰੁਤਬਾ ਦਿੱਤਾ ਜਾ ਰਿਹਾ ਹੈ । ਇਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਨੂੰ ਜ਼ਾਇਆ ਨਾ ਜਾਣ ਦਿੰਦੇ ਹੋਏ ਕਿਸਾਨੀ ਮੋਰਚੇ ਦੇ ਹੱਕ ਵਿਚ ਬੋਲਣ ਵਾਲੇ ਇਨ੍ਹਾਂ ਸਥਾਨਿਕ ਲੋਕਾਂ ਨੇ ਡਾ.ਜੈਪਰਾ ਦੇ ਘਰ ਸਾਹਮਣੇ ਵੀ ਵਿਰੋਧ ਪ੍ਰਦਰਸ਼ਨ ਕੀਤਾ,ਜਿਸ ਵਿੱਚ ਕਾਲੇ ਕਾਨੂੰਨਾਂ ਦੇ ਖ਼ਿਲਾਫ਼ ਵੀ ਨਾਅਰੇ ਲਾਏ ਗਏ ਅਤੇ ਅਤੇ ਡਾ.ਜੈਪਰਾ ਦੇ ਅਜਿਹੇ ਨਾਪਾਕ ਮਨਸੂਬਿਆਂ ਢਹਿ ਢੇਰੀ ਕੀਤਾ ਗਿਆ । ਡਾ. ਜੈਪਰਾ ਦਾ ਭਾਰਤੀ ਭਾਈਚਾਰੇ ਵਿਚ ਨਫਰਤ ਫੈਲਾਉਣ ਦਾ ਇਹ ਕੋਈ ਪਹਿਲਾ ਕੰਮ ਨਹੀਂ ਇਸ ਦਾ ਲੰਮਾ ਚੌੜਾ ਇਤਿਹਾਸ ਹੈ, ਜਿਸ ਵਿੱਚ ਹਰ ਸਾਲ ਭਾਰਤੀ ਸੁਤੰਤਰਤਾ ਦਿਵਸ ਦੇ ਜਸ਼ਨਾਂ ਦੌਰਾਨ ਸਿੱਖ ਭਾਈਚਾਰੇ ਉੱਤੇ ਜ਼ਹਿਰ ਫੈਲਾਇਆ ਜਾ ਰਿਹਾ ਹੈ । ਅਜਿਹੇ ਮਨੁੱਖ ਦਾ ਦੂਜੇ ਮਨੁੱਖ ਪ੍ਰਤੀ ਜੋ ਕਠੋਰਤਾ ਪੂਰਵਕ ਰਵੱਈਆ ਹੁੰਦਾ ਹੈ ਉਸ ਨੂੰ 'ਅਣਮਨੁੱਖੀ' ਇਨਸਾਨ ਕਿਹਾ ਜਾਂਦਾ ਹੈ ਅਤੇ ਇਸ ਅਣਮਨੁੱਖੀ ਚਿਹਰੇ ਉੱਪਰ ਦਾ ਨਕਾਬ ਜੋ ਸਪੱਸ਼ਟ ਰੂਪ ਵਿਚ ਨਜ਼ਰੀਂ ਆ ਰਿਹਾ ਹੈ ਉਸ ਦਾ ਨਾਮ ਹੀ ਡਾ.ਜੈਪਰਾ ਹੈ ।

# ਸਿਆਟਲ ਵਿਚ ਸ਼ਹੀਦੀ ਸਾਕਾ ਨਨਕਾਣਾ ਸਾਹਿਬ ਦਿਵਸ ਮਨਾਇਆ





**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸਿਆਟਲ ਦੇ ਵੱਖ ਵੱਖ ਗੁਰੂਘਰਾਂ ਵਿਚ ਸ਼ਹੀਦੀ ਸਾਕਾ ਨਨਕਾਣਾ ਸਾਹਿਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਸੱਚਾ ਮਾਰਗ ਐਬਰਨ ਵਿਖੇ ਹਫ਼ਤਾਵਰੀ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਗੁਰੂਘਰ ਦੇ ਕੀਰਤਨੀ ਜਥੇ ਭਾਈ ਕੁਲਵਿੰਦਰ ਸਿੰਘ, ਭਾਈ ਦਵਿੰਦਰ ਸਿੰਘ ਰੰਗੀਲਾ ਅਤੇ ਭਾਈ ਮਨਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜਸ ਗਾਇਨ ਕੀਤਾ। ਇਸ ਮੌਕੇ ਡਾ. ਅੰਗਦ ਸਿੰਘ ਨੇ ਸਿਆਟਲ ਯੂਨੀਵਰਸਿਟੀ ਹਸਪਤਾਲ ਵਿਚੋਂ ਪਹੁੰਚ ਕੇ ਕਰੋਨਾ ਮਹਾਂਮਾਰੀ ਦੇ ਵਧਦੇ ਕੇਸਾਂ ਬਾਰੇ ਸੂਚਿਤ ਕੀਤਾ ਅਤੇ ਟੀਕੇ ਲਗਵਾ ਕੇ, ਮਾਸਕ ਪਾਉਣ ਤੇ ਸਮਾਜਿਕ ਦੂਰੀ ਬਣਾਈ ਰੱਖਣ ਤੇ ਜ਼ੋਰ ਦਿੱਤਾ। ਇਸ ਮੌਕੇ ਗੁਰੂਘਰ ਦੀ ਸਟੇਜ ਵਲੋਂ ਹਰਸ਼ਿੰਦਰ ਸਿੰਘ ਸੰਧੂ ਨੇ ਸ਼ਹੀਦੀ ਸਾਕਾ ਨਨਕਾਣਾ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਉਨਾਂ ਦੱਸਿਆ ਅੰਗਰੇਜ਼ ਰਾਜ ਦੇ ਪਿੱਠੂ ਮਹੰਤ ਨਰਾਇਣ ਦਾਸ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਧਾਰਮਿਕ ਮਰਿਆਦਾ ਦੇ ਵਿਰੁਧ, ਆਪਣੇ ਐਸ਼ੋ ਅਰਾਮ ਲਈ ਵਰਤਣ ਲੱਗੇ, ਜਿਸ ਤੇ ਸਿੱਖ ਸੰਗਤ ਨੇ ਇਤਰਾਜ਼ ਉਠਾਇਆ। ਧੀਰੋਵਾਲ ਤੋਂ 150 ਸਿੱਖਾਂ ਦੀ ਅਗਵਾਈ ਕਰਕੇ ਭਾਈ ਲਛਮਣ ਸਿੰਘ 20 ਫਰਵਰੀ, 2021 ਨੂੰ ਗੁਰਦੁਆਰਾ ਨਨਕਾਣਾ ਸਾਹਿਬ ਆਜ਼ਾਦ ਕਰਾਉਣ ਲਈ ਪਹੁੰਚੇ, ਜਿੱਥੇ ਗੋਰਿਆਂ ਦੇ ਪਿੱਠੂ ਮਹੰਤ ਨਰਾਇਣ ਦਾਸ ਦੇ ਚਹੇਤਿਆਂ ਨੇ ਗੋਲੀਆਂ ਚਲਾ ਕੇ ਕਈ ਸਿੰਘ ਸ਼ਹੀਦ ਕਰ ਦਿੱਤੇ ਸਨ। ਇਸ ਮੌਕੇ ਕਵੀ ਕੇਹਰ ਸਿੰਘ ਤਾਲਿਬ ਦੇ ਲੜਕੇ ਮਨਜੀਤ ਸਿੰਘ ਖੋਸਾ ਦੇ ਪਰਿਵਾਰ ਨੇ ਲੰਗਰਾਂ ਦੀ ਸੇਵਾ ਬੜੀ ਸ਼ਰਧਾਂ ਤੇ ਭਾਵਨਾ ਨਾਲ ਨਿਭਾਈ।

# ਚੋਣ ਨਤੀਜਿਆਂ ਦੇ ਮੁੱਦੇ 'ਤੇ ਅਧਿਕਾਰੀਆਂ ਨੂੰ ਧਮਕੀਆਂ ਦੇਣ ਦੇ ਮਾਮਲੇ ਵਿਚ ਦੋ ਵਿਰੁੱਧ ਫੌਜਦਾਰੀ ਦੋਸ਼ ਆਇਦ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਨਵੰਬਰ 2020 ਦੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਦੇ ਮੁੱਦੇ 'ਤੇ ਇਕ ਅਮਰੀਕੀ ਸੈਨੇਟਰ ਤੇ ਕਾਂਗਰਸ ਵੂਮੈਨ ਸਮੇਤ ਮਿਸ਼ੀਗਨ ਦੇ ਸਰਕਾਰੀ ਅਧਿਕਾਰੀਆਂ ਨੂੰ ਧਮਕੀਆਂ ਦੇਣ ਦੇ ਮਾਮਲੇ ਵਿਚ ਦੋ ਵਿਅਕਤੀਆਂ ਵਿਰੁੱਧ ਫੌਜਦਾਰੀ ਦੋਸ਼ ਆਇਦ ਕੀਤੇ ਗਏ ਹਨ। ਇਨਾਂ ਵਿਚ ਮਿਸ਼ੀਗਨ ਵਾਸੀ ਡੈਨੀਅਲ ਥਾਮਸਨ ਤੇ ਜਾਰਜੀਆ ਵਾਸੀ ਕਲਿੰਟਨ ਸਟੀਵਰਟ ਸ਼ਾਮਿਲ ਹਨ। ਮਿਸ਼ੀਗਨ ਦੇ ਅਟਾਰਨੀ ਜਨਰਲ ਡਾਨਾ ਨੇਸਲ ਨੇ ਕਿਹਾ ਹੈ ਕਿ ਇਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ। ਸਰਕਾਰੀ ਅਧਿਕਾਰੀਆਂ ਨੂੰ ਡਰਾਉਣਾ ਧਮਕਾਉਣਾ ਗੈਰ ਕਾਨੂੰਨੀ ਹੈ। ਅਜਿਹੇ ਲੋਕਾਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।




# ਦਿਸ਼ਾ ਰਾਵੀ ਦੀ ਜ਼ਮਾਨਤ ਮਨਜ਼ੂਰ ਕਰਨ ਮੌਕੇ ਜੱਜ ਵੱਲੋਂ ਪੁਲਿਸ ਖਿਲਾਫ ਕੀਤੀਆਂ ਅਹਿਮ ਟਿੱਪਣੀਆਂ

**ਅੰਮ੍ਰਿਤਸਰ ਟਾਈਮਜ਼ ਬਿਊਰੋ**



ਵਾਤਾਵਰਨ ਕਾਰਕੁੰਨ 'ਦਿਸ਼ਾ ਰਾਵੀ' (22), ਜਿਸ ਨੂੰ ਕਿਸਾਨ ਅੰਦੋਲਨ ਨਾਲ ਸਬੰਧਤ ਇੰਟਰਨੈਟ 'ਟੂਲ ਕਿੱਟ' ਸਾਂਝੀ ਕਰਨ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਅੱਜ ਜਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ।

ਇਹ ਦਿੱਲੀ ਪੁਲਿਸ ਨੂੰ ਇੱਕ ਝਟਕੇ ਵਜੋਂ ਮੰਨਿਆ ਜਾ ਰਿਹਾ ਹੈ ਕਿਉਂਕਿ ਪੁਲਿਸ ਦਾ ਦਾਅਵਾ ਸੀ ਕਿ ਛੱਬੀ ਜਨਵਰੀ ਦੀ ਹਿੰਸਾ ਨੂੰ ਟੂਲ-ਕਿੱਟ ਦੁਆਰਾ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਖਾਲਿਸਤਾਨੀ ਸੰਗਠਨ 'ਪੋਇਟਿਕ ਜਸਟਿਸ ਫਾਊਂਡੇਸ਼ਨ' ਨਾਲ ਸਾਂਝ-ਭਿਆਲੀ ਰੱਖਦਿਆਂ ਦਿਸ਼ਾ ਰਾਵੀ ਮੁੱਖ ਸਾਜ਼ਿਸ਼ਕਾਰੀ ਸੀ।

ਵਰਣਨਯੋਗ ਹੈ ਕਿ ਇਹੀ ਟੂਲ ਕਿੱਟ ਸਵੀਡਿਨ ਦੀ ਮਸਹੂਰ ਵਾਤਾਵਰਣ ਕਾਰਕੁੰਨ 'ਗ੍ਰੇਟਾ ਥਨਬਰਗ' ਨੇ ਵੀ ਟਵਿੱਟਰ ਖਾਤੇ ਤੋਂ ਸਾਂਝੀ ਕੀਤੀ ਸੀ।

ਜਮਾਨਤ ਦੇ ਹੁਕਮਾਂ ਵਿੱਚ ਅਡੀਸ਼ਨਲ ਸੈਸ਼ਨ ਜੱਜ ਧਰਮੇਂਦਰ ਰਾਣਾ ਨੇ ਦਰਜ ਕੀਤਾ ਕਿ ਦਿਸ਼ਾ ਦਾ ਕੋਈ ਪੁਰਾਣਾ ਅਪਰਾਧਿਕ ਰਿਕਾਰਡ ਨਹੀਂ ਹੈ। ਦਿਸ਼ਾ ਨੂੰ ਇੱਕ ਲੱਖ ਦਾ ਨਿੱਜੀ ਬਾਂਡ ਅਤੇ ਇਸੇ ਹੀ ਰਕਮ ਦੀਆਂ ਦੋ ਜਮਾਨਤਾਂ ਭਰਨੀਆਂ ਪਈਆਂ।

**ਜੱਜ ਦੀਆਂ ਮੁੱਖ ਟਿੱਪਣੀਆਂ-**

'ਨਾ ਮਾਤਰ ਅਤੇ ਅਧੂਰੇ ਸਬੂਤਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਮੈਨੂੰ ਦਿਜ਼ਾ ਨੂੰ ਆਜ਼ਾਦ ਨਾ ਕਰਨ ਦਾ ਕੋਈ ਆਧਾਰ ਨਹੀਂ ਦਿਖਦਾ, ਕਿਉਂਕਿ ਉਸਦਾ ਪਹਿਲਾਂ ਕੋਈ ਅਪਰਾਧਿਕ ਪਿਛੋਕੜ ਵੀ ਨਹੀਂ ਹੈ ਤੇ ਸਮਾਜ ਵਿੱਚ ਵੀ ਚੰਗੀ ਪੈਂਠ ਹੈ, ਤਾਂ ਅਜਿਹੇ ਵਿੱਚ ਉਸਨੂੰ ਜੇਲ ਨਹੀਂ ਭੇਜਿਆ ਜਾ ਸਕਦਾ।'

'ਮੇਰਾ ਵਿਚਾਰ ਹੈ ਕਿ ਲੋਕਤੰਤਰ ਵਿੱਚ, ਨਾਗਰਿਕ ਸਰਕਾਰਾਂ ਦੇ ਜ਼ਮੀਰ ਨੂੰ ਹਲੂਣਾ ਦੇਣ ਵਾਲੇ ਹੁੰਦੇ ਹਨ। ਸਰਕਾਰ ਦੀਆਂ ਨੀਤੀਆਂ ਨਾਲ ਅਸਹਿਮਤ ਹੋਣ ਪਿੱਛੇ ਉਨਾਂ ਨੂੰ ਜੇਲ 'ਚ ਨਹੀਂ ਸੁੱਟਿਆ ਜਾ ਸਕਦਾ। ਸਰਕਾਰਾਂ ਦੇ ਜ਼ਖ਼ਮੀ ਹੰਕਾਰ ਦੀ ਪੈਰਵੀ ਲਈ ਦੇਸ਼ ਧ੍ਰੋਹ ਦੇ ਜੁਰਮ ਦਾ ਸਹਾਰਾ ਨਹੀਂ ਲਿਆ ਜਾ ਸਕਦਾ।'

'ਨਿਰੀਆਂ ਭਵਿੱਖੀ ਸੰਭਾਵਨਾਵਾਂ ਦੇ ਆਧਾਰ ਤੇ ਜਾਂਚਕਾਰੀ ਏਜੰਸੀ ਨੂੰ ਕਿਸੇ ਨਾਗਰਿਕ ਦੀ ਆਜ਼ਾਦੀ ਤੇ ਹੁਣ ਹੋਰ ਰੋਕ ਲਾਉਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।'

ਕੋਰਟ ਨੇ ਰਿਗਵੇਦ ਦੀ ਤੁਕ ਦਾ ਹਵਾਲਾ ਦਿੰਦਿਆਂ ਵਿਚਾਰਿਕ ਵਿਭਿੰਨਤਾ ਪ੍ਰਤੀ ਸਤਿਕਾਰ ਜਾਹਿਰ ਕੀਤਾ। 'ਸਾਡੀ ਪੰਜ ਹਜ਼ਾਰ ਪੁਰਾਣੀ ਸੱਭਿਅਤਾ ਵਿੱਚ ਵਿਭਿੰਨ ਵਰਗਾਂ ਤੋਂ ਆਉਂਦੇ ਵੱਖਰੇ ਵਿਚਾਰਾਂ ਦਾ ਕਦੇ ਵਿਰੋਧ ਨਹੀਂ ਹੋਇਆ।'

'ਇੱਥੋਂ ਤੱਕ ਕਿ ਸਾਡੇ ਸੰਸਥਾਪਕਾਂ ਨੇ ਵੀ ਵਿਚਾਰਕ ਵਿਭਿੰਨਤਾ ਦੀ ਕਦਰ ਕਰਦਿਆਂ ਇਸਨੂੰ ਬੋਲਣ ਦੀ ਆਜ਼ਾਦੀ ਵਜੋਂ, ਇੱਕ ਅਟੁੱਟ ਮੌਲਿਕ ਅਧਿਕਾਰ ਦਾ ਦਰਜਾ ਦਿੱਤਾ। ਜੋ ਕਿ ਸੰਵਿਧਾਨ ਦੇ ਆਰਟੀਕਲ ਉੱਨੀ ਵਿੱਚ ਦਰਜ ਹੈ।'

'ਮੇਰੇ ਵਿਚਾਰ ਮੁਤਾਬਕ ਵਿਚਾਰਾਂ ਦੀ ਆਜ਼ਾਦੀ ਤੇ ਹੱਦਾਂ ਸਰਹੱਦਾਂ ਦਾ ਕੋਈ ਪਹਿਰਾ ਨਹੀਂ ਹੋਣਾ ਚਾਹੀਦਾ। ਦੁਨੀਆਂ ਤੱਕ ਆਵਾਜ਼ ਪਹੁੰਚਾਉਣਾ ਹਰ ਇੱਕ ਦਾ ਹੱਕ ਹੈ। ਹਰ ਨਾਗਰਿਕ ਨੂੰ ਆਪਣੀ ਆਵਾਜ਼ ਪਹੁੰਚਾਉਣ ਲਈ ਸੰਚਾਰ ਦੇ ਹਰ ਉਹ ਸਾਧਨ ਵਰਤਣ ਦਾ ਅਧਿਕਾਰ ਹੈ, ਜੋ ਬਿਨਾਂ ਕਿਸੇ ਕਾਨੂੰਨ ਦੀ ਉਲੰਘਣਾ ਕੀਤੇ ਕੋਈ ਵਰਤਣਾ ਚਾਹੁੰਦਾ ਹੈ।'

'ਜਦੋਂ ਕਿ ਦੱਸੀ ਜਾ ਰਹੀ ਟੂਲਕਿੱਟ ਦਾ ਕੁਨੈਕਸ਼ਨ ਕਿਸੇ ਤਰਾਂ ਵੀ ਇਤਰਾਜ਼ਯੋਗ ਸਾਬਿਤ ਨਹੀਂ ਹੋ ਪਾ ਰਿਹਾ, ਸਬੂਤ ਮਿਟਾਉਣ ਲਈ ਵਟਸਐਪ ਚੈਟ ਨੂੰ ਡਿਲੀਟ ਕਰਨਾ ਵੀ, ਉਸਨੂੰ ਟੂਲਕਿੱਟ ਨਾਲ ਜੋੜਨ ਲਈ, ਬੇਮਤਲਬ ਜਾਪਦਾ ਹੈ।'

**ਬਾਕੀ ਸਫ਼ਾ 31 'ਤੇ**

# ਸਰਦਾਰ ਪਟੇਲ ਕ੍ਰਿਕਟ ਸਟੇਡੀਅਮ ਹੁਣ ਬਣੇਂਗਾ ਨਰਿੰਦਰ ਮੋਦੀ ਸਟੇਡੀਅਮ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤੀ ਹਕੂਮਤ ਦਿਨ ਪ੍ਰਤੀ ਦਿਨ ਆਪਣਾ ਨਵਾਂ ਚਿਹਰਾ ਲੈ ਕੇ ਲੋਕਾਂ ਸਾਹਮਣੇ ਆ ਰਹੀ ਹੈ ।ਜੋ ਵੀ ਚਿਹਰੇ ਭਾਰਤੀ ਹਕੂਮਤ ਦੇ ਸਾਹਮਣੇ ਆ ਰਹੇ ਹਨ ਉਨ੍ਹਾਂ ਵਿਚ ਤਾਨਾਸ਼ਾਹੀ ਸਾਫ ਝਲਕਦੀ ਨਜਰ ਆ ਰਹੀ ਹੈ । ਕਸਮੀਰ ਵਿਚਲੀ ਲੱਗੀ ਧਾਰਾ ਹਟਾਉਣ ਤੋਂ ਬਾਅਦ ਲਗਾਤਾਰ ਮੋਦੀ ਸਰਕਾਰ ਤਾਨਾਂਸ਼ਾਹੀ ਵਾਲਾ ਰਵੱਈਆ ਅਪਣਾ ਰਹੀ ਹੈ,ਇਸ ਦੇ ਅਜਿਹੇ ਰਵੱਈਏ ਦੇ ਕਾਰਨ ਹੀ ਹੁਣ ਦੁਨੀਆ ਦੇ ਸਭ ਤੋਂ ਵੱਡੇ ਕ੍ਰਿਕਟ ਸਟੇਡੀਅਮ , ਸਰਦਾਰ ਪਟੇਲ ਕ੍ਰਿਕਟ ਸਟੇਡੀਅਮ ,ਦਾ ਨਾਮ ਬਦਲ ਕੇ ਨਰਿੰਦਰ ਮੋਦੀ ਸਟੇਡੀਅਮ ਰੱਖਿਆ ਗਿਆ ਹੈ। ਸਰਕਾਰ ਦੀ ਅਜਿਹੀ ਕਾਰਗੁਜ਼ਾਰੀ ਆਮ ਵਰਗ ਦੇ ਲੋਕਾਂ ਵਿੱਚ ਇੱਕ ਖੌਫ਼ ਪੈਦਾ ਕਰ ਰਹੀ ਹੈ,ਉਹ ਇਹ ਸੋਚਣ ਤੇ ਮਜਬੂਰ ਹੋ ਰਹੇ ਹਨ ਕਿ ਆਉਣ ਵਾਲਾ ਸਮਾਂ ਹਿਟਲਰ ਦੀ ਤਾਨਾਂਸ਼ਾਹੀ ਜਿਹਾ ਨਾ ਹੋਵੇ,ਜਿਸ ਵਿੱਚ ਮਜ਼ਲੂਮਾਂ ਅਤੇ ਹੱਕ ਮੰਗਣ ਵਾਲਿਆਂ ਤੇ ਤਸ਼ੱਦਦ ਢਾਹਿਆ ਜਾਂਦਾ ਸੀ ।ਅਜੋਕੇ ਦੌਰ ਦੀਆਂ ਸਰਕਾਰੀ ਰਣਨੀਤੀਆਂ ਆਮ ਵਰਗ ਦੇ ਹਿੱਤਾਂ ਦੀ ਰੱਖਿਆ ਨਹੀਂ ਕਰ ਰਹੀਆਂ ਸਗੋਂ ਇਹ ਤੇ ਕੋਆਪਰੇਟਿਵ ਘਰਾਣਿਆਂ ਦੀ ਰੱਖਿਆ ਕਰ ਰਹੀਆਂ ਹਨ ਜੋ ਲਗਾਤਾਰ ਮਿਡਲ ਕਲਾਸ ਦੇ ਲੋਕਾਂ ਉਤੇ ਕਰਜੇ ਜਿਹੇ ਬੋਝ ਪਾ ਕੇ ਅਤੇ ਮਹਿੰਗਾਈ ਦੀ ਦਰ ਵਧਾ ਕੇ ਲੋਕਾਂ ਵਿੱਚ ਅਰਾਜਕਤਾ ਵਾਲਾ ਮਾਹੌਲ ਪੈਦਾ ਕਰ ਰਹੇ ਹਨ ।

# 18 ਸਾਲਾਂ ਦੀ ਗਰੇਟਾ ਥਨਬਰਗ ਕੌਣ ਹੁੰਦੀ ਹੈ ਸਾਨੂੰ ਸਿਖਾਉਣ ਵਾਲੀ ..ਕੈਪਟਨ ਅਮਰਿੰਦਰ ਸਿੰਘ





**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ,ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇੰਡੀਅਨ ਐਕਸਪ੍ਰੈੱਸ ਨੂੰ ਦਿੱਤੀ ਆਪਣੀ ਇਕ ਇੰਟਰਵਿਊ ਵਿਚ ਗਰੇਟਾ ਥਨਬਰਗ ਉੱਤੇ ਨਿਸ਼ਾਨਾ ਲਾਉਂਦੇ ਹੋਏ ਕਿਹਾ ਕਿ 18 ਸਾਲਾਂ ਦੀ ਗਰੇਟਾ ਥਨਬਰਗ ਕੌਣ ਹੁੰਦੀ ਹੈ ਸਾਨੂੰ ਇਹ ਸਿਖਾਉਣ ਵਾਲੀ ਕੀ ਦੇਸ਼ ਵਿੱਚ ਆੜ੍ਹਤੀਆ ਪ੍ਰਣਾਲੀ ਨੂੰ ਕਿਵੇਂ ਚਲਾਇਆ ਜਾਵੇ, ਉਨ੍ਹਾਂ ਨੇ ਨਾਲ ਹੀ ਇਹ ਕਿਹਾ ਕਿ ਅਸੀਂ ਦੁਨੀਆਂ ਦੀ ਇਕ ਅਫਸੋਸ ਵਾਲੀ ਸ਼ਖਸੀਅਤ ਨੂੰ ਕੱਟਦੇ ਹਾਂ ।ਕੈਪਟਨ ਅਮਰਿੰਦਰ ਦੇ ਅਜਿਹੇ ਬਿਆਨ ਸਿਆਸਤੀ ਪੱਧਰ ਨੂੰ ਉੱਚਾ ਰੱਖਣ ਲਈ ਅਤੇ ਆਪਣੀ ਰਾਜਨੀਤਕ ਸ਼ਕਤੀ ਨੂੰ ਕਾਇਮ ਰੱਖਣ ਲਈ ਤਾਂ ਸਹੀ ਹੋ ਸਕਦੇ ਹਨ ਪਰ ਗਰੇਟਾ ਥਨਬਰਗ ਨੇ ਜੋ ਗੱਲ ਆਖੀ ਉਹ ਆਮ ਵਰਗ ਦੇ ਲੋਕਾਂ ਲਈ ਸੀ ਜੋ ਕਿਸਾਨੀ ਹਮਾਇਤ ਕਰਦੇ ਹਨ ।

# ਸਿੱਖ ਭਾਈਚਾਰੇ ਨੂੰ ਕੋਵਿਡ ਟੀਕਾਕਰਣ ਬਾਰੇ ਜਾਗਰੂਕ ਕਰੇਗੀ ਸਿੱਖ ਕੁਲੀਸ਼ਨ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ) :** ਸਿੱਖ ਕੁਲੀਸ਼ਨ ਨੇ ਐਲਾਨ ਕੀਤਾ ਹੈ ਕਿ ਉਹ ਭਾਰਤੀ ਮੂਲ ਦੇ ਅਮਰੀਕੀ ਸਿੱਖਾਂ ਨੂੰ ਕੋਵਿਡ-ਟੀਕਾਕਰਣ ਸਬੰਧੀ ਜਾਗਰੂਕ ਕਰੇਗੀ ਤੇ ਉਨਾਂ ਨੂੰ ਇਹ ਟੀਕੇ ਲਵਾਉਣ ਲਈ ਉਤਸ਼ਾਹਿਤ ਕਰੇਗੀ। ਸਿੱਖ ਕੁਲੀਸ਼ਨ ਵੱਲੋਂ ਇਹ ਕੰਮ ਨਾਰਥ ਅਮਰੀਕਨ ਸਿੱਖ ਮੈਡੀਕਲ ਐਂਡ ਡੈਂਟਲ ਐਸੋਸੀਏਸ਼ਨ ਤੇ ਸਿੱਖ ਫੈਮਿਲੀ ਸੈਂਟਰ ਦੇ ਡਾਕਟਰਾਂ ਨਾਲ ਸਿੱਧੇ ਸਲਾਹ ਮਸ਼ਵਰੇ ਨਾਲ ਕੀਤਾ ਜਾ ਰਿਹਾ ਹੈ। ਕੁਲੀਸ਼ਨ ਨੇ ਕਿਹਾ ਹੈ ਕਿ ਉਹ ਸੰਗਤ ਦੇ ਹਰ ਮੈਂਬਰ ਤੱਕ ਪਹੁੰਚ ਕਰੇਗੀ ਤੇ ਉਸ ਨਾਲ ਕੋਵਿਡ ਟੀਕੇ ਬਾਰੇ ਸਹੀ ਜਾਣਕਾਰੀ ਸਾਂਝੀ ਕਰੇਗੀ। ਰੁਚਾ ਕੌਰ ਕੁਲੀਸ਼ਨ ਕਮਿਊਨਿਟੀ ਡਿਵੈਲਪਮੈਂਟ ਡਾਇਰੈਕਟਰ ਨੇ ਕਿਹਾ ਹੈ ਕਿ ਵੈਕਸੀਨ ਬਾਰੇ ਆਮ ਤੌਰ 'ਤੇ ਬਹੁਤ ਹੀ ਭੰਬਲਭੂਸਾ ਤੇ ਗ਼ਲਤ ਜਾਣਕਾਰੀ ਪਾਈ ਜਾਂਦੀ ਹੈ ਤੇ ਅਸੀਂ ਆਸਵੰਦ ਹਾਂ ਕਿ ਸਾਡਾ ਉੱਦਮ ਟੀਕੇ ਬਾਰੇ ਸਹੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਣ ਵਿੱਚ ਸਹਾਈ ਹੋਵੇਗਾ। ਉਨਾਂ ਕਿਹਾ ਹਾਲਾਂ ਕਿ ਸਿੱਖ ਕੁਲੀਸ਼ਨ ਕੋਈ ਜਨਤਿਕ ਸਿਹਤ ਸੰਗਠਨ ਨਹੀਂ ਹੈ ਪ੍ਰੰਤੂ ਸਿੱਖ ਕੁਲੀਸ਼ਨ ਇਕ ਸਾਧਨ ਵਜੋਂ ਆਪਣਾ ਕੰਮ ਜਾਰੀ ਰੱਖੇਗੀ ਕਿਉਂਕਿ ਅਸੀਂ ਸਮਝਦੇ ਹਾਂ ਕਿ ਸਾਨੂੰ ਆਪਣੇ ਆਪ ਤੇ ਆਪਣੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਲਈ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ।

# ਟਰੰਪ ਦੀ ਨਾਗਰਿਕਤਾ ਬਾਰੇ ਨੀਤੀ ਨੂੰ ਬਾਇਡਨ ਪ੍ਰਸ਼ਾਸਨ ਨੇ ਪਲਟਿਆ



**ਵਾਸ਼ਿੰਗਟਨ/ਏ.ਟੀ.ਨਿਊਜ਼:** ਅਮਰੀਕਾ 'ਚ ਬਾਇਡਨ ਪ੍ਰਸ਼ਾਸਨ ਨੇ ਸੱਤਾ ਵਿਚ ਆਉਣ ਪਿੱਛੋਂ ਟਰੰਪ ਦੀ ਨਾਗਰਿਕਤਾ ਸਬੰਧੀ ਇਕ ਨੀਤੀ ਨੂੰ ਪਲਟ ਦਿੱਤਾ ਹੈ। ਇਸ ਪ੍ਰਸ਼ਾਸਨ ਨੇ ਨਾਗਰਿਕਤਾ ਸਬੰਧੀ ਪੁਰਾਣੀ ਵਿਵਸਥਾ ਬਹਾਲ ਕਰ ਦਿੱਤੀ ਹੈ। ਇਸ ਨਾਲ ਸਾਰੇ ਜਾਇਜ਼ ਲੋਕਾਂ ਲਈ ਅਮਰੀਕੀ ਨਾਗਰਿਕਤਾ ਪਾਉਣ ਦੀ ਰਾਹ ਆਸਾਨ ਹੋ ਸਕਦੀ ਹੈ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾ (ਯੂਐੱਸਸੀਆਈਐੱਸ) ਵਿਭਾਗ ਨੇ ਸੋਮਵਾਰ ਨੂੰ ਇਸ ਦਾ ਐਲਾਨ ਕੀਤਾ। ਨਵੀਂ ਵਿਵਸਥਾ ਤਹਿਤ ਹੁਣ ਨਾਗਰਿਕਤਾ ਪ੍ਰੀਖਿਆ 2008 ਦੇ ਤਰਜ਼ 'ਤੇ ਹੋਵੇਗੀ। ਇਹ ਵਿਵਸਥਾ ਇਕ ਮਾਰਚ ਤੋਂ ਲਾਗੂ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਟਰੰਪ ਪ੍ਰਸ਼ਾਸਨ ਨੇ ਨਾਗਰਿਕਤਾ ਸਬੰਧੀ ਪ੍ਰੀਖਿਆ ਵਿਚ ਕੁਝ ਬਦਲਾਅ ਕਰ ਦਿੱਤੇ ਸਨ। ਪ੍ਰੀਖਿਆ ਦੇ ਸਵਾਲਾਂ ਦੀ ਗਿਣਤੀ ਨੂੰ 100 ਤੋਂ ਵਧਾ ਕੇ 128 ਕਰ ਦਿੱਤਾ ਸੀ। ਇਹ ਟੈਸਟ ਉਨਾਂ ਲੋਕਾਂ 'ਤੇ ਲਾਗੂ ਹੋਵੇਗਾ ਜਿਨਾਂ ਨੇ ਇਕ ਦਸੰਬਰ, 2020 ਪਿੱਛੋਂ ਅਰਜ਼ੀ ਦਿੱਤੀ ਹੈ।

# ਦੀਪ ਸਿੱਧੂ ਦਾ ਪੁਲਸ ਰਿਮਾਂਡ ਖਤਮ

## 14 ਦਿਨਾਂ ਦੀ ਨਿਆਂਇਕ ਹਿਰਾਸਤ ਵਿਚ ਭੇਜਿਆ





**ਅੰਮ੍ਰਿਤਸਰ ਟਾਈਮਜ਼ ਬਿਊਰੋ:** ਜਨਵਰੀ ਦੇ ਲਾਲ ਕਿਲ੍ਹੇ ਵਿੱਚ ਹੋਏ ਘਟਨਾਕ੍ਰਮ ਦੇ ਫਲਸਰੂਪ ਗ੍ਰਿਫਤਾਰ ਹੋਏ ਦੀਪ ਸਿੱਧੂ ਨੂੰ ਅੱਜ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਦੀਪ ਸਿੱਧੂ ਉੱਪਰ ਭਾਰਤੀ ਪੈਨਲ ਕੋਡ ਦੀਆਂ ਧਾਰਾਵਾਂ ਦੰਗੇ ਕਰਨ(147 ਅਤੇ 148), ਗੈਰ-ਕਾਨੂੰਨੀ ਇਕੱਠ(149),ਇਰਾਦਾ ਏ ਕਤਲ (120-ਬੀ),ਅਪਰਾਧਿਕ ਸਾਜਿਸ(120-ਬੀ),ਸਰਕਾਰੀ ਮੁਲਾਜਮ ਤੇ ਹਮਲਾ ਜਾਂ ਕੰਮ 'ਚ ਰੁਕਾਵਟ (152) , ਡਕੈਤੀ (395) , ਗੈਰ ਇਰਾਦਾ ਕਤਲ (308) ਤੇ ਸਰਕਾਰੀ ਹਦਾਇਤਾਂ ਦੀ ਉਲੰਘਣਾ (188) ਦੇ ਮਾਮਲੇ ਦਰਜ ਹਨ, ਜਿਹਨਾਂ ਦੀ ਸੁਣਵਾਈ ਦੌਰਾਨ ਮੈਟਰੋਪੋਲੀਟਨ ਮੈਜਿਸਟਰੇਟ ਸਮਰਜੀਤ ਕੌਰ ਸਾਹਮਣੇ ਪੇਸ ਕਰਨ ਤੇ ਪੰਦਰਾਂ ਦਿਨਾਂ ਦੀ ਨਿਆਂਇਕ ਹਿਰਾਸਤ 'ਚ ਰੱਖਣ ਦਾ ਹੁਕਮ ਸੁਣਾਇਆ ਗਿਆ।

ਜਿਕਰਯੋਗ ਹੈ ਕਿ ਪਹਿਲਾਂ ਕ੍ਰਮਵਾਰ ਸੱਤ ਅਤੇ ਪੰਜ ਦਿਨਾਂ ਦੀ ਪੁੱਛਤਾਛ ਰਿਮਾਂਡ ਪੁਲਿਸ ਵੱਲੋਂ ਲਈ ਗਈ ਸੀ,ਜੋ ਅੱਜ ਮੁੱਕਣ ਤੇ ਇਹ ਫੈਸਲਾ ਆਇਆ ਹੈ।

ਦੂਜੇ ਪਾਸੇ ਪੰਜਾਬ ਵਿੱਚ ਕਾਲਜਾਂ ਯੂਨੀਵਰਸਿਟੀਆਂ ਤੇ ਹੋਰ ਥਾਵਾਂ ਤੇ ਨੌਜਵਾਨਾਂ ਵੱਲੋਂ ਦੀਪ ਸਿੱਧੂ, ਨੌਦੀਪ ਕੌਰ ਜਿਹੇ ਹੋਰ ਨੌਜਵਾਨਾਂ ਦੀ ਰਿਹਾਈ ਅਤੇ ਝੂਠੇ ਪਰਚੇ ਰੱਦ ਕਰਾਉਣ ਲਈ ਇਕੱਠ ਅਤੇ ਪ੍ਰਦਰਸਨ ਕੀਤੇ ਜਾ ਰਹੇ ਹਨ।

ਅੱਜ ਬਠਿੰਡਾ ਦੇ ਮਹਿਰਾਜ ਪਿੰਡ ਵਿੱਚ ਹੋਇਆ ਵਿਸਾਲ ਇਕੱਠ ਅਤੇ ਇਸਦੀ ਸਮੁੱਚੀ ਕਾਰਗੁਜਾਰੀ ਵਿੱਚ ਨੌਜਵਾਨਾਂ ਦੀ ਭਾਰੀ ਸਮੂਲੀਅਤ,ਇਸ ਮਸਲੇ ਤੇ ਸਰਕਾਰ ਪ੍ਰਤੀ ਉੱਠਦੇ ਰੋਹ ਦੀ ਤਾਜਾ ਉਦਾਹਰਣ ਹੈ।

# ਮੋਦੀ ਸਰਕਾਰ ਸੋਸ਼ਲ ਮੀਡੀਆ ਉੱਪਰ ਸਖ਼ਤੀ ਵਰਤਣ ਲੱਗੀ

## ਸੋਸ਼ਲ ਮੀਡੀਆ ਕੰਪਨੀਆਂ ਨੂੰ ਸਰਕਾਰ ਜਾਂ ਅਦਾਲਤ ਦੇ ਹੁਕਮ ’ਤੇ 36 ਘੰਟਿਆਂ ਦੇ ਅੰਦਰ ‘ਗੈਰ ਕਾਨੂੰਨੀ’ ਪੋਸਟਾਂ ਹਟਾਉਣੀਆਂ ਪੈਣਗੀਆਂ

**ਨਵੀਂ ਦਿੱਲੀ/ਏ.ਟੀ.ਨਿਊਜ਼:** ਬਹੁਤ ਜਲਦੀ ਸੋਸ਼ਲ ਮੀਡੀਆ ਕੰਪਨੀਆਂ ਨੂੰ ਸਰਕਾਰ ਜਾਂ ਅਦਾਲਤ ਦੇ ਹੁਕਮ ’ਤੇ 36 ਘੰਟਿਆਂ ਦੇ ਅੰਦਰ ਉਨਾਂ ਦੇ ਪਲੇਟਫ਼ਾਰਮਾਂ ਤੋਂ ‘ਗੈਰ ਕਾਨੂੰਨੀ’ ਪੋਸਟਾਂ ਹਟਾਉਣੀਆਂ ਪੈਣਗੀਆਂ। ਪਹਿਲਾਂ ਇਹ ਸਮਾਂ ਸੀਮਾ 72 ਘੰਟੇ ਦਾ ਸੀ। ਇਸ ਤੋਂ ਇਲਾਵਾ ਇਨਾਂ ਸੋਸ਼ਲ ਮੀਡੀਆ ਕੰਪਨੀਆਂ ਨੂੰ ਨਾਗਰਿਕਾਂ/ਉਪਭੋਗਤਾਵਾਂ ਦੀਆਂ ਬੇਨਤੀਆਂ ਪ੍ਰਤੀ ਵਧੇਰੇ ਜਵਾਬਦੇਹ ਬਣਾਇਆ ਜਾ ਸਕਦਾ ਹੈ। ਇਸ ਲਈ ਇਨਫਰਮੇਸ਼ਨ ਟੈਕਨਾਲੋਜੀ ਦੇ ਨਿਯਮ (ਆਈ.ਟੀ. ਰੂਲ) ਬਦਲੇ ਜਾਣਗੇ।

ਨਵੇਂ ਨਿਯਮਾਂ ਤਹਿਤ 50 ਲੱਖ ਤੋਂ ਵੱਧ ਉਪਭੋਗਤਾਵਾਂ ਵਾਲੀ ਕੰਪਨੀ ਲਈ ਭਾਰਤ ਵਿਚ ਵੀ ਆਪਣਾ ਦਫ਼ਤਰ ਖੋਲਣਾ ਲਾਜ਼ਮੀ ਬਣਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਇਨਾਂ ਕੰਪਨੀਆਂ ਨੂੰ ਨੋਡਲ ਅਧਿਕਾਰੀ ਦੀ ਨਿਯੁਕਤੀ ਕਰਨੀ ਪਏਗੀ ਤਾਂ ਜੋ ਲੋੜ ਪੈਣ ’ਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਉਨਾਂ ਨਾਲ ਸੰਪਰਕ ਕਰ ਸਕਣ।

ਸੂਚਨਾ ਤਕਨਾਲੋਜੀ ਦੇ ਵਿਚੋਲਗੀ ਦਿਸ਼ਾ ਨਿਰਦੇਸ਼ ਨਿਯਮ 2011 ਤਹਿਤ, ਸਰਕਾਰ ਚਾਹੁੰਦੀ ਹੈ ਕਿ ਸੋਸ਼ਲ ਮੀਡੀਆ ਕੰਪਨੀਆਂ ਆਪਣੇ ਪਲੇਟਫਾਰਮਸ ਤੋਂ ਗ਼ੈਰਕਾਨੂੰਨੀ



ਸਮਗਰੀ ਨੂੰ ਹਟਾਉਣ ਲਈ ਵਧੇਰੇ ਜ਼ਿੰਮੇਵਾਰ ਹੋਣ। ਆਈ.ਟੀ. ਐਕਟ ਦੀ ਧਾਰਾ 79 ਵਿਚ ਇੰਟਰਮੀਡੀਅਰਜ ਲਈ ਅਜਿਹੀ ਵਿਵਸਥਾ ਪ੍ਰਦਾਨ ਕਰਦੀ ਹੈ।

ਇਨਾਂ ਸੋਧਾਂ ਨੂੰ ਸੂਚਿਤ ਕੀਤੇ ਜਾਣ ਤੋਂ ਬਾਅਦ ਲਾਗੂ ਕੀਤਾ ਜਾਵੇਗਾ। ਇਸ ਤੋਂ ਬਾਅਦ ਜੇ ਕੋਈ ਸੋਸ਼ਲ ਮੀਡੀਆ ਕੰਪਨੀ ਅਦਾਲਤ ਜਾਂ ਸਰਕਾਰ ਤੋਂ ਆਦੇਸ਼ ਪ੍ਰਾਪਤ ਕਰਦੀ ਹੈ, ਤਾਂ ਉਨਾਂ ਨੂੰ 36 ਘੰਟਿਆਂ ਦੇ ਅੰਦਰ ਉਨਾਂ ਦੇ ਪਲੇਟਫ਼ਾਰਮ ਤੋਂ ਪੋਸਟ ਨੂੰ ਹਟਾਉਣਾ ਪਏਗਾ।

ਨਵੇਂ ਨਿਯਮ ਸਾਲ 2011 ਵਿਚ ਲਾਗੂ ਨਿਯਮਾਂ ਦੀ ਥਾਂ ਲੈਣਗੇ। ਇਸਦੇ ਨਾਲ ਹੀ ਇਹ ਕੰਪਨੀਆਂ ਆਪਣੇ ਉਪਭੋਗਤਾਵਾਂ ਨੂੰ ਸਮੇਂ-ਸਮੇਂ ‘ਤੇ ਨਿਯਮਾਂ ਦੀ ਪਾਲਣਾ ਬਾਰੇ ਜਾਣਕਾਰੀ ਦੇਣ ਲਈ ਮਜਬੂਰ ਹੋਣਗੀਆਂ। ਇਹ ਕੰਪਨੀਆਂ ਆਪਣੇ ਉਪਭੋਗਤਾਵਾਂ ਨੂੰ ਗੋਪਨੀਯਤਾ ਨੀਤੀ ’ਤੇ ਸਹਿਮਤ ਹੋਣ ਲਈ ਵੀ ਕਹਿਣਗੀਆਂ। ਸੰਸ਼ੋਧਿਤ ਨਿਯਮ ਵਿਚ ਇਹ ਵੀ ਵਿਵਸਥਾ ਰਹੇਗੀ ਕਿ ਇਹ ਕੰਪਨੀਆਂ ਕੁਝ ਸਵੈਚਾਲਿਤ ਟੂਲਜ਼ ਨੂੰ ਤਾਇਨਾਤ ਕਰਨ ਤਾਂ ਜੋ ਗੈਰ ਕਾਨੂੰਨੀ ਜਾਣਕਾਰੀ ਜਾਂ ਸਮੱਗਰੀ ਨੂੰ ਜਲਦੀ ਹਟਾਇਆ ਜਾ ਸਕੇ ਜਾਂ ਲੋਕਾਂ ਤੱਕ ਉਨਾਂ ਦੀ ਪਹੁੰਚ ਨੂੰ ਘਟਾਇਆ ਜਾ ਸਕੇ।

ਇਸ ਰਿਪੋਰਟ ਵਿਚ ਸੂਤਰਾਂ ਦੇ ਹਵਾਲੇ ਨਾਲ ਇਹ ਵੀ ਕਿਹਾ ਗਿਆ ਹੈ ਕਿ ਸਰਕਾਰ ਇਨਾਂ ਕੰਪਨੀਆਂ ਤੋਂ ਅਜਿਹੀਆਂ ਨਾਜਾਇਜ਼ ਸਮਗਰੀ ਦੇ ਸਰੋਤ ਬਾਰੇ ਵੀ ਜਾਣਕਾਰੀ ਮੰਗ ਸਕਦੀ ਹੈ ਤਾਂ ਜੋ ਅਜਿਹੇ ਅਪਰਾਧੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾ ਸਕੇ। ਫ਼ਿਲਹਾਲ ਵਾਟਸਐਪ ਵਰਗੀਆਂ ਕੰਪਨੀਆਂ ਨੇ ਲਗਾਤਾਰ ਅਜਿਹੀ ਜਾਣਕਾਰੀ ਦੇਣ ਤੋਂ ਇਨਕਾਰ ਕੀਤਾ ਹੈ। ਇਨਾਂ ਕੰਪਨੀਆਂ ਦਾ ਕਹਿਣਾ ਹੈ ਕਿ ਉਨਾਂ ਦੇ ਪਲੇਟਫਾਰਮਸ ’ਤੇ ਸੰਚਾਰ ਐਂਡ ਟੂ ਐਂਡ ਵਾਲੇ ਇਨ-ਕ੍ਰਿਪਟ ਹੁੰਦੇ ਹਨ, ਇਸ ਲਈ ਉਹ ਗੈਰ ਕਾਨੂੰਨੀ ਸਮੱਗਰੀ ਦਾ ਸਰੋਤ ਨਹੀਂ ਲੱਭ ਸਕਦੇ।

ਅਜਿਹੇ ਕਾਨੂੰਨ ਤੋਂ ਜਾਣੂ ਹੋਣ ਵਾਲੇ ਲੋਕ ਕਹਿੰਦੇ ਹਨ ਕਿ ਅੰਤਰਰਾਸ਼ਟਰੀ ਪੱਧਰ ’ਤੇ ਵੀ 36 ਘੰਟਿਆਂ ਦੇ ਅੰਦਰ ਗ਼ੈਰਕਾਨੂੰਨੀ ਸਮੱਗਰੀ ਨੂੰ ਹਟਾਉਣ ਦੀ ਵਿਵਸਥਾ ਹੈ। ਬਹੁਤ ਸਾਰੇ ਪੱਛਮੀ ਦੇਸ਼ਾਂ ਵਿਚ ਅਜਿਹੇ ਨਿਯਮ ਪਹਿਲਾਂ ਤੋਂ ਲਾਗੂ ਹਨ।

# ਭਾਜਪਾ ਜਾਟਾਂ ਤੋਂ ਡਰੀ, ਅਮਿਤ ਸ਼ਾਹ ਨੇ ਘੜੀ ਨਵੀਂ ਰਣਨੀਤੀ

## ਸਿਆਸੀ ਜ਼ਮੀਨ ਖਿਸਕਣ ਦਾ ਡਰ ਸਤਾਉਣ ਲਗਾ

**ਨਵੀਂ ਦਿੱਲੀ/ਏ.ਟੀ.ਨਿਊਜ਼:** ਕੇਂਦਰ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਵਿਰੁੱਧ ਜਾਰੀ ਕਿਸਾਨ ਅੰਦੋਲਨ ਤੇ ਪ੍ਰਚਾਰ ਨੇ ਬੀਜੇਪੀ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਬੀਜੇਪੀ ਨੂੰ ਜਾਟ ਵੋਟਰਾਂ ਦਾ ਡਰ ਸਤਾਉਣ ਲੱਗਾ ਹੈ। ਮਹਾਂਪੰਚਾਇਤਾਂ ਨੇ ਬੀਜੇਪੀ ਦੀ ਨੀਂਦ ਉਡਾ ਦਿੱਤੀ ਹੈ। ਪੈਰਾਂ ਹੇਠੋਂ ਜਮੀਨ ਖਿਸਕਦੀ ਵੇਖ ਪਾਰਟੀ ਪ੍ਰਧਾਨ ਜੇ.ਪੀ. ਨੱਢਾ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਖੁਦ ਕਮਾਨ ਸੰਭਾਲੀ ਹੈ।

ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਦੇ ਪ੍ਰਮੁੱਖ ਕਿਸਾਨ ਭਾਈਚਾਰੇ ਦੇ ਬੀਜੇਪੀ ਆਗੂਆਂ ਨੇ ਜਾਟ ਭਾਈਚਾਰੇ ਤੇ ਖਾਪਾਂ ਦੇ ਮੈਂਬਰਾਂ ਨਾਲ ਸੰਪਰਕ ਕਰਨ ਲਈ ਵੱਖੋ-ਵੱਖਰੀਆਂ ਬੈਠਕਾਂ ਕੀਤੀਆਂ ਜਾ ਰਹੀਆਂ ਹਨ। ਬੀਜੇਪੀ ਦਾ ਮੰਨਣਾ ਹੈ ਕਿ ਆਪਣੇ ਸਿਆਸੀ ਮੰਤਵਾਂ ਲਈ ਇੱਕ ਵਰਗ ਨੇ ਨਵੇਂ ਕਾਨੂੰਨਾਂ ਵਿਰੁੱਧ ਕਿਸਾਨ ਅੰਦੋਲਨ ਨੂੰ ਜਾਟ ਭਾਈਚਾਰੇ ਲਈ ਭਾਵਨਾਤਮਕ ਮੁੱਦਾ ਬਣਾ ਦਿੱਤਾ ਹੈ।

ਅੰਦੋਲਨਕਾਰੀ ਕਿਸਾਨ ਸੰਗਠਨਾਂ ਦੇ ਆਗੂਆਂ ਨੇ ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਤੇ



ਰਾਜਸਥਾਨ ’ਚ ਮਹਾਂਪੰਚਾਇਤਾਂ ਕੀਤੀਆਂ ਜਾ ਰਹੀਆਂ ਹਨ। ਭਾਜਪਾ ਪ੍ਰਧਾਨ ਜੇਪੀ ਨੱਡਾ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੀਤੇ ਹਫ਼ਤੇ ਇਨਾਂ ਥਾਵਾਂ ਦੇ ਪਾਰਟੀ ਆਗੂਆਂ, ਸੰਸਦ ਮੈਂਬਰਾਂ ਤੇ ਵਿਧਾਇਕਾਂ ਨਾਲ ਮੀਟਿੰਗ ਕੀਤੀ ਸੀ। ਉਸ ਮੀਟਿੰਗ ਤੋਂ ਬਾਅਦ ਪੱਛਮੀ ਉੱਤਰ ਪ੍ਰਦੇਸ਼ ਤੇ ਹਰਿਆਣਾ ‘ਚ ਭਾਈਚਾਰੇ ਦੇ ਆਗੂਆਂ ਨੇ ਵੱਖੋ-ਵੱਖਰੀਆਂ ਮੀਟਿੰਗਾਂ ਕੀਤੀਆਂ ਤੇ ਅਗਲੇਰੀ ਯੋਜਨਾ ਬਾਰੇ ਵਿਚਾਰ-ਵਟਾਂਦਰਾ ਕੀਤਾ। ਪੱਛਮੀ ਉੱਤਰ ਪ੍ਰਦੇਸ਼ ਦੇ ਮੁਜ਼ੱਫ਼ਰਨਗਰ ਤੋਂ ਲੋਕ ਸਭਾ ਮੈਂਬਰ ਤੇ ਕੇਂਦਰੀ ਮੰਤਰੀ ਸੰਜੀਵ ਬਾਲੀਆਨ ਨੇ ਖੇਤਰ ਦੇ ਭਾਜਪਾ ਆਗੂਆਂ ਦੀ ਮੀਟਿੰਗ ਲਈ ਤਾਲਮੇਲ ਕਾਇਮ ਕਰ ਕੇ ਰੱਖਿਆ। ਮੀਟਿੰਗ ਵਿਚ ਪਾਰਟੀ ਦੇ ਮੀਤ ਪ੍ਰਧਾਨ ਸੌਦਾਨ ਸਿੰਘ ਤੇ ਮੰਤਰੀ ਭੁਪੇਂਦਰ ਸਿੰਘ ਚੌਧਰੀ ਨੇ ਭਾਗ ਲਿਆ। ਇਸ ਮੀਟਿੰਗ ਤੋਂ ਬਾਅਦ ਬਾਲੀਆਨ ਨੇ ਕਿਹਾ ਕਿ ਉਹ ਆਪਣੇ ਖੇਤਰਾਂ ਵਿੱਚ ਕਿਸਾਨਾਂ ਕੋਲ ਜਾਣਗੇ। ਉਹ ਸਾਡੇ ਆਪਣੇ ਲੋਕ ਹਨ ਤੇ ਅਸੀਂ ਉਨਾਂ ਦੇ ਹਾਂ। ਉਨਾਂ ਦੱਸਿਆ ਕਿ ਕੇਂਦਰ ਨੇ ਕਿਹਾ ਹੈ ਕਿ ਉਹ ਨਵੇਂ ਖੇਤੀ ਕਾਨੂੰਨਾਂ ਵਿੱਚ ਸੋਧਾਂ ਕਰਨ ਲਈ ਤਿਆਰ ਹੈ।

# ਮਾਮਲਾ ਭੀਮਾ ਕੋਰੇਗਾਓਂ ਕੇਸ ਦਾ, ਵਰਵਰਾ ਰਾਓ ਦੀ ਮੈਡੀਕਲ ਆਧਾਰ ’ਤੇ 6 ਮਹੀਨਿਆਂ ਲਈ ਹੋਈ ਜ਼ਮਾਨਤ



**ਅੰਮ੍ਰਿਤਸਰ ਟਾਈਮਜ਼ ਬਿਊਰੋ :** ਬੰਬੇ ਹਾਈ ਕੋਰਟ ਨੇ ਐਲਗਰ ਪ੍ਰੀਸ਼ਦ ਮਾਮਲੇ ਵਿੱਚ ਗ੍ਰਿਫ਼ਤਾਰ ਕਵੀ ਤੇ ਸਮਾਜਿਕ ਕਾਰਕੁਨ ਵਰਵਰਾ ਰਾਓ ਨੂੰ ਮੈਡੀਕਲ ਆਧਾਰ ’ਤੇ 6 ਮਹੀਨਿਆਂ ਲਈ ਜਮਾਨਤ ਦੇ ਦਿੱਤੀ ਹੈ। ਜਸਟਿਸ ਐੱਸ.ਐੱਸ.ਸ਼ਿੰਦੇ ਤੇ ਮਨੀਸ਼ ਪਿਤਲੇ ਦੀ ਅਗਵਾਈ ਵਾਲੇ ਬੈਂਚ ਨੇ ਹਾਲਾਂਕਿ ਸਾਫ ਕਰ ਦਿੱਤਾ ਕਿ ਜ਼ਮਾਨਤ ਲਈ ਕੁਝ ਸ਼ਰਤਾਂ ਲਾਗੂ ਹੋਣਗੀਆਂ। ਇਨਾਂ ਸ਼ਰਤਾਂ ਤਹਿਤ ਰਾਓ ਨੂੰ ਮੁੰਬਈ ਵਿੱਚ ਹੀ ਰਹਿਣਾ ਹੋਵੇਗਾ ਤੇ ਉਹ ਲੋੜ ਪੈਣ ’ਤੇ ਜਾਂਚ ਲਈ ਉਪਲਬਧ ਰਹਿਣਗੇ। ਉਂਝ ਰਾਓ ਨਿੱਜੀ ਪੇਸ਼ੀ ਤੋਂ ਛੋਟ ਲਈ ਅਰਜੀ ਦੇ ਸਕਣਗੇ। ਕੋਰਟ ਨੇ ਕਿਹਾ ਕਿ ਰਾਓ ਨੇੜਲੇ ਪੁਲੀਸ ਸਟੇਸ਼ਨ ’ਤੇ ਵੱਟਸਐਪ ਵੀਡੀਓ ਕਾਲ ਕਰ ਸਕਦੇ ਹਨ। ਐਲਗਰ ਪ੍ਰੀਸ਼ਦ ਕੇਸ ਵਿੱਚ ਇਹ ਪਹਿਲੀ ਜਮਾਨਤ ਹੈ। ਭੀਮਾ ਕੋਰੇਗਾਓਂ ਕੇਸ ’ਚ ਜੇਲ ਵਿੱਚ ਬੰਦ ਵਰਵਰਾ ਰਾਓ ਨੂੰ ਪਿਛਲੇ ਸਾਲ ਜੁਲਾਈ ਵਿੱਚ ਕਰੋਨਾ ਹੋ ਗਿਆ ਸੀ। ਨਵੀ ਮੁੰਬਈ ਦੀ ਤਾਲੋਜਾ ਜੇਲ ਵਿੱਚ ਨਿਆਂਇਕ ਹਿਰਾਸਤ ਤਹਿਤ ਬੰਦ ਰਾਓ ਨੂੰ ਮਗਰੋਂ ਸਰਕਾਰੀ ਜੇ ਜੇ ਹਸਪਤਾਲ ’ਚ ਭਰਤੀ ਕਰਵਾਇਆ ਗਿਆ ਸੀ। ਉਨਾਂ ਦੀ ਵਿਗੜਦੀ ਹਾਲਤ ਦੇ ਮੱਦੇਨਜ਼ਰ ਪਰਿਵਾਰ ਦੀ ਗੁਜਾਰਿਸ਼ ’ਤੇ ਹਾਈ ਕੋਰਟ ਨੇ ਉਨਾਂ ਨੂੰ ਨਾਨਾਵਤੀ ਹਸਪਤਾਲ ਦਾਖਲ ਕਰਵਾਉਣ ਲਈ ਕਿਹਾ ਸੀ।

# ਕਿਸਾਨ ਅੰਦੋਲਨ ਵਿਚ ਕੇਂਦਰ ਨੇ ਅਪਨਾਈ ਨਵੀਂ ਨੀਤੀ

## ਪੰਜਾਬ ਨੂੰ ਫਸਲਾਂ ਦੀ ਅਦਾਇਗੀ ਦਾ ਨਵਾਂ ਸਿਸਟਮ ਲਾਗੂ ਕੀਤਾ

**ਨਵੀਂ ਦਿੱਲੀ/ਏ.ਟੀ.ਨਿਊਜ਼:** ਕਿਸਾਨ ਅੰਦੋਲਨ ਦੌਰਾਨ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਫਸਲਾਂ ਦੀ ਸਿੱਧੀ ਅਦਾਇਗੀ ਦਾ ਐਲਾਨ ਕਰ ਦਿੱਤਾ ਹੈ। ਇਸ ਲਈ ਬਕਾਇਦਾ ਪੰਜਾਬ ਤੇ ਹਰਿਆਣਾ ਸਰਕਾਰ ਨੂੰ ਤਿਆਰੀ ਕਰਨ ਲਈ ਕਹਿ ਦਿੱਤਾ ਗਿਆ ਹੈ। ਦੂਜੇ ਪਾਸੇ ਆੜਤੀਏ ਕੇਂਦਰ ਸਰਕਾਰ ਦੇ ਇਸ ਫੈਸਲੇ ਤੋਂ ਔਖੇ ਹਨ। ਇਸ ਲਈ ਆੜਤੀਏ ਵੀ ਕੇਂਦਰ ਸਰਕਾਰ ਖਿਲਾਫ ਮੋਰਚਾ ਖੋਲਣ ਦੀ ਤਿਆਰੀ ਕਰ ਰਹੇ ਹਨ।

# ਵੁਹਾਨ ਮਾਰਕੀਟ ’ਚ ਵਿਕਣ ਵਾਲੇ ਖ਼ਰਗੋਸ਼ ਤੇ ਬਿਜੂ ਵਰਗੇ ਜਾਨਵਰਾਂ ਤੋਂ ਫੈਲ ਸਕਦਾ ਏ : ਕੋਰੋਨਾ

## ਡਬਲਯੂਐੱਚਓ ਵਿਗਿਆਨੀਆਂ ਦੀ ਟੀਮ ਨੇ ਸੰਭਾਵਨਾ ਪ੍ਰਗਟਾਈ

**ਜਨੇਵਾ/ਏ.ਟੀ.ਨਿਊਜ਼:** ਚੀਨ ਵਿਚ ਕੋਰੋਨਾ ਦੇ ਸਰੋਤ ਦੇ ਬਾਰੇ ਵਿਚ ਪਤਾ ਕਰਨ ਗਈ ਡਬਲਯੂਐੱਚਓ ਵਿਗਿਆਨੀਆਂ ਦੀ ਟੀਮ ਨੇ ਸੰਭਾਵਨਾ ਪ੍ਰਗਟਾਈ ਹੈ ਕਿ ਵੁਹਾਨ ਦੀ ਮਾਰਕੀਟ ਵਿਚ ਵਿਕਣ ਵਾਲੇ ਖ਼ਰਗੋਸ਼ ਅਤੇ ਬਿਜੂ ਵਰਗੀਆਂ ਪ੍ਰਜਾਤੀਆਂ ਦੇ ਜਾਨਵਰਾਂ ਤੋਂ ਹੀ ਇਨਸਾਨਾਂ ਵਿਚ ਕੋਰੋਨਾ ਵਾਇਰਸ ਆਇਆ ਹੈ। ਜਾਂਚ ਵਿਚ ਲੱਗੀ ਟੀਮ ਨੇ ਕਿਹਾ ਹੈ ਕਿ ਇਸ ਦੀ ਸਪੱਸ਼ਟ ਤੌਰ ’ਤੇ ਪੁਸ਼ਟੀ ਕਰਨ ਲਈ ਵੁਹਾਨ ਮਾਰਕੀਟ ਵਿਚ ਇਨਾਂ ਜਾਨਵਰਾਂ ਦੀ ਸਪਲਾਈ ਕਰਨ ਵਾਲਿਆਂ ਅਤੇ ਹੋਰ ਜਾਨਵਰਾਂ ਦੀ ਜਾਂਚ ਦੀ ਲੋੜ ਹੈ। ਇੱਥੇ ਜਾਇਜ਼ ਜਾਂ ਨਾਜਾਇਜ਼ ਤੌਰ ’ਤੇ ਵਿਕਣ ਵਾਲੇ ਹਰ ਜਾਨਵਰ ਦੀ ਸੂਚੀ ਹੋਣਾ ਜ਼ਰੂਰੀ ਹੈ।

ਡਬਲਯੂਐੱਚਓ ਟੀਮ ਨੇ ਚਾਰ ਹਫ਼ਤੇ ਚੀਨ ਦੇ ਵੁਹਾਨ ਵਿਚ ਰਹਿਣ ਦੇ ਬਾਅਦ ਆਪਣੀ ਜਾਂਚ ਪੂਰੀ ਕਰ ਲਈ ਹੈ ਪ੍ਰੰਤੂ ਸਾਰੇ ਸਵਾਲਾਂ ਦੇ ਜਵਾਬ ਅਜੇ ਆਉਣਾ ਬਾਕੀ ਹਨ। ਟੀਮ ਨੇ ਏਨਾ ਜ਼ਰੂਰ ਦੱਸਿਆ ਹੈ ਕਿ ਕਿਸੇ ਲੈਬ ਵਿਚ ਕੋਰੋਨਾ ਦੇ ਵਾਇਰਸ ਦੇ ਬਣਾਏ ਜਾਣ ਦੇ ਕੋਈ ਸਬੂਤ ਨਹੀਂ ਮਿਲੇ ਹਨ। ਵੁਹਾਨ ਮਾਰਕੀਟ ਦੀ ਭੂਮਿਕਾ ਅਜੇ ਸਾਫ਼ ਨਹੀਂ ਹੈ। ਜ਼ਿਕਰਯੋਗ ਹੈ ਕਿ ਡਬਲਯੂਐੱਚਓ ਦੀ ਟੀਮ ਜਿਨਾਂ ਜਾਣਕਾਰੀਆਂ ਨੂੰ ਚਾਹੁੰਦੀ ਸੀ ਉਨਾਂ ਨੂੰ ਪੂਰੀ ਤਰਾਂ ਨਾਲ ਦੇਣ ਤੋਂ ਚੀਨ ਨੇ ਨਾਂਹ-ਨੁਕਰ ਕੀਤੀ। ਇਸ ਲਈ ਉਪਲਬਧ ਅੰਕੜਿਆਂ ’ਤੇ ਹੀ ਵਿਗਿਆਨੀਆਂ ਦੀ ਟੀਮ ਨੂੰ ਜਾਂਚ ਕਰਨੀ ਪਈ।

ਵੁਹਾਨ ਵਿਚ ਕੋਰੋਨਾ ਦੇ ਸਰੋਤ ਦੀ ਜਾਂਚ ਹੋਣ ਦੇ ਬਾਅਦ ਹੁਣ ਚੀਨ ਨੇ ਡਬਲਯੂਐੱਚਓ ਨੂੰ ਕਿਹਾ ਹੈ ਕਿ ਇਸੇ ਤਰਾਂ ਦੀ ਜਾਂਚ ਅਮਰੀਕਾ ਵਿਚ ਵੀ ਕੀਤੀ ਜਾਣੀ ਚਾਹੀਦੀ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਾਂਗ ਵੇਨਬਿਨ ਨੇ ਕਿਹਾ ਕਿ ਜਿਸ ਤਰਾਂ ਨਾਲ ਅਸੀਂ ਜਾਂਚ ਵਿਚ ਸਹਿਯੋਗ ਕਰਦੇ ਹੋਏ ਉਦਾਹਰਣ ਪੇਸ਼ ਕੀਤਾ ਹੈ, ਅਜਿਹਾ ਹੀ ਅਮਰੀਕਾ ਨੂੰ ਵੀ ਕਰਨਾ ਚਾਹੀਦਾ ਹੈ।

# ਕੌਮਾਂਤਰੀ ਹਾਕੀ ਖਿਡਾਰੀ ਸੁਰਿੰਦਰ ਸੋਢੀ ਮੁੜ ‘ਆਪ’ ਵਿਚ



**ਜਲੰਧਰ /ਏ.ਟੀ.ਨਿਊਜ਼:** ਹਾਕੀ ਦੇ ਅੰਤਰਰਾਸ਼ਟਰੀ ਖਿਡਾਰੀ ਅਤੇ ਪੰਜਾਬ ਪੁਲਿਸ ਦੇ ਸੇਵਾ ਮੁਕਤ ਇੰਸਪੈਕਟਰ ਸੁਰਿੰਦਰ ਸੋਢੀ ਅਤੇ ਕਈ ਹੋਰਾਂ ਨੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦੀ ਘੋਸ਼ਣਾ ਕੀਤੀ। ਆਪ ਦੇ ਪ੍ਰਦੇਸ਼ ਪ੍ਰਧਾਨ ਭਗਵੰਤ ਮਾਨ, ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਪ੍ਰਦੇਸ਼ ਮੁਖੀ ਜਰਨੈਲ ਸਿੰਘ ਅਤੇ ਸਹਿ-ਮੁਖੀ ਰਾਘਵ ਚੱਢਾ ਦੀ ਮੌਜੂਦਗੀ ਵਿਚ ਸੋਢੀ ਅਤੇ ਹੋਰ ਨੇਤਾ ਆਪ ਵਿਚ ਸ਼ਾਮਲ ਹੋਏ।

# ਪੰਜਾਬ ਅਤੇ ਹਰਿਆਣਾ ਵਿਚ ਜੀਓ ਦੀ ਦੁਕਾਨਦਾਰੀ ਠੱਪ ਹੋਣ ਦੇ ਕੰਪਨੀ ਨੇ ਜਾਰੀ ਕੀਤੇ ਅੰਕੜੇ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਕਿਸਾਨ ਸੰਘਰਸ਼ ਦੌਰਾਨ ਕਿਸਾਨਾਂ ਵੱਲੋਂ ਰਿਲਾਇੰਸ ਦੀਆਂ ਬਣਾਈਆਂ ਚੀਜ਼ਾਂ ਦੇ ਬਾਈਕਾਟ ਦਾ ਐਲਾਨ ਕੀਤਾ ਸੀ ਜਿਸਦਾ ਰਿਲਾਇੰਸ ਇੰਡਸਟਰੀ ਦੀ ਜੀਓ ਕੰਪਨੀ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ। ਪੰਜਾਬ ਅਤੇ ਹਰਿਆਣਾ ਵਿਚ ਜੀਓ ਦੇ ਲੱਖਾਂ ਸਿਮ ਬੰਦ ਹੋ ਗਏ ਹਨ।

ਕੰਪਨੀ ਵੱਲੋਂ ਦਸੰਬਰ 2020 ਦੇ ਜਾਰੀ ਕੀਤੇ ਅੰਕੜਿਆਂ ਵਿਚ ਦੱਸਿਆ ਗਿਆ ਹੈ ਕਿ ਉਸ ਮਹੀਨੇ ਪੰਜਾਬ ਵਿਚ ਜੀਓ ਦੇ 1.25 ਕਰੋੜ ਯੂਜ਼ਰਜ਼ ਸਨ ਜੋ ਕਿ ਪਿਛਲੇ 18 ਮਹੀਨਿਆਂ ਵਿਚ ਸਭ ਤੋਂ ਘੱਟ ਦਰਜ ਕੀਤੇ ਗਏ। ਨਵੰਬਰ 2020 ਮਹੀਨੇ ਪੰਜਾਬ ਵਿਚ ਜੀਓ ਯੂਜ਼ਰਜ਼ ਦੀ ਗਿਣਤੀ 1.40 ਕਰੋੜ ਸੀ। ਹਰਿਆਣਾ ਦੇ ਅੰਕੜਿਆਂ ਮੁਤਾਬਕ ਦਸੰਬਰ 2020 ਵਿਚ ਕੁੱਲ ਯੂਜ਼ਰਜ਼ 89.07 ਲੱਖ ਸਨ ਜੋ ਕਿ ਨਵੰਬਰ 2020 ਵਿਚ 94.48 ਲੱਖ ਸਨ।

ਦੱਸ ਦਈਏ ਕਿ ਕਿਸਾਨ ਸੰਘਰਸ਼ ਦਾ ਸਭ ਤੋਂ ਵੱਧ ਜ਼ੋਰ ਇਹਨਾਂ ਦੋਵਾਂ ਸੂਬਿਆਂ ਵਿਚ ਹੀ ਹੈ ਅਤੇ ਦੋਵਾਂ ਸੂਬਿਆਂ ਵਿਚ ਜੀਓ ਦੇ ਯੂਜ਼ਰਜ਼ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਜੀਓ ਕੰਪਨੀ ਦਾ ਕਹਿਣਾ ਹੈ ਕਿ ਇਹ ਘਾਟਾ ਕੋਵਿਡ ਕਰਕੇ ਅਤੇ ਕੁੱਝ ਖਾਸ ਖੇਤਰਾਂ ਵਿਚ ਰਿਲਾਇੰਸ ਕੰਪਨੀ ਖਿਲਾਫ ਕੀਤੇ ਜਾ ਰਹੇ ਪ੍ਰਚਾਰ ਕਾਰਨ ਵਾਪਰਿਆ ਹੈ।

# ਸਿੱਖਾਂ ਨੂੰ ਸਤਿਕਾਰ ਦੇਣ ਦੇ ਮੋਦੀ ਦੇ ਦਾਅਵੇ ਝੂਠੇ,

## ਨਨਕਾਣਾ ਸਾਹਿਬ ਜਾਣ ਤੇ ਰੋਕ ਸਿੱਖਾਂ ਨਾਲ ਵਿਸ਼ਵਾਸਘਾਤ - ਜਥੇ. ਹਵਾਰਾ ਕਮੇਟੀ

**ਅੰਮ੍ਰਿਤਸਰ/ਏ.ਟੀ.ਨਿਊਜ਼:** ਦੇਸ਼ ਦੀ ਵੰਡ ਹੋਣ ਦੇ ਬਾਅਦ ਕੇਂਦਰ ਸਰਕਾਰ ਵੱਲੋਂ ਸਿੱਖਾਂ ਨਾਲ ਕੀਤੇ ਜਾ ਰਹੇ ਵਿਤਕਰਿਆਂ ਤੇ ਵਿਸ਼ਵਾਸਘਾਤ ਵਿੱਚ ਉਸ ਸਮੇਂ ਇਕ ਹੋਰ ਵਾਧਾ ਹੋਇਆ ਜਦੋਂ ਸੌ ਸਾਲਾ ਨਨਕਾਣਾ ਸਾਹਿਬ ਸਾਕੇ ਦੀ ਸ਼ਤਾਬਦੀ ਮਨਾਉਣ ਲਈ ਜਾਣ ਵਾਲੇ ਜਥੇ 'ਤੇ ਕੁੱਝ ਘੰਟੇ ਪਹਿਲਾ ਇੱਕਤਰਫ਼ਾ ਫ਼ੈਸਲਾ ਸੁਣਾ ਕੇ ਪਾਕਿਸਤਾਨ ਜਾਣ 'ਤੇ ਰੋਕ ਲਗਾ ਦਿੱਤੀ ਗਈ।

ਕੇਂਦਰ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਕੀਤੀ ਗਈ ਇਸ ਕਾਰਵਾਈ ਨਾਲ ਸਮੁੱਚੇ ਸੰਸਾਰ ਦੇ ਸਿੱਖਾਂ ਦੇ ਮਨਾਂ ਨੂੰ ਠੇਸ ਪਹੁੰਚੀ ਹੈ। ਇਹ ਵਰਨਣਯੋਗ ਹੈ ਕਿ ਨਨਕਾਣਾ ਸਾਹਿਬ ਜਾਣ ਵਾਲੇ ਜਥੇ ਦੀ ਤਿਆਰੀ ਕੇਂਦਰ ਸਰਕਾਰ ਦੀ ਪ੍ਰਵਾਨਗੀ ਲੈਣ ਉਪਰੰਤ ਸ਼ੁਰੂ ਕੀਤੀ ਗਈ ਸੀ ਅਤੇ ਜਾਣ ਵਾਲੇ ਯਾਤਰੂਆਂ ਦੇ ਵੀਜ਼ੇ ਲੱਗ ਚੁੱਕੇ ਸਨ। ਇਸ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਪਹੁੰਚਾਉਣ ਲਈ ਪਾਕਿਸਤਾਨ ਬੱਸ ਅਪਰੇਟਰਾਂ ਨੂੰ ਲੱਖਾਂ ਰੁਪਏ ਦੀ ਪੇਸ਼ਗੀ ਦਿੱਤੀ ਸੀ। ਜਿੱਥੇ ਕੌਮੀ ਜਜ਼ਬਾਤਾਂ ਤੇ ਸਰਕਾਰ ਨੇ ਹਮਲਾ ਕੀਤਾ ਹੈ ਉੱਥੇ ਸਿੱਖਾਂ ਦੇ ਕੌਮੀ ਖ਼ਜ਼ਾਨੇ ਦਾ ਨੁਕਸਾਨ ਕਰਨ ਦੀ ਦੋਸ਼ੀ ਕੇਂਦਰ ਸਰਕਾਰ ਹੈ।

ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਦੇ ਆਗੂ ਬਾਪੂ ਗੁਰਚਰਨ ਸਿੰਘ, ਐਡਵੋਕੇਟ ਅਮਰ ਸਿੰਘ ਚਾਹਲ, ਪ੍ਰੋਫੈਸਰ ਬਲਜਿੰਦਰ ਸਿੰਘ, ਮਹਾਂਬੀਰ ਸਿੰਘ ਸੁਲਤਾਨਵਿੰਡ, ਜਸਪਾਲ ਸਿੰਘ ਪੁਤਲੀਘਰ, ਬਲਜੀਤ ਸਿੰਘ ਭਾਊ, ਐਡਵੋਕੇਟ ਦਿਲਸ਼ੇਰ ਸਿੰਘ ਜੰਡਿਆਲਾ, ਸੁਖਰਾਜ ਸਿੰਘ ਵੇਰਕਾ, ਬਲਬੀਰ ਸਿੰਘ ਹਿਸਾਰ, ਦਰਸਨ ਸਿੰਘ ਬਟਾਲਾ ਆਦਿ ਨੇ ਕਿਹਾ ਕਿ ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜ ਸਭਾ ਵਿੱਚ ਛਲਾਵਾ ਦੇਣ ਲਈ ਬਿਆਨ ਦਿੱਤਾ ਸੀ ਕਿ ਸਿੱਖ ਬਹਾਦਰ ਕੌਮ ਹੈ ਅਤੇ ਇਨਾਂ ਦਾ ਸਤਿਕਾਰ ਕਰਨਾ ਦੇਸ਼ ਵਾਸੀਆਂ ਦਾ ਫਰਜ ਹੈ ਪਰ ਅਫ਼ਸੋਸ ਕਰਮ ਕਰਕੇ ਸਰਕਾਰ ਸਿੱਖਾਂ ਦੇ ਗੁਰਧਾਮਾਂ ਪ੍ਰਤੀ ਨਫ਼ਰਤ ਰੱਖਦੀ ਹੈ। ਜਿਸ ਦਾ ਜਿਊਂਦਾ ਜਾਗਦਾ ਸਬੂਤ ਕਰੋਨਾ ਮਹਾਂਮਾਰੀ ਅਤੇ ਯਾਤਰੂਆਂ ਦੀ ਸੁਰੱਖਿਆ ਦਾ ਬਹਾਨਾ ਬਣਾ ਕੇ ਯਾਤਰਾ ਨੂੰ ਰੱਦ ਕਰਨਾ ਹੈ। ਅੰਤਰਰਾਸ਼ਟਰੀ ਕਾਨੂੰਨਾਂ ਮੁਤਾਬਕ ਕਿਸੇ ਵੀ ਦੇਸ਼ ਦੇ ਯਾਤਰੂਆਂ ਦੀ ਸੁਰੱਖਿਆ ਯਕੀਨੀ ਬਣਾਉਣੀ ਮਹਿਮਾਨ ਦੇਸ਼ ਦਾ ਫਰਜ ਹੈ। ਚਾਹੀਦਾ ਤਾਂ ਇਹ ਸੀ ਕਿ ਕਿਸਾਨ ਅੰਦੋਲਨ ਦੇ ਚਲਦਿਆਂ ਸਰਕਾਰ ਸਿੱਖਾਂ ਦੀ ਧਾਰਮਿਕ ਭਾਵਨਾਵਾਂ ਨੂੰ ਜਿੱਤਣ ਲਈ ਕਰਤਾਰਪੁਰ ਸਾਹਿਬ ਲਾਂਘੇ ਨੂੰ ਮੁੜ ਖੋਲਣ ਅਤੇ ਨਨਕਾਣਾ ਸਾਹਿਬ ਸੌ ਸਾਲਾ ਸ਼ਤਾਬਦੀ ਸਮਾਰੋਹ ਨੂੰ ਖੁੱਲ ਕੇ ਸਮਰਥਨ ਦਿੰਦੀ। ਹਵਾਰਾ ਕਮੇਟੀ ਦੇ ਆਗੂਆਂ ਨੇ ਸਰਕਾਰ ਦੇ ਇਸ ਵਿਸ਼ਵਾਸਘਾਤ ਨੂੰ ਸਿੱਖਾਂ ਵਿੱਚ ਗ਼ੁਲਾਮੀ ਦੇ ਅਹਿਸਾਸ ਨੂੰ ਦ੍ਰਿੜ ਕਰਵਾਉਣ ਦੀ ਕਾਰਵਾਈ ਦੱਸਿਆ ਹੈ।

**ਜਾਰੀ ਕਰਤਾ**
**ਪ੍ਰੋ ਬਲਜਿੰਦਰ ਸਿੰਘ**
**9888001888**

---

## ਮਾਮਲਾ ਪਾਕਿਸਤਾਨ ਜਥੇ 'ਤੇ ਲਾਈ ਰੋਕ ਦਾ

# ਦਲ ਖਾਲਸਾ ਨੇ ਕਿਹਾ ਕਿ ਭਾਜਪਾ ਸਿੱਖ ਅਤੇ ਸਿੱਖੀ ਵਿਰੋਧੀ

**ਅੰਮ੍ਰਿਤਸਰ/ਏ.ਟੀ.ਨਿਊਜ਼:** ਦਲ ਖਾਲਸਾ ਨੇ ਦੋਸ਼ ਲਗਾਇਆ ਕਿ ਭਾਰਤ ਦੀ ਕੇਂਦਰ ਸਰਕਾਰ ਵੱਲੋਂ ਨਨਕਾਣਾ ਸਾਹਿਬ ਸਾਕਾ ਦੀ ਸ਼ਤਾਬਦੀ ਮਨਾਉਣ ਲਈ ਪਾਕਿਸਤਾਨ ਜਾਣ ਵਾਲੇ ਜਥੇ 'ਤੇ ਕੋਵਿਡ-19 ਦੇ ਨਿਯਮਾਂ ਦੀ ਆੜ ਹੇਠ ਰੋਕ ਲਗਾ ਕੇ ਭਾਜਪਾ ਨੇ ਆਪਣੀ ਸਿੱਖ ਅਤੇ ਸਿੱਖੀ ਵਿਰੋਧੀ ਮਾਨਸਿਕਤਾ ਦਾ ਮੁੜ ਇਕ ਵਾਰ ਪ੍ਰਗਟਾਵਾ ਕੀਤਾ ਹੈ।

ਜਥੇਬੰਦੀ ਨੇ ਕਿਹਾ ਕਿ ਇਸੇ ਤਰਾਂ ਭਾਜਪਾ ਸਰਕਾਰ ਨੇ ਕਰਤਾਰਪੁਰ ਕੋਰੀਡੋਰ ਜੋ ਪਿਛਲੇ ਸਾਲ ਮਾਰਚ ਦਾ ਬੰਦ ਹੈ ਨੂੰ ਮੁੜ ਖੋਲਣ ਦੀ ਸਿੱਖ ਅਵਾਮ ਦੀ ਮੰਗ ਨੂੰ ਦਰਕਿਨਾਰ ਕਰ ਰੱਖਿਆ ਹੈ। ਉਨਾਂ ਅਕਾਲ ਤਖ਼ਤ ਸਾਹਿਬ ਨੂੰ ਮੋਦੀ ਸਰਕਾਰ ਦੀ ਇਸ ਧੱਕੇਸ਼ਾਹੀ ਅਤੇ ਜ਼ਿਆਦਤੀ ਪਾਸੇ ਵਿਸ਼ੇਸ਼ ਧਿਆਨ ਦੇਣ ਲਈ ਕਿਹਾ। ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਲਾਕਡਾਊਨ ਦੇ ਖ਼ਤਮ ਹੋਣ ਤੋਂ ਬਾਅਦ ਪੂਰੇ ਭਾਰਤ ਅੰਦਰ ਸਭਿਆਚਾਰਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸਰਗਰਮੀਆਂ ਪਹਿਲੇ ਵਾਂਗ ਸ਼ੁਰੂ ਹਨ ਤਾਂ ਕੇਵਲ ਸਿੱਖ ਲਈ ਆਪਣੇ ਗੁਰਧਾਮਾਂ 'ਤੇ ਜਾਣ ਮੌਕੇ ਹੀ ਨਰਿੰਦਰ ਮੋਦੀ ਸਰਕਾਰ ਨੂੰ ਕੋਰੋਨਾ ਨਿਯਮ ਕਿਉਂ ਚੇਤੇ ਆਉਂਦੇ ਹਨ। ਉਨਾਂ ਵਿਅੰਗ ਕਸਦਿਆਂ ਕਿਹਾ ਕਿ ਸੂਬਿਆਂ ਅਤੇ ਲੋਕਲ-ਬਾਡੀ ਦੀਆਂ ਚੋਣਾਂ ਨਿਰਵਿਘਨ ਹੋ ਰਹੀਆਂ ਹਨ, ਪੂਰੇ ਦੇਸ਼ ਅੰਦਰ ਸਭ ਖੁੱਲਾ ਹੈ ਪਰ ਸਿੱਖਾਂ ਲਈ ਪਾਬੰਦੀਆਂ ਹਨ। ਉਨਾਂ ਪੁੱਛਿਆ ਕਿ ਕੀ ਇਹ ਸਿੱਖਾਂ ਨੂੰ ਜ਼ਲੀਲ ਕਰਨ ਦਾ ਸਰਕਾਰੀ ਪੈਂਤੜਾ ਨਹੀਂ ਤਾਂ ਹੋਰ ਕੀ ਹੈ ?

ਉਨਾਂ ਦੱਸਿਆ ਕਿ ਅਕਾਲੀ ਦਲ ਨਾਲ ਦਹਾਕਿਆਂ ਦੀ ਰਾਜਨੀਤਕ ਸਾਂਝ ਦੇ ਬਾਵਜੂਦ ਆਰ.ਐਸ.ਐਸ ਅਤੇ ਭਾਜਪਾ ਦੀ ਸਿੱਖ ਅਤੇ ਸਿੱਖੀ ਵਿਰੋਧੀ ਮਾਨਸਿਕਤਾ ਕਾਇਮ ਹੈ । ਉਨਾਂ ਕਿਹਾ ਕਿ ਭਾਜਪਾ ਨੂੰ ਸਿੱਖਾਂ ਦੀ ਅੱਡਰੀ ਸੋਚ ਅਤੇ ਪਹਿਚਾਣ ਚੁੱਭਦੀ ਹੈ। ਉਨਾਂ ਕਿਹਾ ਕਿ ਦਿੱਲੀ ਵਿੱਚ ਬਾਬੂਆਂ (ਅਫ਼ਸਰਸ਼ਾਹੀ) ਦੀ ਮਜ਼ਬੂਤ ਲਾਬੀ ਨਹੀਂ ਚਾਹੁੰਦੀ ਕਿ ਸਿੱਖ ਦਾ ਪਾਕਿਸਤਾਨ ਨਾਲ ਰਿਸ਼ਤਾ ਮਜ਼ਬੂਤੀ ਨਾਲ ਬਣਿਆ ਰਹੇ।

ਉਨਾਂ ਟਿੱਪਣੀ ਕਰਦਿਆਂ ਕਿਹਾ ਕਿ ਤਿੰਨੇ ਕਾਲੇ ਖੇਤੀ ਕਾਨੂੰਨ ਕਿਸਾਨੀ ਅਤੇ ਪੂਰੇ ਦੇਸ਼ ਦੇ ਕਿਸਾਨਾਂ ਦੀ ਹੋਣੀ ਨਾਲ ਜੁੜੇ ਹਨ ਪਰ ਤ੍ਰਾਸਦੀ ਹੈ ਕਿ ਮੋਦੀ ਸਰਕਾਰ ਇਨਾਂ ਨੂੰ ਕੇਵਲ ਇਸ ਕਰਕੇ ਰੱਦ ਨਹੀਂ ਕਰ ਰਹੀ ਕਿਉਂਕਿ ਇਨਾਂ ਵਿਰੁੱਧ ਜਨ ਅੰਦੋਲਨ ਦੀ ਅਗਵਾਈ ਪੰਜਾਬ ਦਾ ਕਿਸਾਨ ਕਰ ਰਿਹਾ ਹੈ।

---

# ਲਾਲ ਕਿਲਾ ਕਥਿਤ ਹਿੰਸਾ ਮਾਮਲੇ 'ਚ ਜੰਮੂ ਤੋਂ ਦੋ ਸਿੰਘ ਗ੍ਰਿਫਤਾਰ



**ਜੰਮੂ/ਏ.ਟੀ.ਨਿਊਜ਼:** ਗਣਤੰਤਰ ਦਿਵਸ 'ਤੇ ਲਾਲ ਕਿਲਾ ਹਿੰਸਾ ਮਾਮਲੇ 'ਚ ਦਿੱਲੀ ਪੁਲਿਸ ਨੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਮੋਹਿੰਦਰ ਸਿੰਘ ਖਾਲਸਾ (45) ਤੇ ਮਨਦੀਪ ਸਿੰਘ (23) 'ਤੇ ਦੋਸ਼ ਹੈ ਕਿ ਕਥਿਤ ਹਿੰਸਾ ਵਿਚ ਉਹ ਵੀ ਸ਼ਾਮਲ ਸਨ। ਉੱਥੇ ਹੀ ਮੋਹਿੰਦਰ ਸਿੰਘ ਖਾਲਸਾ ਨੂੰ ਦਿੱਲੀ ਪੁਲਿਸ ਬੀਤੇ ਸੋਮਵਾਰ ਰਾਤ ਨੂੰ ਆਪਣੇ ਨਾਲ ਲੈ ਗਈ। ਸਿੱਖ ਨੌਜਵਾਨ ਸਭਾ ਦੇ ਮੈਂਬਰ ਮੋਹਿੰਦਰ ਸਿੰਘ ਖਾਲਸਾ ਖੇਤੀ ਸੁਧਾਰ ਕਾਨੂੰਨਾਂ ਖਿਲਾਫ ਅੰਦੋਲਨ ਵਿਚ ਸਰਗਰਮ ਦੱਸੇ ਜਾ ਰਹੇ ਹਨ। ਪਰਿਵਾਰ ਅਨੁਸਾਰ, ਮੋਹਿੰਦਰ ਸਿੰਘ ਨੂੰ ਗਾਂਧੀਨਗਰ ਪੁਲਿਸ ਨੇ ਫੋਨ ਕਰ ਕੇ ਸੁਪਰਡੈਂਟ ਆਫ ਪੁਲਿਸ ਸਿਟੀ ਸਾਊਥ ਦੇ ਦਫਤਰ ਬੁਲਾਇਆ, ਉੱਥੇ ਪਹਿਲਾਂ ਤੋਂ ਮੌਜੂਦ ਦਿੱਲੀ ਪੁਲਿਸ ਦੀ ਟੀਮ ਮੋਹਿੰਦਰ ਨੂੰ ਆਪਣੇ ਨਾਲ ਲੈ ਗਈ।

---

# ਦਿੱਲੀ ਗੁਰਦੁਆਰਾ ਕਮੇਟੀ ਲੜੇਗੀ ਭਾਈ ਮਹਿੰਦਰ ਸਿੰਘ ਖ਼ਾਲਸਾ ਦਾ ਕੇਸ

## ਮਨਜਿੰਦਰ ਸਿੰਘ ਸਿਰਸਾ ਨੇ ਕੀਤਾ ਐਲਾਨ



**ਨਵੀਂ ਦਿੱਲੀ/ਏ.ਟੀ.ਨਿਊਜ਼:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਐਲਾਨ ਕੀਤਾ ਹੈ ਕਿ ਦਿੱਲੀ ਪੁਲਿਸ ਵੱਲੋਂ 26 ਜਨਵਰੀ ਦੇ ਕਿਸਾਨ ਅੰਦੋਲਨ ਸਬੰਧੀ ਜੰਮੂ ਦੇ ਗਾਂਧੀ ਨਗਰ ਤੋਂ ਗ੍ਰਿਫਤਾਰ ਕੀਤੇ ਗਏ ਪ੍ਰਸਿੱਧ ਕੀਰਤਨੀਏ ਭਾਈ ਮਹਿੰਦਰ ਸਿੰਘ ਖ਼ਾਲਸਾ ਦਾ ਕੇਸ ਦਿੱਲੀ ਗੁਰਦੁਆਰਾ ਕਮੇਟੀ ਲੜੇਗੀ ਤੇ ਉਨਾਂ ਨੂੰ ਛੇਤੀ ਤੋਂ ਛੇਤੀ ਜੇਲ 'ਚੋਂ ਬਾਹਰ ਲਿਆਂਦਾ ਜਾਵੇਗਾ। ਸਿਰਸਾ ਨੇ ਦੱਸਿਆ ਕਿ ਭਾਈ ਖ਼ਾਲਸਾ 26 ਜਨਵਰੀ ਨੂੰ ਦਿੱਲੀ ਆਏ ਸਨ ਤੇ ਉਹ ਕਿਸਾਨ ਮਾਰਚ ਵਿਚ ਸ਼ਾਮਲ ਸਨ ਤੇ ਉਨਾਂ ਦੀ ਗੱਡੀ ਸਭ ਤੋਂ ਪਿੱਛੇ ਸੀ। ਇਸ ਤੋਂ ਇਲਾਵਾ ਉਨਾਂ ਦਾ ਕੋਈ ਕਸੂਰ ਨਹੀਂ ਸੀ। ਸਿਰਸਾ ਨੇ ਜੰਮੂ ਦੀ ਸੰਗਤ ਨੂੰ ਉਚੇਚੇ ਤੌਰ 'ਤੇ ਭਰੋਸਾ ਦਿੱਤਾ ਕਿ ਭਾਈ ਮਹਿੰਦਰ ਸਿੰਘ ਖ਼ਾਲਸਾ ਦਾ ਕੇਸ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੜੇਗੀ ਤੇ ਉਨਾਂ ਦੀ ਰਿਹਾਈ ਲਈ ਯਤਨ ਤੇਜ਼ ਕੀਤੇ ਜਾਣਗੇ।




# ਟੈਕਸਸ ਬਰਫਬਾਰੀ ਕਾਰਨ ਆਮ ਜਨਜੀਵਨ ਪ੍ਰਭਾਵਿਤ, ਬਿਜਲੀ ਤੇ ਪਾਣੀ ਦੀਆਂ ਸੇਵਾਵਾਂ ਵਿੱਚ ਪਿਆ ਵਿਘਨ

## ਮਾਰੂਥਲ ਵਰਗੇ ਸੂਬੇ 'ਚ ਹੋ ਰਹੀ ਆਰਕਟਿਕ ਵਾਂਗ ਬਰਫਬਾਰੀ



**ਟੈਕਸਸ/ਏ.ਟੀ.ਨਿਊਜ਼:** ਸੂਬੇ ਦੇ ਕਈ ਇਲਾਕਿਆਂ ਵਿੱਚ ਤੀਹ ਸਾਲਾਂ ਦਾ ਸਭ ਤੋਂ ਘੱਟ ਤਾਪਮਾਨ ਦਰਜ ਕੀਤਾ ਗਿਆ ਹੈ । ਟੈਕਸਸ ਨੂੰ ਵਿਸਾਲ ਮਾਰੂਥਲ ਅਤੇ ਤਕਲੀਫ਼ਦੇਹ ਗਰਮ ਹਵਾਵਾਂ ਲਈ ਜਾਣਿਆ ਜਾਂਦਾ ਹੈ ਪਰ ਪਿਛਲੇ ਦਿਨੀਂ ਇੱਥੇ ਬਰਫ਼ ਦੀ ਮੋਟੀ ਚਾਦਰ ਵਿਛ ਗਈ ਤੇ ਇਸਦੇ ਚਲਦਿਆਂ ਆਮ ਜਨਜੀਵਨ, ਬਿਜਲੀ ਤੇ ਪਾਣੀ ਦੀਆਂ ਸੇਵਾਵਾਂ ਵਿੱਚ ਵੀ ਵਿਘਨ ਪਿਆ।

ਸੂਬੇ ਨੇ 30 ਸਾਲਾਂ ਤੋਂ ਵੱਧ ਸਮੇਂ ਬਾਅਦ ਘੱਟ ਤਾਪਮਾਨ ਦਾ ਇਹ ਪੱਧਰ ਦੇਖਿਆ ਗਿਆ ਤੇ ਕਈ ਇਲਾਕਿਆਂ ਵਿੱਚ ਤਾਂ ਤਾਪਮਾਨ ਘਟਣ ਦਾ ਸਦੀਆਂ ਦਾ ਰਿਕਾਰਡ ਟੁੱਟਿਆ। ਦੱਖਣੀ ਅਮਰੀਕਾ ਵਿੱਚ ਇਸ ਤੂਫਾਨ ਦੇ ਕਾਰਨ ਘੱਟੋ ਘੱਟ 21 ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ ਲੱਖਾਂ ਪਰਿਵਾਰ ਹਨੇਰੇ ਵਿੱਚ ਡੁੱਬ ਗਏ ਹਨ। ਬੀਤੇ ਐਤਵਾਰ ਟੈਕਸਸ ਦੇ ਕੁਝ ਹਿੱਸਿਆਂ ਵਿੱਚ ਤਾਪਮਾਨ ਮਨਫ਼ੀ ਅਠਾਰਾਂ ਡਿਗਰੀ ਰਿਹਾ, ਹਫ਼ਤਾ ਭਰ ਮੌਸਮ ਸਬੰਧੀ ਚੇਤਾਵਨੀਆਂ ਜਾਰੀ ਹੁੰਦੀਆਂ ਰਹੀਆਂ।

ਯੂਐੱਸ ਨੈਸ਼ਨਲ ਵੈਦਰ ਸਰਵਿਸ ਮੁਤਾਬਕ, ਇਹ ਇੱਕ ਆਰਕਟਿਕ ਪ੍ਰਕੋਪ ਹੈ ਜੋ ਯੂਐੱਸ-ਕਨੇਡਾ ਬਾਰਡਰ ਉੱਪਰ ਪੈਦਾ ਹੋਇਆ ਤੇ ਇਸ ਨਾਲ ਸਰਦੀਆਂ ਦੀ ਬਰਫ਼ ਦਾ ਤੂਫ਼ਾਨ ਆਇਆ ਅਤੇ ਤਾਪਮਾਨ ਡਿੱਗਿਆ।

**ਬਰਫ਼ੀਲੇ ਤੂਫ਼ਾਨ ਦਾ ਕਾਰਨ**

ਐੱਨਡਬਲਿਊਐੱਸ ਨੇ ਕਿਹਾ ਕਿ ਆਮ ਤੌਰ 'ਤੇ ਅਜਿਹੇ ਠੰਢੀ ਹਵਾ ਵਾਲੇ ਤੂਫ਼ਾਨ ਆਰਕਟਿਕ ਵਿੱਚ ਘੱਟ ਦਬਾਅ ਵਾਲੀ ਪ੍ਰਣਾਲੀਆਂ ਦੀ ਲੜੀ ਵਜੋਂ ਆਉਂਦੇ ਹਨ। ਹਾਲਾਂਕਿ, ਇਹ ਕਨੇਡਾ ਵਿੱਚੋਂ ਹੁੰਦਾ ਹੋਇਆ ਆਇਆ ਅਤੇ ਪਿਛਲੇ ਹਫ਼ਤੇ ਅਮਰੀਕਾ ਵਿੱਚ ਫੈਲ ਗਿਆ।

ਉਦਾਹਰਣ ਦੇ ਤੌਰ 'ਤੇ ਬੀਤੇ ਸੋਮਵਾਰ ਨੂੰ ਡੈਲਸ ਸ਼ਹਿਰ ਦਾ ਤਾਪਮਾਨ ਮਨਫ਼ੀ 10 ਡਿਗਰੀ ਸੀ ਜਦੋਂ ਕਿ ਸਾਲ ਦੇ ਇਸ ਸਮੇਂ ਦੌਰਾਨ ਤਾਪਮਾਨ 15 ਡਿਗਰੀ ਸੈਲਸੀਅਸ ਤੱਕ ਹੋਣਾ ਚਾਹੀਦਾ ਹੈ। ਅਮਰੀਕੀ ਮੀਡੀਆ ਰਿਪੋਰਟਾਂ ਮੁਤਾਬਕ, ਅਮਰੀਕਾ ਵਿੱਚ ਪਹਿਲੀ ਵਾਰ ਸਾਰੀਆਂ 254 ਕਾਉਂਟੀਜ ਮੌਸਮੀ ਤੂਫ਼ਾਨ ਦੀ ਚੇਤਾਵਨੀ ਅਧੀਨ ਹਨ। ਸੀਬੀਐੱਸ ਨਿਊਜ਼ ਮੁਤਾਬਕ ਡੈਲਸ ਵਿੱਚ ਤਾਪਮਾਨ ਪਹਿਲਾਂ ਹੀ ਅਲਾਸਕਾ ਦੇ ਐਂਕਰੇਜ ਤੋਂ ਠੰਡਾ ਹੈ।

ਬੀਤੇ ਐਤਵਾਰ ਰਾਤ ਨੂੰ ਇੱਕ ਬਿਆਨ ਜਰੀਏ ਰਾਸ਼ਟਰਪਤੀ ਜੋਅ ਬਾਇਡਨ ਨੇ ਟੈਕਸਸ ਵਿੱਚ ਐਮਰਜੈਂਸੀ ਦਾ ਐਲਾਨ ਕੀਤਾ, ਜੋ ਸੂਬੇ ਵਿੱਚ ਅਮਰੀਕੀ ਏਜੰਸੀਆਂ ਨੂੰ ਆਫ਼ਤ ਤੋਂ ਰਾਹਤ ਲਈ ਤਾਲਮੇਲ ਬਣਾਉਣ ਲਈ ਅਧਿਕਾਰਿਤ ਕਰਦਾ ਹੈ।

ਸੂਬੇ ਦੇ ਵਾਪਰ ਗਰਿੱਡ ਅਪਰੇਟਰ, ਇਲੈਕਟ੍ਰੀਕਲ ਰਿਲਾਏਬਿਲਟੀ ਆਫ ਟੈਕਸਸ ਵੱਲੋਂ ਸੋਮਵਾਰ ਨੂੰ ਬਿਜਲੀ ਪ੍ਰਣਾਲੀ ਦੀ ਮੰਗ ਨੂੰ ਘਟਾਉਣ ਲਈ ਵਾਰੀ ਸਿਰ ਬਿਜਲੀ ਕੱਟ ਲਾਉਣ ਦੀ ਪਹਿਲਕਦਮੀ ਕੀਤੀ ਗਈ ਹੈ।

ਇੱਕ ਟਵੀਟ ਰਾਹੀਂ ਕਿਹਾ ਗਿਆ ਕਿ 'ਟਰੈਫ਼ਿਕ ਲਾਈਟਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਸ਼ਾਇਦ ਅਸਥਾਈ ਤੌਰ 'ਤੇ ਬਿਜਲੀ ਤੋਂ ਬਿਨਾ ਰਹਿਣ।'

ਇਸ ਵੱਲੋਂ ਇੱਕ ਤੀਜੇ ਪੱਧਰ ਦਾ ਬਿਜਲੀ ਐਮਰਜੈਂਸੀ ਅਲਰਟ ਵੀ ਜਾਰੀ ਕੀਤਾ ਗਿਆ ਹੈ, ਜਿਸ ਜਰੀਏ ਖਪਤਕਾਰਾਂ ਨੂੰ ਬਿਜਲੀ ਦੀ ਘੱਟ ਵਰਤੋਂ ਕਰਨ ਦੀ ਅਪੀਲ ਕੀਤੀ ਗਈ ਹੈ।

**ਸੜਕ ਹਾਦਸਿਆਂ ਦਾ ਖ਼ਤਰਾ**

ਹੂਸਟਨ ਫਾਇਰ ਚੀਫ ਸੈਮਿਊਲ ਪੈਨਾ ਨੇ ਟਵੀਟ ਕੀਤਾ ਕਿ ਐਤਵਾਰ ਕਰੀਬ 120 ਕਾਰ ਐਕਸੀਡੈਂਟ ਰਿਪੋਰਟ ਕੀਤੇ ਗਏ। ਬੀਤੇ ਵੀਰਵਾਰ ਨੂੰ ਬਰਫ਼ ਲੱਦੀਆਂ ਸੜਕਾਂ ਕਾਰਨ ਬਹੁਤ ਟੱਕਰਾਂ ਹੋਈਆਂ ਜਿਨਾਂ ਵਿੱਚ ਫੋਰਟ ਵਅਰਥ ਵਿੱਚ 100 ਤੋਂ ਵੱਧ ਵਾਹਨਾਂ ਦੇ ਹਾਦਸੇ ਵੀ ਸ਼ਾਮਲ ਹਨ। ਇਨਾਂ ਸੜਕ ਹਾਦਸਿਆਂ ਵਿੱਚ ਛੇ ਲੋਕਾਂ ਦੀ ਮੌਤ ਹੋ ਗਈ ਅਤੇ ਦਰਜਨਾਂ ਹੋਰ ਲੋਕਾਂ ਨੂੰ ਹਸਪਤਾਲ ਵਿੱਚ ਇਲਾਜ ਕਰਵਾਉਣਾ ਪਿਆ।

**ਬਾਕੀ ਸਫ਼ਾ 30 'ਤੇ**

## ਸਿੱਖ ਇਤਿਹਾਸਕਾਰ ਭੁਪਿੰਦਰ ਸਿੰਘ ਹਾਲੈਂਡ ਨੂੰ ਕਿਸਾਨ ਅੰਦੋਲਨ ਦੇ ਬਹਾਨੇ ਨਹੀਂ ਹੋਣ ਦਿੱਤਾ ਗਿਆ ਭਾਰਤ 'ਚ ਦਾਖਲ



**ਰੋਮ/ਏ.ਟੀ.ਨਿਊਜ਼:** ਭਾਰਤੀ ਮੂਲ ਦੇ ਸਿੱਖ ਆਗੂ ਭੁਪਿੰਦਰ ਸਿੰਘ ਹਾਲੈਂਡ ਨੂੰ ਬੀਤੇ ਦਿਨੀਂ ਦਿੱਲੀ ਹਵਾਈ ਅੱਡੇ ਪਹੁੰਚਣ ਦੇ 28 ਘੰਟਿਆਂ ਬਾਅਦ ਹੀ ਵਾਪਸ ਭੇਜ ਦਿੱਤਾ ਗਿਆ। ਇੱਥੇ ਦੱਸ ਦਈਏ ਕਿ ਸਿੱਖ ਆਗੂ ਭੁਪਿੰਦਰ ਸਿੰਘ ਹਾਲੈਂਡ ਦੇ ਨਾਗਰਿਕ ਹਨ, ਜੋ ਕੇ.ਐੱਲ.ਐੱਮ. ਏਅਰਲਾਈਨ ਦੇ ਜਹਾਜ਼ ਰਾਹੀਂ 17 ਫਰਵਰੀ ਨੂੰ ਅੰਤਰਰਾਸ਼ਟਰੀ ਹਵਾਈ ਅੱਡੇ ਦਿੱਲੀ ਪਹੁੰਚੇ ਸਨ। ਉਨਾਂ ਨੂੰ 18 ਫਰਵਰੀ ਨੂੰ ਐਮਸਟਰਡਮ ਵਾਪਸ ਭੇਜ ਦਿੱਤਾ ਗਿਆ। ਭੁਪਿੰਦਰ ਸਿੰਘ ਲੇਖਕ ਹਨ, ਜਿਨਾਂ ਨੇ ਪਹਿਲੇ ਤੇ ਦੂਜੇ ਸੰਸਾਰ ਯੁੱਧ 'ਚ ਸਿੱਖ ਫ਼ੌਜੀਆਂ ਦੀ ਦੇਣ ਸਬੰਧੀ ਕਿਤਾਬਾਂ ਲਿਖੀਆਂ ਹਨ।

ਭੁਪਿੰਦਰ ਸਿੰਘ ਨੇ ਦੱਸਿਆ ਕਿ ਉਨਾਂ ਕੋਲ ਭਾਰਤੀ ਦੂਤਘਰ ਵੱਲੋਂ ਜਾਰੀ ਸਾਰੇ ਕਾਗ਼ਜ਼ਾਤ ਮੁਕੰਮਲ ਸਨ ਤੇ ਉਹਨਾਂ ਕੋਲ ਭਾਰਤ ਦਾ ਵੀਜ਼ਾ 2024 ਤੱਕ ਦਾ ਹੈ। ਉਹਨਾਂ ਦੀ ਕੋਰੋਨਾ ਸਬੰਧੀ ਰਿਪੋਰਟ ਵੀ ਨੈਗੇਟਿਵ ਸੀ। ਉਨਾਂ ਨੇ ਦੱਸਿਆ ਕਿ ਮੈਨੂੰ ਇਕ ਕਮਰੇ 'ਚ ਵੱਖਰਾ ਲਿਜਾਇਆ ਗਿਆ, ਜਿੱਥੇ ਸਬੰਧਤ ਅਧਿਕਾਰੀਆਂ ਨੇ ਪਹਿਲਾਂ ਸਵਾਲ ਪੁੱਛਿਆ ਕਿ ਤੁਸੀਂ ਕਿਸਾਨ ਅੰਦੋਲਨ ਦੇ ਚੱਲਦਿਆਂ ਕਿਉਂ ਆਏ ਹੋ ? ਦੂਜਾ ਸਵਾਲ ਪੁੱਛਿਆ ਕਿ ਇੱਥੇ ਕੋਰੋਨਾ ਲਾਗ ਦਾ ਖ਼ਤਰਾ ਹੈ। ਅਧਿਕਾਰੀ ਵਾਰ-ਵਾਰ ਇਹੋ ਕਹਿ ਰਹੇ ਸਨ ਕਿ ਕਿਸਾਨ ਸਾਡੇ ਹਨ, ਅਸੀਂ ਕਿਸਾਨਾਂ ਦੇ ਹਾਂ, ਪਰ ਵਿਦੇਸ਼ ਵਿਚ ਬੈਠੇ ਲੋਕ ਕਿਸਾਨਾਂ ਦੀ ਮਾਲੀ ਮਦਦ ਕਰ ਕੇ ਕਿਸਾਨਾਂ ਨੂੰ ਗੁੰਮਰਾਹ ਕਰ ਰਹੇ ਹਨ। ਤੁਸੀਂ ਵਿਦੇਸ਼ਾਂ ਵਿਚ ਕਿਸਾਨ ਅੰਦੋਲਨ ਸਬੰਧੀ ਮੁਜ਼ਾਹਰੇ ਕਰ ਰਹੇ ਹੋ।

ਅਧਿਕਾਰੀ ਇਹ ਵੀ ਪੁੱਛ ਰਹੇ ਸਨ ਕਿ ਵਿਦੇਸ਼ੀ ਸਰਕਾਰਾਂ ਦੇ ਕਿਸਾਨ ਅੰਦੋਲਨ ਸਬੰਧੀ ਕਿਹੋ ਜਿਹੇ ਵਿਚਾਰ ਹਨ। ਭੁਪਿੰਦਰ ਸਿੰਘ ਨੇ ਦੱਸਿਆ ਕਿ ਉਨਾਂ ਨੂੰ 28 ਘੰਟੇ ਸਿਰਫ਼ ਇਕ ਕੁਰਸੀ 'ਤੇ ਹੀ ਬਿਠਾਈ ਰੱਖਿਆ ਗਿਆ ਜਦਕਿ ਉਹ ਦਿਲ ਤੇ ਸ਼ੂਗਰ ਦੀ ਬੀਮਾਰੀ ਤੋਂ ਪੀੜਤ ਹਨ। ਇਸ ਦੌਰਾਨ ਖਾਣ ਲਈ ਕੁਝ ਨਹੀਂ ਦਿੱਤਾ ਗਿਆ, ਸਿਰਫ਼ ਫਿੱਕੀ ਚਾਹ ਦਿੱਤੀ ਗਈ। ਅਧਿਕਾਰੀਆਂ ਦਾ ਵਤੀਰਾ ਰੁੱਖਾ ਅਤੇ ਨਿੰਦਣਯੋਗ ਸੀ। ਭੁਪਿੰਦਰ ਸਿੰਘ ਨੂੰ ਵਾਪਸ ਭੇਜਣ 'ਤੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਭਾਰਤ ਸਰਕਾਰ ਦੇ ਇਸ ਵਰਤਾਓ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਹ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ।




# ਚੋਣ ਸਰਵੇਖਣ ਤੋਂ ਬਾਅਦ ਹਕੂਮਤ ਤਾਨਾਸ਼ਾਹੀ ਦੀ ਬਜਾਏ ਲੋਕਤੰਤ੍ਰਿਕ ਪਹੁੰਚ ਅਪਣਾਵੇ: ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ. ਕੇ. ਰਜਿ.

**ਇੰਗਲੈਂਡ/ਏ.ਟੀ.ਨਿਊਜ਼:** ਪਿਛਲੇ ਦਿਨੀਂ ਨਗਰ ਨਿਗਮ ਚੋਣਾਂ ਵਿੱਚ ਬੀ. ਜੇ. ਪੀ. ਦੀ ਹੋਈ ਕਰਾਰੀ ਹਾਰ ਦੀ ਖ਼ੁਸ਼ੀ ਵਿੱਚ ਸਾਨੂੰ ਈ ਵੀ ਐਮ ਚੋਣਾਂ ਰੱਦ ਕਰਵਾ ਕੇ ਬੈਲਟ ਪੇਪਰ ਰਾਹੀਂ ਚੋਣਾਂ ਕਰਵਾਉਣ ਦੀ ਮੰਗ ਨੂੰ ਨਹੀਂ ਭੁੱਲਣਾ ਚਾਹੀਦਾ, ਕਿਉਂਕਿ ਇਹੀ ਹਕੂਮਤ ਚਹੁੰਦੀ ਹੈ। ਲੋਕਾਂ ਦਾ ਭਰੋਸਾ ਈ ਵੀ ਐਮ ’ਤੇ ਬਣਾਈ ਰੱਖਣ ਲਈ ਅਤੇ ਵਿਧਾਨ ਸਭਾ ’ਤੇ ਲੋਕ ਸਭਾ ਚੋਣਾਂ ਜਿੱਤਣ ਲਈ ਹਕੂਮਤ ਪੰਚਾਇਤੀ ਚੋਣਾਂ/ਨਗਰ ਨਿਗਮ ਚੋਣਾਂ ਜਾਂ ਇੱਕਾ ਦੁੱਕਾ ਸੀਟ ਦੀ ਮੱਧਕਾਲੀ ਚੋਣ ਨੂੰ ਸਰਵੇਖਣ ਵਾਂਗ ਕਰਵਾਉਂਦੀ ਹੈ। ਏਜੰਸੀਆਂ ਦੀਆਂ ਰਿਪੋਰਟਾਂ ਵੀ ਸਰਕਾਰ ਕੋਲ ਹੁੰਦੀਆਂ ਹਨ ਇਨਾਂ ਸਭ ਦੇ ਅਧਾਰ ਉੱਪਰ ਹਕੂਮਤ ਅਗਲੀ ਰਣਨੀਤੀ ਬਣਾਉਂਦੀ ਹੈ। ਇਨਾਂ ਚੋਣਾਂ ਤੋਂ ਤੁਰੰਤ ਬਾਅਦ ਹਕੂਮਤ ਨੂੰ ਅਹਿਸਾਸ ਹੋ ਗਿਆ ਹੈ ਕਿ ਘੱਟੋ ਘੱਟ 40 ਲੋਕ-ਸਭਾ ਸੀਟਾਂ ਤੇ ਪ੍ਰਭਾਵ ਪਵੇਗਾ, ਅਜੇ ਡੂੰਘਾ ਅਧਿਐਨ ਕਰਨਾ ਬਾਕੀ ਹੈ ਦੂਜਾ ਕਿਸਾਨ ਅੰਦੋਲਨ ਜਾਰੀ ਹੈ ਅਤੇ ਉਸਦੇ ਭਵਿੱਖ ਦਾ ਅਸਰ ਕਿਸ ਰੂਪ ਵਿੱਚ ਪ੍ਰਭਾਵਿਤ ਕਰੇਗਾ ਵੇਖਣਾ ਬਾਕੀ ਹੈ। ਵੈਸੇ ਤਾਂ ਦਲਿਤ ਭਾਈਚਾਰੇ ਉੱਪਰ ਹੁੰਦੇ ਆ ਰਹੇ ਜ਼ੁਲਮ ਤੇ ਵਿਤਕਰਿਆਂ ਨੂੰ ਵੇਖਦੇ ਹੋਏ ਇਸ ਭਾਈਚਾਰੇ ਨਾਲ ਸਬੰਧਤ ਸਾਂਸਦ ਇਸ ਸਰਕਾਰ ਦਾ ਸਾਥ ਛੱਡ ਦੇਣ ਤਾਂ ਇਹ ਸਰਕਾਰ ਬਹੁਮਤ ਗਵਾ ਕੇ ਭੰਗ ਹੋ ਜਾਵੇਗੀ। ਪਰ ਹੱਕ, ਸੱਚ ਤੇ ਇਨਸਾਨੀਅਤ ਉੱਪਰ ਨਿੱਜੀ ਹਿਤ ਅਤੇ ਪਰਿਵਾਰਵਾਦ ਹਾਵੀ ਹੋਣ ਕਾਰਨ ਅਜੇਹੀ ਉਮੀਦ ਨਹੀਂ ਹੈ। ਇਸ ਚੋਣ ਸਰਵੇਖਣ ਤੋਂ ਬਾਅਦ ਹਕੂਮਤ ਨੂੰ ਚਾਹੀਦਾ ਹੈ ਕਿ ਅਪ੍ਰੇਸ਼ਨ ਬਲੂ ਸਟਾਰ, ਬਲੈਕ ਥੰਡਰ ਜਾਂ ਕੰਘੀ ਅਪ੍ਰੇਸ਼ਨ ਵਾਲੀਆਂ ਲੀਹਾਂ ਤੇ ਚੱਲਦੇ ਹੋਏ ਅਪ੍ਰੇਸ਼ਨ ਗ੍ਰੀਨ ਸਟਾਰ/ਥੰਡਰ ਆਦਿਕ ਵਾਲੀਆਂ ਨੀਤੀਆਂ ਜਾਰੀ ਰੱਖਣ ਦੀ ਬਜਾਏ ਇਨਸਾਨੀਅਤ ਪੱਖੀ ਸੋਚ ਅਪਣਾਵੇ ਅਮਨ, ਖ਼ੁਸ਼ਹਾਲੀ ਅਤੇ ਸ੍ਰਿਸ਼ਟੀ ਦੀ ਭਲਾਈ ਲਈ ਕੰਮ ਕਰੇ। ਜਦੋਂ ਤੱਕ ਸਾਨੂੰ ਦੂਜਿਆਂ ਦੀ ਮੌਤ ਵਿੱਚੋਂ ਆਪਣੀ ਮੌਤ ਨਾਂ ਦਿਸੇ ਸਮਝ ਲੈਣਾ ਸਾਡੀ ਸੋਚ ਬਹੁਤ ਕੱਚੀ ਹੈ, ਇਤਿਹਾਸ ਤੋਂ ਸਬਕ ਸਿੱਖ ਕੇ ਕਿਸਾਨ ਅੰਦੋਲਨ ਦੀਆਂ ਮੰਗਾਂ ਹੱਕੀ ’ਤੇ ਜਾਇਜ਼ ਮੰਗਾਂ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ। ਪ੍ਰਧਾਨ ਸੂਬਾ ਸਿੰਘ ਲਿੱਤਰਾਂ ਅਤੇ ਸਕੱਤਰ ਜਨਰਲ ਸਰਬਜੀਤ ਸਿੰਘ ਨੇ ਅੱਗੇ ਕਿਹਾ ਕਿ ਸੰਘਰਸ਼ਸ਼ੀਲ ਧਿਰਾਂ ਨੂੰ ਵੀ ਬੀਤੇ ਇਤਿਹਾਸ ਨੂੰ ਯਾਦ ਕਰਨਾ ਚਾਹੀਦਾ ਹੈ ਕਿ ਸਰਕਾਰ ਨੇ ਜੇ ਮੰਗਾਂ ਮੰਨੀਆਂ ਜਾਂ ਕੋਈ ਸਮਝੌਤਾ ਕੀਤਾ ਤਾਂ ਬੀ. ਜੇ. ਪੀ. ਸ਼ਾਸਤ ਰਾਜਾਂ ਦੇ ਮੁੱਖ ਮੰਤਰੀਆਂ, ਲੀਡਰਾਂ ਅਤੇ ਬਾਦਲ ਪਰਿਵਾਰ ਜਿਹੇ ਆਪਣੇ ਸਹਿਯੋਗੀਆਂ ਦੀ ਹਾਜ਼ਰੀ ਵਿੱਚ ਕਰਕੇ ਆਪਣੀ ਅਤੇ ਸਹਿਯੋਗੀਆਂ ਦੀ ਸਿਆਸੀ ਸ਼ਾਖ਼ ਨੂੰ ਮਜ਼ਬੂਤ ਕਰਨ ਲਈ ਵਰਤੇਗੀ। ਜਨਸੰਘ ਵੇਲੇ ਤੋਂ ਬਿੱਲਾਂ ਦੀ ਹਮਾਇਤ ਤੱਕ ਇਸ ਜਮਾਤ ਦੇ ਸਹਿਯੋਗੀ ਰਹੇ ਬਾਦਲ ਪਰਿਵਾਰ ’ਤੇ ਕਾਲੀ ਦਲ ਵੱਖ ਹੋਣਾ ਸਿਆਸੀ ਮਜਬੂਰੀ ਹੈ ਉਪਰੋਕਤ ਅਨੁਸਾਰ ਹੋਈ ਕਾਰਵਾਈ ਨਹੁੰ ਮਾਸ ਜਾਂ ਪਤੀ ਪਤਨੀ ਦੇ ਰਿਸ਼ਤੇ ਦਾ ਪੁਨਰ ਮਿਲਾਪ ਕਰਵਾ ਦੇਵੇਗੀ। ਹੁਣ ਤੱਕ ਦੇ ਕਿਸਾਨ ਅੰਦੋਲਨ ਨੂੰ ਵੇਖਦੇ ਹੋਏ ਪੰਥਕ ਧਿਰਾਂ ਨੂੰ ਵੱਖਰੇ ਮੰਚ ਤੋਂ ਆਪਣੇ ਏਜੰਡੇ ਅਨੁਸਾਰ ਪ੍ਰੋਗਰਾਮ ਦੇਣਾ ਚਾਹੀਦਾ ਹੈ। ਇਕ ਦੂਜੇ ਨੂੰ ਕੋਸਦੇ ਹੋਏ ਕਲਪੀ ਜਾਣ ਦੀ ਬਜਾਏ ਮੁਸੀਬਤਾਂ ਚੁਣੌਤੀਆਂ ਨੂੰ ਹੱਲ ਕਰਨ ਲਈ ਸੁਹਿਰਦ ਯਤਨ ਕਰਨੇ ਚਾਹੀਦੇ ਹਨ। ਕਿਸਾਨ ਆਗੂਆਂ ਨੂੰ ਵੀ ਸਮਝਣਾ ਚਾਹੀਦਾ ਹੈ ਕਿ ਹੁਣ ਤੱਕ ਰਵਾਇਤੀ ਕਾਲੀਆਂ ਵਾਂਗ ਮੋਰਚੇ ਲਾ ਕੇ ਸਮਝੌਤੇ ਨਾਂ ਕੀਤੇ ਹੁੰਦੇ ਤਾਂ ਇਹ ਨੌਬਤ ਨਾਂ ਆਉਂਦੀ ਅਤੇ ਹੁਣ ਜਿਨਾਂ ਨੇ ਦਿੱਲੀ ਲਿਆ ਕੇ ਲੋਕ ਅੰਦੋਲਨ ਬਣਾਇਆ ਹੈ ਸਿਆਸੀ ਉਰਸਗੁੱਲਿਆਂ’ ਦੀ ਝਾਕ ਵਿੱਚ ਕਾਲੀਆਂ ਵਾਂਗ ਉਨਾਂ ਨੂੰ ਗ਼ੱਦਾਰ ਗਰਦਾਨ ਕੇ ਹਕੂਮਤ ਦਾ ਪੱਖ ਨਾਂ ਪੂਰਨ। ਮੁੱਖ ਮੰਤਰੀ ਪੰਜਾਬ ਤੋਂ ਅਸਤੀਫ਼ਾ ਮੰਗਣਾ ਇਨਾਂ ਹਲਾਤਾਂ ਵਿੱਚ ਕੇਂਦਰ ਸਰਕਾਰ ਨੂੰ ਮਜ਼ਬੂਤ ਕਰਨ ਤੁੱਲ ਹੈ। ਗੈਰ ਭਾਜਪਾ ਸੂਬਾ ਸਰਕਾਰਾਂ ਸਮੇਂ ਦੀ ਮਜਬੂਰੀ ਹੈ, ਉਨਾਂ ਦੀ ਕਾਰਗੁਜ਼ਾਰੀ ਇਕ ਅਲੱਗ ਵਿਸ਼ਾ ਹੈ। ਆਪ ’ਤੇ ਆਪਣਿਆਂ ਨੂੰ ਸੁਰੱਖਿਅਤ ਕਰਕੇ ਬਿਗਾਨਿਆਂ ਨੂੰ ਬਲਦੀ ਦੇ ਬੂਥੇ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਫੋਕੀਆਂ ਫੜਾਂ ਮਾਰਕੇ ਲੀਡਰੀ ਚਮਕਾਉਣੀ ਕੋਈ ਸਿਆਣਪ ਨਹੀਂ ਹੈ। ਗ਼ਲਤ ’ਤੇ ਅਧੂਰੀ ਜਾਣਕਾਰੀ ਅਗਿਆਨਤਾ ਤੋਂ ਵੀ ਖ਼ਤਰਨਾਕ ਹੈ, ਉਸਦੇ ਅਧਾਰ ’ਤੇ ਫ਼ੈਸਲੇ ਦੇਣ ਦੀ ਬਜਾਏ ਸਮਝਣ ’ਤੇ ਸੱਚ ਜਾਣਨ ਦੀ ਕੋਸ਼ਿਸ਼ ਕਰੋ।

# ਫ਼ਸਲਾਂ ਨੂੰ ਅੱਗ ਲਾਉਣ ਦੀ ਬਜਾਏ ਮਜ਼ਦੂਰਾਂ ਨੂੰ ਕਹੋ, ਆਓ ! ਫ਼ਸਲਾਂ ਪਾਲੋ ਅਤੇ ਭੁੱਖਿਆਂ ਦਾ ਢਿੱਡ ਭਰੋ - ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ. ਕੇ. ਰਜਿ.

**ਇੰਗਲੈਂਡ/ਏ.ਟੀ.ਨਿਊਜ਼:** ਕਿਸਾਨ ਅੰਦੋਲਨ ਦੇ ਚੱਲਦਿਆਂ ਬਰਨਾਲਾ ਵਿਖੇ ਦੇਸ਼ ਵਿਦੇਸ਼ ਤੋਂ ਪੁੱਜੇ ਲੱਖਾਂ ਦਾ ਬੇਮਿਸਾਲ ਇਕੱਠ ਹੋਇਆ ਹੈ। ਡਬਲਯੂ. ਟੀ. ਓ. ਦੀ ਬੇਸ਼ੱਕ ਸੰਧੀ ਵੀ ਹੋਵੇ ਪਰ ਲੋਕਤੰਤ੍ਰਿਕ ਭਾਵਨਾਵਾਂ ਦੀ ਕਦਰ ਕਰਦਿਆਂ ਅਜੇਹਿਆਂ ਸੰਧੀਆਂ ਰੱਦ ਵੀ ਕੀਤੀਆਂ ਜਾ ਸਕਦੀਆਂ ਹਨ। ਇੰਗਲੈਂਡ ਸਰਕਾਰ ਨੇ ਰਿਫਰੈਂਡਮ ਵਿੱਚ ਸਵਾ ਕੁ ਪ੍ਰਤੀਸ਼ਤ ਦੇ ਬਹੁਮਤ ਦੇ ਫ਼ੈਸਲੇ ਨੂੰ ਮੰਨਦਿਆਂ ਯੂਰਪੀਅਨ ਯੂਨੀਅਨ ਨੂੰ ਛੱਡ ਦਿੱਤਾ। ਅਮਰੀਕਾ ਦੇ ਨਾਲ ਵਪਾਰਕ ਸੰਧੀਆਂ ਵਿੱਚ ਨੈਸ਼ਨਲ ਹੈਲਥ ਸਰਵਿਸ ਆਦਿਕ ਦੇ ਕਈ ਮਾਮਲੇ ਸਾਹਮਣੇ ਆਉਂਦੇ ਹਨ ਪਰ ਲੋਕਤੰਤਰ ਦੀ ਸਹੀ ਅਰਥਾਂ ਵਿੱਚ ਪਾਲਣਾ ਕਰਨ ਨਾਲ ਹੀ ਇਹ ਜੀਵਤ ਰਹਿ ਸਕਦਾ ਹੈ, ਨਹੀਂ ਤਾਂ ਤਾਨਾਸ਼ਾਹੀ ਹਾਵੀ ਹੋ ਜਾਂਦੀ ਹੈ। ਇਸ ਇਕੱਠ ਵਿੱਚ ਅਤੇ ਇਸ ਤੋਂ ਪਹਿਲਾਂ ਵੀ ਕਿਸਾਨ ਆਗੂਆਂ ਵੱਲੋਂ ਖੜੀ ਫ਼ਸਲ ਨੂੰ ਅੱਗ ਲਾਉਣ ਦੇ ਕੀਤੇ ਗਏ ਐਲਾਨ ਬਾਰੇ ਅਸੀਂ ਸਭ ਨੂੰ ਬੇਨਤੀ ਕਰਨਾ ਚਾਹੁੰਦੇ ਹਾਂ ਕਿ ਅਜਿਹਾ ਸੋਚਿਆ ਵੀ ਨਾ ਜਾਵੇ। ਕਿਸਾਨ ਲਈ ਫ਼ਸਲਾਂ ਔਲਾਦ ਦੀ ਤਰਾਂ ਹੁੰਦੀਆਂ ਹਨ ਜੇ ਕ੍ਰਾਂਤੀਕਾਰੀ ਐਲਾਨ ਕਰਨਾ ਹੀ ਹੈ ਤਾਂ ਮਜ਼ਦੂਰਾਂ ਨੂੰ ਕਹੋ, ਆਓ ! ਫ਼ਸਲਾਂ ਪਾਲੋ ਅਤੇ ਭੁੱਖਿਆਂ ਦਾ ਢਿੱਡ ਭਰੋ। ਇਸ ਨਾਲ ਨਾ ਸਿਰਫ਼ ਮਜ਼ਦੂਰ ਕਿਸਾਨ ਏਕਤਾ ਮਜ਼ਬੂਤ ਹੋਵੇਗੀ ਸਗੋਂ ਵਿਸ਼ਵ ਵਿਆਪੀ ਹਮਦਰਦੀ ਅਤੇ ਸਮਰਥਨ ਮਿਲੇਗਾ। ਕੁੱਝ ਸਮਾਂ ਪਹਿਲਾਂ ਡੇਅਰੀ ਫਾਰਮ ਮਾਲਕਾਂ ਵੱਲੋਂ ਰੋਸ ਵਜੋਂ ਸੜਕਾਂ ’ਤੇ ਦੁੱਧ ਡੋਲਣ ਸਮੇਂ ਵੀ ਦਾਸਾਂ ਨੇ ਇਹੋ ਬੇਨਤੀ ਕੀਤੀ ਸੀ। ਪ੍ਰਧਾਨ ਸੂਬਾ ਸਿੰਘ ਲਿੱਤਰਾਂ, ਸਕੱਤਰ ਜਨਰਲ ਸਰਬਜੀਤ ਸਿੰਘ, ਮੀਤ ਪ੍ਰਧਾਨ ਪਰਮਜੀਤ ਸਿੰਘ ਸਿੱਧੂ, ਚੀਫ ਆਰਗੇਨਾਈਜ਼ਰ ਭੁਪਿੰਦਰ ਸਿੰਘ ਜੌਹਲ, ਯੂਥ ਵਿੰਗ ਪ੍ਰਧਾਨ ਸਤਿੰਦਰ ਸਿੰਘ ਮੰਗੂਵਾਲ, ਸੀ: ਮੀ: ਪ੍ਰਧਾਨ ਅਵਤਾਰ ਸਿੰਘ ਖੰਡਾ ਸਮੇਤ ਸਮੁੱਚੀ ਪਾਰਟੀ ਵੱਲੋਂ ਬਿਆਨ ਜਾਰੀ ਕਰਦੇ ਹੋਏ ਮੀਡੀਆ ਸਕੱਤਰ ਜਗਤਾਰ ਸਿੰਘ ਵਿਰਕ ਨੇ ਕਿਹਾ ਕਿ ਇਸ ਤੋਂ ਪਹਿਲਾਂ ਇਕ ਕਿਸਾਨ ਆਗੂ ਨੇ ਮੁੱਖ ਮੰਤਰੀ ਪੰਜਾਬ ਤੋਂ ਅਸਤੀਫ਼ਾ ਦਿਵਾਉਣ ਦੀ ਗੱਲ ਵੀ ਕਈ ਪਰ ਅਫ਼ਸੋਸ ਕਿ ਇਸ ਸਮੇਂ ਗੈਰ ਬੀ. ਜੇ. ਪੀ. ਸੂਬਾ ਸਰਕਾਰਾਂ ਸਮੇਂ ਦੀ ਮਜਬੂਰੀ ਹੈ। ਕੇਂਦਰ ਸਰਕਾਰ ਤਾਂ ਗਵਰਨਰੀ ਰਾਜ ਲਾਗੂ ਕਰਵਾ ਕੇ ਈ. ਵੀ. ਐਮ. ਦੀ ਕ੍ਰਿਪਾ ਨਾਲ ਚੋਣਾਂ ਕਰਵਾਉਣ ਦੇ ਮੌਕੇ ਦਾ ਸਵਾਗਤ ਕਰੇਗੀ, ਕਿਸੇ ਨੂੰ ਵੀ ਇਸ ਵਿੱਚ ਸਹਾਈ ਨਹੀਂ ਬਣਨਾ ਚਾਹੀਦਾ। ਹੋਂਦ ਦਾ ਸਵਾਲ ਬਣ ਚੁੱਕੀ ਸਥਿਤੀ ਵਿੱਚ ਕਿਸਾਨ ਅੰਦੋਲਨ ਤੋਂ ਜਨ ਅੰਦੋਲਨ ਦਾ ਰੂਪ ਧਾਰਨ ਕਰ ਚੁੱਕੇ ਇਸ ਬੇਮਿਸਾਲ ਸੰਘਰਸ਼ ਵਿੱਚ ਹਕੂਮਤ ਹਰ ਹੀਲਾ ਹਰਬਾ ਵਰਤ ਕੇ ਫ਼ੇਲ ਕਰਨ ਵਿੱਚ ਅਸਫਲ ਰਹੀ ਹੈ। ਸਭ ਨੂੰ ਬੇਨਤੀ ਹੈ ਕਿ ਵਿਰੋਧੀ ਬਿਆਨਬਾਜ਼ੀ ਬੰਦ ਕਰਕੇ ਹੁਣ ਤੱਕ ਉਸ ਕਾਰਨ ਪੈਦਾ ਹੋਏ ਵਖਰੇਵਿਆਂ ਨੂੰ ਪੂਰਿਆ ਜਾਵੇ, ਸਭ ਦਾ ਮਾਣ ਸਤਿਕਾਰ ਕਰਦੇ ਹੋਏ ਸਹਿਯੋਗ ਦਾ ਅਦਾਨ ਪ੍ਰਦਾਨ ਕਰਦੇ ਹੋਏ ਫ਼ਤਿਹ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇ।


When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਓਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਣਨ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

## ਮਾਮਲਾ ਸਿੰਘੂ ਬਾਰਡਰ ’ਤੇ ਬਜ਼ੁਰਗ ਕਿਸਾਨ ਦੀ ਮੌਤ ਦਾ

# ਹਸਪਤਾਲ ’ਚ ਲਾਸ਼ ਨੂੰ ਚੂਹਿਆਂ ਨੇ ਕੁਤਰਿਆ : ਹੋਇਆ ਹੰਗਾਮਾ

**ਨਵੀਂ ਦਿੱਲੀ/ਏ.ਟੀ.ਨਿਊਜ਼:** ਖੇਤੀ ਕਾਨੂੰਨਾਂ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਕੁੰਡਲੀ ਸਥਿਤ ਧਰਨਾ ਸਥਾਨ ’ਤੇ ਇਕ ਹੋਰ ਬਜ਼ੁਰਗ ਕਿਸਾਨ ਦੀ ਭੇਤਭਰੀ ਹਾਲਤ ’ਚ ਮੌਤ ਹੋ ਗਈ। ਉਸ ਦੀ ਲਾਸ਼ ਨਾਗਰਿਕ ਹਸਪਤਾਲ ਦੇ ਮੁਰਦਾ ਘਰ ’ਚ ਰੱਖੀ। ਰਾਤ ਸਮੇਂ ਲਾਸ਼ ਨੂੰ ਚੂਹਿਆਂ ਨੇ ਕੁਤਰ ਦਿੱਤਾ। ਸਵੇਰੇ ਜਦੋਂ ਪਰਿਵਾਰਕ ਮੈਂਬਰ ਤੇ ਪਿੰਡ ਦੇ ਲੋਕ ਹਸਪਤਾਲ ’ਚ ਪਹੁੰਚੇ ਤਾਂ ਲਾਸ਼ ਦੀ ਬੇਕਦਰੀ ਦੇਖ ਕੇ ਹੰਗਾਮਾ ਕਰ ਦਿੱਤਾ। ਉਨਾਂ ਨੇ ਲਾਪ੍ਰਵਾਹੀ ਦਾ ਦੋਸ਼ ਲਗਾਉਂਦੇ ਹੋਏ ਸਬੰਧਤ ਕਰਮਚਾਰੀਆਂ ’ਤੇ ਕਾਰਵਾਈ ਦੀ ਮੰਗ ਕੀਤੀ।

ਮਾਮਲੇ ਦੀ ਜਾਣਕਾਰੀ ਮਿਲਦੇ ਹੀ ਸਿਵਿਲ ਸਰਜਨ ਤੇ ਮੁੱਖ ਸਿਹਤ ਅਧਿਕਾਰੀਆਂ ਸਮੇਤ ਹੋਰ ਅਧਿਕਾਰੀਆਂ ਨੇ ਮੌਕੇ ’ਤੇ ਪਹੁੰਚ ਕੇ ਜਾਂਚ ਦਾ ਵਿਸ਼ਵਾਸ ਦੇ ਕੇ ਲੋਕਾਂ ਨੂੰ ਸ਼ਾਂਤ ਕਰਵਾਇਆ। ਇਸ ਤੋਂ ਬਾਅਦ ਲਾਸ਼ ਦਾ ਪੋਸਟਮਾਰਟਮ ਕਰ ਕੇ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ। ਪਿੰਡ ਬੈਂਆਪੁਰ ਦੇ ਰਹਿਣ ਵਾਲੇ 70 ਸਾਲ ਦੇ ਰਾਜੇਂਦਰ ਸਰੋਹਾ ਚਾਰ ਦਿਨ ਤੋਂ ਕੁੰਡਲੀ ਧਰਨਾ ਸਥਾਨ ’ਤੇ ਮੌਜੂਦ ਸਨ। ਇਸ ਤੋਂ ਪਹਿਲਾਂ ਵੀ ਉਹ ਧਰਨਾ ਸਥਾਨ ’ਤੇ ਆਉਂਦੇ-ਜਾਂਦੇ ਰਹਿੰਦੇ ਸਨ। ਹੁਣ ਲਗਾਤਾਰ ਚਾਰ ਦਿਨ ਤੋਂ ਪਿੰਡ ਰਸੋਈ ਦੇ ਕੋਲ ਧਰਨਾ ਵਾਲੀ ਥਾਂ ’ਤੇ ਮੌਜੂਦ ਸਨ। ਉੱਥੇ ਬੀਤੇ ਦਿਨੀਂ ਦੇਰ ਰਾਤ ਅਚਾਨਕ ਉਨਾਂ ਦੀ ਹਾਲਤ ਵਿਗੜ ਗਈ। ਇਸ ਦੌਰਾਨ ਉਨਾਂ ਨੂੰ ਜ਼ਿਲਾ ਨਾਗਰਿਕ ਹਸਪਤਾਲ ’ਚ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਜਾਂਚ ਤੋਂ ਬਾਅਦ ਉਨਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਇਸ ਤੋਂ ਬਾਅਦ ਲਾਸ਼ ਨੂੰ ਮੁਰਦਾਘਰ ’ਚ ਫਰੀਜ਼ਰ ਵਿਚਰੱਖ ਦਿੱਤਾ ਗਿਆ। ਪਰਿਵਾਰਕ ਮੈਂਬਰ ਤੇ ਪਿੰਡ ਦੇ ਲੋਕ ਬੀਤੇ ਵੀਰਵਾਰ ਸਵੇਰੇ ਜਦੋਂ ਹਸਪਤਾਲ ’ਚ ਪਹੁੰਚੇ ਤਾਂ ਉਨਾਂ ਨੂੰ ਪਤਾ ਲੱਗਾ ਕਿ ਰਾਜੇਂਦਰ ਦੀ ਲਾਸ਼ ਨੂੰ ਅੱਖਾਂ ਤੇ ਪੈਰਾਂ ਨੂੰ ਚੂਹਿਆਂ ਨੇ ਕੁਤਰ ਦਿੱਤਾ। ਇਸ ਕਾਰਨ ਖ਼ੂਨ ਨਿਕਲ ਰਿਹਾ ਹੈ, ਇਸ ਨੂੰ ਦੇਖ ਕੇ ਉਨਾਂ ਨੇ ਹੰਗਾਮਾ ਸ਼ੁਰੂ ਕਰ ਦਿੱਤਾ।

ਰਾਜੇਂਦਰ ਦੇ ਬੇਟੇ ਪ੍ਰਦੀਪ ਨੇ ਦੱਸਿਆ ਕਿ ਰਾਤ ਲਾਸ਼ ’ਤੇ ਕੋਈ ਨਿਸ਼ਾਨ ਨਹੀਂ ਸੀ ਪਰ ਸਵੇਰੇ ਖ਼ੂਨ ਨਿਕਲ ਰਿਹਾ ਸੀ। ਇਹ ਸਰਾਸਰ ਹਸਪਤਾਲ ਦੇ ਕਰਮਚਾਰੀਆਂ ਦੀ ਲਾਪ੍ਰਵਾਹੀ ਹੈ। ਹੰਗਾਮੇ ਦੌਰਾਨ ਮੁਰਦਾਘਰ ’ਚ ਪਹੁੰਚੇ ਸਿਵਲ ਸਰਜਨ ਡਾ. ਜਸਵੰਤ ਪੂਨੀਆ ਤੇ ਪ੍ਰਧਾਨ ਸਿਹਤ ਅਧਿਕਾਰੀ ਡਾ. ਜੈਭਗਵਾਨ ਜਾਟਾਨ ਨੇ ਉਨਾਂ ਨੂੰ ਜਾਂਚ ਕਰਵਾ ਕੇ ਕਾਰਵਾਈ ਕਰਨ ਦਾ ਵਿਸ਼ਵਾਸ ਦਿੱਤਾ। ਇਸ ਤੋਂ ਬਾਅਦ ਪਰਿਵਾਰਕ ਮੈਂਬਰ ਤੇ ਪਿੰਡ ਦੇ ਲੋਕ ਸ਼ਾਂਤ ਹੋਏ ਤੇ ਲਾਸ਼ ਨੂੰ ਪੋਸਟਮਾਰਟਮ ਤੋਂ ਬਾਅਦ ਸਸਕਾਰ ਲਈ ਲੈ ਗਏ।

**ਤਿੰਨ ਮੈਂਬਰੀ ਕਮੇਟੀ ਕਰੇਗੀ ਜਾਂਚ**

ਹਸਪਤਾਲ ਪ੍ਰਬੰਧਨ ਨੇ ਤਿੰਨ ਡਾਕਟਰੀ ਟੀਮਾਂ ਤੋਂ ਲਾਸ਼ ਦਾ ਪੋਸਟਮਾਰਟਮ ਕਰਵਾਇਆ ਹੈ। ਇਸ ਤੋਂ ਬਾਅਦ ਲਾਸ਼ ਨੂੰ ਚੂਹਿਆਂ ਨਾਲ ਕੁਤਰਨ ਦੇ ਮਾਮਲੇ ਦੀ ਜਾਂਚ ਕਰਨ ਲਈ ਤਿੰਨ ਮੈਂਬਰੀ ਕਮੇਟੀ ਗਠਿਤ ਕਰ ਦਿੱਤੀ ਗਈ ਹੈ।

# ਭਾਰਤ ਦੇ ਸਾਬਕਾ ਚੀਫ਼ ਜਸਟਿਸ ਰੰਜਨ ਗੋਗੋਈ ਵਿਰੁੱਧ ਬੰਦ ਹੋਇਆ ਜਿਨਸੀ ਸ਼ੋਸ਼ਣ ਦਾ ਮਾਮਲਾ

**ਨਵੀਂ ਦਿੱਲੀ/ਏ.ਟੀ.ਨਿਊਜ਼:** ਸੁਪਰੀਮ ਕੋਰਟ ਨੇ ਦੇਸ਼ ਦੇ ਸਾਬਕਾ ਚੀਫ਼ ਜਸਟਿਸ ਰੰਜਨ ਗੋਗੋਈ ਵਿਰੁੱਧ ਜਿਨਸੀ ਸ਼ੋਸ਼ਣ ਦਾ ਮਾਮਲਾ ਬੰਦ ਕਰ ਦਿੱਤਾ। ਸੁਪਰੀਮ ਕੋਰਟ ਨੇ ਰੰਜਨ ਗੋਗੋਈ ਵਿਰੁੱਧ ਲੱਗੇ ਜਿਨਸੀ ਸ਼ੋਸ਼ਣ ਵਿਰੁੱਧ ਖ਼ੁਦ ਹੀ ਕਾਰਵਾਈ ਕਰਦਿਆਂ ਜਾਂਚ ਸ਼ੁਰੂ ਕੀਤੀ ਸੀ, ਜਿਸ ਨੂੰ ‘ਨਿਆਂਪਾਲਿਕਾ ਵਿਰੁੱਧ ਸਾਜ਼ਿਸ਼’ ਦੱਸਦਿਆਂ ਬੰਦ ਕਰ ਦਿੱਤਾ ਹੈ। ਦੱਸ ਦੇਈਏ ਕਿ ਇੱਕ ਔਰਤ ਨੇ ਸਾਲ 2019 ’ਚ ਸੁਪਰੀਮ ਕੋਰਟ ਦੇ ਸਾਬਕਾ ਚੀਫ਼ ਜਸਟਿਸ ਵਿਰੁੱਧ ਜਿਨਸੀ ਸ਼ੋਸ਼ਣ ਦਾ ਦੋਸ਼ ਲਾਇਆ ਸੀ। ਇਸ ਮਾਮਲੇ ’ਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਦੋਸ਼ ਬਹੁਤ ਗੰਭੀਰ ਹੈ, ਜੇ ਅਸੀਂ ਆਪਣੀਆਂ ਅੱਖਾਂ ਮੀਟ ਲਈਆਂ ਤਾਂ ਦੇਸ਼ ਦਾ ਭਰੋਸਾ ਖ਼ਤਮ ਹੋ ਜਾਵੇਗਾ, ਤਦ ਹੀ ਇਸ ਮਾਮਲੇ ਦੀ ਖ਼ੁਦ ਹੀ ਜਾਂਚ ਅਰੰਭ ਕੀਤੀ ਸੀ।

ਇਸ ਮਾਮਲੇ ਵਿਚ ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਏ.ਕੇ. ਪਟਨਾਇਕ ਵੱਲੋਂ ਕੀਤੀ ਜਾਂਚ ਬੇਨਤੀਜਾ ਰਹੀ। ਇਸ ਤੋਂ ਬਾਅਦ ਗੋਗੋਈ ਵਿਰੁੱਧ ਜਿਨਸੀ ਸ਼ੋਸ਼ਣ ਦੇ ਮਾਮਲੇ ਨੂੰ ‘ਨਿਆਂਪਾਲਿਕਾ ਵਿਰੁੱਧ ਸਾਜ਼ਿਸ਼’ ਦੱਸਦਿਆਂ ਬੰਦ ਕਰ ਦਿੱਤਾ ਗਿਆ ਹੈ।

# ਸਾਧ ਰਾਮਦੇਵ ਵਿਵਾਦਾਂ ਵਿਚ ਫਸਿਆ

## ਪਤੰਜਲੀ ਵੱਲੋਂ ਲਾਂਚ ‘ਕੋਰੋਨਿਲ’ ਨਹੀਂ ਹੈ ਵਿਸ਼ਵ ਸਿਹਤ ਸੰਗਠਨ ਤੋਂ ਸਰਟੀਫਾਈਡ, ਆਈਐਮਏ ਨੇ ਸਿਹਤ ਮੰਤਰੀ ਤੋਂ ਮੰਗਿਆ ਸਪੱਸ਼ਟੀਕਰਨ



**ਨਵੀਂ ਦਿੱਲੀ/ਏ.ਟੀ.ਨਿਊਜ਼:** ਟੈਬਲੇਟ ਨੂੰ ਵਿਸ਼ਵ ਸਿਹਤ ਸੰਗਠਨ ਤੋਂ ਪ੍ਰਮਾਣ ਪੱਤਰ ਮਿਲਣ ਦੀ ਗੱਲ ਨੂੰ ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਸੋਮਵਾਰ ਨੂੰ ਸਰਾਸਰ ਝੂਠ ਕਰਾਰ ਦਿੰਦੇ ਹੋਏ ਕਿ ਹੈਰਾਨੀ ਪ੍ਰਗਟ ਕੀਤੀ ਅਤੇ ਕੇਂਦਰੀ ਸਿਹਤ ਮੰਤਰੀ ਹਰਸ਼ ਵਰਧਨ ਤੋਂ ਇਸ ਬਾਬਤ ਸਪੱਸ਼ਟੀਕਰਨ ਦੀ ਮੰਗ ਕੀਤੀ ਹੈ।

ਪਤੰਜਲੀ ਦਾ ਦਾਅਵਾ ਹੈ ਕਿ ਕੋਰੋਨਿਲ ਦਵਾਈ ਕੋਵਿਡ-19 ਨੂੰ ਠੀਕ ਕਰ ਸਕਦੀ ਹੈ ਅਤੇ ਸਬੂਤਾਂ ਦੇ ਆਧਾਰ ’ਤੇ ਇਸ ਦੀ ਪੁਸ਼ਟੀ ਕੀਤੀ ਗਈ ਹੈ। ਡਬਲਯੂ.ਐਚ.ਓ. ਨੇ ਸਪੱਸ਼ਟ ਕੀਤਾ ਹੈ ਕਿ ਉਸ ਨੇ ਕਿਸੇ ਵੀ ਰਵਾਇਤੀ ਦਵਾਈ ਨੂੰ ਕੋਵਿਡ-19 ਦੇ ਇਲਾਜ ਦੇ ਤੌਰ ’ਤੇ ਪ੍ਰਮਾਣਿਤ ਨਹੀਂ ਕੀਤਾ ਹੈ। ਯੋਗ ਗੁਰੂ ਰਾਮਦੇਵ ਤੇ ਪਤੰਜਲੀ ਆਯੁਰਵੈਦ ਨੇ 19 ਫਰਵਰੀ ਨੂੰ ਕਿਹਾ ਸੀ ਕਿ ਡਬਲਯੂ.ਐਚ.ਓ. ਦੀ ਸਰਟੀਫਿਕੇਸ਼ਨ ਯੋਜਨਾ ਤਹਿਤ ਕੋਰੋਨਿਲ ਟੈਬਲੇਟ ਨੂੰ ਆਯੂਸ਼ ਮੰਤਰਾਲਾ ਵੱਲੋਂ ਕੋਵਿਡ-19 ਦੇ ਇਲਾਜ ਵਿਚ ਸਹਾਇਕ ਦਵਾਈ ਦੇ ਤੌਰ ’ਤੇ ਪ੍ਰਮਾਣ ਪੱਤਰ ਮਿਲਿਆ ਹੈ। ਹਾਲਾਂਕਿ ਪਤੰਜਲੀ ਦੇ ਪ੍ਰਬੰਧ ਨਿਰਦੇਸ਼ਕ ਆਚਾਰਿਆ ਬਾਲਕ੍ਰਿਸ਼ਨ ਨੇ ਬਾਅਦ ਵਿਚ ਟਵੀਟ ਕਰਕੇ ਸਫ਼ਾਈ ਦਿੱਤੀ ਸੀ ਅਤੇ ਕਿਹਾ ਸੀ, ‘ਅਸੀਂ ਇਹ ਸਾਫ਼ ਕਰ ਦੇਣਾ ਚਾਹੁੰਦੇ ਹਾਂ ਕਿ ਕੋਰੋਨਿਲ ਲਈ ਸਾਡਾ ਡਬਲਯੂ.ਐਚ.ਓ. ਜੀ.ਐਮ.ਜੀ. ਅਨੁਪਾਲਨ ਵਾਲਾ ਸੀ.ਓ.ਪੀ.ਪੀ. ਪ੍ਰਮਾਣ ਪੱਤਰ ਡੀ.ਜੀ.ਸੀ.ਆਈ., ਭਾਰਤ ਸਰਕਾਰ ਵੱਲੋਂ ਜਾਰੀ ਕੀਤਾ ਗਿਆ। ਇਹ ਸਪੱਸ਼ਟ ਹੈ ਕਿ ਡਬਲਯੂ.ਐਚ.ਓ. ਕਿਸੇ ਦਵਾਈ ਨੂੰ ਮਨਜ਼ੂਰੀ ਨਹੀਂ ਦਿੰਦਾ। ਡਬਲਯੂ.ਐਚ.ਓ. ਵਿਸ਼ਵ ਵਿਚ ਸਾਰਿਆਂ ਲਈ ਬਿਹਤਰ ਭਵਿੱਖ ਬਣਾਉਣ ਲਈ ਕੰਮ ਕਰਦਾ ਹੈ।’

ਬੀਤੇ ਸੋਮਵਾਰ ਨੂੰ ਆਈ.ਐਮ.ਏ. ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ, ‘ਦੇਸ਼ ਦਾ ਸਿਹਤ ਮੰਤਰੀ ਹੋਣ ਦੇ ਨਾਤੇ, ਪੂਰੇ ਦੇਸ਼ ਦੇ ਲੋਕਾਂ ਲਈ ਝੂਠ ’ਤੇ ਆਧਾਰਤ ਅਵਿਗਿਆਨਕ ਉਤਪਾਦ ਨੂੰ ਜਾਰੀ ਕਰਨਾ ਕਿੰਨਾ ਨਿਆਂ ਸੰਗਤ ਹੈ। ਕੀ ਤੁਸੀਂ ਇਸ ਕੋਰੋਨਾ ਰੋਕੋ ਉਤਪਾਦ ਦੇ ਤਥਾਕਥਿਤ ਕਲੀਨੀਕਲ ਟਰਾਇਲ ਦੀ ਮਿਆਦ ਦੱਸ ਸਕਦੇ ਹੋ?’ ਆਈ.ਐਮ.ਏ. ਨੇ ਕਿਹਾ, ‘ਦੇਸ਼ ਮੰਤਰੀ ਤੋਂ ਸਪੱਸ਼ਟੀਕਰਨ ਚਾਹੁੰਦਾ ਹੈ। ਇੰਡੀਅਨ ਮੈਡੀਕਲ ਐਸੋਸੀਏਸ਼ਨ, ਰਾਸ਼ਟਰੀ ਮੈਡੀਕਲ ਕਮਿਸ਼ਨ ਨੂੰ ਖ਼ੁਦ ਨੋਟਿਸ ਲੈਣ ਲਈ ਵੀ ਪੱਤਰ ਲਿਖੇਗਾ। ਇਹ ਭਾਰਤੀ ਮੈਡੀਕਲ ਪਰਿਸ਼ਦ ਦੇ ਨਿਯਮਾਂ ਦੀ ਉਲੰਘਣਾ ਹੈ।’

ਆਈ.ਐਮ.ਏ. ਨੇ ਕਿਹਾ, ‘ਡਬਲਯੂ.ਐਚ.ਓ. ਤੋਂ ਪ੍ਰਮਾਣਿਤ ਦੀ ਸਰਾਸਰ ਝੂਠੀ ਗੱਲ ’ਤੇ ਧਿਆਨ ਕਰਕੇ ਇੰਡੀਅਨ ਮੈਡੀਕਲ ਅਸੋਸੀਏਸ਼ਨ ਹੈਰਾਨ ਹੈ।’ ਜ਼ਿਕਰਯੋਗ ਹੈ ਕਿ ਹਰਿਦੁਆਰ ਸਥਿਤ ਪਤੰਜਲੀ ਆਯੂਰਵੈਦ ਨੇ ਕੋਵਿਡ-19 ਦੇ ਇਲਾਜ ਲਈ ਕੋਰੋਨਿਲ ਦੇ ਪ੍ਰਭਾਵਕਾਰੀ ਹੋਣ ਦੇ ਸਬੰਧ ਵਿਚ ਜਲਦ ਪੱਤਰ ਜਾਰੀ ਕਰਨ ਦਾ ਦਾਅਵਾ ਵੀ ਕੀਤਾ ਸੀ।



# ਪਾਕਿਸਤਾਨ ਨੇ ਭਾਰਤ ਨੂੰ ਨਿਰਪੱਖ ਅੰਤਰਰਾਸ਼ਟਰੀ ਨਿਰੀਖਕਾਂ ਨੂੰ ਕਸ਼ਮੀਰ ਆਉਣ ਦੀ ਇਜ਼ਾਜਤ ਦੇਣ ਲਈ ਕਿਹਾ

## ਸਿੱਖ ਸੰਗਤਾਂ ਨੂੰ ਰੋਕਣ ’ਤੇ ਵੀ ਦਿੱਤੀ ਨਸੀਹਤ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਕਸ਼ਮੀਰ ਵਿੱਚ ਧਾਰਾ 370 ਹਟਾਉਣ ਤੋਂ ਬਾਅਦ ਜ਼ਮੀਨੀ ਹਾਲਾਤਾਂ ਦਾ ਨਿਰੀਖਣ ਕਰਨ ਲਈ ਬੁੱਧਵਾਰ ਅਤੇ ਵੀਰਵਾਰ ਦੇ ਦਿਨ ਇੱਕ ਵਫਦ ਭਾਰਤ ਪਹੁੰਚਿਆ ਸੀ, ਜਿਸ ਵਿੱਚ ਸੰਯੁਕਤ ਰਾਸਟਰ ਦੇ ਨਿਰੀਖਕ, ਯੂਰਪੀਅਨ ਯੂਨੀਅਨ ਦੇ ਰਾਜਾਂ ਅਤੇ ਆਰਗਨਾਈਜੇਸ਼ਨ ਆਫ ਇਸਲਾਮਿਕ ਕੋਆਪਰੇਸ਼ਨ (®93) ਦੇ ਮੈਂਬਰ ਸ਼ਾਮਲ ਸਨ।

ਸਰਕਾਰ ਵੱਲੋਂ ਅੰਤਰਰਾਸ਼ਟਰੀ ਪੱਧਰ ’ਤੇ ਧਾਰਾ 370 ਹਟਾਉਣ ਦਾ ਫੈਸਲਾ ਲੋਕਤਾਂਤਰਿਕ ਤਰੀਕੇ ਨਾਲ ਚੁਣੇ ਗਏ ਸਥਾਨਕ ਰਾਜਨੀਤਕ ਤੱਤਾਂ ਨੂੰ ਵਧੇਰੇ ਸ਼ਕਤੀਸ਼ਾਲੀ ਕਰਨ ਦੇ ਮਨੋਰਥ ਵਜੋਂ ਪੇਸ਼ ਕੀਤਾ ਗਿਆ।

ਇਸ ’ਤੇ ਟਿੱਪਣੀ ਕਰਦੇ ਹੋਏ ਪਾਕਿਸਤਾਨ ਦੇ ਵਿਦੇਸ਼ੀ ਬੁਲਾਰੇ ਵਜੋਂ ਜਹਿਦ ਹਾਫਿਜ਼ ਚੌਧਰੀ ਨੇ ਕਿਹਾ ਕਿ ਭਾਰਤ ਨੂੰ ਅਸਲ ਸੱਚਾਈ ਦੁਨੀਆਂ ਸਾਹਮਣੇ ਲਿਆਉਣ ਲਈ ਅੰਤਰਰਾਸ਼ਟਰੀ ਪੱਧਰ ’ਤੇ ਆਪਣੀ ਸਫਾਈ ਦੇਣ ਲਈ ਅਜਿਹੇ ਅੰਤਰਰਾਸ਼ਟਰੀ ਨਿਰੀਖਕਾਂ ਨੂੰ ਆਉਣ ਦੀ ਇਜ਼ਾਜਤ ਦੇਣੀ ਚਾਹੀਦੀ ਹੈ, ਜੋ ਨਿਰਪੱਖ ਹੋਣ।

ਉਨਾਂ ਨੇ ਇਸ ਵਿਸੇ ਤੇ ਅੱਗੇ ਬੋਲਦਿਆਂ ਕਿਹਾ ਕਿ ਸੰਯੁਕਤ ਰਾਸ਼ਟਰ ਸੰਘ ਦੇ ਨਿਰੀਖਕ, ਮਨੁੱਖੀ ਅਧਿਕਾਰਾਂ ਦੇ ਹਾਈ ਕਮਿਸ਼ਨਰ ਦਾ ਦਫਤਰੀ ਅਮਲਾ, ਦਾ ਆਜ਼ਾਦ ਸਥਾਈ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਅੰਤਰਰਾਸ਼ਟਰੀ ਮੀਡੀਆ ਨੂੰ ਕਸ਼ਮੀਰ ਦੇ ਸਥਾਨਕ ਲੋਕਾਂ ਨਾਲ ਖੁੱਲੀ ਗੱਲਬਾਤ ਕਰਨ ਅਤੇ ਉਨਾਂ ਵਿੱਚ ਵਿਚਰਨ ਦੀ ਇਜ਼ਾਜਤ ਦੇਣੀ ਚਾਹੀਦੀ ਹੈ। ਭਾਰਤ ਸਰਕਾਰ ਨੇ ਭਾਰਤ ਦੀ ਏਕਤਾ ਅਤੇ ਅਖੰਡਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਪਾਕਿਸਤਾਨ ਨੂੰ ਭਾਰਤ ਦੇ ਅੰਦਰੂਨੀ ਮਾਮਲਿਆਂ ’ਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਹੈ, ਕਿਉਂਕਿ ਕਸ਼ਮੀਰ ਭਾਰਤ ਰਾਸ਼ਟਰ ਦਾ ਅਨਿੱਖੜਵਾਂ ਅੰਗ ਹੈ। ਸਿੱਖ ਜਥਿਆਂ ਦੀ ਪਾਕਿਸਤਾਨ ਵਿੱਚ ਦਰਸ਼ਨਾਂ ਦੀ ਇਜ਼ਾਜਤ ਨਾ ਦੇਣ ਦੇ ਭਾਰਤ ਦੇ ਕਦਮ ਤੇ ਸਵਾਲ ਚੁੱਕਦਿਆਂ ਚੌਧਰੀ ਹੁਰਾਂ ਨੇ ਕਿਹਾ ਕਿ ਪਾਕਿਸਤਾਨ ਵਿੱਚ ਸਾਰੀ ਦੁਨੀਆਂ ਤੋਂ ਸਿੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਆਉਂਦੇ ਹਨ ਤੇ ਪਾਕਿਸਤਾਨ ਸਰਕਾਰ ਉਨਾਂ ਦੀ ਸਹੂਲਤ ਲਈ ਹਰ ਪੁਖਤਾ ਇੰਤਜਾਮ ਕਰਦੀ ਹੈ। ਭਾਰਤ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦੇ ਹੋਏ ਹਰ ਤਰਾਂ ਦੀ ਸਹੂਲਤ ਦਾ ਪ੍ਰਬੰਧ ਕਰੇ।

ਜ਼ਿਕਰਯੋਗ ਹੈ ਕਿ ਬੀਤੇ ਬੁੱਧਵਾਰ ਭਾਰਤ ਸਰਕਾਰ ਨੇ 600 ਸਿੱਖ ਸੰਗਤਾਂ ਨੂੰ ਵੀਜ਼ਾ ਦਿੱਤੇ ਜਾਣ ਦੇ ਬਾਵਜੂਦ ਨਨਕਾਣਾ ਸਾਹਿਬ ਸਾਕੇ ਦੀ ਸ਼ਤਾਬਦੀ ਮੌਕੇ ਜਾਣ ਦੀ ਇਜ਼ਾਜਤ ਨਹੀਂ ਦਿੱਤੀ ਜਿਸ ਨਾਲ ਸਿੱਖ ਸੰਗਤਾਂ ਵਿੱਚ ਭਾਰੀ ਰੋਸ ਉਪਜਿਆ ਹੈ।

# ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਮਾਂ ਬੋਲੀ ਨੂੰ ਸਮਰਪਿਤ ‘ਫੱਟੀ ਤੋਂ ਫੌਂਟ ਤੱਕ’ ਆਨਲਾਈਨ ਸਮਾਗਮ ਦਾ ਸਫ਼ਲ ਆਯੋਜਨ



**ਇਟਲੀ/ ਸਿੱਕੀ ਝੱਜੀ ਪਿੰਡ ਵਾਲਾ:** ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਮਾਂ ਬੋਲੀ ਦਿਵਸ ਨੂੰ ਸਮਰਪਿਤ ‘ਫੱਟੀ ਤੋਂ ਫੌਂਟ ਤੱਕ’ ਵਿਸ਼ੇ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ। ਜਿਸ ਵਿੱਚ ਤਕਨੀਕੀ ਮਾਹਰਾਂ ਨੇ ਵਿਸ਼ੇਸ਼ ਤੌਰ ’ਤੇ ਹਾਜ਼ਰੀ ਲਗਵਾਈ। ਜਿਨਾਂ ਵਿੱਚ ਡਾ. ਸੀ ਪੀ ਕੰਬੋਜ ਪੰਜਾਬੀ ਯੂਨੀਵਰਸਿਟੀ ਪਟਿਆਲਾ, ਜਗਤਾਰ ਸਿੰਘ ਸੋਖੀ ਸਟੇਟ ਐਵਾਰਡ ਜੇਤੂ ਅਧਿਆਪਕ, ਹਰਦੀਪ ਸਿੰਘ ਮਾਨ ਆਸਟਰੀਆ ਫੌਂਟ ਸੁਧਾਰਕ, ਜਸਵਿੰਦਰ ਪਾਲ ਸਿੰਘ ਰਾਠ ਸਮਾਜਿਕ ਤੇ ਰਾਜਨੀਤਕ ਸ਼ਖਸੀਅਤ ਜਰਮਨੀ ਦੇ ਨਾਂ ਮੁੱਖ ਹਨ। ਇਸ ਸਮਾਗਮ ਵਿੱਚ ਜਗਤਾਰ ਸਿੰਘ ਸੋਖੀ ਨੇ ਪੰਜਾਬੀ ਬੋਲੀ ਦੇ ਪਿਛੋਕੜ ਤੋਂ ਸ਼ੁਰੂ ਹੋ ਕੇ ਅੱਜ ਤੱਕ ਦੇ ਸਫਰ ਤੇ ਜਾਣਕਾਰੀ ਸਾਂਝੀ ਕੀਤੀ। ਹਰਦੀਪ ਸਿੰਘ ਮਾਨ ਨੇ ਫੌਂਟ ਦੀ ਮਹੱਹਤਾ, ਇਸ ਦੀ ਲੋੜ ਅਤੇ ਯੂਨੀਕੋਡ ਬਾਰੇ ਬੜੇ ਵਿਸਥਾਰ ਨਾਲ ਗੱਲ ਕੀਤੀ। ਡਾ. ਸੀ ਪੀ ਕੰਬੋਜ ਨੇ ਹਰਦੀਪ ਮਾਨ ਦੀ ਗੱਲ ਨੂੰ ਅੱਗੇ ਤੋਰਦਿਆਂ ਫੌਂਟ ਸਬੰਧੀ ਗੱਲਾਂ ਕਰਦਿਆਂ ਬਹੁਤ ਸਾਰੇ ਤਕਨੀਕੀ ਪਹਿਲੂਆਂ ਤੋਂ ਜਾਣੂ ਕਰਵਾਇਆ। ਜਰਮਨ ਵਾਸੀ ਕੌਂਸਲਰ ਜਸਵਿੰਦਰਪਾਲ ਸਿੰਘ ਰਾਠ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅਜੋਕੇ ਗਲੋਬਲੀ ਯੁੱਗ ਵਿੱਚ ਸਾਨੂੰ ਆਪਣੀ ਬੋਲੀ ਦੇ ਨਾਲ ਨਾਲ ਦੂਜੀਆਂ ਭਾਸ਼ਾਵਾਂ ਦਾ ਗਿਆਨ ਹੋਣਾ ਵੀ ਜ਼ਰੂਰੀ ਹੈ। ਉਨਾਂ ਪੰਜਾਬੀ ਸਮੇਤ ਡੱਚ ਅਤੇ ਫਰੈਂਚ ਭਾਸ਼ਾ ਦੀ ਵੀ ਗੱਲ ਕੀਤੀ। ਇਸ ਸਮੇਂ ਪ੍ਰੋ. ਨਵਰੂਪ ਕੌਰ ਹੰਸ ਰਾਜ ਮਹਾਂਵਿਦਿਆਲਾ ਤੇ ਪ੍ਰੋ. ਜਸਪਾਲ ਸਿੰਘ ਇਟਲੀ ਨੇ ਆਪਣੇ ਵਿਚਾਰਾਂ ਵਿੱਚ ਸਭਾ ਦੇ ਉਪਰਾਲੇ ਦੀ ਸਰਾਹਨਾ ਕਰਦਿਆਂ ਕਿਹਾ ਕੇ ਭਾਸ਼ਾ ਤੇ ਸਾਹਿਤ ਹੀ ਕਿਸੇ ਸਮਾਜ ਦੀ ਸਹੀ ਤਰਜ਼ਮਾਨੀ ਕਰਦੇ ਹਨ ਤੇ ਅਜੋਕੇ ਸਮੇਂ ਵਿੱਚ ਵਧੀਆ ਸੁਨੇਹਾ ਦੇਣ ਲਈ ਕਿਸੇ ਭਾਸ਼ਾ ਦਾ ਤਕਨੀਕੀ ਤੌਰ ’ਤੇ ਸਮੇਂ ਦੇ ਹਾਣ ਦੀ ਹੋਣਾ ਬਹੁਤ ਜ਼ਰੂਰੀ ਹੈ। ਇਸ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸਭਾ ਦੇ ਪ੍ਰਧਾਨ ਬਲਵਿੰਦਰ ਸਿੰਘ ਚਾਹਲ ਨੇ ‘ਫੱਟੀ ਤੋਂ ਫੌਂਟ ਤੱਕ’ ਬਾਰੇ ਬੋਲਦੇ ਹੋਏ ਕਿਹਾ ਕਿ ਸਮਾਂ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ ਅਤੇ ਸਾਨੂੰ ਵੀ ਦੂਜੀਆਂ ਭਾਸ਼ਾਵਾਂ ਦੀ ਤਰਾਂ ਮਾਂ ਬੋਲੀ ਪੰਜਾਬੀ ਦਾ ਤਕਨੀਕੀ ਮਿਆਰ ਹੋਰ ਵੀ ਵਧੀਆ ਤੇ ਪ੍ਰਭਾਵਸ਼ਾਲੀ ਬਣਾਉਣ ਦੀ ਲੋੜ ਹੈ। ਇਸ ਸਮਾਗਮ ਦੀ ਸੰਚਾਲਨਾ ਦਲਜਿੰਦਰ ਰਹਿਲ ਵੱਲੋਂ ਬਾਖੂਬੀ ਕੀਤੀ ਗਈ।

ਇਸ ਤੋਂ ਬਾਅਦ ਹੋਏ ਕਵੀ ਦਰਬਾਰ ਵਿੱਚ ਬਿੰਦਰ ਕੋਲੀਆਂਵਾਲ, ਡਾ. ਸੀ ਪੀ ਕੰਬੋਜ, ਦਲਜਿੰਦਰ ਰਹਿਲ, ਰਵੇਲ ਸਿੰਘ, ਰਾਣਾ ਅਠੌਲਾ, ਸਿੱਕੀ ਝੱਜੀ ਪਿੰਡ ਵਾਲਾ, ਸਰਬਜੀਤ ਕੌਰ ਸਰਬ, ਰਾਜੂ ਹਠੂਰੀਆ, ਮੇਜਰ ਸਿੰਘ ਖੱਖ, ਪ੍ਰੋ. ਬਲਦੇਵ ਸਿੰਘ ਪ੍ਰੋ. ਅਮਨ ਜੋਤੀ ਆਦਿ ਨੇ ਹਾਜ਼ਰੀ ਲਗਵਾਈ। ਹੋਰਨਾਂ ਤੋਂ ਇਲਾਵਾ ਡਾ. ਐਸ ਪੀ ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ, ਪ੍ਰਸਿੱਧ ਪੱਤਰਕਾਰ ਪਾਲ ਸਿੰਘ ਨੌਲੀ, ਈਸ਼ਰ ਸਿੰਘ, ਡਾ. ਗਗਨਦੀਪ ਸਿੰਘ ਸੰਗਰੂਰ, ਪ੍ਰੋ. ਕਰਮਜੀਤ ਕੌਰ ਸਮੇਤ ਬਹੁਤ ਸਾਰੇ ਵਿਦਿਆਰਥੀ ਅਤੇ ਸਰੋਤਿਆਂ ਨੇ ਇਸ ਸਮਾਗਮ ਵਿੱਚ ਆਪਣੀ ਹਾਜ਼ਰੀ ਬਣਾਈ ਰੱਖੀ।

# ਪੰਜਾਬ ’ਚ ਮੁੜ ਫੈਲਿਆ ਕੋਰੋਨਾ

## 15 ਲੋਕਾਂ ਦੀ ਮੌਤ, 389 ਲੋਕ ਪਾਜ਼ੇਟਿਵ

**ਚੰਡੀਗੜ/ਏ.ਟੀ.ਨਿਊਜ਼:** ਪੰਜਾਬ ਲਈ ਇਹ ਰਾਹਤ ਦੀ ਗੱਲ ਹੈ ਕਿ ਹਾਲੇ ਤਕ ਕੋਰੋਨਾ ਦੇ ਨਵੇਂ ਸਟ੍ਰੇਨ ਦਾ ਕੋਈ ਮਾਮਲਾ ਨਹੀਂ ਆਇਆ ਹੈ ਪਰ ਇਹ ਚਿੰਤਾ ਦਾ ਵਿਸ਼ਾ ਹੈ ਕਿ ਕੋਰੋਨਾ ਮੁੜ ਤੋਂ ਖ਼ਤਰਨਾਕ ਰੂਪ ਧਾਰਨ ਕਰ ਰਿਹਾ ਹੈ। ਸੂਬਾ ਸਰਕਾਰ ਵੱਲੋਂ ਨਿਯਮਾਂ ਦੀ ਪਾਲਣਾ ਕਰਵਾਉਣ ਵਿਚ ਵਰਤੀ ਜਾ ਰਹੀ ਢਿੱਲ ਤੇ ਲੋਕਾਂ ਵੱਲੋਂ ਮਾਸਕ ਨਾ ਪਾਉਣ ਤੇ ਸਰੀਰਕ ਦੂਰੀ ਦੀ ਪਾਲਣਾ ਨਾ ਕੀਤੇ ਜਾਣ ਕਾਰਨ ਹਾਲਾਤ ਮੁੜ ਵਿਸਫੋਟਕ ਹੋਣ ਲੱਗੇ ਹਨ। ਕੇਂਦਰ ਸਰਕਾਰ ਦੀ ਟੈਸਟਿੰਗ ਤੇ ਟੀਕਾਕਰਨ ਨੂੰ ਲੈ ਕੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਵੀ ਗੰਭੀਰਤਾ ਨਾਲ ਪਾਲਣਾ ਨਹੀਂ ਹੋ ਰਹੀ। ਪੰਜਾਬ ਵਿਚ ਕੋਰੋਨਾ ਨਾਲ 15 ਹੋਰ ਲੋਕਾਂ ਦੀ ਮੌਤ ਹੋ ਗਈ ਜਦਕਿ 389 ਨਵੇਂ ਮਾਮਲੇ ਸਾਹਮਣੇ ਆਏ ਹਨ। ਸੂਬੇ ਵਿਚ ਕੋਰੋਨਾ ਨਾਲ ਮਰਨ ਵਾਲਿਆਂ ਦੀ ਗਿਣਤੀ 5,769 ਹੋ ਗਈ ਹੈ। ਮਰਨ ਵਾਲਿਆਂ ’ਚ ਜਲੰਧਰ ਦੇ ਤਿੰਨ ਲੋਕ ਸ਼ਾਮਲ ਹਨ। ਇਨਫੈਕਸ਼ਨ ਦੇ ਨਵੇਂ ਮਾਮਲਿਆਂ ’ਚ ਸਭ ਤੋਂ ਵੱਧ 54 ਜਲੰਧਰ ਦੇ ਹੀ ਹਨ। ਮੋਹਾਲੀ ’ਚ 49, ਹੁਸ਼ਿਆਰਪੁਰ ਵਿਚ 38, ਲੁਧਿਆਣਾ ਤੇ ਅੰਮ੍ਰਿਤਸਰ ’ਚ 37-37, ਨਵਾਂਸ਼ਹਿਰ ਵਿਚ 32 ਤੇ ਕਪੂਰਥਲਾ ਵਿਚ 26 ਲੋਕ ਕੋਰੋਨਾ ਪਾਜ਼ੇਟਿਵ ਪਾਏ ਗਏ। ਨਵਾਂਸ਼ਹਿਰ ਵਿਚ ਭੰਗਲ ਕਲਾਂ, ਘਟਾਰਾਂ ਤੇ ਕਰੇਆਮ ਵਿਚ ਕੰਟੇਨਮੈਂਟ ਜ਼ੋਨ ਬਣਾ ਕੇ ਆਵਾਜਾਈ ’ਤੇ ਰੋਕ ਲਾ ਦਿੱਤੀ ਗਈ ਹੈ। ਦੂਜੇ ਪਾਸੇ ਸੂਬੇ ’ਚ ਟੀਕਾਕਰਨ ਦੀ ਰਫ਼ਤਾਰ ਸੋਮਵਾਰ ਨੂੰ ਵੀ ਸੁਸਤ ਰਹੀ। 1177 ਸਿਹਤ ਮੁਲਾਜ਼ਮਾਂ ਤੇ 3731 ਫਰੰਟ ਲਾਈਨ ਕੋਰੋਨਾ ਵਰਕਰਾਂ ਨੇ ਟੀਕਾ ਲਗਵਾਇਆ।

**ਨਿੱਜੀ ਸਕੂਲਾਂ ਦੇ ਅਧਿਆਪਕ ਵੀ ਕੋਰੋਨਾ ਪਾਜ਼ੇਟਿਵ**

ਪੰਜਾਬ ਦੇ ਨਿੱਜੀ ਸਕੂਲਾਂ ਨੂੰ ਵੀ ਕੋਰੋਨਾ ਨੇ ਆਪਣਾ ਸ਼ਿਕਾਰ ਬਣਾ ਲਿਆ ਹੈ। ਸੋਮਵਾਰ ਨੂੰ ਅੰਮ੍ਰਿਤਸਰ, ਲੁਧਿਆਣਾ, ਬਠਿੰਡਾ ਤੇ ਪਟਿਆਲਾ ਵਿਚ ਕੁਲ 10 ਅਧਿਆਪਕ ਤੇ ਅੱਠ ਵਿਦਿਆਰਥੀ ਕੋਰੋਨਾ ਇਨਫੈਕਟਿਡ ਮਿਲੇ। ਇਨਾਂ ’ਚ ਜ਼ਿਲਾ ਲੁਧਿਆਣਾ ਦੇ ਦੋ ਨਿੱਜੀ ਸਕੂਲਾਂ ਦੇ ਤਿੰਨ ਅਧਿਆਪਕ ਤੇ ਤਿੰਨ ਵਿਦਿਆਰਥੀ ਸ਼ਾਮਲ ਹਨ।

ਪੰਜਾਬ ਵਿਚ ਨਵੇਂ ਸਟ੍ਰੇਨ ਦਾ ਕੋਈ ਕੇਸ ਸਾਹਮਣੇ ਨਹੀਂ ਆਇਆ। 100 ਤੋਂ ਜ਼ਿਆਦਾ ਜਿਨੋਮ ਸਿਕਵੈਂਸਿੰਗ ਸੈਂਪਲ ਲਏ ਜਾ ਚੁੱਕੇ ਹਨ ਜਿਨਾਂ ’ਚੋਂ 14 ਦੀ ਰਿਪੋਰਟ ਆ ਚੁੱਕੀ ਹੈ। ਇਸ ਵਿਚ ਕੋਈ ਵੀ ਪਾਜ਼ੇਟਿਵ ਨਹੀਂ ਹੈ। ਬਾਕੀਆਂ ਦੀ ਰਿਪੋਰਟ ਆਉਣੀ ਬਾਕੀ ਹੈ।

(ਹੁਸਨ ਲਾਲ, ਪ੍ਰਿੰਸੀਪਲ ਸਕੱਤਰ, ਸਿਹਤ ਵਿਭਾਗ, ਪੰਜਾਬ)

# ਬੀਜੇਪੀ ਲੀਡਰਾਂ ਤੇ ਵਰਕਰਾਂ ਦਾ ਸਮਾਜਿਕ ਬਾਈਕਾਟ ਕਰੋ

## ✪ ਕਿਸਾਨ ਲੀਡਰਾਂ ਦਾ ਭਾਜਪਾ ਖ਼ਿਲਾਫ਼ ਵੱਡਾ ਐਲਾਨ ✪ ਪੰਜਾਬ ’ਚ ਭਾਜਪਾ ਲਈ ਵਧੀਆਂ ਹੋਰ ਮੁਸ਼ਕਲਾਂ

**ਬਰਨਾਲਾ/ਏ.ਟੀ.ਨਿਊਜ਼:** ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਬਾਰੇ ਕੇਂਦਰ ਸਰਕਾਰ ਦੀ ਰਵੱਈਏ ਤੋਂ ਕਿਸਾਨ ਬੇਹੱਦ ਖਫਾ ਹਨ। ਇਸ ਦਾ ਖ਼ਮਿਆਜ਼ਾ ਬੀਜੇਪੀ ਲੀਡਰਾਂ ਨੂੰ ਭੁਗਤਣਾ ਪੈ ਰਿਹਾ ਹੈ। ਬਰਨਾਲਾ ਵਿੱਚ ਮਜ਼ਦੂਰ ਕਿਸਾਨ ਏਕਤਾ ਮਹਾ ਰੈਲੀ ਦੌਰਾਨ ਬੁਲਾਰਿਆਂ ਦੇ ਨਿਸ਼ਾਨੇ ਉੱਪਰ ਬੀਜੇਪੀ ਹੀ ਰਹੀ। ਇਸ ਮੌਕੇ ਸੰਬੋਧਨ ਕਰਦਿਆਂ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੇ ਬੀਜੇਪੀ ਲੀਡਰਾਂ ਤੇ ਵਰਕਰਾਂ ਦਾ ਸਮਾਜਿਕ ਬਾਈਕਾਟ ਕਰਨ ਦਾ ਸੱਦਾ ਦਿੱਤਾ ਹੈ। ਉਨਾਂ ਮਹਾਂਰੈਲੀ ਵਿੱਚ ਸ਼ਾਮਲ ਕਿਸਾਨਾਂ ਦੇ ਹੱਥ ਖੜੇ ਕਰਵਾ ਕੇ ਇਸ ’ਤੇ ਉਨਾਂ ਦੀ ਸਹਿਮਤੀ ਲਈ। ਇਸ ਲਈ ਪੰਜਾਬ ਅੰਦਰ ਬੀਜੇਪੀ ਨੂੰ ਹੋਰ ਵੱਡਾ ਝਟਕਾ ਲੱਗ ਸਕਦਾ ਹੈ। ਮਹਾਂਰੈਲੀ ਦੌਰਾਨ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਸੂਬਾ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕਿਸਾਨਾਂ ਨੂੰ ਪਰਜੀਵੀ ਆਖਿਆ ਗਿਆ ਹੈ। ਇਸ ਲਈ ਪ੍ਰਧਾਨ ਮੰਤਰੀ ਤੇ ਭਾਰਤੀ ਜਨਤਾ ਪਾਰਟੀ ਵਾਲਿਆਂ ਨੂੰ ਕਿਸਾਨਾਂ ਵੱਲੋਂ ਪੈਦਾ ਕੀਤੇ ਗਏ ਅਨਾਜ ਨੂੰ ਖਾਣ ਦਾ ਕੋਈ ਅਧਿਕਾਰ ਨਹੀਂ ਹੈ।

# ਮਰੀਕਾ ਦੇ ਸੂਬੇ ਟੈਕਸਾਸ ’ਚ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ ਵਿਚ ਮੌਤ



**ਨਿਊਯਾਰਕ, (ਰਾਜ ਗੋਗਨਾ) :** ਰੋਜ਼ੀ ਰੋਟੀ ਦੀ ਭਾਲ ਵਿੱਚ ਅਮਰੀਕਾ ਗਏ ਭੁਲੱਥ ਤਹਿਸੀਲ ਦੇ ਪਿੰਡ ਮਕਸੂਦਪੁਰ ਜ਼ਿਲਾ (ਕਪੂਰਥਲਾ) ਦੇ ਰਹਿਣ ਵਾਲੇ ਇਕ ਪੰਜਾਬੀ ਨੌਜਵਾਨ ਦੀ ਅਮਰੀਕਾ ਦੇ ਸੂਬੇ ਟੈਕਸਾਸ ਵਿੱਚ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਮੌਜੂਦਾ ਮੈਂਬਰ ਪੰਚਾਇਤ ਪਿੰਡ ਮਕਸੂਦਪੁਰ ਤਹਿਸੀਲ ਭੁਲੱਥ ਦੇ ਮ੍ਰਿਤਕ ਗੁਰਪ੍ਰੀਤ ਸਿੰਘ ਦੇ ਪਿਤਾ, ਸਤਨਾਮ ਸਿੰਘ ਨੇ ਭਰੇ ਮੰਨ ਨਾਲ ਦੱਸਿਆ ਕਿ ਉਸ ਦਾ ਬੇਟਾ ਗੁਰਪ੍ਰੀਤ ਸਿੰਘ (29) 2010 ਵਿੱਚ ਅਮਰੀਕਾ ਗਿਆ ਸੀ। ਉੱਥੇ ਕੈਲੀਫੋਰਨੀਆ ਦੇ ਫੰਨਟੈਨਾ ਸ਼ਹਿਰ ਵਿੱਚ ਰਹਿ ਰਿਹਾ ਸੀ ਅਤੇ ਟਰਾਲਾ ਚਲਾਉਂਦਾ ਸੀ। ਬੀਤੇ ਦਿਨ ਉਹ ਟਰਾਲਾ ਲੋਡ ਕਰਕੇ ਵਾਪਸ ਕੈਲੀਫੋਰਨੀਆ ਨੂੰ ਆ ਰਿਹਾ ਸੀ ਕਿ ਰਸਤੇ ਵਿੱਚ ਟਰਾਲਾ ਪਲਟ ਗਿਆ ਤੇ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ। ਇਹ ਜਾਣਕਾਰੀ ਪਰਿਵਾਰ ਨੂੰ ਅਮਰੀਕਾ ਵਿੱਚ ਹੀ ਰਹਿੰਦੇ ਉਨਾਂ ਦੇ ਦੂਜੇ ਬੇਟੇ ਤਲਵਿੰਦਰ ਸਿੰਘ ਨੇ 20 ਫਰਵਰੀ ਰਾਤ ਨੂੰ ਫੋਨ ਰਾਹੀਂ ਦਿੱਤੀ। ਉਕਤ ਨੌਜਵਾਨ ਅਜੇ ਅਮਰੀਕਾ ਵਿੱਚ ਕੱਚਾ ਸੀ। ਉਨਾਂ ਦੱਸਿਆ ਗੁਰਪ੍ਰੀਤ ਸਿੰਘ ਦੀ ਮ੍ਰਿਤਕ ਦੇਹ ਪਿੰਡ ਲਿਆਉਣ ਤੇ ਉਸਦਾ ਅੰਤਿਮ ਸੰਸਕਾਰ ਕੀਤਾ ਜਾਵੇਗਾ। ਪਿਤਾ ਸਤਨਾਮ ਸਿੰਘ ਨੇ ਦੱਸਿਆ ਕਿ ਬੇਟਾ ਗੁਰਪ੍ਰੀਤ ਬਹੁਤ ਹੀ ਸਾਊ, ਨੇਕ ਤੇ ਮਿਲਾਪੜੇ ਸੁਭਾਅ ਵਾਲਾ ਸੀ। ਵਿਦੇਸ਼ ਵਿੱਚ ਰਹਿੰਦਿਆਂ ਵੀ ਉਸ ਨੇ ਆਪਣੇ ਸਿੱਖੀ ਸਰੂਪ ਨੂੰ ਵੀ ਕਾਇਮ ਰੱਖਿਆ ਸੀ, ਉਹ ਜਿੱਥੇ ਮਿਹਨਤ ਮਜ਼ਦੂਰੀ ਕਰਨ ਦੇ ਨਾਲ ਸਮਾਜ ਸੇਵਾ ਖੇਤਰ ਵਿੱਚ ਵੀ ਆਪਣੀਆਂ ਸੇਵਾਵਾਂ ਦਿੰਦਾ ਰਹਿੰਦਾ ਸੀ। ਗੁਰਪ੍ਰੀਤ ਸਿੰਘ ਦੀ ਇਸ ਬੇਵਕਤ ਮੌਤ ਦਾ ਸੁਣ ਕੇ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਹੈ।

# ਕਿਸਾਨ ਅੰਦੋਲਨ ਕਾਰਨ ਪੰਜਾਬ ਵਿੱਚ ਆਰਐੱਸਐੱਸ ਹੋਈ ਸਰਗਰਮ, ਸ਼ੁਰੂ ਕਰੇਗੀ ਪ੍ਰੋਗਰਾਮ

**ਨਵੀਂ ਦਿੱਲੀ/ਏ.ਟੀ.ਨਿਊਜ਼:** ਕਿਸਾਨ ਅੰਦੋਲਨ ਨੂੰ ਲੈ ਕੇ ਪੰਜਾਬ ਵਿੱਚ ਹਿੰਦੂਆਂ ਅਤੇ ਸਿੱਖਾਂ ਵਿੱਚ ਪਾੜੇ ਦੇ ਖ਼ਦਸ਼ੇ ਨੂੰ ਦੂਰ ਕਰਨ ਲਈ ਆਰਐੱਸਐੱਸ ਨੇ ਆਪਣੇ ਕਾਡਰ ਨੂੰ ਪੰਜਾਬ ’ਚ ਭੇਜਣ ਦਾ ਫ਼ੈਸਲਾ ਕੀਤਾ ਹੈ। ਹਿੰਦੁਸਤਾਨ ਟਾਈਮਜ ਦੀ ਖ਼ਬਰ ਮੁਤਾਬਕ, ਆਰਐੱਸਐੱਸ ਨੇ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਵੱਧ ਰਹੇ ਖ਼ਦਸ਼ਿਆਂ ਨੂੰ ਦੂਰ ਕਰਨ ਲਈ ਇਹ ਫ਼ੈਸਲਾ ਲਿਆ ਹੈ।

ਨਾਮ ਗੁਪਤ ਰੱਖਣ ਦੀ ਸ਼ਰਤ ’ਤੇ ਇੱਕ ਆਰਐੱਸਐੱਸ ਅਧਿਕਾਰੀ ਨੇ ਕਿਹਾ, ‘ਕੁਝ ਕਿਸਾਨਾਂ ਵਿਚ ਖੇਤੀ ਕਾਨੂੰਨਾਂ ਨੂੰ ਲੈ ਕੇ ਕਈ ਤਰਾਂ ਦੇ ਖ਼ਦਸ਼ੇ ਹਨ। ਸਹੀ ਮੁੱਦਿਆਂ ’ਤੇ ਸਰਕਾਰ ਵੀ ਲਗਾਤਾਰ ਗੱਲਬਾਤ ਕਰ ਰਹੀ ਹੈ। ਪਰ ਕੁਝ ਗਰੁੱਪ ਇਸ ਅੰਦੋਲਨ ਦਾ ਫ਼ਾਇਦਾ ਆਪਣੇ ਨਿੱਜੀ ਹਿਤ ਲਈ ਲੈਣ ਦੀ ਕੋਸ਼ਿਸ਼ ਕਰ ਰਹੇ ਹਨ।’

ਉਨਾਂ ਕਿਹਾ, ‘80 ਦੇ ਦਹਾਕੇ ਵਿਚ ਪੰਜਾਬ ਨੇ ਬਹੁਤ ਮਾੜਾ ਸਮਾਂ ਵੇਖਿਆ ਹੈ। ਅਸੀਂ ਨਹੀਂ ਚਾਹੁੰਦੇ ਕਿ ਉਹ ਸਮਾਂ ਮੁੜ ਆਵੇ।’ ਸਥਾਨਕ ਲੀਡਰਾਂ ਨਾਲ ਮੀਟਿੰਗ ਦੇ ਦੌਰਾਨ ਸੰਘ ਨੇ ਕਿਸਾਨਾਂ, ਕਿਸਾਨ ਸਮਰਥਕਾਂ ਤੇ ਖ਼ਾਲਿਸਤਾਨ ਦਾ ਸਮਰਥਨ ਕਰਨ ਵਾਲੇ ਗਰੁੱਪਾਂ ਦੀ ਪਛਾਣ ਕਰਨ ਦਾ ਫ਼ੈਸਲਾ ਲਿਆ ਹੈ।

# ਪ੍ਰਮਾਣੂ ਮੁੱਦੇ 'ਤੇ ਇਰਾਨ ਨਾਲ ਗੱਲਬਾਤ ਕਰਨ ਲਈ ਅਮਰੀਕਾ ਤਿਆਰ: ਜੋਅ ਬਾਈਡਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਬਾਈਡਨ ਪ੍ਰਸ਼ਾਸਨ ਨੇ ਐਲਾਨ ਕੀਤਾ ਹੈ ਕਿ ਉਹ 2015 ਦੇ ਪ੍ਰਮਾਣੂ ਸਮਝੌਤੇ ਸਬੰਧੀ ਗੱਲਬਾਤ ਵਿੱਚ ਸ਼ਾਮਿਲ ਵਿਸ਼ਵ ਦੇ ਹੋਰ ਦੇਸ਼ਾਂ ਸਮੇਤ ਇਰਾਨ ਨਾਲ ਪ੍ਰਮਾਣੂ ਮੁੱਦੇ ਉਪਰ ਗੱਲਬਾਤ ਕਰਨ ਲਈ ਤਿਆਰ ਹੈ। ਜੋਅ ਬਾਈਡਨ ਵੱਲੋਂ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਉਪਰੰਤ ਤਹਿਰਾਨ ਨਾਲ ਕੂਟਨੀਤਿਕ ਸਬੰਧਾਂ ਦੀ ਸੁਰਜੀਤੀ ਵੱਲ ਚੁੱਕਿਆ ਇਹ ਪਹਿਲਾ ਸਰਕਾਰੀ ਕਦਮ ਹੈ। ਵਿਦੇਸ਼ ਵਿਭਾਗ ਦੇ ਬੁਲਾਰੇ ਨੈਡ ਪ੍ਰਾਈਸ ਨੇ ਕਿਹਾ ਹੈ ਕਿ ਅਮਰੀਕਾ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਬਾਰੇ ਕੂਟਨੀਤਿਕ ਢੰਗ-ਤਰੀਕੇ ਸਬੰਧੀ ਪ੍ਰਮਾਣੂ ਸਮਝੌਤੇ ਉਪਰ ਦਸਤਖਤ ਕਰਨ ਵਾਲੇ ਦੇਸ਼ਾਂ ਨਾਲ ਵਿਚਾਰ ਵਟਾਂਦਰਾ ਕਰਨ ਲਈ ਯੂਰਪੀਅਨ ਯੂਨੀਅਨ ਦੇ ਚੋਟੀ ਦੇ ਕੂਟਨੀਤਿਕ ਅਧਿਕਾਰੀ ਵੱਲੋਂ ਦਿੱਤੇ ਜਾਣ ਵਾਲੇ ਸੰਭਾਵੀ ਸੱਦੇ ਨੂੰ ਪ੍ਰਵਾਨ ਕਰੇਗਾ। ਹਾਲਾਂਕਿ ਇਸ ਸਬੰਧੀ ਤਾਰੀਕ ਬਾਰੇ ਕੋਈ ਫੈਸਲਾ ਨਹੀਂ ਹੋ ਸਕਿਆ ਹੈ ਪਰੰਤੂ ਯੂਰਪੀ ਯੂਨੀਅਨ ਦੇ ਹਾਈ ਕਮਿਸ਼ਨਰ ਜੋਸਪ ਬੋਰੈਲ ਨੇ ਸੰਕੇਤ ਦਿੱਤਾ ਹੈ ਕਿ ਉਹ ਚਹੁੰਦੇ ਹਨ ਕਿ ਪ੍ਰਮਾਣੂ ਮੱਦੇ 'ਤੇ ਗੱਲਬਾਤ ਵਿਚ ਸ਼ਾਮਿਲ ਧਿਰਾਂ ਨੂੰ ਸੱਦਿਆ ਜਾਵੇ। ਇਥੇ ਵਰਣਨਯੋਗ ਹੈ ਕਿ ਅਮਰੀਕਾ ਨੇ 2015 ਵਿਚ ਪ੍ਰਮਾਣੂ ਸਮਝੌਤੇ ਸਬੰਧੀ ਇਰਾਨ, ਚੀਨ, ਫਰਾਂਸ, ਜਰਮਨੀ, ਰੂਸ ਤੇ ਬਰਤਾਨੀਆ ਨਾਲ ਗੱਲਬਾਤ ਕੀਤੀ ਸੀ। ਵਿਦੇਸ਼ ਵਿਭਾਗ ਦੇ ਇਕ ਹੋਰ ਅਧਿਕਾਰੀ ਨੇ ਆਪਣਾ ਨਾਂ ਨਾ ਨਸ਼ਰ ਕਰਨ ਦੀ ਸ਼ਰਤ 'ਤੇ ਪੱਤਰਕਾਰਾਂ ਨੂੰ ਦਸਿਆ ਕਿ ਪ੍ਰਮਾਣੂ ਮੁੱਦੇ ਉਪਰ ਗੱਲਬਾਤ ਵਿੱਚ ਬਾਈਡਨ ਦਾ ਇਰਾਨ ਵਿਚਲਾ ਵਿਸ਼ੇਸ਼ ਦੂਤ ਰਾਬ ਮਾਲੇ ਅਮਰੀਕੀ ਦੀ ਪ੍ਰਤੀਨਿੱਧਤਾ ਕਰੇਗਾ। ਇਥੇ ਵਰਣਨਯੋਗ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ 2018 ਵਿਚ ਪ੍ਰਮਾਣੂ ਸਮਝੌਤੇ ਵਿਚੋਂ ਬਾਹਰ ਆਉਣ ਦਾ ਐਲਾਨ ਕਰ ਦਿੱਤਾ ਸੀ। ਉਨਾਂ ਦਾ ਮੰਨਣਾ ਸੀ ਕਿ ਇਹ ਸਮਝੌਤਾ ਇਰਾਨ ਦੇ ਬਾਲਿਸਟਕ ਮਿਜ਼ਾਈਲ ਪ੍ਰੋਗਰਾਮ ਨੂੰ ਖਤਮ ਕਰਨ ਲਈ ਕਾਫੀ ਨਹੀਂ ਹੈ ਤੇ ਨਾ ਹੀ ਇਹ ਸਮਝੌਤਾ ਇਰਾਨ ਨੂੰ ਖਿੱਤੇ ਵਿਚ ਅੱਤਵਾਦੀ ਗਰੁੱਪਾਂ ਦਾ ਸਮਰਥਨ ਕਰਨ ਤੋਂ ਰੋਕ ਸਕਿਆ ਹੈ। ਰਾਸ਼ਟਰਪਤੀ ਬਾਈਡਨ ਇਰਾਨ ਨਾਲ ਹੋਇਆ ਪ੍ਰਮਾਣੂ ਸਮਝੌਤਾ ਮੁੜ ਬਹਾਲ ਕਰਨ ਦੇ ਹੱਕ ਵਿਚ ਹਨ। ਬਾਈਡਨ ਪ੍ਰਸ਼ਾਸਨ ਦੇ ਸਲਾਹਕਾਰ ਕਹਿ ਚੁੱਕੇ ਹਨ ਕਿ ਪ੍ਰਸ਼ਾਸਨ ਦੀ ਪਹਿਲੀ ਤਰਜੀਹ ਤਹਿਰਾਨ ਨੂੰ ਪ੍ਰਮਾਣੂ ਹਥਿਆਰ ਲੈਣ ਤੋਂ ਰੋਕਣ ਦੀ ਹੈ। ਇਸ ਦੇ ਨਾਲ ਹੀ ਬਾਈਡਨ ਤੇ ਵਿਦੇਸ਼ ਮੰਤਰੀ ਐਨਟਨੀ ਬਲਿੰਕਨ ਨੇ ਵਾਰ ਵਾਰ ਕਿਹਾ ਹੈ ਕਿ ਅਮਰੀਕਾ ਸਮਝੌਤੇ ਵਿਚ ਮੁੜ ਤਾਂ ਹੀ ਸ਼ਾਮਲ ਹੋਵੇਗਾ ਤੇ ਟਰੰਪ ਪ੍ਰਸ਼ਾਸਨ ਵੱਲੋਂ ਲਾਈਆਂ ਆਰਥਕ ਪਾਬੰਦੀਆਂ ਖਤਮ ਕਰੇਗਾ ਜੇਕਰ ਪਹਿਲਾਂ ਇਰਾਨ ਸਮਝੌਤੇ ਨੂੰ ਲਾਗੂ ਕਰਨ ਲਈ ਸਹਿਮਤ ਹੋਵੇਗਾ। ਇਰਾਨ ਨੇ ਟਰੰਪ ਪ੍ਰਸ਼ਾਸਨ ਵੱਲੋਂ ਲਾਈਆਂ ਆਰਥਕ ਪਾਬੰਦੀਆਂ ਉਪਰੰਤ 2019 ਵਿਚ ਸਮਝੌਤੇ ਨੂੰ ਤੋੜ ਦਿੱਤਾ ਸੀ ਤੇ ਸਮਝੌਤੇ ਵਿਚ ਨਿਰਧਾਰਤ ਸੀਮਾ ਤੋਂ ਵਧ ਉੱਚ ਪੱਧਰ 'ਤੇ ਯੁਰੇਨੀਅਮ ਬਣਾਉਣਾ ਸ਼ੁਰੂ ਕਰ ਦਿੱਤਾ ਸੀ।

# ਅਮਰੀਕਾ 'ਚ ਟਰੰਪ ਦਾ 600 ਕਮਰਿਆਂ ਵਾਲਾ 'ਪਲਾਜ਼ਾ' ਡਾਇਨਾਮਾਈਟ ਨਾਲ ਉਡਾਇਆ

**ਵਾਸ਼ਿੰਗਟਨ/ਏ.ਟੀ.ਨਿਊਜ਼:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਟਰੰਪ ਪਲਾਜ਼ਾ ਡਾਇਨਾਮਾਈਟ ਨਾਲ ਉਡਾ ਦਿੱਤਾ ਗਿਆ। ਮਾਹਿਰ ਸਵਾਲ ਚੁੱਕ ਰਹੇ ਹਨ ਕਿ ਕਿਉਂ ਨਿਊਜਰਸੀ ਦੀ ਇਸ ਸ਼ਾਨਦਾਰ ਇਮਾਰਤ ਨੂੰ ਜਮੀਨਦੋਜ ਕੀਤਾ ਗਿਆ ਤੇ ਕਿ ਇਸ ਨਾਲ ਨਿਊਜਰਸੀ ਵਿਚ ਟਰੰਪ ਦੇ ਪ੍ਰਭਾਵ 'ਤੇ ਕੋਈ ਅਸਰ ਪਵੇਗਾ।

**ਕੀ ਸੀ ਇਮਾਰਤ ਵਿਚ**

ਸਾਲ 1984 ਵਿਚ ਐਟਲਾਂਟਿਕ ਸਿਟੀ ਵਿਚ ਟਰੰਪ ਦੇ ਰੀਅਲ ਅਸਟੇਟ ਅਤੇ ਹੋਟਲ ਦੇ ਸਮਰਾਜ ਦੀ ਪਹਿਲੀ ਵੱਡੀ ਉਪਲੱਬਧੀ ਵਜੋਂ ਇਹ ਇਮਾਰਤ ਖੜੀ ਸੀ। ਟਰੰਪ ਦੇ ਮਾਲਕਾਨਾ ਹੱਕ ਵਾਲੇ ਕਸੀਨੋ ਵਿਚ ਇਸ ਨੂੰ ਹੀ ਸਭ ਤੋਂ ਬਿਹਤਰੀਨ ਮੰਨਿਆ ਜਾਂਦਾ ਰਿਹਾ ਹੈ। ਹਾਲ ਹੀ ਵਿਚ ਇਸ ਇਮਾਰਤ ਨੂੰ ਡਾਇਨਾਮਾਈਟ ਲਾ ਕੇ ਉਡਾ ਦਿੱਤਾ ਗਿਆ। ਇਹ ਸ਼ਾਨਦਾਰ ਇਮਰਾਤ 39 ਮੰਜ਼ਿਲਾ ਸੀ। ਇਸ ਦੀ ਅੰਦਾਜ਼ਨ ਕੀਮਤ ਕਰੀਬ 21 ਕਰੋੜ ਡਾਲਰ ਸੀ ਅਤੇ ਇਹ ਲਗਭਗ 60 ਹਜ਼ਾਰ ਵਰਗ ਫੁੱਟ ਵਿਚ ਫੈਲੀ ਸੀ। ਇਸ ਵਿਸ਼ਾਲ ਇਮਾਰਤ ਵਿਚ ਇਕ ਸ਼ਾਨਦਾਰ ਕਸੀਨੋ ਅਤੇ 600 ਕਮਰਿਆਂ ਵਾਲਾ ਆਲੀਸ਼ਾਨ ਹੋਟਲ ਸੀ।

**ਡਿਗਾਉਣਾ ਕਿਉਂ ਪਿਆ**

ਸ਼ੁਰੂਆਤ ਵਿਚ ਇਹ ਇਮਾਰਤ ਕਾਮਯਾਬੀ ਦੀ ਪਛਾਣ ਸੀ। ਵੱਡੇ-ਵੱਡੇ ਸਿਤਾਰੇ ਇਥੇ ਕਾਂਸਰਟ ਕਰਨਾ ਆਪਣੀ ਖੁਸ਼ਕਿਸਮਤੀ ਸਮਝਦੇ ਸਨ। ਹਾਲੀਵੁੱਡ ਫਿਲਮਾਂ ਦੀ ਸ਼ੂਟਿੰਗ ਇਸ ਇਮਾਰਤ ਵਿਚ ਹੁੰਦੀ ਸੀ ਪਰ ਹੌਲੀ-ਹੌਲੀ ਸਮਾਂ ਬਦਲਿਆ। 90 ਦੇ ਦਹਾਕੇ ਵਿਚ ਇਹ ਇਮਾਰਤ ਨੁਕਸਾਨ ਵਿਚ ਜਾਣ ਲੱਗੀ। ਸਿਰਫ ਇਸ ਦੇ ਕਸੀਨੋ 'ਤੇ 50 ਕਰੋੜ ਡਾਲਕ ਤੱਕ ਦਾ ਕਰਜ਼ਾ ਹੋ ਗਿਆ। ਕਦੇ ਮਸ਼ਹੂਰ ਰਹੇ ਕਸੀਨੋ ਨੂੰ ਸਭ ਤੋਂ ਪਿਛੜਿਆ ਮੰਨਿਆ ਜਾਣ ਲੱਗਾ। ਬਾਅਦ ਵਿਚ ਇਸ ਨੂੰ ਦਿਵਾਲੀਆ ਕਰਾਰ ਦੇ ਦਿੱਤਾ ਗਿਆ। ਸਾਲ 2009 ਵਿਚ ਟਰੰਪ ਨੇ ਇਸ ਤੋਂ ਕਿਨਾਰਾ ਕਰ ਲਿਆ ਪਰ ਟਰੰਪ ਦਾ ਨਾਂ ਇਸ ਨਾਲ ਜੁੜਿਆ ਰਿਹਾ।

ਸਾਲ 2014 ਵਿਚ ਇਸ ਪਲਾਜ਼ਾ ਨੂੰ ਬੰਦ ਕਰ ਦਿੱਤਾ ਗਿਆ ਕਿਉਂਕਿ ਉਦੋਂ ਰਾਜ ਮਾਲੀਆ 2006 ਦੇ ਮੁਕਾਬਲੇ ਕਰੀਬ 50 ਫੀਸਦੀ ਤੱਕ ਡਿੱਗ ਗਿਆ ਸੀ। ਸਾਲ 20 16 ਵਿਚ ਨਿਵੇਸ਼ਕ ਕਾਰਲ ਸੀ ਇਕਾਨ ਨੇ ਇਸ ਨੂੰ ਕਾਫੀ ਸਸਤੇ ਭਾਅ 'ਤੇ ਖਰੀਦਿਆ। ਪਰ ਕਾਫੀ ਪਹਿਲਾਂ ਤੋਂ ਇਸ ਨੂੰ ਡਿਗਾਏ ਜਾਣ ਦੀ ਕਹਾਣੀ ਲਿਖੀ ਜਾਣ ਲੱਗੀ ਸੀ ਜੋ ਪਿਛਲੇ ਹਫਤੇ ਇਸ ਨੂੰ ਜਮੀਨਦੋਜ ਕਰ ਕੇ ਪੂਰੀ ਹੋਈ।

# ਫਰਾਂਸ ਚੀਨ ਨਾਲ ਮੁਕਾਬਲੇ ਨੂੰ ਤਿਆਰ

## ਦੱਖਣੀ ਚੀਨ ਸਾਗਰ 'ਚ ਭੇਜੇ ਆਪਣੇ ਜੰਗੀ ਬੇੜੇ

**ਪੈਰਿਸ/ਏ.ਟੀ.ਨਿਊਜ਼:** ਦੱਖਣੀ ਚੀਨ ਸਾਗਰ ਵਿਚ ਚੀਨ ਦੀਆਂ ਚੁਣੌਤੀਆਂ ਨਾਲ ਮੁਕਾਬਲੇ ਲਈ ਅਮਰੀਕਾ ਤੋਂ ਬਾਅਦ ਹੁਣ ਫਰਾਂਸ ਨੇ ਵੀ ਸਖ਼ਤ ਕਦਮ ਚੁੱਕਿਆ ਹੈ। ਫਰਾਂਸ ਨੇ ਇਸ ਵਿਵਾਦਿਤ ਜਲ ਖੇਤਰ ਚੀਨ ਨੂੰ ਸਖ਼ਤ ਟੱਕਰ ਦੇਣ ਲਈ ਨਵੀਂ ਯੋਜਨਾ ਬਣਾਈ ਹੈ। ਉਸ ਨੇ ਵਿਵਾਦਿਤ ਖੇਤਰ 'ਚ ਆਪਣੀ ਮੌਜੂਦਗੀ ਵਧਾਉਣ ਲਈ ਦੋ ਜੰਗੀ ਬੇੜੇ ਰਵਾਨਾ ਕੀਤੇ ਹਨ। ਸਾਊਥ ਚਾਈਨਾ ਮਾਰਨਿੰਗ ਪੋਸਟ ਮੁਤਾਬਕ ਫ੍ਰਾਂਸੀਸੀ ਨੇਵੀ ਨੇ ਕਿਹਾ ਕਿ ਉਸ ਨੇ ਤਿੰਨ ਮਹੀਨੇ ਦੇ ਮਿਸ਼ਨ 'ਤੇ ਪ੍ਰਸ਼ਾਂਤ ਖੇਤਰ ਲਈ ਪੋਰਟ ਟਾਲ ਜੰਗੀ ਬੇੜੇ ਨੂੰ ਰਵਾਨਾ ਕੀਤਾ ਹੈ। ਇਹ ਜਹਾਜ਼ ਦੋ ਵਾਰ ਦੱਖਣੀ ਚੀਨ ਸਾਗਰ ਨੂੰ ਪਾਰ ਕਰਨਗੇ ਅਤੇ ਮਈ ਵਿਚ ਜਾਪਾਨ-ਅਮਰੀਕਾ ਨਾਲ ਸੰਯੁਕਤ ਜੰਗੀ ਅਭਿਆਸ 'ਚ ਹਿੱਸਾ ਲੈਣਗੇ।

ਦੱਸ ਦੇਈਏ ਕਿ ਅਮਰੀਕਾ ਅਕਸਰ ਹੀ ਜੰਗੀ ਜਹਾਜ਼ਾਂ ਦਾ ਬੇੜਾ ਦੱਖਣੀ ਚੀਨ ਸਾਗਰ 'ਚ ਭੇਜਦਾ ਰਹਿੰਦਾ ਹੈ। ਪਰ ਇਸ ਫ੍ਰਾਂਸੀਸੀ ਨੇਵੀ ਨੇ ਕਿਹਾ ਕਿ ਜੰਗੀ ਬੇੜੇ ਟੋਨਰੇ ਅਤੇ ਸਫੁਰਕ ਰਵਾਨਾ ਹੋਏ ਅਤੇ ਤਿੰਨ ਮਹੀਨੇ ਤੱਕ ਪ੍ਰਸ਼ਾਂਤ ਖੇਤਰ ਦੇ ਮਿਸ਼ਨ 'ਤੇ ਰਹਿਣਗੇ। ਟੋਨਰੇ ਦੇ ਕਮਾਂਡਿੰਗ ਅਫ਼ਸਰ ਕੈਪਟਨ ਆਰਨੌਦ ਟ੍ਰਾਂਸਚੈਂਟ ਨੇ ਕਿਹਾ ਕਿ ਫ੍ਰਾਂਸੀਸੀ ਨੇਵੀ ਅਮਰੀਕਾ, ਜਾਪਾਨ, ਭਾਰਤ ਅਤੇ ਆਸਟ੍ਰੇਲੀਆ ਨਾਲ ਸਹਿਯੋਗ ਨੂੰ ਮਜ਼ਬੂਤ ਕਰੇਗੀ। ਜ਼ਿਕਰਯੋਗ ਹੈ ਕਿ ਫ੍ਰਾਂਸੀਸੀ ਨੇਵੀ 2015 ਅਤੇ 2017 'ਚ ਵੀ ਇਸ ਤਰਾਂ ਦੇ ਮਿਸ਼ਨ ਅੰਜਾਮ ਦੇ ਚੁੱਕੀ ਹੈ। ਉਸ ਦੇ ਜੰਗੀ ਬੇੜੇ ਦੱਖਣੀ ਚੀਨ ਸਾਗਰ ਤੋਂ ਹੋ ਕੇ ਗੁਜ਼ਰੇ ਸਨ। ਹਾਲਾਂਕਿ ਮਾਹਰਾਂ ਦਾ ਮੰਨਣਾ ਹੈ ਕਿ ਮੌਜੂਦਾ ਮਿਸ਼ਨ ਹਿੰਦ-ਪ੍ਰਸ਼ਾਂਤ ਖੇਤਰ ਵਿਚ ਫਰਾਂਸ ਦੀ ਮੌਜੂਦਗੀ ਵੱਧਣ ਦਾ ਸੰਕੇਤ ਹਨ।

# ਡੈਮੋਕਰੈਟਸ ਵੱਲੋਂ ਇਮੀਗ੍ਰੇਸ਼ਨ ਸੁਧਾਰ ਬਿੱਲ ਪੇਸ਼

## ਭਾਰਤੀਆਂ ਸਮੇਤ ਹੋਰਨਾਂ ਨੂੰ ਮਿਲੇਗੀ ਰਾਹਤ ਤੇ ਵਧਣਗੇ ਮੌਕੇ

**ਸੈਕੋਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਡੈਮੋਕ੍ਰੈਟਸ ਨੇ ਇਕ ਵਿਸ਼ਾਲ ਘੇਰੇ ਵਾਲਾ ਇਮੀਗ੍ਰੇਸ਼ਨ ਸੁਧਾਰ ਬਿੱਲ ਅਮਰੀਕੀ ਸੰਸਦ ਵਿਚ ਪੇਸ਼ ਕੀਤਾ ਹੈ ਜਿਸ ਨਾਲ ਭਾਰਤੀਆਂ ਸਮੇਤ ਹੋਰ ਲੋਕਾਂ ਨੂੰ ਸਥਾਈ ਨਿਵਾਸ ਦਾ ਦਰਜਾ ਜਾਂ ਗਰੀਨ ਕਾਰਡ ਮਿਲਣ ਲਈ ਰਾਹ ਪੱਧਰਾ ਹੋ ਜਾਵੇਗਾ। ਇਸ ਬਿੱਲ ਦੇ ਪਾਸ ਹੋਣ ਨਾਲ ਹੋਰ ਦੇਸ਼ਾਂ ਦੇ ਨਾਲ ਉਨਾਂ ਪੇਸ਼ਾਵਰ ਭਾਰਤੀਆਂ ਨੂੰ ਰਾਹਤ ਮਿਲੇਗੀ ਜੋ ਲੰਬੇ ਸਮੇਂ ਤੋਂ ਅਮਰੀਕਾ ਵਿਚ ਸਥਾਈ ਨਿਵਾਸ ਲਈ ਯਤਨਸ਼ੀਲ ਹਨ। ਇਸ ਬਿੱਲ ਨੂੰ ਸੈਨੇਟਰ ਬੌਬ ਮੈਨਨਡੇਜ਼ ਤੇ ਪ੍ਰਤੀਨਿਧ ਸਦਨ ਦੇ ਮੈਂਬਰ ਲਿੰਡਾ ਸਾਂਚੇਜ਼ ਨੇ ਪੇਸ਼ ਕੀਤਾ। ਬਿੱਲ ਵਿਚ ਹਰੇਕ ਦੇਸ਼ ਵਾਸਤੇ ਗਰੀਨ ਕਾਰਡਾਂ ਦੀ ਸਲਾਨਾ ਸੀਮਾ ਖਤਮ ਕਰਨ ਦੀ ਵਿਵਸਥਾ ਹੈ। ਇਸ ਨਾਲ ਭਾਰਤ ਵਰਗੇ ਦੇਸ਼ਾਂ ਤੋਂ ਹੋਰ ਲੋਕ ਅਮਰੀਕਾ ਜਾ ਸਕਣਗੇ। ਇਸ ਬਿੱਲ ਨਾਲ ਐਚ 1-ਬੀ ਪੇਸ਼ਾਵਰ ਵੀਜ਼ਾ ਵਾਲਿਆਂ ਨੂੰ ਰਾਹਤ ਮਿਲੇਗੀ। ਇਨਾਂ ਨੂੰ ਐਚ1-ਬੀ ਵੀਜ਼ੇ ਸਮੇਤ ਅਮਰੀਕਾ ਵਿਚ ਰਹਿਣ ਦੀ ਇਜਾਜ਼ਤ ਮਿਲ ਜਾਵੇਗੀ। ਇਸ ਸਮੇਂ ਉਨਾਂ ਨੌਜਵਾਨਾਂ ਜੋ 21 ਸਾਲ ਦੇ ਹੋ ਜਾਂਦੇ ਹਨ, ਨੂੰ ਉਸ ਹਾਲਤ ਵਿਚ ਅਮਰੀਕਾ ਵਿਚ ਰਹਿਣ ਦੀ ਇਜ਼ਾਜਤ ਨਹੀਂ ਹੈ ਜੇਕਰ ਉਨਾਂ ਦੇ ਮਾਪਿਆਂ ਕੋਲ ਗਰੀਨ ਕਾਰਡ ਨਹੀਂ ਹੈ। ਇਸ ਤੋਂ ਇਲਾਵਾ ਐਚ 1-ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀ ਨੂੰ ਵੀ ਕੰਮ ਕਰਨ ਦਾ ਅਧਿਕਾਰ ਮਿਲੇਗਾ ਜਿਸ ਵਿਵਸਥਾ ਨੂੰ ਡੋਨਾਲਡ ਟਰੰਪ ਖਤਮ ਕਰਨ ਵਾਸਤੇ ਯਤਨਸ਼ੀਲ ਸੀ। ਸਾਂਚੇਜ਼ ਨੇ ਬਿੱਲ ਪੇਸ਼ ਕਰਦਿਆਂ ਕਿਹਾ ਕਿ ਰੁਜ਼ਗਾਰ ਅਧਾਰਤ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਤਬਦੀਲੀਆਂ ਨਾਲ ਸਾਡੀ ਅਰਥ ਵਿਵਸਥਾ ਵਿਚ ਸੁਧਾਰਾਂ ਨੂੰ ਮੌਕਾ ਮਿਲੇਗਾ। ਸਾਡੀ ਅਰਥ ਵਿਵਸਥਾ ਮਜਬੂਤ ਹੋਵੇਗੀ।

# ਰਿਪਬਲੀਕਨ ਪਾਰਟੀ ਦੇ ਬਹੁਗਿਣਤੀ ਸਮਰਥਕ ਅਜੇ ਵੀ ਟਰੰਪ ਦੇ ਹੱਕ ਵਿੱਚ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ) :** ਰਿਪਬਲੀਕਨ ਪਾਰਟੀ ਵਿਚ ਇਸ ਸਮੇਂ ਅੰਦਰੂਨੀ ਰਾਜਸੀ ਜੰਗ ਚੱਲ ਰਹੀ ਹੈ। ਰਿਪਬਲੀਕਨ ਪਾਰਟੀ ਦੇ ਘੱਟੋ ਘੱਟ 10 ਸੈਨੇਟ ਮੈਂਬਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਕਾਰਨ ਪੁੱਜੇ ਨੁਕਸਾਨ ਦੀ ਪੂਰਤੀ ਲਈ ਪਾਰਟੀ ਦੀ ਅਗਵਾਈ ਕਿਸੇ ਹੋਰ ਆਗੂ ਦੇ ਹੱਥ ਵਿਚ ਦੇਣ ਦੇ ਹੱਕ ਵਿਚ ਹਨ ਤੇ ਇਨਾਂ ਵਿਚੋਂ 7 ਸੈਨੇਟ ਮੈਂਬਰਾਂ ਨੇ ਮਹਾਂਦੋਸ਼ ਮਾਮਲੇ ਵਿਚ ਟਰੰਪ ਵਿਰੁੱਧ ਵੋਟ ਪਾਈ ਸੀ ਪ੍ਰੰਤੂ ਇਕ ਤਾਜ਼ਾ ਸਰਵੇ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਨਵੰਬਰ ਦੀਆਂ ਚੋਣਾਂ ਵਿਚ ਟਰੰਪ ਦਾ ਸਮਰਥਨ ਕਰਨ ਵਾਲੇ ਬਹੁਗਿਣਤੀ ਪਾਰਟੀ ਵੋਟਰ ਅਜੇ ਵੀ ਉਸ ਦੇ ਨਾਲ ਖੜੇ ਨਜ਼ਰ ਆ ਰਹੇ ਹਨ। ਸੁਫੋਲਕ ਯੁਨੀਵਰਸਿਟੀ/ਯੂ ਐਸ ਟੁਡੇ ਦੇ ਇਕ ਤਾਜ਼ਾ ਸਰਵੇ ਵਿਚ ਸਾਬਕਾ ਰਾਸ਼ਟਰਪਤੀ ਵਿਰੁੱਧ ਦੂਸਰੇ ਮਹਾਂਦੋਸ਼ ਜਿਸ ਵਿਚ ਉਹ ਬਰੀ ਹੋ ਗਏ ਸਨ, ਤੋਂ ਬਾਅਦ ਪਾਰਟੀ ਦੇ 46% ਸਮਰਥਕਾਂ ਨੇ ਕਿਹਾ ਹੈ ਕਿ ਉਹ ਉਨਾਂ ਦੇ ਨਾਲ ਹਨ ਤੇ ਜੇਕਰ ਟਰੰਪ ਕੋਈ ਨਵੀਂ ਪਾਰਟੀ ਬਣਾਉਂਦੇ ਹਨ ਤਾਂ ਉਹ ਉਨਾਂ ਦੇ ਨਾਲ ਜਾਣਗੇ। 27% ਪਾਰਟੀ ਸਮਰਥਕ ਉਨਾਂ ਦੇ ਵਿਰੋਧੀ ਹਨ। ਬਾਕੀ 27% ਦੁਚਿੱਤੀ ਵਿਚ ਹਨ। ਸਮਰਥਕਾਂ ਦਾ ਕਹਿਣਾ ਹੈ ਕਿ ਉਨਾਂ ਨੇ ਵੇਖਿਆ ਹੈ ਕਿ ਟਰੰਪ ਹਰ ਦਿਨ ਉਨਾਂ ਲਈ ਲੜੇ ਹਨ ਪ੍ਰੰਤੂ ਕੁਝ ਰਿਪਬਲੀਕਨ ਅਜਿਹੇ ਹਨ ਜੋ ਡੈਮੋਕ੍ਰੈਟਸ ਅੱਗੇ ਝੁਕ ਜਾਂਦੇ ਹਨ ਅਜਿਹੇ ਲੋਕਾਂ ਤੋਂ ਉਮੀਦ ਨਹੀਂ ਰੱਖੀ ਜਾ ਸਕਦੀ। ਸਰਵੇ ਵਿਚ ਸ਼ਾਮਿਲ 54% ਲੋਕਾਂ ਨੇ ਕਿਹਾ ਕਿ ਪਾਰਟੀ ਨੂੰ ਟਰੰਪ ਨਾਲ ਖੜਨਾ ਚਾਹੀਦਾ ਹੈ ਹਾਲਾਂ ਕਿ 19% ਅਜਿਹਾ ਨਹੀਂ ਚਹੁੰਦੇ । ਇਸ ਸਰਵੇ ਵਿਚ ਟਰੰਪ ਦੇ 1000 ਵੋਟਰਾਂ ਨੂੰ ਸ਼ਾਮਿਲ ਕੀਤਾ ਗਿਆ ਸੀ ਤੇ ਉਨਾਂ ਨਾਲ ਫੋਨ ਉੱਪਰ ਸੰਪਰਕ ਕੀਤਾ ਗਿਆ ਸੀ। ਸਰਵੇ ਵਿਚ 3.1% ਦਾ ਵਾਧਾ ਜਾਂ ਘਾਟਾ ਹੋ ਸਕਦਾ ਹੈ।

# ਡਰੱਗ ਤਸਕਰ ਗੁਜ਼ਮੈਨ ਦੀ ਪਤਨੀ ਨਸ਼ਾ ਤਸਕਰੀ 'ਚ ਗ੍ਰਿਫਤਾਰ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਉਮਰ ਭਰ ਲਈ ਜੇਲ ਵਿਚ ਬੰਦ ਡਰੱਗ ਦੀ ਦੁਨੀਆ ਦੇ ਬਾਦਸ਼ਾਹ ਐਲ ਚਾਪੋ ਗੁਜ਼ਮੈਨ ਦੀ ਪਤਨੀ ਨੂੰ ਵਾਸ਼ਿੰਗਟਨ ਡੀ ਸੀ ਏਅਰਪੋਰਟ 'ਤੇ ਹੈਰੋਇਨ, ਕੋਕੀਨ ਤੇ ਚਰਸ ਆਦਿ ਨਸ਼ਿਆਂ ਦੀ ਤਸਕਰੀ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਗਿਆ। 31 ਸਾਲਾਂ ਦੀ ਈਮਾ ਕੋਰੋਨਲ ਏਸਪੁਰੋ ਅਮਰੀਕਾ ਤੇ ਮੈਕਸੀਕੋ ਦੀ ਦੋਹਰੀ ਨਾਗਰਿਕਤਾ ਰਖਦੀ ਹੈ। ਉਸ ਦਾ ਪਤੀ ਗੁਜ਼ਮੈਨ ਮੈਕਸੀਕੋ ਦੇ ਸਿਨਾਲੋਆ ਨਸ਼ਾ ਗਿਰੋਹ ਦਾ ਸਰਗਨਾ ਹੈ ਜੋ ਨਸ਼ਾ ਤਸਕਰੀ ਦੇ ਮਾਮਲੇ ਵਿਚ ਉਮਰ ਕੈਦ ਕੱਟ ਰਿਹਾ ਹੈ। ਉਸ ਨੂੰ ਮੰਗਲਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਮੋਦੀ ਸਰਕਾਰ ਕਿਸਾਨ ਮੋਰਚੇ ਉਪਰ ਸ਼ਹੀਨ ਬਾਗ ਵਾਲੀਆਂ ਨੀਤੀਆਂ ਅਪਨਾਉਣ ਲਗੀ

**ਟਿਕਰੀ ਬਾਰਡਰ ਤੋਂ ਬਘੇਲ ਸਿੰਘ**

ਦਿੱਲੀ ਪੁਲਿਸ ਵੱਲੋਂ ਟਿਕਰੀ ਬਾਰਡਰ ’ਤੇ ਬੈਠੇ ਕਿਸਾਨਾਂ ਨੂੰ ਚੇਤਾਵਨੀ ਦਿੱਤੀ ਗਈ, ਤੇ ਇਹ ਚੇਤਾਵਨੀ ਪੁਲਿਸ ਨੇ ਧਰਨੇ ਵਾਲੀ ਥਾਂ ਤੋਂ ਲੰਘਦੀ ਮੈਟਰੋ ਲਾਈਨ ਦੇ ਖੰਭਿਆਂ ਤੇ ਹੋਰ ਥਾਵਾਂ ’ਤੇ ਹਿੰਦੀ ਤੇ ਪੰਜਾਬੀ ਵਿੱਚ ਪੋਸਟਰ ਲਾ ਕੇ ਦਿੱਤੀ। ਇਨਾਂ ਪੋਸਟਰਾਂ ਵਿੱਚ ਚੇਤਾਵਨੀ ਦਿੱਤੀ ਗਈ ਹੈ ਕਿ ਇਹ ਥਾਂ ਖਾਲੀ ਕੀਤੀ ਜਾਵੇ। ਸੰਯੁਕਤ ਕਿਸਾਨ ਮੋਰਚਾ ਨੇ ਪੁਲਿਸ ਦੀ ਇਸ ਕਾਰਵਾਈ ਦੀ ਤਿੱਖੀ ਅਲੋਚਨਾ ਕੀਤੀ ਹੈ।

ਦੂਜੇ ਪਾਸੇ ਪ੍ਰੈੱਸ ਨੋਟ ਜਾਰੀ ਕਰਕੇ ਸੰਯੁਕਤ ਕਿਸਾਨ ਮੋਰਚਾ ਤੇ ਹੋਰ ਜਥੇਬੰਦੀਆਂ ਨੇ ਟਿਕਰੀ ਬਾਰਡਰ ’ਤੇ ਤਿੰਨਾਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਦਿੱਤੇ ਜਾ ਰਹੇ ਧਰਨੇ ਵਾਲੀ ਥਾਂ ਨੂੰ ਖਾਲੀ ਕਰਨ ਲਈ ਦਿੱਲੀ ਪੁਲਿਸ ਵੱਲੋਂ ਲਾਏ ਨੋਟਿਸਾਂ ਦੀ ਨਿਖੇਧੀ ਕੀਤੀ ਹੈ। ਕਿਸਾਨ ਲੀਡਰਾਂ ਨੇ ਕਿਹਾ ਕਿ ਦਿੱਲੀ ਪੁਲਿਸ ਵੱਲੋਂ ਟਿਕਰੀ ਬਾਰਡਰ ’ਤੇ ਚੱਲ ਰਹੇ ਧਰਨੇ ਵਾਲੀ ਥਾਂ ਉੱਤੋਂ ਲੰਘਦੀ ਮੈਟਰੋ ਲਾਈਨ ਦੇ ਖੰਭਿਆਂ ਅਤੇ ਹੋਰ ਥਾਵਾਂ ’ਤੇ ਹਿੰਦੀ ਤੇ ਪੰਜਾਬੀ ਵਿੱਚ ਇਹ ਪੋਸਟਰ ਲਾਏ ਗਏ ਹਨ, ਉਨਾਂ ਕਿਹਾ ਕਿ ਸਥਾਨਕ ਮੁੰਡਕਾ ਥਾਣਾ ਪੁਲਿਸ ਵੱਲੋਂ ਇਹ ਨੋਟਿਸ ਲਏ ਗਏ ਹਨ ਪਰ ਕਿਸਾਨਾਂ ਨੂੰ ਇਸ ਚਿਤਾਵਨੀ ਤੋਂ ਪ੍ਰੇਸ਼ਾਨ ਹੋਣ ਦੀ ਲੋੜ ਨਹੀਂ ਕਿਉਂਕਿ ਉਨਾਂ ਕਿਹਾ ਕਿ ਇਹ ਪੋਸਟਰਾਂ ਦੀ ਕੋਈ ਅਹਿਮੀਅਤ ਨਹੀਂ, ਕਿਉਂਕਿ ਕਿਸਾਨ ਆਪਣੀਆਂ ਮੰਗਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਹਨ। ਉਨਾਂ ਕਿਹਾ ਕਿ ਇਸ ਤਰਾਂ ਦੀਆਂ ਧਮਕੀਆਂ, ਚਿਤਾਵਨੀਆਂ ਰਾਹੀਂ ਸੰਘਰਸ਼ਸ਼ੀਲ ਪ੍ਰਦਰਸ਼ਨਾਂ ਤੇ ਕਿਸਾਨ ਅੰਦੋਲਨ ਨੂੰ ਖ਼ਤਮ ਕਰਨ ਦਾ ਵਿਰੋਧ ਕਰਦਿਆਂ ਅੰਦੋਲਨ ਨੂੰ ਹੋਰ ਮਜ਼ਬੂਤ ਤੇ ਅਜਿਹੀਆਂ ਸਾਜਸ਼ਿਾਂ ਖਲਿਾਫ ਕਿਸਾਨਾਂ ਨੂੰ ਲਾਮਬੰਦ ਕੀਤਾ ਜਾਵੇਗਾ।

**ਭਾਜਪਾ ਨੇਤਾ ਕਪਿਲ ਮਿਸ਼ਰਾ ਵਲੋਂ ਧਮਕੀ**

ਕਪਿਲ ਮਿਸ਼ਰਾ ਨੇ ਪਿਛਲੇ ਸਾਲ ਉੱਤਰ ਪੂਰਬੀ ਦਿੱਲੀ ਵਿੱਚ ਸੀਏਏ ਦੇ ਸਮਰਥਨ ਵਿੱਚ ਇੱਕ ਰੈਲੀ ਦੀ ਅਗਵਾਈ ਕੀਤੀ ਸੀ, ਜਿਸ ਕਰਕੇ ਉਸ ’ਤੇ ਇਹ ਇਲਜਾਮ ਲਗਾਇਆ ਜਾਂਦਾ ਹੈ ਕਿ ਇਸ ਸਮੇਂ ਦੌਰਾਨ ਉਸਨੇ ਭੜਕਾਊ ਭਾਸ਼ਣ ਦਿੱਤਾ, ਜਿਸ ਤੋਂ ਬਾਅਦ ਉਸਨੇ ਕਥਿਤ ਤੌਰ ਉਪਰ ਦੰਗੇ ਭੜਕਾਏ। ਅਗਲੇ ਦਿਨ ਦਿੱਲੀ ਵਿਚ ਦੰਗੇ ਹੋਏ, ਜਿਸ ਵਿਚ 53 ਲੋਕਾਂ ਦੀ ਜਾਨ ਗਈ ਸੀ। ਬੀਤੇ ਸੋਮਵਾਰ ਨੂੰ, ਦਿੱਲੀ ਦੇ ਸੰਵਿਧਾਨਕ ਕਲੱਬ ਵਿੱਚ ਆਯੋਜਿਤ ਇੱਕ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਕਪਿਲ ਮਿਸ਼ਰਾ ਨੇ ਕਿਹਾ ਕਿ ਜੇ ਲੋੜ ਪਈ ਤਾਂ ਉਹ ਫਿਰ ਤੋਂ ਅਜਿਹਾ ਕਰਨਗੇ, ਜੋ ਪਿਛਲੇ ਸਾਲ 23 ਫਰਵਰੀ ਨੂੰ ਕੀਤਾ ਗਿਆ ਸੀ। ਮਿਸ਼ਰਾ ਨੇ ਕਿਹਾ ਕਿ ਦਿੱਲੀ ਹਿੰਸਾ ਦਾ ਇੱਕ ਸਾਲ ਰਿਹਾ ਹੈ, ਇਸ ਲਈ ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ। ਜੋ ਪਿਛਲੇ ਸਾਲ 23 ਫਰਵਰੀ ਨੂੰ ਕੀਤਾ ਗਿਆ ਸੀ, ਮੈਂ ਜ਼ਰੂਰਤ ਪੈਣ ਤੇ ਦੁਬਾਰਾ ਕਰਾਂਗਾ।

ਤੁਹਾਨੂੰ ਦੱਸ ਦਈਏ ਕਿ ਕਪਿਲ ਮਿਸ਼ਰਾ ਨੇ ਪਿਛਲੇ ਸਾਲ ਉੱਤਰ ਪੂਰਬੀ ਦਿੱਲੀ ਵਿੱਚ ਸੀਏਏ ਦੇ ਸਮਰਥਨ ਵਿੱਚ ਇੱਕ ਰੈਲੀ ਦੀ ਅਗਵਾਈ ਕੀਤੀ ਸੀ ਅਤੇ ਪੁਲਿਸ ਨੂੰ ਚਿਤਾਵਨੀ ਦਿੱਤੀ ਸੀ ਕਿ ਸੀਏਏ ਵਿਰੋਧੀ ਪ੍ਰਦਰਸ਼ਨਕਾਰੀਆਂ ਨੂੰ ਇਸ ਖੇਤਰ ਤੋਂ ਹਟਾ ਦਿੱਤਾ ਜਾਵੇ। ਇਲਜ਼ਾਮ ਲਗਾਇਆ ਜਾਂਦਾ ਹੈ ਕਿ ਇਸ ਸਮੇਂ ਦੌਰਾਨ ਉਸਨੇ ਭੜਕਾਊ ਭਾਸ਼ਣ ਦਿੱਤਾ, ਜਿਸ ਤੋਂ ਬਾਅਦ ਹਿੰਸਾ ਹੋਰ ਵਧ ਗਈ।

ਕਪਿਲ ਮਿਸ਼ਰਾ ਨੇ ਕਿਹਾ ਕਿ ਜੇਹਾਦ ਕਰਨ ਵਾਲੀਆਂ ਤਾਕਤਾਂ ਨੇ ਦਿੱਲੀ ਹਿੰਸਾ ਨੂੰ ਅੰਜਾਮ ਦਿੱਤਾ ਸੀ। ਇਸ ਘਟਨਾ ਨੂੰ ਹੁਣ ਇਕ ਸਾਲ ਹੋ ਗਿਆ ਹੈ। ਬਿਲਕੁਲ ਉਹੀ ਪੈਟਰਨ ਅਜੇ ਵੀ ਦੇਖਿਆ ਜਾ ਰਿਹਾ ਹੈ। ਖੇਤੀ ਸੁਧਾਰਾਂ ’ਤੇ ਸੰਸਦ ’ਚੋਂ ਪਾਸ ਤਿੰਨ ਨਵੇਂ ਖੇਤੀ ਕਾਨੂੰਨਾਂ ਨੂੰ ਲੈ ਕੇ ਅੰਦੋਲਨਕਾਰੀ ਕਿਸਾਨ ਸੰਗਠਨਾਂ ਅਤੇ ਸਰਕਾਰ ਵਿਚਕਾਰ ਬਣੀ ਰੁਕਾਵਟ ਲੰਮੀ ਹੁੰਦੀ ਜਾ ਰਹੀ ਹੈ। ਆਖਰੀ ਗੇੜ ਦੀ ਗੱਲਬਾਤ ਤੋਂ ਬਾਅਦ ਅੱਜ ਪੂਰਾ ਇਕ ਮਹੀਨਾ ਹੋ ਗਿਆ, ਪਰ ਦੋਵੇਂ ਪਾਸਿਓਂ ਅਗਲੀ ਗੱਲਬਾਤ ਨੂੰ ਲੈ ਕੇ ਕੋਈ ਹਲਚਲ ਨਹੀਂ ਹੈ।

> ** ਦਿੱਲੀ ਪੁਲਿਸ ਵੱਲੋਂ ਪੋਸਟਰ ਲਗਾਕੇ ਟਿਕਰੀ ਬਾਰਡਰ ’ਤੇ ਬੈਠੇ ਕਿਸਾਨਾਂ ਨੂੰ ਚੇਤਾਵਨੀ, ਸੰਯੁਕਤ ਕਿਸਾਨ ਮੋਰਚਾ ਵੱਲੋਂ ਸਖ਼ਤ ਨੋਟਿਸ*
> ** ਭਾਜਪਾ ਨੇਤਾ ਕਪਿਲ ਮਿਸਰਾ ਵਲੋਂ ਕਿਸਾਨਾਂ ਨੂੰ ਧਮਕੀ , ਕਿਹਾ- ਜੇ ਲੋੜ ਪਈ ਤਾਂ ਮੈਂ ਮੁੜ ਉਹੀ ਕਰਾਂਗਾ, ਜੋ ਮੈਂ ਪਿਛਲੇ ਸਾਲ ਕੀਤਾ ਸੀ*

**ਸਰਕਾਰ ਤੇ ਕਿਸਾਨਾਂ ਦੀ ਆਪਸੀ ਗੱਲਬਾਤ ਸਿਰੇ ਨਹੀਂ ਚੜ ਰਹੀ**

ਸਰਕਾਰ ਨੂੰ ਹੁਣ ਵੀ ਕਿਸਾਨ ਸੰਗਠਨਾਂ ਵੱਲੋਂ ਗੱਲਬਾਤ ਦੇ ਪ੍ਰਸਤਾਵ ਦਾ ਇੰਤਜ਼ਾਰ ਹੈ। ਅੰਦੋਲਨਕਾਰੀ ਕਿਸਾਨ ਸੰਗਠਨਾਂ ਦੇ ਕੁਝ ਨੇਤਾ ਗੱਲਬਾਤ ਲਈ ਉਤਸੁਕ ਹਨ, ਪਰ ਮੋਦੀ ਸਰਕਾਰ ਆਪਣੇ ਬਣਾਏ ਖੇਤੀ ਕਨੂੰਨ ਵਾਪਸ ਲੈਣ ਲਈ ਤਿਆਰ ਨਹੀਂ ਜਿਸ ਕਰਕੇ ਆਪਸੀ ਗੱਲਬਾਤ ਰੁਕੀ ਹੋਈ ਹੈ, ਜਦੋਂ ਕਿ ਸੁਪਰੀਮ ਕੋਰਟ ਵੱਲੋਂ ਗਠਿਤ ਮਾਹਿਰ ਕਮੇਟੀ ਦੀਆਂ ਬੈਠਕਾਂ ਦਾ ਦੌਰ ਲਗਾਤਾਰ ਜਾਰੀ ਹੈ।

22 ਜਨਵਰੀ ਨੂੰ 11ਵੇਂ ਗੇੜ ਦੀ ਆਖ਼ਰੀ ਵਾਰ ਗੱਲਬਾਤ ਹੋਈ ਸੀ ਜੋ ਬਿਨਾਂ ਕਿਸੇ ਨਤੀਜੇ ਦੇ ਸਮਾਪਤ ਹੋ ਗਈ ਸੀ। ਗੱਲਬਾਤ ਤੋਂ ਬਾਅਦ ਕੇਂਦਰੀ ਮੰਤਰੀ ਨਰੇਂਦਰ ਤੋਮਰ ਨੇ ਕਿਹਾ ਸੀ ਕਿ ਕਿਸਾਨ ਸੰਗਠਨਾਂ ਦੇ ਸਾਹਮਣੇ ਸਰਕਾਰ ਨੇ ਆਪਣਾ ਪੱਖ ਰੱਖ ਦਿੱਤਾ ਹੈ ਕਿ ਜੇਕਰ ਤਿੰਨੇ ਕਾਨੂੰਨਾਂ ਦੀਆਂ ਇਤਰਾਜ ਵਾਲੀਆਂ ਤਜਵੀਜ਼ਾਂ ’ਤੇ ਗੱਲਬਾਤ ਲਈ ਕਿਸਾਨ ਨੇਤਾ ਆਉਣਾ ਚਾਹੁਣ ਤਾਂ ਸਮਾਂ ਦੱਸ ਕੇ ਆ ਸਕਦੇ ਹਨ। ਸਰਕਾਰ ਹਰ ਸਮੇਂ ਗੱਲਬਾਤ ਕਰਨ ਨੂੰ ਤਿਆਰ ਹੈ। ਸਰਕਾਰ ਵੱਲੋਂ ਗੱਲਬਾਤ ’ਚ ਤਿੰਨੇ ਕਾਨੂੰਨਾਂ ਨੂੰ ਡੇਢ ਸਾਲ ਤਕ ਮੁਲਤਵੀ ਕਰਨ ਦਾ ਪ੍ਰਸਤਾਵ ਵੀ ਰੱਖਿਆ ਗਿਆ ਸੀ ਪਰ ਕਿਸਾਨ ਸੰਗਠਨਾਂ ਦੀ ਕਾਨੂੰਨ ਰੱਦ ਕਰਨ ਦੇ ਫੈਸਲੇ ਕਾਰਨ ਗੱਲਬਾਤ ਫੇਲ ਹੋ ਗਈ ਸੀ। ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਅੰਦੋਲਨਕਾਰੀ ਕਿਸਾਨ ਸੰਗਠਨਾਂ ਨੇ ਦਿੱਲੀ ਦੀਆਂ ਹੱਦਾਂ ’ਤੇ ਡੇਰਾ ਲਾ ਰੱਖਿਆ ਹੈ। ਇਸ ਦੌਰਾਨ 26 ਜਨਵਰੀ ਨੂੰ ਟਰੈਕਟਰ ਰੈਲੀ ਕੱਢ ਰਹੇ ਕਿਸਾਨ ਸੰਗਠਨਾਂ ਨੇ ਲਾਲ ਕਿਲੇ ’ਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾਇਆ ਸੀ, ਪਰ ਮੋਦੀ ਸਰਕਾਰ ਨੇ ਕਿਸਾਨਾਂ ਉਪਰ ਹਿੰਸਾ ਕਰਨ ਦੇ ਦੋਸ਼ ਲਗਾਏ ਸਨ ਜਿਸ ਕਾਰਨ ਦਿੱਲੀ ਪੁਲਿਸ ਨੇ ਜਾਂਚ ਸ਼ੁਰੂ ਕਰ ਕੇ ਕਈ ਅੰਦੋਲਨਕਾਰੀ ਆਗੂਆਂ ਅਤੇ ਕਥਿਤ ਹਿੰਸਾ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਅੰਦੋਲਨਕਾਰੀ ਕਿਸਾਨ ਸੰਗਠਨਾਂ ਨੇ ਅੰਦੋਲਨ ਨੂੰ ਤੇਜ਼ ਕਰਨ ਦੀ ਰਣਨੀਤੀ ਤਹਿਤ ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ’ਚ ਜਨ ਰੈਲੀਆਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਨਾਲ ਅੰਦੋਲਨ ਦੀ ਜੋ ਕਮਾਨ ਪਹਿਲਾਂ ਪੰਜਾਬ ਦੇ ਕਿਸਾਨ ਸੰਗਠਨਾਂ ਦੇ ਹੱਥ ’ਚ ਸੀ, ਉਹ ਹੁਣ ਹਰਿਆਣਾ ਦੇ ਕਿਸਾਨ ਨੇਤਾ ਗੁਰਨਾਮ ਸਿੰਘ ਚੜੂਨੀ ਅਤੇ ਭਾਰਤੀ ਕਿਸਾਨ ਯੂਨੀਅਨ ਦੇ ਨੇਤਾ ਰਾਕੇਸ਼ ਟਿਕੈਤ ਦੇ ਹੱਥਾਂ ’ਚ ਆ ਗਈ ਹੈ। ਇਸ ਨੂੰ ਲੈ ਕੇ ਵੀ ਅੰਦੋਲਨਕਾਰੀ ਸੰਗਠਨਾਂ ’ਚ ਮਤਭੇਦ ਉੱਭਰਨ ਲੱਗੇ ਹਨ ਤੇ ਦੂਸਰੇ ਪਾਸੇ ਲੱਖਾ ਸਿਧਾਣਾ ਦਾ ਗਰੁੱਪ ਪੰਜਾਬ ਵਿਚ ਰੈਲੀਆਂ ਕਰਕੇ ਆਪਣੀ ਤਾਕਤ ਦਿਖਾ ਰਿਹਾ ਹੈ।

# ਬਾਇਡਨ ਭਾਰਤ ’ਤੇ ਮਨੁੱਖੀ ਅਧਿਕਾਰਾਂ ਦੇ ਮਾਮਲਿਆਂ ਬਾਰੇ ਦਬਾਅ ਪਾ ਸਕਦੇ ਨੇ

## ✪ ਬਾਇਡਨ ਦੀ ਵਿਦੇਸ਼ ਨੀਤੀ ਦਾ ਇੱਕ ਮੁੱਖ ਮਕਸਦ ਦੁਨੀਆਂ ਭਰ ਵਿੱਚ ਲੋਕਤੰਤਰ ਨੂੰ ਉਤਸ਼ਾਹਿਤ ਕਰਨਾ

## ✪ ਚੀਨ ਵਿਰੁੱਧ ਭਾਰਤ ਨਾਲ ਗੂੜੇ ਸਬੰਧ ਕਾਇਮ ਰੱਖੇਗਾ ਅਮਰੀਕਾ

**ਨਿਊਯਾਰਕ/ਏ.ਟੀ.ਨਿਊਜ਼:** ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਕਾਰਜਕਾਲ ਦੌਰਾਨ ਦੋਵੇਂ ਦੇਸ਼ ਆਪਣੇ ਸਿਆਸੀ ਅਤੇ ਰਣਨੀਤਿਕ ਸਬੰਧਾਂ ਨੂੰ ਹੋਰ ਗੂੜੇ ਕਰਨ ਦੀ ਦਿਸ਼ਾ ਵਿੱਚ ਲਗਤਾਰ ਕੰਮ ਕਰ ਰਹੇ ਸਨ। ਭਾਰਤ ਨੂੰ ਲਗਾਤਾਰ ਪਾਕਿਸਤਾਨ ਅਤੇ ਚੀਨ ਨਾਲ ਤਕਰਾਰ ਦੀ ਸਥਿਤੀ ਵਿੱਚ ਅਮਰੀਕਾ ਦਾ ਸਾਥ ਮਿਲਦਾ ਰਹਿੰਦਾ ਸੀ। ਇਨਾਂ ਮੁੱਦਿਆਂ ’ਤੇ ਭਾਰਤ ਨੂੰ ਹੁਣ ਵੀ ਅਮਰੀਕੀ ਥਾਪੜਾ ਮਿਲਣ ਦੀ ਉਮੀਦ ਹੈ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਵਿੱਚ ਧਾਰਮਿਕ ਅਜ਼ਾਦੀ ਅਤੇ ਪ੍ਰਗਟਾਵੇ ਦੀ ਅਜ਼ਾਦੀ ਦੇ ਮਾਮਲੇ ਉੱਪਰ ਅਮਰੀਕਾ ਦਾ ਰੁਖ ਵੱਖਰਾ ਹੋ ਸਕਦਾ ਹੈ। ਆਮ ਤੌਰ ’ਤੇ ਅਮਰੀਕਾ ਇੱਕ ਮਜਬੂਤ ਭਾਰਤ ਨੂੰ ਉੱਭਰ ਰਹੇ ਚੀਨ ਦੇ ਸਾਹਮਣੇ ‘ਕਾਊਂਟਰ ਬੈਲੰਸ’ ਵਜੋਂ ਦੇਖਦਾ ਹੈ । ਬਾਇਡਨ ਦੇ ਕਾਰਜਕਾਲ ਵਿੱਚ ਵੀ ਸ਼ਾਇਦ ਇਹੀ ਨੀਤੀ ਕਾਇਮ ਰਹੇ ਕਿਉਂਕਿ ਚੀਨ ਦੇ ਨਾਲ ਅਮਰੀਕੀ ਰਿਸ਼ਤਿਆਂ ਵਿੱਚ ਤਣਾਅ ਆ ਚੁੱਕਿਆ ਹੈ, ਫਿਰ ਵੀ ਬਾਇਡਨ ਭਾਰਤ ਉੱਪਰ ਲੋਕਤੰਤਰ ਵਿੱਚ ਪਰਪੱਖ ਰਹਿਣ ਲਈ ਟਰੰਪ ਨਾਲੋਂ ਜ਼ਿਆਦਾ ਦਬਾਅ ਰੱਖ ਸਕਦੇ ਹਨ। ਬਾਇਡਨ ਦੀ ਵਿਦੇਸ਼ ਨੀਤੀ ਦਾ ਇੱਕ ਮੁੱਖ ਮਕਸਦ ਦੁਨੀਆਂ ਭਰ ਵਿੱਚ ਲੋਕਤੰਤਰ ਨੂੰ ਉਤਸ਼ਾਹਿਤ ਕਰਨਾ ਅਤੇ ਸੁਰੱਖਿਆ ਯਕੀਨੀ ਬਣਾਉਣਾ ਹੈ।

ਅੰਗਰੇਜ਼ੀ ਅਖਬਾਰ ‘ਦਿ ਟੈਲੀਗ੍ਰਾਫ’ ਯੂਕੇ ਦੇ ਸਿਆਸੀ ਵਿਸਲੇਸਕ ਅਸੀਮ ਅਲੀ ਕਹਿੰਦੇ ਹਨ, ‘ਕੋਈ ਵੀ ਲੋਕਤੰਤਰੀ ਦੇਸ ਇੰਨੀ ਤੇਜੀ ਨਾਲ ਨਿਘਾਰ ਵੱਲ ਨਹੀਂ ਜਾ ਰਿਹਾ ਜਿੰਨਾ ਕਿ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਭਾਰਤ ਜਾ ਰਿਹਾ ਹੈ, ਉਹ ਅੱਗੇ ਲਿਖਦੇ ਹਨ’, ‘ਬਾਇਡਨ ਪ੍ਰਸਾਸਨ ਕੋਲ ਕਈ ਅਜਿਹੇ ਬਦਲ ਹਨ ਜਿਨਾਂ ਰਾਹੀਂ ਉਹ ਭਾਰਤ ਨੂੰ ਬਿਨਾਂ ਕਿਸੇ ਕੂਟਨੀਤਿਕ ਟਕਰਾਅ ਦੇ ਲੋਕਤੰਤਰ ਦੇ ਰਾਹ ’ਤੇ ਵਾਪਸ ਲਿਆ ਸਕਦਾ ਹੈ।’

ਮੋਦੀ ਦੇ ਕੁਝ ਆਲੋਚਕ ਮੰਨਦੇ ਹਨ ਕਿ ਉਨਾਂ ਦੀ ਸਰਕਾਰ ਲਗਾਤਾਰ ਦੇਸ਼ ਦੀ ਲੋਕਤੰਤਰੀ ਅਤੇ ਧਰਮ ਨਿਰਪੱਖ ਨੀਂਹ ਨੂੰ ਕਮਜ਼ੋਰ ਕਰਨ ਵਿੱਚ ਲੱਗੀ ਹੋਈ ਹੈ। ਮੀਡੀਆ ਅਤੇ ਨਿਆਂਇਕ ਪ੍ਰਣਾਲੀ ਵਿੱਚ ਮੌਜੂਦ ਆਪਣੇ ਸਹਿਯੋਗੀਆਂ ਦੀ ਮਦਦ ਦੀ ਬਦੌਲਤ ਉਹ ਅਜਿਹਾ ਕਰ ਪਾ ਰਹੇ ਹਨ।

ਸਿਆਸੀ ਵਿਸਲੇਸ਼ਕ ਪ੍ਰਤਾਪ ਭਾਨੂੰ ਮਹਿਤਾ ਇਸ ਨੂੰ ‘ਨਿਆਂਇਕ ਬਰਾਬਰਤਾ ਉੱਪਰ ਉਤਰਨਾ’ ਕਹਿੰਦੇ ਹਨ। ਸਰਕਾਰ ਅਤੇ ਉਸ ਦੇ ਆਲੋਚਕਾਂ ਦੇ ਦਰਮਿਆਨ ਤਕਰਾਰ ਦੀ ਸਭ ਤੋਂ ਤਾਜ਼ਾ ਮਿਸਾਲ ਖੇਤੀ ਕਾਨੂੰਨ ਹਨ। ਇਨਾਂ ਕਾਨੂੰਨਾਂ ਦੇ ਖਿਲਾਫ ਵਿਰੋਧ-ਮੁਜ਼ਾਹਰੇ ਕਰ ਰਹੇ ਕਿਸਾਨਾਂ ਨੂੰ ਸੱਤਾਧਾਰੀ ਭਾਜਪਾ ਦੇ ਕੁਝ ਆਗੂ ‘ਦੇਸ਼ਧ੍ਰੋਹੀ’ ਅਤੇ ‘ਅੱਤਵਾਦੀ’ ਤੱਕ ਕਹਿ ਰਹੇ ਹਨ।

ਸਰਕਾਰ ਵਿੱਚ ਕਾਬਜ਼ ਪਾਰਟੀ ਦਾ ਤੰਤਕ ਅਕਸਰ ਇਸ ਤਰਾਂ ਦੇ ਸੰਬੋਧਨ ਦੀ ਵਰਤੋਂ ਆਪਣੀ ਆਲੋਚਨਾ ਬੰਦ ਕਰਨ ਲਈ ਕਰਦਾ ਹੈ।

ਭਾਰਤ ਵਿੱਚ ਮੌਜੂਦ ਅਮਰੀਕੀ ਦੂਤਾਵਾਸ ਨੇ ਚਾਰ ਫਰਵਰੀ ਦੇ ਇੱਕ ਬਿਆਨ ਵਿੱਚ ਕਿਹਾ ਹੈ ਕਿ ‘ਅਸੀਂ ਜਾਨਣਾ ਚਾਹੁੰਦੇ ਹਾਂ ਕਿ ਸ਼ਾਂਤੀਪੂਰਣ ਪ੍ਰਦਰਸ਼ਨ ਕਿਸੇ ਵੀ ਲੋਕਤੰਤਰ ਦੀ ਪਛਾਣ ਹਨ...’ ਅਸੀਂ ਵੱਖ-ਵੱਖ ਧਿਰਾਂ ਦੇ ਕਿਸੇ ਵੀ ਮਤਭੇਦ ਨੂੰ ਗੱਲਬਾਤ ਰਾਹੀਂ ਸੁਲਝਾਉਣ ਨੂੰ ਉਤਸ਼ਾਹਿਤ ਕਰਦੇ ਹਾਂ।’

ਕਸ਼ਮੀਰ ਬਾਰੇ ਭਾਰਤੀ ਕਾਰਵਾਈਆਂ ਉੱਪਰ ਟੇਢੀ ਨਜ਼ਰ ਅਗਸਤ 2019 ਵਿੱਚ ਭਾਰਤ ਸ਼ਾਸਤ ਕਸ਼ਮੀਰ ਵਿੱਚ ਇਸ ਦੀ ਖੁਦਮੁਖਤਾਰੀ ਖਤਮ ਕਰਨ ਤੋਂ ਬਾਅਦ ਭਾਰਤ ਸਰਕਾਰ ਨੇ ਸੁਰੱਖਿਆ ਸਬੰਧੀ ਕਦਮ ਚੁੱਕੇ ਸਨ। ਸਰਕਾਰ ਨੇ ਦੂਰ ਸੰਚਾਰ ਦੇ ਸਾਰੇ ਸਾਧਨ ਬੰਦ ਕਰ ਦਿੱਤੇ ਸਨ, ਹਾਲੇ ਪਿਛਲੇ ਸਾਲ ਹੀ ਇੰਟਰਨੈੱਟ ਬਹਾਲ ਕੀਤਾ ਗਿਆ ਹੈ।

ਭਾਰਤ ਦੇ ਇਸ ਰਵਈਏ ਬਾਰੇ ਬਾਇਡਨ ਅਤੇ ਡੈਮੋਕ੍ਰੇਟਿਕ ਪਾਰਟੀ ਦਾ ਕਈ ਹੋਰ ਆਗੂਆਂ ਨੇ ਆਪਣੀ ਚਿੰਤਾ ਪ੍ਰਗਟ ਕੀਤੀ ਹੈ ਪਰ ਭਾਰਤ ਨੇ ਇਸ ਨੂੰ ਹਾਂ-ਪੱਖੀ ਤਰੀਕੇ ਨਾਲ ਨਹੀਂ ਲਿਆ।

ਕਸ਼ਮੀਰ ਬਾਰੇ ਅਮਰੀਕੀ ਸਾਂਸਦ ਪ੍ਰੋਮਿਲਾ ਜੈਪਾਲ ਦੇ ਇਤਰਾਜ਼ਾਂ ਤੋਂ ਬਾਅਦ ਵਿਦੇਸ਼ ਮੰਤਰੀ ਸੁਬਰਾਮਣੀਅਮ ਜੈ ਸ਼ੰਕਰ ਨੇ ਦਸੰਬਰ 2019 ਵਿੱਚ ਅਮਰੀਕੀ ਸੰਸਦਾਂ ਨਾਲ ਹੋਣ ਵਾਲੀ ਇੱਕ ਬੈਠਕ ਨੂੰ ਰੱਦ ਕਰ ਦਿੱਤਾ ਸੀ ।ਪ੍ਰੋਮਿਲਾ ਜੈਪਾਲ ਹੁਣ ਬਾਇਡਨ ਪ੍ਰਸਾਸ਼ਨ ਦੀ ਅਹਿਮ ਮੈਂਬਰ ਹੈ ਤੇ ਇਸ ਦੇ ਨਾਲ ਹੀ ਉਹ ਕਾਂਗਰੇਸ਼ਨਲ ਪ੍ਰੋਗਰੈਸਿਵ ਕਾਕਸ ਦੇ ਮੁਖੀ ਵੀ ਹੈ ਜਿਸ ਵਿੱਚ ਅਜਿਹੇ ਡੈਮੋਕ੍ਰੇਟ ਆਗੂ ਵੱਡੀ ਗਿਣਤੀ ਵਿੱਚ ਹਨ ਜੋ ਮਨੁੱਖੀ ਹੱਕਾਂ ਦੇ ਘਾਣ ਬਾਰੇ ਖੁੱਲ ਕੇ ਬੋਲਦੇ ਹਨ। ਇਹ ਦੇਖਣ ਵਾਲੀ ਗੱਲ ਹੋਵੇਗੀ ਕਿ ਅਜੋਕੇ ਸਮੇਂ ਕਿ ਹੁੰਦਾ ਹੈ ਕਿਉਂਕਿ ਅਮਰੀਕਾ ਅਕਸਰ ਚੀਨ ਅਤੇ ਰੂਸ ਨੂੰ ਲੋਕਤੰਤਰੀ ਕੀਮਤਾਂ ਦੀ ਉਲੰਘਣਾ ਲਈ ਕੋਸਦਾ ਹੈ, ਤਾਂ ਕੀ ਭਾਰਤ ਨਾਲ ਵੀ ਉਹੀ ਵਤੀਰਾ ਅਪਣਾਇਆ ਜਾਵੇਗਾ ?



**ਵਪਾਰਕ ਅਸਹਿਮਤੀਆਂ**

ਵਪਾਰ ਦੇ ਖੇਤਰ ਵਿੱਚ ਵੀ ਭਾਰਤ ਅਤੇ ਅਮਰੀਕਾ ਦੇ ਆਪਸੀ ਮਤਭੇਦ ਸਾਹਮਣੇ ਆ ਸਕਦੇ ਹਨ। ਪਿਛਲੇ ਕੁਝ ਦਹਾਕਿਆਂ ਤੋਂ ਇਨਾਂ ਦੋਵਾਂ ਦੇਸ਼ਾਂ ਵਿੱਚ ਵਪਾਰ ਵਧਿਆ ਹੈ ਇਸ ਦੇ ਬਾਵਜੂਦ ਟੈਰਿਫ, ਇੰਟਲੈਕਚੂਅਲ ਪ੍ਰਾਪਰਟੀ ਦਾ ਅਧਿਕਾਰ ਅਤੇ ਕੰਮ ਦੇ ਵੀਜ਼ਾ ਵਰਗੇ ਕੁਝ ਅਣਸੁਲਝੇ ਮਸਲੇ ਬਣੇ ਹੋਏ ਹਨ।

ਮੋਦੀ ਵੱਲੋਂ ਆਰਥਿਕਤਾ ਦੇ ਮਾਮਲੇ ਵਿੱਚ ਆਤਮ ਨਿਰਭਰ ਬਣਨ ਦਾ ਸੱਦਾ ਇਸ ਲਿਸਟ ਨੂੰ ਅੱਗੇ ਵਧਾਉਣ ਵਾਲਾ ਹੈ। ਕਈ ਲੋਕ ਮੋਦੀ ਸਰਕਾਰ ਦੀ ਸੁਰੱਖਿਆਵਾਦੀ ਨੀਤੀ ਬਾਰੇ ਡਰੇ ਹੋਏ ਹਨ। ਇਸ ਦੇ ਤਹਿਤ ਸਰਕਾਰ ਦਾ ਜੋਰ ਘਰੇਲੂ ਪੱਧਰ ‘ਤੇ ਉਤਪਾਦਨ ਕਰਨ ਅਤੇ ਉਸ ਨੂੰ ਘਰੇਲੂ ਪੱਧਰ ’ਤੇ ਹੀ ਖਪਾਉਣ ਬਾਰੇ ਹੈ।

ਇਸ ਨਾਲ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਵਿੱਚ ਕੰਮ ਕਰਨ ਵਿੱਚ ਮੁਸ਼ਕਲ ਹੋਵੇਗੀ ਅਤੇ ਇਹ ਭਾਰਤੀ ਵਪਾਰ ਨੂੰ ਵਿਦੇਸ਼ਾਂ ਵਿੱਚ ਨੁਕਸਾਨ ਪਹੁੰਚਾਉਣ ਵਾਲਾ ਹੋਵੇਗਾ। ਜਨਵਰੀ ਵਿੱਚ ਡੇਲੀ ਪ੍ਰਿੰਟ ਨੇ ਭਾਰਤ ਵਿੱਚ ਲਾਏ ਗਏ ਸਾਬਕਾ ਅਮਰੀਕੀ ਸਫੀਰ ਕੈਨਿਥ ਜਸਟਰ ਦੇ ਹਵਾਲੇ ਨਾਲ ਲਿਖਿਆ ਸੀ, ‘ਇਹ ਭਾਰਤ ਦੀ ਸਮਰੱਥਾ ਨੂੰ ਵਿਸ਼ਵੀ ਪੱਧਰ ਦੀ ਇੱਕ ਚੇਨ ਨਾਲ ਜੁੜਨ ਉੱਪਰ ਅਸਰ ਪਾਵੇਗਾ ਅਤੇ ਇਸ ਕਾਰਨ ਭਾਰਤੀ ਗਾਹਕਾਂ ਨੂੰ ਮਹਿੰਗਾਈ ਦਾ ਸਾਹਮਣਾ ਕਰਨਾ ਪਵੇਗਾ।’

ਦੋਵਾਂ ਹੀ ਦੇਸ਼ਾਂ ਦੇ ਵਿੱਚ ਵਪਾਰਕ ਸਮਝੌਤਾ ਇਸ ਗੱਲ ’ਤੇ ਅੜਿਆ ਪਿਆ ਹੈ ਕਿ ਭਾਰਤ ਆਪਣਾ ਬਾਜ਼ਾਰ ਅਮਰੀਕੀ ਕੰਪਨੀਆਂ ਲਈ ਖੋਲਣ ਲਈ ਤਿਆਰ ਨਹੀਂ ਹੈ।

ਦੂਜੇ ਪਾਸੇ ਬਾਇਡਨ ਨੇ ਕਿਹਾ ਹੈ ਕਿ ਜਦੋਂ ਤੱਕ ਆਪਣੇ ਦੇਸ਼ ਦੇ ਹਾਲਾਤ ਠੀਕ ਨਹੀਂ ਕਰ ਲੈਂਦੇ ਉਸ ਸਮੇਂ ਤੱਕ ਉਹ ਕੋਈ ਕੌਮਾਂਤਰੀ ਸਮਝੌਤਾ ਨਹੀਂ ਕਰਨਗੇ। ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਬਾਇਡਨ ਪ੍ਰਸਾਸ਼ਨ ਨਾਲ ਕੋਈ ਵੀ ਸਮਝੌਤਾ ਇੰਨਾ ਸੌਖਾ ਨਹੀਂ ਹੋਵੇਗਾ।

ਵਿਦੇਸ਼ੀ ਮਾਮਲਿਆਂ ਦੀ ਜਾਣਕਾਰ ਅਪਰਣਾ ਪਾਂਡੇ ਦਾ ਕਹਿਣਾ ਹੈ, ‘ਵਪਾਰਕ ਸਮਝੌਤੇ ਨਾਲ ਸਿਆਸੀ ਰਿਸ਼ਤਿਆਂ ਉੱਪਰ ਅਸਰ ਪਵੇਗਾ।’

ਅਪਰਣਾ ਪਾਂਡੇ ਖਬਰ ਵੈਬਸਾਈਟ ‘ਦਿ ਪ੍ਰਿੰਟ’ ਵਿੱਚ ਲਿਖਦੇ ਹਨ, ‘ਨਿਵੇਸ਼ ਦੇ ਮਾਮਲੇ ਵਿੱਚ ਅਮਰੀਕੀ ਕੰਪਨੀਆਂ ਨੂੰ ਤਰਜ਼ੀਹ ਦੇਣ ਦੀ ਭਾਰਤੀ ਇੱਛਾ ਅਤੇ ਅਮਰੀਕਾ ਦੀ ਭਾਰਤ ਵਿੱਚ ਨਿਵੇਸ਼ ਕਰਨ ਦੀ ਵਚਨਬੱਧਤਾ ਨੂੰ ਉਤਸ਼ਾਹਿਤ ਕਰਨ ਨਾਲ ਚੀਨ ਦੀ ਚੁਣੌਤੀ ਨਾਲ ਨਿਪਟਣ ਵਿੱਚ ਭਾਰਤ ਦੀ ਸਮਰੱਥਾ ਵਧਾ ਸਕਦੀ ਹੈ।’

ਮਨੁੱਖੀ ਅਧਿਕਾਰਾਂ ਦੇ ਕਥਿਤ ਘਾਣ ਦੇ ਮਾਮਲੇ ਵਿੱਚ ਪਿਛਲੇ ਹਫਤੇ ਚੀਨ ਦੇ ਵਿਦੇਸ਼ ਮੰਤਰੀ ਯਾਂਗ ਜੇਚੀ ਨੂੰ ਨਵੇਂ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਸ ਨੇ ਕੂਟਨੀਤਿਕ ਬਿਆਨ ਦਿੱਤਾ ਹੈ ਅਤੇ ਇਸ ਦੇ ਨਾਲ ਹੀ ਭਾਰਤ ਦੀ ਹਮਾਇਤ ਕੀਤੀ ਹੈ। ਇਸ ਦਾ ਸੰਕੇਤ ਇਹ ਜਾਂਦਾ ਹੈ ਕਿ ਅਮਰੀਕਾ ਦੀ ਨਵੀਂ ਸਰਕਾਰ ਚੀਨ ਬਾਰੇ ਟਰੰਪ ਦੀਆਂ ਸਖਤ ਨੀਤੀਆਂ ਉੱਪਰ ਹੀ ਅਮਲ ਕਰੇਗੀ ਅਤੇ ਉਨਾਂ ਵਿੱਚ ਕੋਈ ਬਦਲਾਅ ਨਹੀਂ ਆਉਣ ਵਾਲਾ ਹੈ। ਅੰਗਰੇਜ਼ੀ ਅਖਬਾਰ ਦਿ ਡੈਕਨ ਹੈਰਾਲਡ ਵਿੱਚ ਐੱਸ ਰਾਗੋਥਮ ਲਿਖਦੇ ਹਨ ਕਿ, ਜੇ ਮੋਦੀ ਸਰਕਾਰ ਭਾਰਤੀ ਲੋਕਤੰਤਰ ਵਿੱਚ ਆਉਣ ਵਾਲੇ ਨਿਘਾਰ ਨੂੰ ਰੋਕਣ ਵਿੱਚ ਸਫਲ ਰਹਿੰਦੇ ਹਨ ਤਾਂ ਇਹ ਉਨਾਂ ਲਈ ਇੱਕ ਚੰਗਾ ਮੌਕਾ ਹੋ ਸਕਦਾ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES

24 ਫਰਵਰੀ 2021 ਤੋਂ 02 ਮਾਰਚ 2021

# ਮਹਿਰਾਜ ਦੇ ਇਕੱਠ ਨੂੰ ਕਿਵੇਂ ਵੇਖੀਏ ?

ਆਪਸੀ ਵੱਖਰੇਵਿਆਂ ਦੇ ਹੁੰਦਿਆਂ ਵੀ ਸਾਂਝੇ ਦੁਸ਼ਮਣ ਖਿਲਾਫ ਇਕੱਠੇ ਹੋ ਕੇ ਲੜਨਾ ਸਿਆਣਪ ਹੁੰਦੀ ਹੈ। ਲੜਾਈ ਦੌਰਾਨ ਅਕਸਰ ਇਹ ਨੀਤੀ ਵਰਤ ਲਈ ਜਾਂਦੀ ਹੈ। ਇਸ ਤੋਂ ਇਲਾਵਾ ਸੰਘਰਸ਼ ਵਿੱਚ ਕਈ ਵਾਰ ਕੁਝ ਅਜਿਹੇ ਬੰਦੇ ਵੀ ਨਾਲ ਤੋਰਨੇ ਪੈਂਦੇ ਹਨ ਜਿਹਨਾਂ ਦਾ ਪਤਾ ਹੁੰਦਾ ਕਿ ਇਹ ਧੁਰ ਤੱਕ ਜਾਣ ਦੇ ਸਮਰੱਥ ਨਹੀਂ, ਕਿਸੇ ਵਕਤ ਵੀ ਧੋਖਾ ਦੇ ਸਕਦੇ ਹਨ, ਪਰ ਨਾਲ ਚੱਲਣਾ ਕਈ ਵਾਰ ਵਕਤ ਦੀ ਮਜ਼ਬੂਰੀ ਹੁੰਦੀ ਅਤੇ ਕਈ ਵਾਰ ਲੋੜ, ਪਰ ਨਾਲ ਚੱਲਦੇ ਹੋਏ ਹਰ ਪਲ ਸੁਚੇਤ ਰਹਿਣਾ ਲਾਜ਼ਮੀ ਹੁੰਦਾ ਹੈ। ਜਦੋਂ ਕੋਈ ਸੰਘਰਸ਼ ਲੋਕਾਂ ਦਾ ਬਣ ਜਾਵੇ ਅਤੇ ਤਕਰੀਬਨ ਹਰ ਵਰਗ ਉਸ ਦੇ ਸਹਿਯੋਗ ਵਿੱਚ ਖੜ ਜਾਵੇ ਤਾਂ ਅਗਵਾਈ ਕਰਨ ਵਾਲਿਆਂ ਦੀ ਜਿੰਮੇਵਾਰੀ ਹੋਰ ਵੱਧ ਜਾਂਦੀ ਹੈ, ਓਦੋਂ ਸਹਿਯੋਗੀਆਂ ਅਤੇ ਹਮਦਰਦੀਆਂ ਦੀਆਂ ਭਾਵਨਾਵਾਂ ਦੀ ਮਜ਼ਬੂਤੀ ਦੇ ਨਾਲ ਤਰਜ਼ਮਾਨੀ ਕਰਨੀ ਲਾਜ਼ਮੀ ਹੋ ਜਾਂਦੀ ਹੈ। ਬਹੁਤ ਕੁਝ ਝੱਲਣਾ ਪੈਂਦਾ ਹੈ ਅਤੇ ਬਹੁਤ ਕੁਝ ਅਣਡਿੱਠ ਕਰਨਾ ਪੈਂਦਾ ਹੈ। ਜੇ ਕੋਈ ਕਦਮ ਲੈਣਾ ਵੀ ਪਵੇ ਤਾਂ ਉਹ ਵੀ ਸੰਘਰਸ਼ ਦਾ ਹਰ ਪੱਖ ਇਮਾਨਦਾਰੀ ਅਤੇ ਦੂਰਅੰਦੇਸ਼ੀ ਨਾਲ ਵਿਚਾਰ ਕੇ ਹੀ ਲਿਆ ਜਾਂਦਾ ਹੈ। ਜਦੋਂ ਇਸ ਤਰ੍ਹਾਂ ਨਹੀਂ ਹੁੰਦਾ ਫਿਰ ਆਪਸੀ ਵਖਰੇਵੇਂ ਵੱਧਦੇ ਰਹਿੰਦੇ ਹਨ ਜਿਸ ਦਾ ਸਾਂਝੇ ਦੁਸ਼ਮਣ ਨੂੰ ਲਾਭ ਹੁੰਦਾ ਹੈ। ਸੰਘਰਸ਼ਾਂ ਵਿੱਚ ਉਤਰਾਅ ਚੜਾਅ ਆਉਂਦੇ ਰਹਿੰਦੇ ਹਨ, ਆਪਣੇ ਮੁੱਖ ਮੁੱਦੇ ਉੱਤੇ ਕੇਂਦਰਿਤ ਰਹਿਣਾ ਅਤੇ ਏਕਾ ਬਣਾਈ ਰੱਖਣਾ ਅਹਿਮ ਹੁੰਦਾ ਹੈ। ਚੱਲ ਰਹੇ ਕਿਸਾਨੀ ਸੰਘਰਸ਼ ਵਿੱਚ ਵੀ ਹੁਣ ਤੱਕ ਕਾਫੀ ਉਤਰਾਅ ਚੜਾਅ ਆਏ। ਆਗੂਆਂ ਅਤੇ ਲੋਕਾਂ ਵਿੱਚ ਸੰਵਾਦ ਨਾ ਹੋਣ ਕਰਕੇ ਅਗਵਾਈ ਕਰ ਰਹੇ ਆਗੂਆਂ ਦੇ ਫੈਸਲੇ/ਬਿਆਨ ਅਤੇ ਸਹਿਯੋਗੀਆਂ ਦੀਆਂ ਭਾਵਨਾਵਾਂ ਵਿੱਚ ਪਾੜਾ ਨਜ਼ਰ ਆਇਆ ਜਿਸ ਸਦਕਾ ਆਪਸੀ ਪਾੜੇ ਵੀ ਸਾਹਮਣੇ ਆਏ ਅਤੇ ਸਰਕਾਰ ਨੇ ਇਹਨਾਂ ਵੱਖਰੇਵਿਆਂ ਦਾ ਲਾਭ ਵੀ ਲਿਆ। ਬੀਤੇ ਦਿਨੀਂ ਮਹਿਰਾਜ ਵਿਖੇ ਨੌਜਵਾਨਾਂ ਨੇ ਇਕੱਠ ਰੱਖਿਆ ਜਿਸ ਵਿੱਚ ਬਿਨ੍ਹਾਂ ਕਿਸੇ ਪ੍ਰਚਲਤ ਤਰੀਕਿਆਂ ਨੂੰ ਅਮਲ 'ਚ ਲਿਉਂਦਿਆਂ ਕਾਫੀ ਗਿਣਤੀ ਵਿੱਚ ਇਕੱਠ ਹੋਇਆ। ਇਸ ਇਕੱਠ ਕਰਨ ਦੇ ਕੀ ਕਾਰਨ ਬਣੇ ?, ਓਥੇ ਹੋਇਆ ਕੀ ਅਤੇ ਇਸ ਦੇ ਨਤੀਜੇ ਵਜੋਂ ਕੀ ਹੋਣਾ ਚਾਹੀਦਾ ਹੈ ਜਾਂ ਕੀ ਹੋ ਸਕਦਾ ਹੈ ?, ਇਹ ਸਾਰੀਆਂ ਗੱਲਾਂ ਨੂੰ ਵੱਖ ਵੱਖ ਰੱਖ ਕੇ ਵੇਖਣ ਨਾਲੋਂ ਸਾਂਝੇ ਤੌਰ ਉੱਤੇ ਰੱਖ ਕੇ ਸਮਝਣ ਨਾਲ ਵੱਧ ਸਪਸ਼ਟਤਾ ਆ ਸਕਦੀ ਹੈ।

ਸੰਘਰਸ਼ ਦੀਆਂ ਪਿਛਲੀਆਂ ਕੁਝ ਘਟਨਾਵਾਂ ਅਜਿਹੀਆਂ ਵਾਪਰੀਆਂ ਜਿਹੜੀਆਂ ਇਕ ਤਰ੍ਹਾਂ ਮਨੋਵਿਗਿਆਨਕ ਹਮਲਾ ਹੀ ਹੋ ਨਿਬੜੀਆਂ। ਸੰਘਰਸ਼ ਕਰ ਰਹੀਆਂ ਧਿਰਾਂ ਅਤੇ ਸੰਘਰਸ਼ ਦੇ ਸਹਿਯੋਗੀਆਂ ਦਾ ਵੱਡਾ ਹਿੱਸਾ ਆਪਸੀ ਕਲੇਸ਼ ਵਿੱਚ ਪੈ ਗਿਆ ਅਤੇ ਸਰਕਾਰ ਨੇ ਆਪਣਾ ਡੰਗ ਤੇਜ਼ ਕਰ ਦਿੱਤਾ। ਇਸ ਸਭ ਦੌਰਾਨ ਆਗੂਆਂ ਦੀ ਕਾਰਵਾਈ ਤੋਂ ਨੌਜਵਾਨਾਂ ਦਾ ਵੱਡਾ ਹਿੱਸਾ ਨਿਰਾਸ਼ ਹੋਇਆ। ਸਿਰਫ ਨਿਰਾਸ਼ ਹੀ ਨਹੀਂ ਸਗੋਂ ਬੇਚੈਨ ਵੀ ਦਿਖਾਈ ਦੇ ਰਿਹਾ ਹੈ ਅਤੇ ਸਹੀ ਅਗਵਾਈ ਦੀ ਭਾਲ ਵਿੱਚ ਹੱਥ ਪੈਰ ਮਾਰਦਾ ਜਾਪ ਰਿਹਾ ਹੈ। ਇਸ ਦਾ ਕਾਰਨ ਕਿਤੇ ਨਾ ਕਿਤੇ ਆਗੂਆਂ ਵੱਲੋਂ ਉਹਨਾਂ ਦੀਆਂ ਭਾਵਨਾਵਾਂ ਦੀ ਸਹੀ ਤਰਜ਼ਮਾਨੀ ਨਾ ਕਰਨਾ, ਉਹਨਾਂ ਦੇ ਸੁਝਾਵਾਂ ਨੂੰ ਅੱਖੋਂ ਪਰੋਖੇ ਕਰਨਾ ਅਤੇ ਵਿਪਤਾ ਵਕਤ ਉਹਨਾਂ ਦੇ ਨਾਲ ਨਾ ਖੜੇ ਹੋਣਾ ਹੈ। ਸ਼ਾਇਦ ਇਹ ਗੱਲ ਹੁਣ ਆਗੂ ਵੀ ਮਹਿਸੂਸ ਕਰਨ ਲੱਗ ਪਏ ਹਨ। ਨਿਰਾਸ਼ਾ ਵਿੱਚ ਆਏ ਨੌਜਵਾਨ ਸੰਘਰਸ਼ ਵਿੱਚ ਆਗੂਆਂ ਰਾਹੀਂ ਆਪਣੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਵਾਉਣ ਲਈ ਕਾਰਗਰ ਤਰੀਕਿਆਂ ਦੀ ਭਾਲ ਵਿੱਚ ਯਤਨ ਕਰ ਰਹੇ ਹਨ। ਬਿਜਲ ਸੱਥ (ਸੋਸ਼ਲ ਮੀਡੀਆ) ਅਤੇ ਜ਼ਮੀਨੀ ਪੱਧਰ ਉੱਤੇ ਵੱਖੋ ਵੱਖਰੇ ਤਰੀਕੇ ਸੁਝਾਏ ਜਾ ਰਹੇ ਹਨ, ਇਕ ਸੁਝਾਅ ਨੌਜਵਾਨਾਂ ਦੀ ਵੱਖਰੀ ਯੂਨੀਅਨ ਦਾ ਚੱਲ ਰਿਹਾ ਹੈ ਅਤੇ ਇਕ ਸੁਝਾਅ ਵੱਖਰੀ ਸਟੇਜ ਦਾ ਵੀ ਚੱਲ ਰਿਹਾ ਹੈ। ਬਿਜਲ ਸੱਥ ਰਾਹੀਂ ਇਹ ਵੀ ਪ੍ਰਚਾਰਿਆ ਜਾ ਰਿਹਾ ਸੀ ਕਿ ਇਹਨਾਂ ਸੁਝਾਵਾਂ ਨੂੰ ਮਹਿਰਾਜ ਦੇ ਇਕੱਠ ਵਿੱਚ ਅਮਲੀ ਰੂਪ ਦਿੱਤਾ ਜਾਣਾ ਚਾਹੀਦਾ ਹੈ। ਇਕੱਠ ਵਿੱਚ ਮੌਜੂਦ ਨੌਜਵਾਨਾਂ ਵਿਚੋਂ ਵੱਡਾ ਹਿੱਸਾ ਵੱਖਰੇ ਚੱਲਣ ਉੱਤੇ ਸਿਹਮਤ ਵੀ ਹੋ ਜਾਣਾ ਸੀ ਜਾਂ ਕਹਿ ਲਈਏ ਕਿ ਸਿਰਫ ਸਿਹਮਤ ਹੀ ਨਹੀਂ ਬਲਕਿ ਖੁਸ਼ ਵੀ ਹੋਣਾ ਸੀ। ਹੁਣ ਇਕੱਠ ਤੋਂ ਬਾਅਦ ਵੀ ਲਗਾਤਾਰ ਬਿਜਲ ਸੱਥ ਉੱਤੇ ਇਸ ਤਰ੍ਹਾਂ ਨਾ ਕੀਤੇ ਜਾਣ ਉੱਤੇ ਇਕ ਹਿੱਸੇ ਵੱਲੋਂ ਨਿਰਾਸ਼ਾ ਵੀ ਪ੍ਰਗਟਾਈ ਜਾ ਰਹੀ ਹੈ। ਪਰ ਇਸ ਤਰ੍ਹਾਂ ਨਾ ਕੀਤੇ ਜਾਣਾ ਵਕਤ ਅਨੁਸਾਰ ਸੰਘਰਸ਼ ਲਈ ਬਹੁਤ ਮਾਇਨੇ ਰੱਖਦਾ ਹੈ। ਇਸ ਤਰ੍ਹਾਂ ਦੇ ਸਮੇਂ ਉੱਤੇ ਵੱਖਰੇ ਚੱਲਣ ਦਾ ਫੈਸਲਾ ਲੈਣਾ ਕੋਈ ਔਖਾ ਕਾਰਜ ਨਹੀਂ ਹੁੰਦਾ, ਨਾ ਹੀ ਉਹ ਤੁਹਾਡੇ ਤੋਂ ਕਿਸੇ ਤਿਆਗ ਦੀ ਮੰਗ ਕਰਦਾ ਹੈ ਸਗੋਂ ਔਖਾ ਕਾਰਜ ਤਾਂ ਸੰਘਰਸ਼ ਨੂੰ ਮੁੱਖ ਰੱਖ ਕੇ ਇਕੱਠੇ ਚੱਲਣ ਅਤੇ ਸਹਿਯੋਗ ਕਰਨਾ ਹੁੰਦਾ ਹੈ। ਮਹਿਰਾਜ ਦੇ ਇਕੱਠ ਵਿੱਚ ਵੀ ਗੁਰੂ ਪਾਤਸ਼ਾਹ ਦੀ ਮਿਹਰ ਨਾਲ ਇਸੇ ਤਰ੍ਹਾਂ ਹੀ ਹੋਇਆ। ਇਕੱਠੇ ਚੱਲਣ ਦਾ ਫੈਸਲਾ ਕੀਤਾ ਗਿਆ, ਆਗੂਆਂ ਨਾਲ ਖੜਨ ਦੀ ਗੱਲ ਦੁਹਰਾਈ ਗਈ ਅਤੇ ਆਗੂਆਂ ਨੂੰ ਇਹ ਵੀ ਕਿਹਾ ਗਿਆ ਕਿ ਜੇਕਰ ਤੁਹਾਡੇ 'ਤੇ ਕੋਈ ਬਿਪਤਾ ਆਉਂਦੀ ਹੈ ਤਾਂ ਅਸੀਂ ਤੁਹਾਡੇ ਨਾਲ ਖੜਾਂਗੇ।

ਗੁਰੂ ਪਾਤਸ਼ਾਹ ਦੀ ਮਿਹਰ ਨਾਲ ਹੀ ਇਸ ਤਰ੍ਹਾਂ ਵਾਪਰਦਾ ਹੈ। ਇਸ ਤਰ੍ਹਾਂ ਦੇ ਫੈਸਲੇ ਨਾਲ ਆਗੂਆਂ ਉੱਤੇ ਬਹੁਤ ਵੱਡੀ ਜਿੰਮੇਵਾਰੀ ਪੈ ਗਈ ਹੈ। ਹੁਣ ਇਹ ਆਗੂ ਦੇ ਵਿਚਾਰਨ ਦਾ ਮਸਲਾ ਹੈ ਕਿ ਅੱਗੇ ਕਿਵੇਂ ਚੱਲਣਾ ਹੈ। ਆਗੂਆਂ ਨੂੰ ਚਾਹੀਦਾ ਹੈ ਕਿ ਬੀਤੇ ਦੀਆਂ ਗਲਤੀਆਂ ਤੋਂ ਸਿੱਖ ਕੇ ਅੱਗੇ ਵਧਿਆ ਜਾਵੇ ਅਤੇ ਸਿਆਣਪ ਵੀ ਇਸੇ ਗੱਲ 'ਚ ਹੀ ਹੋਵੇਗੀ ਕਿ ਨੌਜਵਾਨਾਂ ਦੇ ਨਾਲ ਖੜਿਆ ਜਾਵੇ, ਸਹਿਯੋਗੀ ਅਤੇ ਹਮਦਰਦ ਭਾਵਨਾਵਾਂ ਦੀ ਤਰਜ਼ਮਾਨੀ ਕੀਤੀ ਜਾਵੇ ਅਤੇ ਅਸਲ ਮੁੱਦੇ 'ਤੇ ਕੇਂਦਰਿਤ ਰਹਿ ਕੇ ਸਾਂਝੇ ਦੁਸ਼ਮਣ ਖਿਲਾਫ ਏਕਾ ਬਣਾ ਕੇ ਲੜਿਆ ਜਾਵੇ। ਜਿੱਥੇ ਕੱਲ੍ਹ ਦੇ ਇਕੱਠ ਦੇ ਫੈਸਲੇ ਨੌਜਵਾਨਾਂ ਲਈ ਸ਼ਾਬਾਸ਼ੀ ਹੋ ਨਿਬੜੇ ਹਨ ਓਥੇ ਭਵਿੱਖ ਲਈ ਇਹ ਗੱਲ ਸਿੱਖਣਯੋਗ ਰਹੀ ਹੈ ਕਿ ਜਿੰਨਾਂ ਮਸਲਾ ਗੰਭੀਰ ਸੀ ਉਸ ਮੁਤਾਬਿਕ ਜਾਬਤਾ ਜਿਸ ਪੱਧਰ ਦਾ ਚਾਹੀਦਾ ਸੀ ਓਹਦੇ 'ਚ ਕਾਫੀ ਢਿੱਲ ਰਹੀ।

ਗੁਰੂ ਪਾਤਸ਼ਾਹ ਮਿਹਰ ਕਰਨ, ਸਾਨੂੰ ਇਮਾਨਦਾਰੀ, ਤਿਆਗ ਅਤੇ ਦੂਰ ਅੰਦੇਸ਼ੀ ਬਖਸ਼ਣ ਅਤੇ ਅਸੀਂ ਆਪਣਾ ਏਕਾ ਕਾਇਮ ਕਰਨ ਲਈ ਹਰ ਸੰਭਵ ਯਤਨ ਕਰਦੇ ਰਹੀਏ ਅਤੇ ਸਾਂਝੇ ਦੁਸ਼ਮਣ ਖਿਲਾਫ ਇਕੱਠੇ ਲੜੀਏ।

# ਦਿਸ਼ਾ ਰਵੀ ਦੀ ਜਮਾਨਤ, ਨਿਆਂ ਤੇ ਜਮਹੂਰੀਅਤ

**ਰਜਿੰਦਰ ਸਿੰਘ**

ਕਿਸਾਨ ਅੰਦੋਲਨ ਨਾਲ ਸਬੰਧਤ "ਟੂਲਕਿਟ" ਸੋਸਲ ਮੀਡੀਆ ਉੱਤੇ ਸੇਅਰ ਕਰਨ ਦੇ ਮਾਮਲੇ ਵਿਚ ਅਦਾਲਤ ਨੇ ਸਬੂਤਾਂ ਦੀ ਘਾਟ ਅਤੇ ਠੋਸ ਨਾ ਹੋਣ ਦੀ ਗੱਲ ਕਰਦਿਆਂ ਵਾਤਾਵਰਨ ਕਾਰਕੁਨ ਦਿਸਾ ਰਵੀ ਨੂੰ ਜਮਾਨਤ ਦੇ ਕੇ ਦਿੱਲੀ ਪੁਲਿਸ ਨੂੰ ਤਕੜਾ ਝਟਕਾ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਦਿਲੀ ਪੁਲਸ ਵਲੋਂ ਮੁਹੱਈਆ ਕਰਵਾਏ ਗਏ ਸਬੂਤਾਂ ਤੋਂ ਦਿੱਲੀ ਦੀਆਂ 26 ਜਨਵਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲਿਆਂ ਅਤੇ ਖਾਲਿਸਤਾਨ ਸਮਰਥਕ ਜਥੇਬੰਦੀ ਪੋਇਟਿਕ ਜਸਟਿਸ ਫਾਊਂਡੇਸਨ ਜਾਂ ਦਿਸਾ ਰਵੀ ਨਾਲ ਵੀ ਕੋਈ ਲਿੰਕ ਸਾਬਿਤ ਨਹੀਂ ਹੁੰਦਾ।

ਐਡੀਸਨਲ ਸੈਸਨ ਜੱਜ ਧਰਮਿੰਦਰ ਰਾਣਾ ਨੇ ਰਵੀ ਨੂੰ ਇੱਕ ਲੱਖ ਰੁਪਏ ਦੇ ਨਿੱਜੀ ਮੁਚੱਲਕੇ ਅਤੇ ਇੰਨੀ ਹੀ ਰਕਮ ਵਾਲੀਆਂ ਦੋ ਜਾਮਨੀਆਂ ਉੱਤੇ ਜਮਾਨਤ ਦੇ ਦਿੱਤੀ। ਜੱਜ ਦਾ ਕਹਿਣਾ ਸੀ ਕਿ ਰਿਕਾਰਡ ਵਿਚ ਦਿੱਤੇ ਗਏ ਸਬੂਤਾਂ ਦੀ ਘਾਟ ਅਤੇ ਅਸਪੱਸਟਤਾ ਕਾਰਨ ਮੈਨੂੰ ਕੋਈ ਅਜਿਹਾ ਕਾਰਨ ਨਜਰ ਨਹੀਂ ਆਉਦਾ ਜੋ 22 ਸਾਲਾ ਕਾਰਕੁਨ ਨੂੰ ਕੋਈ ਸਮਾਜ ਨੂੰ ਨੁਕਸਾਨ ਪਹੁੰਚਾਉਣ ਵਾਲਾ ਅਪਰਾਧੀ ਮੰਨ ਕੇ ਜੇਲ੍ਹ ਭੇਜਣ ਦਾ ਆਧਾਰ ਬਣਦਾ ਹੋਵੇ ਤੇ ਜਮਾਨਤ ਦੇਣ ਦੇ ਰਾਹ ਵਿਚ ਆਉਂਦਾ ਹੋਵੇ" ਜੱਜ ਦਾ ਕਹਿਣਾ ਹੈ ਕਿ ਉਕਤ ਟੂਲਕਿਟ ਬਾਰੇ ਜਾਣਕਾਰੀ ਦੱਸਦੀ ਹੈ ਕਿ ਇਹ ਕਿਸੇ ਕਿਸਮ ਦੀ ਹਿੰਸਾ ਨੂੰ ਸੱਦਾ ਨਹੀਂ ਦਿੰਦੀ ਹੈ।

ਜੱਜ ਦਾ ਇਹ ਕਹਿਣਾ ਬਹੁਤ ਮਹਤਵਪੂਰਨ ਹੈ ਕਿ ਇੱਕ ਜਮਹੂਰੀ ਮੁਲਕ ਵਿਚ ਨਾਗਰਿਕ ਸਰਕਾਰਾਂ ਦੀ ਜਮੀਰ ਜਿੰਦਾ ਰੱਖਣ ਵਾਲੇ ਹੁੰਦੇ ਹਨ। ਉਨ੍ਹਾਂ ਨੂੰ ਸਿਰਫ ਇਸ ਲਈ ਸਲਾਖਾਂ ਪਿੱਛੇ ਨਹੀਂ ਭੇਜਿਆ ਜਾ ਸਕਦਾ ਕਿ ਉਹ ਸਟੇਟ ਨੀਤੀਆਂ ਨਾਲ ਅਸਿਹਮਤੀ ਪ੍ਰਗਟਾਉਂਦੇ ਹਨ।ਅਦਾਲਤ ਨੇ ਕਿਹਾ, "ਇੱਕ ਜਾਗਰੂਕ ਅਤੇ ਕਠੋਰ ਨਾਗਰਿਕ, ਇੱਕ ਉਦਾਸੀਨ ਜਾਂ ਡਰਾਕਲ ਨਾਗਰਿਕ ਦੇ ਉਲਟ, ਨਿਰਪੱਖ ਰੂਪ ਵਿੱਚ ਇੱਕ ਸਿਹਤਮੰਦ ਅਤੇ ਜੀਵੰਤ ਲੋਕਤੰਤਰ ਦੀ ਨਿਸਾਨੀ ਹੈ।ਸੰਵਿਧਾਨ ਦੇ ਆਰਟੀਕਲ 19 ਅਧੀਨ ਅਸਹਿਮਤੀ ਦੇ ਅਧਿਕਾਰ ਨੂੰ ਮਾਨਤਾ ਦਿੱਤੀ ਗਈ । ਮੇਰੇ ਵਿਚਾਰ ਵਿੱਚ ਭਾਸਣ ਅਤੇ ਪ੍ਰਗਟਾਵੇ ਦੀ ਆਜਾਦੀ ਵਿੱਚ ਵਿਸਵ ਵਿਆਪੀ ਸਰੋਤਿਆਂ ਦੀ ਭਾਲ ਕਰਨ ਦਾ ਅਧਿਕਾਰ ਸਾਮਲ ਹੈ।ਇਕ ਨਾਗਰਿਕ ਨੂੰ ਸੰਚਾਰ ਕਰਨ ਅਤੇ ਪ੍ਰਾਪਤ ਕਰਨ ਦੇ ਸਭ ਤੋਂ ਵਧੀਆ ਢੰਗਾਂ ਦੀ ਵਰਤੋਂ ਕਰਨ ਦੇ ਬੁਨਿਆਦੀ ਅਧਿਕਾਰ ਹਨ, ਕਾਨੂੰਨ ਦੇ ਚਾਰਾਂ ਕੋਨਿਆਂ ਅਧੀਨ ਵੀ ਇਹ ਆਗਿਆ ਹੈ ਅਤੇ ਜਿਵੇਂ ਵਿਦੇਸਾਂ ਵਿਚ ਦਰਸਕਾਂ ਦੀ ਪਹੁੰਚ ਹੈ।ਕੋਈ ਵਟਸਐਪ ਗਰੁੱਪ ਬਣਾਉਣ ਜਾਂ ਕਿਸੇ ਗੈਰ ਅਪਰਾਧਿਕ ਟੂਲਕਿਟ ਦਾ ਐਡੀਟਰ ਹੋਣਾ ਕੋਈ ਅਪਰਾਧ ਨਹੀਂ ਹੈ। ਅੱਗੇ, ਕਿਉਂਕਿ ਉਪਰੋਕਤ ਟੂਲਕਿੱਟ ਜਾਂ ਪੀਜੇਐਫ ਨਾਲ ਸਬੰਧ ਇਤਰਾਜਯੋਗ ਨਹੀਂ ਪਾਇਆ ਗਿਆ, ਇਸ ਲਈ ਉਸ ਨੂੰ ਟੂਲਕਿਟ ਅਤੇ ਪੀਜੇਐਫ ਨਾਲ ਜੋੜਨ ਵਾਲੇ ਸਬੂਤਾਂ ਨੂੰ ਖਤਮ ਕਰਨ ਲਈ ਵਟਸਐਪ ਚੈਟ ਨੂੰ ਹਟਾਉਣਾ ਵੀ ਅਰਥਹੀਣ ਹੋ ਗਿਆ।

ਇਥੇ ਜਿਕਰਯੋਗ ਹੈ ਕਿ ਦਿੱਲੀ ਪੁਲਿਸ ਨੇ ਦਿਸਾ ਰਵੀ ਨੂੰ ਬੰਗਲੁਰੂ ਤੋਂ ਗ੍ਰਿਫਤਾਰ ਕੀਤਾ ਸੀ ਅਤੇ ਦਿੱਲੀ ਦੀ ਇੱਕ ਅਦਾਲਤ 'ਚ ਪੇਸ ਕਰਦੇ ਹੋਏ ਕਿਹਾ ਕਿ "ਦਿਸਾ ਰਵੀ ਟੂਲਕਿੱਟ ਗੂਗਲ ਡੌਕੂਮੈਂਟ ਦੀ ਐਡਿਟਰ ਹੈ ਅਤੇ ਇਸ ਡੌਕੂਮੈਂਟ ਨੂੰ ਬਣਾਉਣ ਅਤੇ ਇਸ ਨੂੰ ਪ੍ਰਸਾਰਿਤ ਕਰਨ 'ਚ ਉਸ ਦੀ ਅਹਿਮ ਭੂਮਿਕਾ ਹੈ।"ਇਸ ਦੇ ਨਾਲ ਹੀ ਪੁਲਿਸ ਨੇ ਆਪਣੇ ਬਿਆਨ 'ਚ ਕਿਹਾ ਸੀ ਕਿ "ਇਸ ਸਿਲਸਿਲੇ 'ਚ ਉਸ ਨੇ ਖਾਲਿਸਤਾਨ ਸਮਰਥਕ 'ਪੋਇਟਿਕ ਜਸਟਿਸ ਫਾਉਂਡੇਸਨ' ਦੇ ਨਾਲ ਮਿਲ ਕੇ ਭਾਰਤ ਦੇ ਪ੍ਰਤੀ ਨਫਰਤ ਫੈਲਾਉਣ ਦਾ ਕੰਮ ਕੀਤਾ ਅਤੇ ਉਨ੍ਹਾਂ ਨੇ ਹੀ ਗ੍ਰੇਟਾ ਥਨਬਰਗ ਦੇ ਨਾਲ ਇਹ ਟੂਲਕਿੱਟ ਸੇਅਰ ਕੀਤੀ ਸੀ।"ਦਿੱਲੀ ਪੁਲਿਸ



ਦੀ ਸਾਈਬਰ ਸੈੱਲ 'ਚ ਜੁਆਇੰਟ ਪੁਲਿਸ ਕਮਿਸਨਰ ਪ੍ਰੇਮ ਨਾਥ ਨੇ ਸੋਮਵਾਰ 15 ਫਰਵਰੀ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਇਹ ਦਾਅਵਾ ਕੀਤਾ ਕਿ ਨਿਕਿਤਾ, ਸਾਂਤਨੁ ਅਤੇ ਦਿਸਾ ਨੇ ਟੂਲਕਿੱਟ ਡੌਕੂਮੈਂਟ ਬਣਾਇਆ, ਜਿਸ ਦਾ ਮਕਸਦ ਭਾਰਤ ਦੇ ਅਕਸ ਨੂੰ ਖਰਾਬ ਕਰਨਾ ਸੀ।ਦਿਸਾ ਰਵੀ ਨੂੰ ਬੰਗਲੁਰੂ ਤੋਂ ਗ੍ਰਿਫਤਾਰ ਕਰਨ ਤੋਂ ਬਾਅਦ ਦਿੱਲੀ ਪੁਲਿਸ ਨੇ ਟੂਲਕਿੱਟ ਮਾਮਲੇ 'ਚ ਨਿਕਿਤਾ ਅਤੇ ਸਾਂਤਨੁ ਦੇ ਖਿਲਾਫ ਗੈਰ-ਜਮਾਨਤੀ ਵਾਰੰਟ ਜਾਰੀ ਕੀਤਾ ਹੈ।

ਕਾਂਗਰਸ ਆਗੂ ਰਾਹੁਲ ਗਾਂਧੀ ਅਤੇ ਵਿਰੋਧੀ ਧਿਰ ਦੇ ਦੂਜੇ ਆਗੂਆਂ ਤੋਂ ਇਲਾਵਾ ਸਾਬਕਾ ਜੱਜ ਤੋਂ ਲੈਕੇ ਕਾਨੂੰਨ ਪੜ੍ਹਨ ਅਤੇ ਪੜ੍ਹਾਉਣ ਵਾਲੇ ਤੱਕ ਇਸ ਉੱਤੇ ਸਵਾਲ ਚੁੱਕ ਰਹੇ ਸਨ। ਹਾਈਕੋਰਟ ਦੇ ਵਕੀਲ ਰਾਜਵਿੰਦਰ ਸਿੰਘ ਬੈਂਸ ਦਾ ਮੰਨਣਾ ਹੈ ਕਿ "ਲੋਕਤੰਤਰ 'ਚ ਦੇਸਧ੍ਰੋਹ ਦੇ ਕਾਨੂੰਨ ਦਾ ਕੋਈ ਮਤਲਬ ਹੀ ਨਹੀਂ ਹੈ, ਜਦੋਂ ਤੱਕ ਹਿੰਸਾ ਨੂੰ ਭੜਕਾਉਣ ਦੇ ਲਈ ਕਿਸੇ ਨੇ ਕੋਈ ਕੰਮ ਨਾ ਕੀਤਾ ਹੋਵੇ। ਭਾਰਤ 'ਚ ਦੇਸਧ੍ਰੋਹ ਦਾ ਕਾਨੂੰਨ ਅੰਗਰੇਜ ਲੈ ਕੇ ਆਏ ਸਨ, ਜਦੋਂ ਭਾਰਤ ਉਨ੍ਹਾਂ ਦੇ ਅਧੀਨ ਸੀ। ਉਦੋਂ ਵੀ ਬ੍ਰਿਟੇਨ 'ਚ ਦੇਸਧ੍ਰੋਹ ਦਾ ਕਾਨੂੰਨ ਬਹੁਤਾ ਸਖਤ ਨਹੀਂ ਸੀ, ਪਰ ਭਾਰਤ 'ਚ ਉਸਦੇ ਲਈ ਤਾਂ ਉਮਰ ਕੈਦ ਦੀ ਸਜਾ ਸੀ। ਭਾਰਤ ਵਿੱਚ ਇੱਕ ਧਾਰਨਾ ਸੀ ਕਿ ਆਜਾਦੀ ਤੋਂ ਬਾਅਦ ਇਸ ਤਰ੍ਹਾਂ ਦਾ ਕਾਨੂੰਨ ਹਟਾਇਆ ਜਾਵੇਗਾ। ਪਰ ਇੰਦਰਾ ਗਾਂਧੀ ਨੇ ਐਮਰਜੈਂਸੀ ਦੇ ਸਮੇਂ ਇਸ ਕਾਨੂੰਨ ਨੂੰ ਨਹੀਂ ਹਟਾਇਆ, ਸਗੋਂ ਇਸ ਨੂੰ ਸੁਣਵਾਈ ਯੋਗ ਅਪਰਾਧ ਬਣਾ ਦਿੱਤਾ, ਜਿਸ ਦਾ ਮਤਲਬ ਇਹ ਹੋਇਆ ਕਿ ਦੇਸਧ੍ਰੋਹ ਦੇ ਅਪਰਾਧ 'ਚ ਬਿਨਾਂ ਵਾਰੰਟ ਦੇ ਵੀ ਗ੍ਰਿਫਤਾਰੀ ਕੀਤੀ ਜਾ ਸਕਦੀ ਹੈ।ਲੋਕਤੰਤਰ 'ਚ ਹਰ ਨਾਗਰਿਕ ਦਾ ਹੱਕ ਹੈ ਕਿ ਉਹ ਸਰਕਾਰ ਦੀਆਂ ਨੀਤੀਆਂ ਦੇ ਖਿਲਾਫ ਬੋਲ ਸਕੇ। ਲੋਕਤੰਤਰ ਦੀ ਖੂਬਸੂਰਤੀ ਮਤਭੇਦ 'ਚ ਹੀ ਹੈ। ਜੇ ਇੱਕ-ਦੂਜੇ 'ਚ ਮਤਭੇਦ ਹੀ ਨਾ ਹੋਣ ਤਾਂ ਲੋਕਤੰਤਰ ਦਾ ਕੋਈ ਮਤਲਬ ਹੀ ਨਹੀਂ ਹੈ। ਸਭ ਇੱਕ ਆਵਾਜ 'ਚ ਬੋਲਣ, ਤਾਂ ਉਹ ਲੋਕਤੰਤਰ ਨਹੀਂ ਹੈ। ਵੱਖ-ਵੱਖ ਆਵਾਜਾਂ ਨੂੰ ਸੁਣਨਾ ਲੋਕਤੰਤਰ ਦਾ ਅਹਿਮ ਆਧਾਰ ਹੈ।"

ਦਿਸਾ ਰਵੀ ਜਮਾਨਤ ਹੋਣੀ ਜਮਹੂਰੀਅਤ ਵਿਚ ਵਿਸ਼ਵਾਸ ਰਖਣ ਵਾਲਿਆ ਲਈ ਆਪਣੇ ਆਪ ਵਿੱਚ ਇੱਕ ਵੱਡੀ ਖਬਰ ਹੈ। ਅਦਾਲਤ ਨੇ ਦਿਸ਼ਾ ਰਵੀ ਨੂੰ ਜਮਾਨਤ ਦੇ ਕੇ ਪੁਲੀਸ ਦੀ ਗ੍ਰਿਫਤਾਰੀ ਪਿਛੇ ਦਿਤੀਆਂ ਦਲੀਲਾਂ ਨੂੰ ਰਦ ਕਰ ਦਿਤਾ। ਇਸ ਤੋਂ ਇਲਾਵਾ ਦਿੱਲੀ ਪੁਲਿਸ ਦੀ ਇਸ ਕਾਰਵਾਈ ਕਾਰਣ ਭਾਰਤ ਸਰਕਾਰ ਦੇ ਅਕਸ ਨੂੰ ਵੀ ਧੱਕਾ ਲਗਾ ਸੀ। ਇਸ ਲਈ, ਇਹ ਅਦਾਲਤੀ ਫੈਸਲੇ ਇਹ ਸੰਦੇਸ ਦੇਵੇਗਾ ਕਿ ਭਾਵੇਂ ਪੁਲਿਸ ਅਤੇ ਸਰਕਾਰ ਲੋਕਾਂ ਨਾਲ ਧਕਾ ਕਰਦੀ ਹੋਵੇ ਪਰ ਅਦਾਲਤਾਂ ਆਜਾਦ ਹਨ ਅਤੇ ਲੋਕਤਾਂਤਰਿਕ ਕਦਰਾਂ-ਕੀਮਤਾਂ ਦਾ ਧਿਆਨ ਰੱਖਿਆ ਜਾ ਰਿਹਾ ਹੈ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੇ ਕਿਹਾ ਹੈ ਕਿ ਪੁਲਿਸ 'ਤੇ ਕੋਈ ਦਬਾਅ ਨਹੀਂ ਹੈ ਅਤੇ ਉਹ ਸੁਤੰਤਰ ਰੂਪ ਵਿੱਚ ਕੰਮ ਕਰ ਰਹੀ ਹੈ। ਜੇ ਅਜਿਹਾ ਹੈ ਤਾਂ ਲੋਕਤੰਤਰ ਤੇ ਇਨਸਾਫ ਨੂੰ ਬਚਾਉਣ ਲਈ ਸਰਕਾਰ ਨੂੰ ਦਿੱਲੀ ਪੁਲਿਸ ਦੀ ਖਬਰ ਲੈਣੀ ਚਾਹੀਦੀ ਹੈ। ਪਰ ਅਜਿਹਾ ਨਹੀਂ ਹੋਵੇਗਾ ਅਤੇ ਦੋ-ਚਾਰ ਦਿਨਾਂ ਵਿਚ ਮਾਮਲਾ ਸਾਂਤ ਹੋ ਜਾਵੇਗਾ। ਅਸਲ ਵਿਚ, ਇਹ ਮੀਡੀਆ ਦੇ ਸਟੈਂਡ ਤੋਂ ਨਿਰਧਾਰਿਤ ਹੁੰਦਾ ਹੈ। ਜੇਕਰ ਮੀਡੀਆ ਆਮ ਲੋਕਾਂ ਦਾ ਵਕੀਲ ਬਣਕੇ ਸਰਕਾਰ 'ਤੇ ਦਬਾਅ ਨਹੀਂ ਪਾਉਂਦਾ ਤਾਂ ਸਰਕਾਰ ਲੋਕਾਂ ਨਾਲ ਧਕਾ ਕਰੇਗੀ ਤੇ ਇਨਸਾਫ ਨਹੀਂ ਕਰੇਗੀ।ਭਾਰਤੀ ਮੀਡੀਆ ਬਹੁਗਿਣਤੀ ਵਿਚ ਦਰਬਾਰੀ ਮੀਡੀਆ ਬਣ ਗਿਆ ਹੈ ।ਲੋਕਾਂ ਦਾ ਮੀਡੀਆ ਨਹੀਂ ਰਿਹਾ।

ਇਹ ਦਿਲਚਸਪ ਗੱਲ ਹੈ ਕਿ ਦਿਸਾ ਰਵੀ ਨੂੰ ਜਮਾਨਤ ਦੀ ਖਬਰ ਅੰਗਰੇਜ਼ੀ ਦੇ ਸਭ ਤੋਂ ਵਡੇ ਅੰਗਰੇਜ਼ੀ ਅਖਬਾਰ ਟਾਈਮਜ ਆਫ ਇੰਡੀਆ ਦੇ ਪਹਿਲੇ ਪੰਨੇ 'ਤੇ ਨਹੀਂ ਹੈ। ਟਾਈਮਜ ਨੇ ਗ੍ਰਿਫਤਾਰੀ ਦੀ ਚੰਗੀ ਰਿਪੋਰਟ ਦਿੱਤੀ ਸੀ ਅਤੇ ਕਿਹਾ ਸੀ ਕਿ ਦਿਸਾ ਦੀ ਮਾਂ ਨੇ ਮੀਡੀਆ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਅੱਜ, ਪਹਿਲੇ ਪੰਨੇ 'ਤੇ ਦਿਸ਼ਾ ਦੀ ਖਬਰ ਨਾ ਹੋਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਪਰ ਬੰਗਾਲ ਵਿਖੇ ਭਾਜਪਾ ਨੇਤਾ ਦੀ ਗ੍ਰਿਫਤਾਰੀ ਦੀ ਖਬਰ ਪਹਿਲੇ ਪੰਨੇ 'ਤੇ ਹੈ। ਇਸ ਤੋਂ ਇਲਾਵਾ ਕੋਰੋਨਾ ਦੀ ਖਬਰ ਵੀ ਪਹਿਲੇ ਪੰਨੇ 'ਤੇ ਹੈ।

ਤੁਸੀਂ ਜਾਣਦੇ ਹੋ ਕਿ ਟਾਈਮਜ ਇੰਸਟੀਚਿਊਟ ਦੇ ਮਾਲਕਾਂ ਨੇ ਕਿਹਾ ਹੈ ਕਿ ਉਹ ਵਿਗਿਆਪਨ ਦਾ ਕਾਰੋਬਾਰ ਕਰ ਰਹੇ ਹਨ, ਖਬਰਾਂ ਦਾ ਨਹੀਂ। ਅਤੇ ਫਿਰ ਭਾਰਤ ਵਿਚ ਪੇਡ ਨਿਊਜ ਵਾਲੀਆਂ ਖਬਰਾਂ ਦਾ ਮਾਮਲਾ ਕੋਈ ਪਰੇਸਾਨੀ ਦਾ ਵਿਸਾ ਨਹੀਂ ਹੈ, ਅਤੇ ਨਾ ਹੀ ਇਹ ਕੋਈ ਵੱਡੀ ਗੱਲ ਹੈ। ਬਾਕੀ ਚਾਰ ਅਖਬਾਰਾਂ ਵਿਚ ਇਹ ਖਬਰ ਲੀਡ ਹੈ । ਹਿੰਦੂ ਅਖਬਾਰ ਦਾ ਸਿੱਧੀ ਤੇ ਸਾਦੀ ਸੁਰਖੀ ਹੈ, ਦਿੱਲੀ ਦੀ ਅਦਾਲਤ ਨੇ ਦਿਸ਼ਾ ਨੂੰ ਜਮਾਨਤ ਦੇ ਦਿੱਤੀ। ਜੱਜ ਨੇ ਕਿਹਾ ਕਿ ਜਿਸ ਟੂਲ ਕਿੱਟ ਨੂੰ ਦਿਸ਼ਾ ਨੇ ਸਾਂਝਾ ਕੀਤਾ ਹੈ, ਉਹ 'ਕੋਈ ਵਡੀ ਗਲ ਨਹੀਂ ਤੇ ਨਾ ਹੀ ਗੈਰ ਕਨੂੰਨੀ ਹੈ। ਪਹਿਲੇ ਪੰਨੇ 'ਤੇ ਖਬਰਾਂ ਦਾ ਹਿੱਸਾ ਇਹ ਵੀ ਕਹਿੰਦਾ ਹੈ ਕਿ ਦਿਸ਼ਾ ਨੂੰ ਦੇਸ਼ ਵਿਰੋਧੀਆਂ ਤੇ ਪੋਇਟਿਕ ਜਸਟਿਸ ਨਾਲ ਜੋੜਨ ਦਾ ਕੋਈ ਸਬੂਤ ਨਹੀਂ ਮਿਲਿਆ ਹੈ।ਇੰਡੀਅਨ ਐਕਸਪ੍ਰੈਸ ਨੇ ਫਲੈਗ ਸਿਰਲੇਖ ਰਾਹੀਂ ਦਸਿਆ ਹੈ ਕਿ ਜੱਜ ਨੇ ਕਿਹਾ ਕਿ ਟੂਲਕਿਟ ਵਿਚ ਹਿੰਸਾ ਦੀ ਕੋਈ ਅਪੀਲ ਨਹੀਂ ਹੈ । ਅਦਾਲਤ ਨੇ ਕਿਹਾ, ਮੁੱਖ ਸਿਰਲੇਖ ਹੈ, ਦੇਸ ਦੇ ਨਾਗਰਿਕ ਜਮੀਰ ਦੇ ਰੱਖਿਅਕ ਹੈ। ਦਿਸਾ ਨੂੰ ਜਮਾਨਤ ਦਿੱਤੀ ਗਈ ਹੈ, ਅਧੂਰੇ ਸਬੂਤਾਂ ਲਈ ਪੁਲਿਸ ਦੀ ਨਿੰਦਾ ਕੀਤੀ ਹੈ। ਮੈਨੂੰ ਲੱਗਦਾ ਹੈ ਕਿ ਇਸ ਖਬਰ ਵਿਚ ਮੁੱਖ ਗੱਲ ਹਿੰਦੂ ਦੀ ਖਬਰ ਦੇ ਪਹਿਲੇ ਪੰਨੇ 'ਤੇ ਨਹੀਂ ਹੈ ਅਤੇ ਟੈਲੀਗ੍ਰਾਫ ਵਿਚ ਲੀਡ ਦਾ ਸਿਰਲੇਖ ਇੰਡੀਅਨ ਐਕਸਪ੍ਰੈਸ ਦੁਆਰਾ ਬਣਾਇਆ ਗਿਆ ਹੈ।ਅਸਲ ਮਾਮਲਾ ਸਮਝਣ ਵਾਲਾ ਹੈ ਇਹ ਹੈ ਕਿ , "ਸਰਕਾਰਾਂ ਦੀ ਬੇਇਨਸਾਫ਼ੀ ਤੇ ਰਾਜ ਮਦ ਨੂੰ ਲਾਗੂ ਨਹੀਂ ਕੀਤਾ ਜਾਣਾ ਚਾਹੀਦਾ।ਇਹ ਜਮਹੂਰੀਅਤ ਲਈ ਜਰੂਰੀ ਹੈ।"

ਤੁਸੀਂ ਅੰਦਾਜਾ ਲਗਾ ਸਕਦੇ ਹੋ ਕਿ ਇਸ ਮਾਮਲੇ ਵਿੱਚ ਅਦਾਲਤ ਦੀ ਭੂਮਿਕਾ ਕਿੰਨੀ ਸਖਤ ਸੀ। ਸਰਕਾਰ ਅਤੇ ਸਰਕਾਰ ਦੇ ਸਮਰਥਕਾਂ ਨੂੰ ਵੀ ਇਸ ਨੂੰ ਸਮਝਣਾ ਚਾਹੀਦਾ ਹੈ। ਪਰ ਭਾਰਤ ਦਾ ਮੀਡੀਆ ਵੀ ਇਹ ਸਮਝ ਨਹੀਂ ਰਿਹਾ।ਦਿਸ਼ਾ ਦੇ ਸ਼ਬਦ ਭੂਚਾਲ ਹਨ ਕਿ ਜੇਕਰ ਕਿਸਾਨਾਂ ਦੇ ਹਕ ਵਿਚ ਅਵਾਜ਼ ਉਠਾਉਣਾ ਗਲਤ ਹੈ ,ਦੇਸ ਵਿਰੋਧੀ ਹੈ ਤਾਂ ਮੈਂ ਸਾਰੀ ਉਮਰ ਜੇਲ ਵਿਚ ਰਹਿਣ ਨੂੰ ਤਿਆਰ ਹਾਂ।ਦਿਸ਼ਾ ਦੇ ਇਹ ਸ਼ਬਦ ਜਮਹੂਰੀਅਤ ਦੀ ਅਸਲ ਪਰਿਭਾਸ਼ਾ ਨੂੰ ਘੜਦੇ ਹਨ।ਅਦਾਲਤ ਇਸ ਦੇ ਡੂੰਘੇ ਅਰਥ ਨੂੰ ਸਮਝ ਗਈ ਹੈ।

# ਇਨਾਮ ਯੋਧਿਆਂ ਦੇ ਸਿਰਾਂ ’ਤੇ ਹੀ ਰੱਖੇ ਜਾਂਦੇ ਹਨ : ਲੱਖਾ ਸਿਧਾਣਾ

## ✪ ਭਾਰੀ ਇਕੱਠ ਵਿਚ ਕਿਹਾ ਕਿ ਕਿਸਾਨ ਆਗੂਆਂ ਨੂੰ ਸਹਿਯੋਗ ਦੇਵਾਂਗੇ, ਸੰਘਰਸ਼ ਜਿਤਾਂਗੇ

## ✪ ਦਿੱਲੀ ਪੁਲਿਸ ਨੂੰ ਲੋੜੀਂਦਾ ਲੱਖਾ ਸਿਧਾਣਾ ਮਹਿਰਾਜ ਕਿਸਾਨ ਰੈਲੀ ਵਿੱਚ ਪੁੱਜਿਆ

**ਬਠਿੰਡਾ/ਏ.ਟੀ.ਨਿਊਜ਼:** ਮਹਿਰਾਜ-26 ਜਨਵਰੀ ਨੂੰ ਲਾਲ ਕਿਲੇ ’ਤੇ ਵਾਪਰੀ ਘਟਨਾ ਨੂੰ ਲੈ ਕੇ ਨਾਮਜ਼ਦ ਨੌਜਵਾਨ ਆਗੂ ਲੱਖਾ ਸਿਧਾਣਾ ਦੀ ਤਲਾਸ਼ ’ਚ ਘੁੰਮ ਰਹੀ ਦਿੱਲੀ ਪੁਲਿਸ ਨੂੰ ਲੱਖਾ ਸਿਧਾਣਾ ਵਲੋਂ ਸੋਸ਼ਲ ਮੀਡੀਆ ਰਾਹੀਂ ਖੁੱਲੀ ਚੁਣੌਤੀ ਦਿੰਦਿਆਂ 23 ਫਰਵਰੀ ਨੂੰ ਪਿੰਡ ਮਹਿਰਾਜ ਵਿਖੇ ਸੰਘਰਸ਼ ਸਹਿਯੋਗ ਜਥਾ ਪੰਜਾਬ ਵਲੋਂ ਰੱਖੀ ਰੈਲੀ ਵਿਚ ਪਹੁੰਚ ਕੇ ਆਪਣਾ ਵਾਅਦਾ ਪੂਰਾ ਕੀਤਾ ਗਿਆ। ਠੀਕ ਉਸ ਵੇਲੇ ਜਦੋਂ 2 ਵਜ ਕੇ 13 ਮਿੰਟ ’ਤੇ ਲੱਖਾ ਸਿਧਾਣਾ ਅਚਾਨਕ ਹੀ ਇਸ ਰੈਲੀ ’ਚ ਹਾਜਰ ਹੋਏ ਤਾਂ ਮੰਚ ਤੋਂ ਇਹ ਐਲਾਨ ਕਰ ਦਿੱਤਾ ਗਿਆ ਕਿ ‘ਜੇਕਰ ਦਿੱਲੀ ਪੁਲਿਸ ’ਚ ਹਿੰਮਤ ਹੈ ਤਾਂ ਉਹ ਲੱਖਾ ਸਿਧਾਣਾ ਨੂੰ ਗ੍ਰਿਫਤਾਰ ਕਰਕੇ ਦਿਖਾਏ।’

ਇਹ ਐਲਾਨ ਹੁੰਦਿਆਂ ਹੀ ਪੰਡਾਲ ’ਚ ਕੇਸਰੀ ਝੰਡੇ ਲਹਿਰਾਏ ਗਏ ਤੇ ‘ਬੋਲੇ ਸੋ ਨਿਹਾਲ’ ਦੇ ਜੈਕਾਰੇ ਗੂੰਜ ਉੱਠੇ। ਇਸ ਮੌਕੇ ਦੇਸ਼ ਵਿੱਚ ਕਿਤੇ ਵੀ ‘ਖਾਲਸਾਈ ਝੰਡੇ’ ਲਹਿਰਾਉਣ ਨੂੰ ਜਾਇਜ਼ ਕਹਿੰਦਿਆਂ ਭਾਜਪਾ ਆਗੂਆਂ ਵੱਲੋਂ ਲਹਿਰਾਏ ਜਾਂਦੇ ਝੰਡਿਆਂ ਦੀ ਚਰਚਾ ਰੱਜ਼ ਕੇ ਕੀਤੀ ਗਈ ਕਿ ਭਾਜਪਾ ਵਾਲੇ ਤਿਰੰਗੇ ਦਾ ਅਪਮਾਨ ਕਰਕੇ ਆਪਣੇ ਭਗਵੇਂ ਝੰਡਿਆਂ ਨੂੰ ਤਰਜ਼ੀਹ ਦੇ ਰਹੇ ਹਨ। ਇਸ ਮੌਕੇ ਇਹ ਗੱਲ ਵੀ ਕਹੀ ਗਈ ਕਿ ਲਾਲ ਕਿਲੇ ’ਤੇ ਲਹਿਰਾਏ ਗਏ ਤਿਰੰਗੇ ਝੰਡੇ ਦਾ ਅਪਮਾਨ ਕੀਤੇ ਬਿਨਾਂ ਕੇਸਰੀ ਝੰਡਾ ਲਹਿਰਾਇਆ ਗਿਆ ਹੈ। ਅਸਲ ਵਿੱਚ 26 ਜਨਵਰੀ ਦੀ ਹਿੰਸਾ ਦੇ ਮਾਮਲੇ ਵਿਚ ਦਿੱਲੀ ਪੁਲਿਸ ਪਿਛਲੇ ਹਫਤੇ ਤੋਂ ਪੰਜਾਬ ਵਿੱਚ ਲੱਖਾ ਸਿਧਾਣਾ ਦੀ ਭਾਲ ਕਰ ਰਹੀ ਹੈ। ਉਂਝ, ਲੱਖਾ ਸਿਧਾਣਾ ਦੀ ਰੈਲੀ ਵਿੱਚ ਪੰਜਾਬ ਪੁਲਿਸ ਦੇ ਅਫਸਰ ਤੇ ਜਵਾਨ ਵੱਡੀ ਗਿਣਤੀ ’ਚ ਤਾਇਨਾਤ ਸਨ। ਲੱਖਾ ਸਿਧਾਣਾ ਨੂੰ ਸੁਣਨ ਲਈ ਪੰਜਾਬ ਤੇ ਹਰਿਆਣਾ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਨੌਜਵਾਨ ਪਹੁੰਚੇ ਹੋਏ ਸਨ, ਜਿਸ ਕਾਰਨ 7 ਏਕੜ ਵਿਚ ਬਣਿਆ ਪੰਡਾਲ ਵੀ ਛੋਟਾ ਪੈ ਗਿਆ ਤੇ ਨੌਜਵਾਨ ਘਰਾਂ ਦੀਆਂ ਛੱਤਾਂ ਤੇ ਟਾਵਰਾਂ ’ਤੇ ਚੜ ਗਏ । ਇਸ ਮੌਕੇ ਬੋਲਦਿਆਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਸਾਨੂੰ ਕੇਂਦਰ ਸਰਕਾਰ ਵਲੋਂ ਕਿਸਾਨਾਂ ਲਈ ਬਣਾਏ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਇਕੱਠੇ ਹੋਣ ਦੀ ਲੋੜ ਹੈ। ਸਮਾਗਮ ਦੇ ਅੰਤ ਵਿਚ ਨੌਜਵਾਨਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਲੱਖਾ ਸਿਧਾਣਾ ਨੇ ਕਿਹਾ ਕਿ ਦਿੱਲੀ ’ਚ ਸਰਕਾਰ ਨਾਲ ਚੱਲ ਰਹੀ ਲੜਾਈ ਪੰਜਾਬ ਦੇ ਵਜੂਦ ਦੀ ਹੈ, ਜਿਹੜੀਆਂ ਕੌਮਾਂ ਸੰਘਰਸ਼ ਕਰਦੀਆਂ ਹਨ, ਇਤਿਹਾਸ ਉਨਾਂ ਦਾ ਹੀ ਲਿਖਿਆ ਜਾਂਦਾ ਹੈ । ਉਨਾਂ ਕਿਸਾਨ ਯੂਨੀਅਨ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੂੰ ਸਟੇਜ ਤੋਂ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਉਨਾਂ ਨੂੰ ਜਾਂ ਫਿਰ ਉਨਾਂ ਦੇ ਆਗੂਆਂ ਨੂੰ ਦਿੱਲੀ ਪੁਲਿਸ ਗ੍ਰਿਫਤਾਰ ਕਰਨ ਆਵੇਗੀ ਤਾਂ ਅਸੀਂ ਉਨਾਂ ਦੇ ਨਾਲ ਖੜਾਂਗੇ। ਲੱਖੇ ਨੇ ਨੌਜਵਾਨਾਂ ਨੂੰ ਕਿਹਾ ਕਿ ਦਿੱਲੀ ਪੁਲਿਸ ਨੌਜਵਾਨਾਂ ਨੂੰ ਡਰਾਉਣ ਲਈ ਪਰਚੇ ਦਰਜ ਕਰ ਰਹੀ ਹੈ ਤੇ ਤਸਵੀਰਾਂ ਜਾਰੀ ਕਰ ਰਹੀ ਹੈ ਪਰ ਡਰਨ ਦੀ ਲੋੜ ਨਹੀਂ, ਜਦ ਦਿੱਲੀ ਪੁਲਿਸ ਪਿੰਡਾਂ ਵਿਚ ਨੌਜਵਾਨਾਂ ਨੂੰ ਫੜਨ ਆਏ ਤਾਂ ਪਿੰਡ ਵਿਚ ਹੋਕਾ ਦੇ ਕੇ ਇਕੱਠੇ ਹੋ ਕੇ ਉਨਾਂ ਦਾ ਘਿਰਾਓ ਕਰ ਲਓ । ਲੱਖਾ ਸਿਧਾਣਾ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਲੱਖਾਂ ਲੋਕ ਪੰਜਾਬ ਤੋਂ ਦਿੱਲੀ ਵੱਲ ਕੂਚ ਕਰਨਗੇ । ਉਨਾਂ ਕਿਹਾ ਕਿ ਜਦ ਪੰਜਾਬ ਦੇ ਲੋਕ ਦੋਫਾੜ ਹੋਏ ਹਨ, ਪੰਜਾਬ ਦਾ ਨੁਕਸਾਨ ਹੋਇਆ। ਉਨਾਂ ਕਿਹਾ ਕਿ ਇਹ ਲੜਾਈ ਫਸਲਾਂ ਦੀ ਨਹੀਂ, ਨਸਲਾਂ ਦੀ ਹੈ । ਲੱਖਾ ਨੇ ਦਿੱਲੀ ਵਿਖੇ ਸੰਘਰਸ਼ ਕਰ ਰਹੇ ਕਿਸਾਨ ਆਗੂਆਂ ਨੂੰ ਕਿਹਾ ਕਿ ਉਹ ਕੋਈ ਵੱਡਾ ਪ੍ਰੋਗਰਾਮ ਉਲੀਕਣ, ਪੰਜਾਬ ਦੇ ਨੌਜਵਾਨ ਉਨਾਂ ਦੇ ਨਾਲ ਖੜਣਗੇ । ਉਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ 26 ਫਰਵਰੀ ਨੂੰ ਵੱਡੀ ਗਿਣਤੀ ਵਿਚ ਦਿੱਲੀ ਪਹੁੰਚਣ। ਲੱਖਾ ਸਿਧਾਣਾ ਨੇ ਕਿਹਾ ਕਿ ਸਾਨੂੰ ਖੇਤੀ ਕਾਨੂੰਨਾਂ ਵਿਚ ਕੋਈ ਵੀ ਸੋਧ ਮਨਜ਼ੂਰ ਨਹੀਂ ਤੇ ਨਾ ਹੀ ਸਟੇਅ, ਕਿਉਂਕ ਲੋਕ ਸੰਘਰਸ਼ ਲਈ ਵਾਰ-ਵਾਰ ਇਕੱਠੇ ਨਹੀਂ ਹੁੰਦੇ । ਦਿੱਲੀ ਪੁਲਿਸ ਨੇ ਉਸ ’ਤੇ ਇਕ ਲੱਖ ਰੁਪਏ ਦਾ ਇਨਾਮ ਰੱਖਿਆ ਹੈ। ਉਹ ਸਟੇਜ ’ਤੇ ਬੈਠਿਆ ਤੇ ਸਟੇਜ ਪ੍ਰਬੰਧਕਾਂ ਨੇ ਪੁਲਿਸ ਨੂੰ ਚੁਣੌਤੀ ਦਿੱਤੀ ਕਿ ਜੇ ਹਿੰਮਤ ਹੈ ਤਾਂ ਸਿਧਾਣਾ ਨੂੰ ਗ੍ਰਿਫਤਾਰ ਕਰ ਕਰੇ ਦਿਖਾਏ। ਇਸ ਤੋਂ ਪਹਿਲਾਂ ਕਿਸਾਨ ਦਿੱਲੀ ਹਿੰਸਾ ਵਿੱਚ ਮਾਰੇ ਗਏ ਨਵਰੀਤ ਸਿੰਘ ਦੇ ਦਾਦਾ ਅਤੇ ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਸੰਯੁਕਤ ਕਿਸਾਨ ਮੋਰਚੇ ਦੀ ਰਣਨੀਤੀ ’ਤੇ ਸਵਾਲ ਚੁੱਕੇ। ਉਨਾਂ ਨੇ ਕਿਹਾ, ‘ਕਿਸਾਨਾਂ ਦੀਆਂ ਮੰਗਾਂ ਜਾਇਜ਼ ਹਨ ਅਤੇ 26 ਜਨਵਰੀ ਨੂੰ ਦਿੱਲੀ ਦੇ ਲਾਲ ਕਿਲੇ ਨੇੜੇ ਜੋ ਵਾਪਰਿਆ



ਬਹਿਬਲ ਕਲਾਂ ਗੋਲੀਬਾਰੀ ਵਿੱਚ ਮਾਰੇ ਗਏ ਹਰਭਗਵਾਨ ਸਿੰਘ ਦੇ ਰਿਸ਼ਤੇਦਾਰ ਵੀ ਰੈਲੀ ਵਿੱਚ ਪਹੁੰਚੇ। ਇਹ ਵੀ ਜ਼ਿਕਰਯੋਗ ਸੀ ਕਿ ਮੰਚ ਤੋਂ ਬੋਲਣ ਵਾਲੇ ਬੁਲਾਰਿਆਂ ਨੇ ਪੰਜਾਬ ਦੀਆਂ ਸਮੁੱਚੀਆਂ ਸਿਆਸੀ ਪਾਰਟੀਆਂ ’ਤੇ ਰੱਜ ਕੇ ਤੰਜ ਕਸੇ। ਪਿੰਡ ਬਰਗਾੜੀ ਦੇ ਰਹਿਣ ਵਾਲੇ ਪ੍ਰਿਤਪਾਲ ਸਿੰਘ ਇਸ ਰੈਲੀ ’ਚ ਪਹੁੰਚੇ ਸਨ। ਉਨਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀਆਂ ਗਲਤ ਨੀਤੀਆਂ ਕਾਰਨ ਅੱਜ ਨੌਜਵਾਨ ਤਿਹਾੜ ਜੇਲ ’ਚ ਬੰਦ ਹਨ। ਕਿਸਾਨ ਜਥੇਬੰਦੀਆਂ ਦੇ ਅਜਿਹੇ ਰਵੱਈਏ ਕਾਰਨ ਹੀ ਦੀਪ ਸਿੱਧੂ, ਨੌਦੀਪ ਕੌਰ, ਰਣਜੀਤ ਸਿੰਘ ਤੇ ਦਿਸ਼ਾ ਰਾਵੀ ਸਮੇਤ ਅਨੇਕਾਂ ਬੇਕੂਸਰ ਅੱਜ ਭਾਰਤ ਦੀ ਹਾਕਮ ਧਿਰ ਦੇ ਇਸ਼ਾਰਿਆਂ ’ਤੇ ਜੇਲਾਂ ਵਿਚ ਹਨ। ਇਹ ਵੱਖਰੀ ਗੱਲ ਹੈ ਕਿ ਕੇਂਦਰ ਸਰਕਾਰ ਘੱਟ ਗਿਣਤੀਆਂ ਦੇ ਖਿਲਾਫ ਹੈ ਪਰ ਅੱਜ ਲੱਖਾ ਸਿਧਾਣਾ ਵਰਗੇ ਆਗੂਆਂ ਦੀ ਅਗਵਾਈ ਹੇਠ ਜੇਲਾਂ ਵਿਚ ਬੰਦ ਨੌਜਵਾਨਾਂ ਦੀ ਰਿਹਾਈ ਦਾ ਰਾਹ ਪੱਧਰਾ ਹੋ ਸਕਦਾ ਹੈ। ਇਸ ਲਈ ਹੀ ਮੈਂ ਅੱਜ ਇੱਥੇ ਹਾਂ।’

ਉਹ ਇੱਕ ਸਾਜ਼ਿਸ਼ ਦਾ ਹਿੱਸਾ ਸੀ। ਪਰ ਇਸ ਗੱਲ ਦੀ ਸਮਝ ਨਹੀਂ ਆਈ ਕਿ ਜਥੇਬੰਦੀਆਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਵੱਲੋਂ ਭਾਰਤ ਦੀ ਲੋਕ ਸਭਾ ਦਾ ਘਿਰਾਓ ਕਰਨ ਦੇ ਕੀਤੇ ਗਏ ਐਲਾਨ ਤੋਂ ਕਿਉਂ ਪਲਟ ਗਈਆਂ। ਅਸੀਂ ਤਾਂ ਕਿਸਾਨਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਪਾਰਲੀਮੈਂਟ ਦੇ ਘਿਰਾਓ ਦਾ ਪ੍ਰੋਗਰਾਮ ਮੁੜ ਉਲੀਕਣ।’

ਇਸ ਦੌਰਾਨ ਪੰਜਾਬ ਯੂਥ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਆਗੂ ਹਾਜ਼ਰ ਸਨ, ਪਰ ਮੰਚ ਸੰਚਾਲਕ ਨੇ ਉਨਾਂ ਦੀ ਬੇਨਤੀ ਦੇ ਬਾਵਜੂਦ ਸਟੇਜ ਤੋਂ ਬੋਲਣ ਦੀ ਇਜ਼ਾਜਤ ਨਹੀਂ ਦਿੱਤੀ। ਰੈਲੀ ਵਿੱਚ ਨਾਰਾਇਣ ਸਿੰਘ ਚੌੜਾ, ਹਰਦੀਪ ਸਿੰਘ ਮਹਿਰਾਜ, ਪ੍ਰੋ. ਮਹਿੰਦਰਪਾਲ ਸਿੰਘ ‘ਆਪ’ ਵਿਧਾਇਕ ਕੁਲਤਾਰ ਸਿੰਘ ਸੰਧਾਵਾ, ਬਾਬਾ ਹਰਦੀਪ ਮਹਿਰਾਜ, ਹਰਜੀਤ ਢਿਪਾਲੀ, ਸਟੇਜ ਸਕੱਤਰ ਹਰਪਿੰਦਰ ਸਿੰਘ ਕੋਟਕਪੂਰਾ ਅਤੇ ਪੰਜਾਬੀ ਗਾਇਕ ਕੁਲਦੀਪ ਮਾਣਕ ਦਾ ਪੁੱਤ ਯੁੱਧਵੀਰ ਮਾਣਕ, 29 ਨਵੰਬਰ ਨੂੰ ਦਿੱਲੀ ਜਾ ਰਹੇ ਕਿਸਾਨਾਂ ਤੇ ਪਾਣੀ ਦੀਆਂ ਬੌਛਾਰਾਂ ਕਰਨ ਵਾਲੇ ਵਾਟਰ ਕੈਨਨ ਦਾ ਮੂੰਹ ਬੰਦ ਕਰਨ ਵਾਲਾ ਨੌਜਵਾਨ ਨਵਦੀਪ ਸਿੰਘ ਹਰਿਆਣਾ ਮੌਜੂਦ ਸਨ।

ਰੈਲੀ ਦੀ ਸਟੇਜ ਤੋਂ ਲੱਖਾ ਸਿਧਾਣਾ ਸਮੇਤ ਕਈ ਬੁਲਾਰਿਆਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ‘ਸਿੱਧੀ’ ਚਿਤਾਵਨੀ ਦਿੱਤੀ ਕਿ ‘ਜੇ ਕਰ ਦਿੱਲੀ ਪੁਲਿਸ ਪੰਜਾਬ ’ਚੋਂ ਕਿਸੇ ਕਿਸਾਨ ਆਗੂ ਦੀ ਗ੍ਰਿਫਤਾਰੀ ਕਰਦੀ ਹੈ ਤਾਂ ਇਸ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜਿੰਮੇਵਾਰ ਹੋਣਗੇ।’

**ਲੱਖਾ ਸਿਧਾਣਾ ਦੇ ਸਮਰਥਕਾਂ ਦੀ ਪਹਿਰੇਦਾਰੀ**

ਰੈਲੀ ਦੌਰਾਨ ਲੱਖਾ ਸਿਧਾਣਾ ਦੇ ਸਮਰਥਕਾਂ ਨੇ ਮੰਚ ਤੋਂ ਲੈ ਕੇ ਨਾਕਿਆਂ ਤੱਕ ਦੀ ਸੁਰੱਖਿਆ ਆਪਣੇ ਹੱਥ ਵਿੱਚ ਹੀ ਰੱਖੀ। ਰੈਲੀ ਦੇ ਅੰਤ ਵਿੱਚ ਲੱਖਾ ਸਿਧਾਣਾ ਦੇ ਕਈ ਨੌਜਵਾਨ ਸਮਰਥਕ ਡਾਂਗਾਂ ਦੇ ‘ਬਲਬੂਤੇ’ ’ਤੇ ਆਪਣੇ ਆਗੂ ਨੂੰ ਪੰਡਾਲ ਤੋਂ ਬਾਹਰ ਲੈ ਗਏ ਅਤੇ ਲੱਖਾ ਸਿਧਾਣਾ ਨੂੰ ਕਾਬੂ ਕਰਨ ਆਈ ਪੁਲਿਸ ਪਾਰਟੀ ‘ਝਾਕਦੀ’ ਹੀ ਰਹਿ ਗਈ।

**ਲੱਖਾ ਕਿਉਂ ਨਹੀਂ ਕੀਤਾ ਗ੍ਰਿਫਤਾਰ**

ਪੰਜਾਬ ਪੁਲਿਸ ਦਾ ਕਹਿਣਾ ਹੈ ਕਿ ਇਹ ਦਿੱਲੀ ਪੁਲਿਸ ਦਾ ਮਾਮਲਾ ਹੈ ਅਤੇ ਉਨਾਂ ਦੀ ਗ੍ਰਿਫਤਾਰੀ ਵਰਗੇ ਕਦਮ ਚੁੱਕਣ ਤੋਂ ਪਹਿਲਾਂ ਉਨਾਂ ਨੂੰ ਅਮਨ-ਕਾਨੂੰਨ ਨੂੰ ਵੀ ਧਿਆਨ ਵਿੱਚ ਰੱਖਣਾ ਪਵੇਗਾ।

ਬਠਿੰਡਾ ਦੇ ਐੱਸਐੱਸਪੀ ਭੁਪਿੰਦਰ ਸਿੰਘ ਵਿਰਕ ਨੇ ਦਸਿਆ, ‘ਦਿੱਲੀ ਪੁਲਿਸ ਨੇ ਇਸ ਸਬੰਧ ਵਿੱਚ ਘੱਟੋ-ਘੱਟ ਬੀਤੇ ਸੋਮਵਾਰ ਸ਼ਾਮ ਤੱਕ ਸਾਡੇ ਨਾਲ ਸੰਪਰਕ ਨਹੀਂ ਕੀਤਾ ਸੀ। ਉਨਾਂ ਨੇ ਕਿਹਾ, ‘ਇਹ ਦਿੱਲੀ ਪੁਲਿਸ ਦਾ ਕੇਸ ਹੈ ਨਾ ਕਿ ਪੰਜਾਬ ਪੁਲਿਸ ਦਾ।’

**ਪੰਜਾਬ ਦੀਆਂ ਸਿਆਸੀ ਧਿਰਾਂ ਦਾ ਪ੍ਰਤੀਕਰਮ**

ਭਾਜਪਾ ਆਗੂ ਹਰਜੀਤ ਗਰੇਵਾਲ ਨੇ ਬਠਿੰਡਾ ਰੈਲੀ ਦੌਰਾਨ ਲੱਖਾ ਸਿਧਾਣਾ ਨੂੰ ਪੰਜਾਬ ਪੁਲਿਸ ਵਲੋਂ ਗ੍ਰਿਫਤਾਰ ਨਾ ਕਰਨ ਨੂੰ ਪ੍ਰਸਾਸ਼ਨਿਕ ਨਾਕਾਮੀ ਦੱਸਿਆ। ਉਨਾਂ ਕਿਹਾ, ‘ਉਸ ਉੱਤੇ ਇੱਕ ਲੱਖ ਦਾ ਇਨਾਮ ਹੈ ਅਤੇ ਇਹ ਹੈਰਾਨੀਜਨਕ ਹੈ ਕਿ ਪੰਜਾਬ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰਨ ਲਈ ਦਿੱਲੀ ਪੁਲਿਸ ਨਾਲ ਤਾਲਮੇਲ ਨਹੀਂ ਕੀਤਾ।’

ਇਸ ਮਾਮਲੇ ਉੱਤੇ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਿਧਾਇਕ ਅਮਨ ਅਰੋੜਾ ਨੇ ਕਿਹਾ, ‘ਅਸੀਂ ਇਸ ਮਸਲੇ ਉੱਤੇ ਕੁਝ ਨਹੀਂ ਕਹਿਣਾ। ਇਸ ਮਾਮਲੇ ਵਿਚ ਪੰਜਾਬ ਅਤੇ ਕੇਂਦਰ ਸਰਕਾਰ ਨੇ ਦੇਖਣਾ ਹੈ ਕਿ ਇਸ ਉੱਤੇ ਕੀ ਕੀਤਾ ਜਾਣਾ ਹੈ।’

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਦਲਜੀਤ ਸਿੰਘ ਚੀਮਾ ਨੇ ਇਹ ਮਾਮਲੇ ਉੱਤੇ ਸੂਬਾ ਸਰਕਾਰ ਹੀ ਚੰਗੀ ਤਰਾਂ ਦੱਸ ਸਕਦੀ ਹੈ। ‘ਇਹ ਕਾਨੂੰਨ ਦਾ ਮਜ਼ਾਕ ਹੈ।’

**ਕੌਣ ਹੈ ਲੱਖਾ ਸਿਧਾਣਾ**

ਪਿਛਲੇ ਕੁਝ ਸਾਲਾਂ ਤੋਂ ਲੱਖਾ ਸਿਧਾਣਾ ਦੀ ਪਛਾਣ ਇੱਕ ਅਜਿਹੇ ਸਾਬਕਾ ਗੈਂਗਸਟਰ ਵਜੋਂ ਹੁੰਦੀ ਰਹੀ ਹੈ ਜੋ ਪਹਿਲਾਂ ਸਿਆਸਤ ਵਿੱਚ ਆਇਆ ਤੇ ਫਿਰ ਸਮਾਜਿਕ ਕਾਰਜਾਂ ਵਿੱਚ ਸਰਗਰਮ ਹੋ ਗਿਆ।

ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਜਾਰੀ ਕਿਸਾਨ ਅੰਦੋਲਨ ਵਿੱਚ ਉਹ ਸ਼ੁਰੂ ਤੋਂ ਹੀ ਸੁਰਖੀਆਂ ਵਿੱਚ ਰਿਹਾ ਹੈ। ਕਬੱਡੀ ਨਾਲ ਵੀ ਜੁੜੇ ਰਹੇ ਲੱਖਾ ਸਿਧਾਣਾ ਨੇ ਪਿਛਲੇ ਸਾਲਾਂ ਦੌਰਾਨ ਪੰਜਾਬੀ ਸਤਿਕਾਰ ਕਮੇਟੀ ਵਿੱਚ ਸ਼ਾਮਲ ਹੋ ਕੇ ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਸੰਘਰਸ਼ ਵੀ ਕੀਤਾ। ਨੈਸ਼ਨਲ ਹਾਈਵੇ ਸਾਈਨ ਬੋਰਡਾਂ ’ਤੇ ਪੰਜਾਬੀ ਭਾਸ਼ਾ ਨੂੰ ਤੀਜੇ ਨੰਬਰ ‘ਤੇ ਲਿਖੇ ਜਾਣ ਜਾਂ ਨਾ ਲਿਖੇ ਜਾਣ ਕਾਰਨ ਅੰਗਰੇਜ਼ੀ ਤੇ ਹਿੰਦੀ ਅੱਖਰਾਂ ’ਤੇ ਕਾਲਖ ਪੋਤਣ ਦੀ ਮੁਹਿੰਮ ਵੀ ਲੱਖਾ ਸਿਧਾਣਾ ਨੇ ਹੀ ਚਲਾਈ ਸੀ । ਉਸ ਦੀ ਇਸ ਪੋਚਾਮਾਰ ਮੁਹਿੰਮ ਕਾਫੀ ਚਰਚਾ ਵਿਚ ਰਹੀ ਸੀ।

ਲੱਖਾ ਸਿਧਾਣਾ ਨੇ ਰਾਮਪੁਰਾ ਫੂਲ ਵਿਧਾਨ ਸਭਾ ਹਲਕੇ ਤੋਂ ਪੰਜਾਬ ਪੀਪਲਜ਼ ਪਾਰਟੀ (ਪੀਪੀਪੀ) ਦੀ ਟਿਕਟ ’ਤੇ ਵਿਧਾਨ ਸਭਾ ਚੋਣ ਵੀ ਲੜੀ ਜਿਸ ਵਿੱਚ ਉਹ ਹਾਰ ਗਿਆ ਸੀ।

**14 ਦਿਨ ਲਈ ਦੀਪ ਸਿੱਧੂ ਨੂੰ ਜੇਲ ਭੇਜਿਆ**

ਨਵੀਂ ਦਿੱਲੀ-ਦਿੱਲੀ ਦੀ ਇਕ ਅਦਾਲਤ ਨੇ ਕੇਂਦਰ ਦੇ 3 ਨਵੇਂ ਖੇਤੀ ਕਾਨੂੰਨਾਂ ਦੇ ਵਿਰੁੱਧ ਕਿਸਾਨਾਂ ਵਲੋਂ ਕੱਢੀ ਟਰੈਕਟਰ ਪਰੇਡ ਦੌਰਾਨ ਗਣਤੰਤਰ ਦਿਵਸ ਵਾਲੇ ਦਿਨ ਲਾਲ ਕਿਲਾ ’ਤੇ ਹੋਈ ਹਿੰਸਾ ਦੇ ਸਬੰਧ ਵਿਚ ਗ੍ਰਿਫਤਾਰ ਅਦਾਕਾਰ ਅਤੇ ਕਾਰਕੁਨ ਦੀਪ ਸਿੱਧੂ ਨੂੰ 14 ਦਿਨ ਲਈ ਨਿਆਂਇਕ ਹਿਰਾਸਤ ’ਚ ਭੇਜ ਦਿੱਤਾ । ਦੀਪ ਸਿੱਧੂ ਨੂੰ ਇਸ ਕੇਸ ’ਚ 7 ਦਿਨ ਦੀ ਪੁਲਿਸ ਹਿਰਾਸਤ ਦੀ ਮਿਆਦ ਖਤਮ ਹੋਣ ਦੇ ਬਾਅਦ ਮੈਟਰੋਪੁਲੀਟਨ ਮੈਜਿਸਟ੍ਰੇਟ ਸਮਰਜੀਤ ਕੌਰ ਦੇ ਸਾਹਮਣੇ ਪੇਸ਼ ਕੀਤਾ ਗਿਆ ਸੀ । ਅਦਾਲਤ ਨੇ ਪਹਿਲਾਂ ਪੁਲਿਸ ਵਲੋਂ ਇਹ ਕਹੇ ਜਾਣ ਦੇ ਬਾਅਦ ਕਿ ਉਹ ਲਾਲ ਕਿਲੇ ’ਤੇ ਹਿੰਸਕ ਘਟਨਾਵਾਂ ਨੂੰ ਭੜਕਾਉਣ ਵਾਲੇ ਮੁੱਖ ਵਿਅਕਤੀਆਂ ’ਚੋਂ ਇਕ ਸੀ, ਸਿੱਧੂ ਨੂੰ ਪੁਲਿਸ ਹਿਰਾਸਤ ਵਿਚ ਭੇਜ ਦਿੱਤਾ ਸੀ ।

# ਟਾਈਮ ਮੈਗਜ਼ੀਨ ਵੱਲੋਂ ਜਾਰੀ ਸੰਸਾਰ ਦੇ ਉੱਭਰ ਰਹੇ ਆਗੂਆਂ ਦੀ ਸੂਚੀ ’ਚ ਭੀਮ ਆਰਮੀ ਦੇ ਆਜ਼ਾਦ ਨੂੰ ਮਿਲੀ ਥਾਂ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ‘ਟਾਈਮ’ ਜੋ ਕਿ ਦੁਨੀਆਂ ਭਰ ਵਿੱਚ ਪ੍ਰਚੱਲਿਤ ਇੱਕ ਅਮਰੀਕੀ ਮੈਗਜ਼ੀਨ ਹੈ, ਹਰ ਸਾਲ ‘ਟਾਈਮ 100 ਨੈਕਸਟ’ ਦੇ ਸਿਰਲੇਖ ਹੇਠ ਪੂਰੀ ਦੁਨੀਆਂ ਦੇ ਸੌ ਪ੍ਰਭਾਵਸ਼ਾਲੀ ਵਿਅਕਤੀਆਂ ਦੀ ਸੂਚੀ ਜਾਰੀ ਕਰਦੀ ਹੈ। ਇਸ ਵਾਰ ਉੱਭਰ ਰਹੇ ਆਗੂਆਂ ਦੀ ਸੂਚੀ ਵਿੱਚ ਚੰਦਰ ਸ਼ੇਖਰ ਆਜ਼ਾਦ ਸਣੇ ਹੋਰ ਪੰਜ ਭਾਰਤੀ ਮੂਲ ਦੀਆਂ ਸਖਸ਼ੀਅਤਾਂ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਚੰਦਰ ਸ਼ੇਖਰ ਆਜ਼ਾਦ, ਭੀਮ ਆਰਮੀ ਦੇ ਚੀਫ ਵਜੋਂ ਦਲਿਤ ਭਾਈਚਾਰੇ ਦੇ ਵਿਕਾਸ ਅਤੇ ਉੱਚੀਆਂ ਜਾਤੀਆਂ ਵੱਲੋਂ ਕੀਤੇ ਜਾਂਦੇ ਵਿਤਕਰੇ ਵਿਰੁੱਧ ਉੱਤਰ ਪ੍ਰਦੇਜ਼ ਖਿੱਤੇ ਵਿੱਚ ਸਰਗਗਮ ਹੈ। ਹਾਥਰਸ ਵਿਖੇ ਹੋਏ ਦਲਿਤ ਕੁੜੀ ਨਾਲ ਬਲਾਤਕਾਰ ਦੇ ਦੋਜ਼ੀਆਂ ਨੂੰ ਗ੍ਰਿਫਤਾਰ ਕਰਾਉਣ ਵਿੱਚ ਉਸਦਾ ਵੱਡਾ ਯੋਗਦਾਨ ਰਿਹਾ। ਮੌਜੂਦਾ ਸਮੇਂ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਉੱਠੇ ਕਿਸਾਨ ਅੰਦੋਲਨ ਨੂੰ ਵੀ ਉਹ ਖੁੱਲ ਕੇ ਹਮਾਇਤ ਕਰ ਰਿਹਾ।

‘ਟਾਈਮ 100 ਨੈਕਸਟ’ ਦੀ ਟਿੱਪਣੀ ਮੁਤਾਬਕ, ਖਿੱਤੇ ਵਿੱਚ ਹਿੰਦੂ ਰਾਸ਼ਟਰਵਾਦੀਆਂ ਦਾ ਜ਼ੋਰ



ਹੋਣ ਕਾਰਨ ਆਉਣ ਵਾਲੀਆਂ ਚੋਣਾਂ ਉਸ ਲਈ ਅਗਲੀ ਵੱਡੀ ਚੁਣੌਤੀ ਹੋਣਗੀਆਂ।

ਵਿਜਯਾ ਗੜ੍ਹੇ, ਜੋ ਕਿ ‘ਟਵਿੱਟਰ’ ਦੀ ਕਾਨੂੰਨੀ ਅਤੇ ਨੀਤੀ ਬਣਾਉਣ ਵਾਲੀ ਟੀਮ ਦੀ ਪ੍ਰਮੁੱਖ ਹੈ, ਅਮਰੀਕਾ ਵਿਚਲੀ ਹਿੰਸਾ ਨਾਲ ਨਜਿੱਠਣ ਲਈ ਸਾਬਕਾ ਰਾਸ਼ਟਰਪਤੀ ‘ਡੋਨਲਡ ਟਰੰਪ’ ਦਾ ਖਾਤਾ ਬੰਦ ਕਰਨ ਦੇ ਫੈਸਲੇ ਕਾਰਨ ਚਰਚਾ ਵਿੱਚ ਰਹੀ ਸੀ, ਦਾ ਨਾਮ ਵੀ ਸੂਚੀ ਵਿੱਚ ਸ਼ਾਮਲ ਹੈ। ਅਗਲਾ ਚਿਹਰਾ, ਯੂ.ਕੇ. ਤੋਂ ਭਾਰਤੀ ਮੂਲ ਦੇ ਨੌਜਵਾਨ ਖਜ਼ਾਨਾ ਮੰਤਰੀ, ਰਿਸ਼ੀ ਸੂਨਕ ਵੀ ਕਰੋਨਾ ਕਾਲ ਨਾਲ ਸਿੱਝਣ ਲਈ ਨਿਭਾਈ ਭੂਮਿਕਾ ਕਾਰਨ ਇਸ ਸੂਚੀ ਵਿੱਚ ਸਾਹਮਣੇ ਆਇਆ।

ਇਸ ਤੋਂ ਇਲਾਵਾ ਡਾ. ਸ਼ਿਖਾ ਗੁਪਤਾ, ਜਿਨਾਂ ਨੇ ‘Get Us PPE’ ਨਾਂ ਦੀ ਸੰਸਥਾ ਬਣਾ ਕੇ 65 ਲੱਖ ਤੋਂ ਵੱਧ ਪੀ.ਪੀ.ਈ. ਕਿੱਟਾਂ ਮੂਹਰਲੀ ਕਤਾਰ ਦੇ ਕਾਮਿਆਂ ਨੂੰ ਮੁਹੱਈਆ ਕਰਵਾਈਆਂ ਸੀ, ਨੂੰ ਵੀ ਇਸ ਸੂਚੀ ਵਿੱਚ ਥਾਂ ਦਿੱਤੀ ਗਈ ਹੈ।

ਰੋਹਨ ਪਾਵੂਲਰੀ ਨੇ ਕੋਵਿਡ ਮਹਾਂਮਾਰੀ ਸਮੇਂ ਦਿਵਾਲੀਆ ਹੋਣ ਵਾਲੇ ਆਮ ਪਰਿਵਾਰਾਂ ਨੂੰ ਆਰਥਿਕ-ਕਾਨੂੰਨੀ ਸਹਾਇਤਾ ਦੇਣ ਲਈ ‘Upsolve’ ਨਾਂ ਦਾ ਆਨਲਾਈਨ ਪੋਰਟਲ ਮੁਹੱਈਆ ਕਰਵਾ ਕੇ ਸਹਾਇਤਾ ਕੀਤੀ, ਜਿਸ ਨਾਲ ਲੋਕਾਂ ਦੇ 300 ਮਿਲੀਅਨ ਡਾਲਰ ਦੇ ਕਰਜ਼ ਦਾ ਨਿਪਟਾਰਾ ਕੀਤਾ ਗਿਆ।

ਆਨਲਾਈਨ ਘਰੋ-ਘਰੀਂ ਰਾਸ਼ਨ ਪਹੁੰਚਾਉਣ ਵਾਲੀ ਸਾਈਟ Instacart ਦੇ ਮੋਢੀ ਅਤੇ ਸੀ.ਈ.ਓ, ਅਪੂਰਵ ਮਹਿਤਾ, ਸੂਚੀ ਵਿੱਚ ਭਾਰਤੀ ਮੂਲ ਦੇ ਛੇਵੇਂ ਨਾਮ ਹਨ।

# ਮੋਦੀ ਸਰਕਾਰ ਦੀ ਦਮਨ ਦੀ ਨੀਤੀ ਤੇ ਲੋਕਤੰਤਰ



**ਰਣਜੀਤ ਸਿੰਘ ਕੁਕੀ**

ਮਸਨੂਈ ਵਾਸਤਵਿਕਤਾ ਦੇ ਸੰਸਾਰ ਵਿਚ ਭਾਰਤੀ ਗਣਤੰਤਰ ਆਪਣੇ ਆਪ ਨੂੰ ਅਨੇਕਤਾ ਵਿਚ ਏਕਤਾ ਤੋਂ ਸ਼ੁੱਧਤਾ ਦੀ ਏਕਤਾ ਵਾਲੇ ਸਮਾਜ ਦੇ ਰੂਪ ਵਿਚ ਪ੍ਰਭਾਸ਼ਤ ਕਰ ਰਿਹਾ ਹੈ। ਦੋਗਲੇ ਯਥਾਰਥਵਾਦ ਵਾਲਾ ਇਹ ਸਮਾਜ ਲਗਾਤਾਰ ਮੀਡੀਆ, ਸਰਕਾਰ, ਸੰਗਠਿਤ ਘਰਾਣਿਆਂ, ਧਾਰਮਿਕ ਅਤੇ ਰਾਜਨੀਤਿਕ ਸਮੂਹਾਂ ਦੁਆਰਾ ਬਣਾਇਆ ਜਾ ਰਿਹਾ ਹੈ। ਇਸ ਤਰਾਂ ਦੇ ਸਮਾਜ ਵਿਚ ਦੋਗਲਾ ਯਥਾਰਥਵਾਦ ਰਾਸ਼ਟਰਵਾਦ ਦੇ ਪ੍ਰਬਲ ਬਿਰਤਾਂਤ, ਗਣਤੰਤਰ ਦੀ ਅਥਾਹ ਸ਼ਕਤੀ, ਆਪਣੇ-ਪੱਖੀ ਬੁੱਧੀਜੀਵੀਆਂ ਅਤੇ ਵਿਚਾਰਵਾਨਾਂ ਰਾਹੀ ਲਗਾਤਾਰ ਯਥਾਰਥਵਾਦ ਨੂੰ ਦਬਾ ਰਿਹਾ ਹੈ। ਸ਼ੁੱਧਤਾ ਦੀ ਪਰਿਕਲਪਨਾ ਕਰਨ ਵਾਲੇ ਇਸ ਸਮਾਜ ਵਿਚ ਬੋਲਣ ਦੀ ਅਜ਼ਾਦੀ, ਵਿਚਾਰਾਂ ਦੀ ਅਜ਼ਾਦੀ ਅਤੇ ਵਿਚਾਰਧਾਰਾ ਨੂੰ ਅਪਰਾਧਿਕ ਗਰਦਾਨਿਆ ਜਾਂਦਾ ਹੈ। ਇਹ ਸਾਰੇ ਅਧਿਕਾਰ ਸੁਤੰਤਰਤਾ ਤੋਂ ਨਹਿਰੂ-ਅੰਬੇਦਕਰ ਰਾਜ ਵਿਚ ਸੰਵਿਧਾਨ ਵਿਚ ਦਰਜ ਕੀਤੇ ਗਏ। ਜਿਨਾਂ ਨੂੰ ਸਮੇਂ ਨਾਲ ਅਜ਼ਾਦੀ ਨੂੰ ਜ਼ਰੂਰਤ ਦੀ ਬਾਰੀਕ ਰੇਖਾ ਵਿਚ ਨਹਿਰੂ-ਅੰਬੇਦਕਰ ਦੀ ਵਿਧੀ ਨੇ ਹੀ ਸੰਵਿਧਾਨਕ ਸੋਧ ਕਰਕੇ ਤਬਦੀਲ ਕਰ ਦਿੱਤਾ। ਇਸ ਨਾਲ ਸੰਵਿਧਾਨਕ ਅਜ਼ਾਦੀ ਵਿਚ ਖੜੋਤ ਆ ਗਈ।

ਬੋਲਣ ਦੀ ਅਜ਼ਾਦੀ ਅਤੇ ਵਿਰੋਧ ਕਰਨ ਦਾ ਅਧਿਕਾਰ ਸਮੇਂ ਨਾਲ ਅਜਿਹੇ ਗਤੀਰੋਧ ਵਿਚ ਫਸ ਗਏ ਹਨ ਕਿ ਕਿਸੇ ਦੁਆਰਾ ਕੀਤਾ ਗਿਆ ਇਕ ਟਵੀਟ, ਮਜ਼ਾਕ ਅਤੇ ਟੀ ਵੀ ਸੀਰੀਅਲ ਦਾ ਦ੍ਰਿਸ਼ ਜਾਂ ਕਿਸੇ ਫ਼ਿਲਮ ਵਿਚ ਰਾਜਨੀਤਕ ਗਤੀਵਿਧੀਆਂ ਉੱਪਰ ਕੀਤੀ ਕੋਈ ਵੀ ਟਿੱਪਣੀ ਨੂੰ ਨਿਯੰਤ੍ਰਿਤਾ ਦਾ ਘੇਰੇ ਵਿਚ ਲੈ ਆਉਂਦਾ ਹੈ। ਮੌਜੂਦਾ ਸਮੇਂ ਵਿਚ ਅਣਕਹੇ ਮਜ਼ਾਕ, ਇਕ ਹਾਸਰਸ ਕਲਾਕਾਰ ਦੁਆਰਾ ਸਰਵਉੱਚ ਅਦਾਲਤ ਬਾਰੇ ਟਵੀਟ ਅਤੇ ਵੈਬ ਫ਼ਿਲਮ ਨਾਲ ਸਬੰਧਤ ਕੇਸ ਅਦਾਲਤ ਵਿਚ ਵਿਚਾਰਾਂ ਦੀ ਅਜ਼ਾਦੀ ਸਦਕਾ ਸੁਣਵਾਈ ਅਧੀਨ ਹਨ। ਸੰਗਠਿਤ ਘਰਾਣਿਆਂ ਦੀ ਵੱਧ ਰਹੀ ਜਕੜ ਦਾ ਵਿਰੋਧ ਕਰਨ ਕਰਕੇ ਦਲਿਤ ਕਾਰਕੁੰਨ ਨੌਦੀਪ ਕੌਰ ਨੂੰ ਇਸੇ ਗਤੀਰੋਧ ਤਹਿਤ ਨਿਯੰਤਰਤਾ ਕਰਕੇ ਕਈ ਦੋਸ਼ ਆਇਦ ਕਰਕੇ ਜੇਲ ਵਿਚ ਸੁੱਟ ਦਿੱਤਾ ਗਿਆ ਜਿਸ ਦੀ ਹੁਣ ਉੱਚ ਅਦਾਲਤ ਵਿਚ ਜ਼ਮਾਨਤ ਮਨਜ਼ੂਰ ਹੋਈ ਹੈ। ਉਸ ਦੀ ਵੱਡੀ ਭੈਣ ਮੁਤਾਬਿਕ ਪੁਲਿਸ ਅਤੇ ਨਿਆਂਇਕ ਹਿਰਾਸਤ ਦੌਰਾਨ ਉਸ ਉੱਪਰ ਅਨੇਕਾਂ ਜ਼ੁਲਮ ਢਾਹੇ ਗਏ ਅਤੇ ਉਸ ਦਾ ਸਰੀਰਕ ਸ਼ੋਸ਼ਣ ਵੀ ਕੀਤਾ ਗਿਆ। ਉਸ ਦੀ ਜ਼ਮਾਨਤ ਦੀ ਅਰਜ਼ੀ ਹੇਠਲੀਆਂ ਅਦਾਲਤਾਂ ਵਿਚ ਠੁਕਰਾ ਦਿੱਤੀ ਗਈ ਸੀ ਅਤੇ ਉੱਚ ਅਦਾਲਤ ਵਿਚ ਉਸ ਨੂੰ ਰਾਹਤ ਮਿਲੀ ਹੈ।

ਅਜ਼ਾਦੀ ਨਾਲ ਵਿਚਰਨ ਦਾ ਅਧਿਕਾਰ ਅਤੇ ਵਿਰੋਧ ਪ੍ਰਗਟ ਕਰਨ ਦੇ ਅਧਿਕਾਰ ਨੂੰ ਲਗਾਤਾਰ ਕੰਟਰੋਲ ਕੀਤਾ ਜਾ ਰਿਹਾ ਹੈ। ਸਰਵਉੱਚ ਅਦਾਲਤ ਦੇ ਹਾਲ ਹੀ ਵਿਚ ਇਹ ਫ਼ੈਸਲਾ ਦਿੱਤਾ ਕਿ ਵਿਰੋਧ ਦਾ ਪ੍ਰਦਰਸ਼ਨ ਅਧਿਕਾਰੀਆਂ ਦੁਆਰਾ ਮਿਥੇ ਗਏ ਸਥਾਨ ਉੱਪਰ ਹੀ ਕਰਨਾ ਚਾਹੀਦਾ ਹੈ। ਸਰਵਉੱਚ ਅਦਾਲਤ ਦੇ ਸਾਹਮਣੇ ਰਿੱਟ ਪਟੀਸ਼ਨ ਪਾਉਣਾ, ਜੋ ਕਿ ਨਾਗਰਿਕਾਂ ਦਾ ਮੁੱਢਲਾ ਸੰਵਿਧਾਨਕ ਅਧਿਕਾਰ ਹੈ, ਨੂੰ ਵੀ ਹੌਲੀ-ਹੌਲੀ ਦਬਾਇਆ ਜਾ ਰਿਹਾ ਹੈ। ਇਹ ਅਜ਼ਾਦੀ ਦਾ ਸੰਵਿਧਾਨਕ ਅਧਿਕਾਰ ਦੇਣ ਦੀ ਬਜਾਇ ਨਿਆਂਇਕ ਖੇਤਰ ਦੀ ਨਵੀਂ ਪਰਿਭਾਸ਼ਾ ਦਿੰਦਾ ਹੈ। ਨੌਦੀਪ ਦਾ ਕੇਸ ਵੀ ਇਸੇ ਦੀ ਹੀ ਉਦਾਹਰਨ ਹੈ ਜੋ ਕਿ ਪੁਲਿਸ ਅਤੇ ਨਿਆਂਇਕ ਪ੍ਰਕਿਰਿਆ ਦਾ ਸ਼ਿਕਾਰ ਬਣ ਗਈ ਹੈ ਜਿਸ ਨੂੰ ਮੌਜੂਦਾ ਗਣਤੰਤਰ ਵਿਚ ਅਥਾਹ ਸ਼ਕਤੀਆਂ ਹਾਸਿਲ ਹਨ। ਇਨਾਂ ਦੇ ਅਧਾਰ 'ਤੇ ਹੀ ਸਰਕਾਰੀ ਤੰਤਰ ਇਹ ਨਿਰਣਾ ਕਰਦੇ ਹਨ ਕਿ ਕਿਸ ਨੂੰ ਫੜਨਾ ਹੈ ਅਤੇ ਕਿਸ ਨੂੰ ਛੱਡਣਾ ਹੈ ਜੋ ਕਿ ਸਿੱਧੇ ਰੂਪ ਵਿਚ ਸੰਵਿਧਾਨ ਦੀ ਧਾਰਾ 14 ਵਿਚ ਦਰਜ ਬਰਾਬਰੀ ਦੇ ਅਧਿਕਾਰ ਦੀ ਉਲੰਘਣਾ ਹੈ। ਸੰਵਿਧਾਨਿਕ ਧਾਰਾਵਾਂ ਦੇ ਮੁਤਾਬਿਕ ਦੋਸ਼ੀ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਅਲੱਗ ਤੌਰ 'ਤੇ ਨਿਸ਼ਾਨਾ ਨਹੀਂ ਬਣਾਉਣਾ ਚਾਹੀਦਾ। ਇਹ ਚੋਣਵਾਂ ਦਮਨ ਭਾਰਤ ਦੀ ਅਜ਼ਾਦੀ ਤੋਂ ਬਾਅਦ ਆਪਣੇ ਆਪ ਵਿਚ ਇਕ ਕਾਨੂੰਨ ਬਣ ਗਿਆ ਹੈ ਜੋ ਕਿ ਸੰਵਿਧਾਨਿਕ ਅਜ਼ਾਦੀ ਦੀ ਘੋਰ ਉਲੰਘਣਾ ਹੈ। ਇਸ ਰਾਹੀ ਅਸਹਿਮਤ ਵਿਅਕਤੀਆਂ ਉੱਪਰ ਸਥਾਪਤੀ ਦੇ ਰਾਜਨੀਤਿਕ ਅਤੇ ਵਿਚਾਰਧਾਰਕ ਵਿਰੋਧੀ ਹੋਣ ਦਾ ਦੋਸ਼ ਲਗਾਇਆ ਜਾਂਦਾ ਹੈ, ਪੁੱਛ-ਗਿੱਛ ਅਤੇ ਤਸ਼ੱਦਦ ਕੀਤਾ ਜਾਂਦਾ ਹੈ, ਫ਼ਰਜ਼ੀ ਮੁਕਾਬਲਿਆਂ ਰਾਹੀ ਮਾਰ ਦਿੱਤਾ ਜਾਂਦਾ ਹੈ ਜਾਂ ਉਨਾਂ ਨੂੰ ਸਾਲਾਂ-ਬੱਧੀ ਜੇਲਾਂ ਵਿਚ ਸੁੱਟ ਦਿੱਤਾ ਜਾਂਦਾ ਹੈ। ਇਸੇ ਤਰਾਂ ਦੀ ਚੋਣਵੀਂ ਪ੍ਰਕਿਰਿਆ ਨੂੰ ਹਥਿਆਰ ਬਣਾ ਕੇ ਹੀ ਸਥਾਪਤੀ ਦੇ ਹੱਕ ਵਿਚ ਖੜਨ ਵਾਲਿਆਂ ਨੂੰ ਕਾਨੂੰਨੀ ਪ੍ਰਕਿਰਿਆ ਤੋਂ ਸੁਰੱਖਿਅਤ ਰੱਖਿਆ ਜਾਂਦਾ ਹੈ। ਇਸ ਚੋਣਵੇਂ ਦਮਨ ਕਰਕੇ ਸੈਂਕੜਿਆਂ ਦੀ ਗਿਣਤੀ ਵਿਚ ਰਾਜਨੀਤਿਕ, ਸਮਾਜਿਕ, ਨਾਗਰਿਕ ਅਧਿਕਾਰਾਂ ਲਈ ਲੜਨ ਵਾਲੇ ਕਾਰਕੁੰਨ ਅਤੇ ਬੁੱਧੀਜੀਵੀ ਅਤੇ ਬਜ਼ੁਰਗ ਅਵਸਥਾ ਦੇ ਪਾਦਰੀ ਅਣਮਨੁੱਖੀ ਹਾਲਾਤਾਂ ਵਿਚ ਜੇਲ ਵਿਚ ਸੜ ਰਹੇ ਹਨ ਜਦੋਂ ਕਿ ਮਸਨੂਈ ਵਾਸਤਵਿਕਤਾ ਦੇ ਪੱਖਵਕਤਾ ਅਧਿਕਾਰਕ ਸੂਚਨਾਵਾਂ ਨੂੰ ਜਨਤਕ ਕਰਨ ਦੇ ਬਾਵਜੂਦ ਅਜ਼ਾਦ ਘੁੰਮ ਰਹੇ ਹਨ ਜੋ ਕਿ ਦੂਜਿਆਂ ਦੇ ਸਬੰਧ ਵਿਚ ਦੇਸ਼-ਧ੍ਰੋਹ ਮੰਨਿਆਂ ਜਾਂਦਾ ਹੈ। ਦੇਸ਼-ਧ੍ਰੋਹ ਦਾ ਦੋਸ਼ ਵੀ ਅਸਲ ਵਿਚ ਬਸਤੀਵਾਦ ਰਾਜ ਦੀ ਵਿਰਾਸਤ ਹੈ ਜਿਹਨਾਂ ਨੂੰ ਧਾਰਾ 13 ਦੇ ਅਧੀਨ ਨਹੀਂ ਲਿਆਂਦਾ ਗਿਆ ਜਿਸ ਰਾਹੀ ਬਾਕੀ ਬਸਤੀਵਾਦੀ ਕਾਨੂੰਨ ਖ਼ਤਮ ਕਰ ਦਿੱਤੇ ਗਏ ਸਨ। ਦੇਸ਼-ਧ੍ਰੋਹ ਵੀ ਚੋਣਵੇਂ ਦਮਨ ਦਾ ਹੀ ਮੁੱਢਲਾ ਹਥਿਆਰ ਹੈ।

ਨੌਦੀਪ ਕੌਰ ਅਤੇ ਉਸ ਦੇ ਵਾਂਗ ਹੀ ਸੈਂਕੜਿਆਂ ਦੇ ਸੰਵਿਧਾਨਕ ਹੱਕਾਂ ਦਾ ਵੀ ਚੋਣਵੇਂ ਦਮਨ ਤਹਿਤ ਹੀ ਲਗਾਤਾਰ ਜਿਸਮਾਨੀ, ਮਾਨਸਿਕ ਅਤੇ ਕਾਨੂੰਨੀ ਉਲੰਘਣ ਕੀਤਾ ਜਾ ਰਿਹਾ ਹੈ ਜਦੋਂ ਕਿ ਉਨਾਂ ਦੇ ਕੇਸਾਂ ਦੀ ਮਹੱਤਤਾ ਸਰਕਾਰੀ ਸਰਪ੍ਰਸਤੀ ਵਾਲੇ ਮੀਡੀਆ ਰਾਹੀ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਇਸੇ ਤਰਾਂ ਹੀ ਚੋਣਵੇਂ ਦਮਨ ਕਰਕੇ ਹੀ ਦਲਿਤ ਕਾਰਕੁੰਨ ਕੰਚਨ ਨਾਨਾਵਰੇ ਮੁੱਢਲੀ ਸਿਹਤ ਸੰਭਾਲ ਦੀ ਕਮੀ ਕਰਕੇ ਜੇਲ ਵਿਚ ਆਪਣੀ ਜ਼ਿੰਦਗੀ ਹਾਰ ਗਈ ਜਿਸ ਉੱਪਰ ਪਿਛਲੇ ਛੇ ਸਾਲਾਂ ਤੋਂ ਮਾਓਵਾਦੀ ਸੋਚ ਨਾਲ ਕਥਿਤ ਸਬੰਧਾਂ ਕਰਕੇ ਮੁਕੱਦਮਾ ਚੱਲ ਰਿਹਾ ਸੀ। ਇਸ ਤਰਾਂ ਉਹ ਚੋਣਵੇਂ ਦਮਨ ਦੀ ਹੀ ਭੇਂਟ ਚੜ ਗਈ। ਇਸੇ ਤਰਾਂ ਹੀ ਕੁਨਾਲ ਕਾਮਰਾ, ਮੁਨੱਵਰ ਫਾਰੂਕੀ ਅਤੇ ਤਾਂਡਵ ਵੈੱਬ ਸੀਰੀਜ਼ ਦੇ ਸੰਬੰਧ ਵਿਚ ਵੀ ਚੋਣਵੇਂ ਦਮਨ ਦੀ ਵਰਤੋਂ ਕੀਤੀ ਗਈ। ਇਹ ਸੂਚੀ ਬਹੁਤ ਲੰਮੀ ਹੈ। ਹਾਲਾਂਕਿ, ਨਿਆਂਇਕ ਕਮਿਸ਼ਨ ਨੇ ਇਸ ਤਰਾਂ ਅਨੈਤਿਕ ਚੋਣਵੇਂ ਦਮਨ ਬਾਰੇ ਬਹਿਸ-ਮੁਬਾਹਿਸਾ ਕੀਤਾ ਹੈ, ਪਰ ਉਸ ਵਿਚ ਵੀ ਇਹੀ ਦਲੀਲ ਦਿੱਤੀ ਗਈ ਕਿ ਚੋਣਵੇਂ ਦਮਨ ਬਾਰੇ ਕੋਈ ਸੁਣਵਾਈ ਅਦਾਲਤੀ ਪ੍ਰੀਕਿਰਿਆ ਖ਼ਤਮ ਹੋਣ ਤੋਂ ਬਾਅਦ ਹੋਵੇਗੀ। ਪੀੜਤ ਲੰਮੀਆਂ ਅਦਾਲਤੀ ਕਾਰਵਾਈਆਂ ਅਤੇ ਕੈਦ ਦੀ ਕਰੂਰਤਾ ਕਰਕੇ ਹੀ ਥੱਕ ਜਾਂਦੇ ਹਨ ਅਤੇ ਉਨਾਂ ਵਿਚ ਏਨੀ ਹਿੰਮਤ ਨਹੀਂ ਹੁੰਦੀ ਕਿ ਵਧੇਰੇ ਅਦਾਲਤੀ ਪ੍ਰਕਿਰਿਆ ਆਰੰਭੀ ਜਾਵੇ। ਮੌਜੂਦਾ ਗਣਤੰਤਰ ਦੀ ਮਸਨੂਈ ਵਾਸਤਵਿਕਤਾ ਵਿਚ ਮਸਨੂਈ ਵਿਚਾਰਧਾਰਾ ਨੂੰ ਹੀ ਮਜ਼ਬੂਤ ਕਰਨ 'ਤੇ ਹੀ ਜ਼ੋਰ ਦਿੱਤਾ ਜਾ ਰਿਹਾ ਹੈ ਜਿਸ ਨੇ ਪਛਾਣਾਂ, ਭਾਈਚਾਰਿਆਂ, ਧਰਮਾਂ ਅਤੇ ਰਾਜਨੀਤਿਕ ਸਮੂਹਾਂ ਵਿਚ ਦੀਵਾਰਾਂ ਖੜੀਆਂ ਕਰ ਦਿੱਤੀਆਂ ਹਨ। ਚੋਣਵਾਂ ਦਮਨ ਮੌਜੂਦਾ ਗਣਤੰਤਰ ਵਿਚ ਮਹੱਤਵਹੀਣ ਨਹੀਂ, ਸਗੋਂ ਇਸ ਦੀ ਕਸੌਟੀ ਬਣ ਗਿਆ ਹੈ। ਇਸੇ ਦਾ ਹੀ ਨਤੀਜਾ ਹੈ ਕਿ ਇਹ ਸੰਸਾਰ ਪ੍ਰਸਿੱਧ ਪੌਪ ਗਾਇਕ ਦੇ ਛੇ ਸ਼ਬਦਾਂ ਦੇ ਟਵੀਟ ਉੱਪਰ ਬਹੁਤ ਤਿੱਖੀ ਪ੍ਰਤੀਕਿਰਿਆ ਕਰਦਾ ਹੈ ਜਿਵੇਂ ਕਿ ਇਸ ਗਣਤੰਤਰ ਦੇ ਅੰਦਰੂਨੀ ਮੁਲੱਮੇ ਦੀ ਪੋਲ ਖੁੱਲ ਗਈ ਹੋਵੇ ਅਤੇ ਇਹ ਚਕਨਾਚੂਰ ਹੋਣ ਵਾਲਾ ਹੋਵੇ। ਇਸ ਦੇ ਨਾਲ ਹੀ ਇਹ ਮਸਨੂਈ ਯਥਾਰਥਵਾਦ ਦੀ ਥਾਂ ਅਸਲੀਅਤ ਨੂੰ ਸਮਝਣ ਦੀ ਜ਼ਰੂਰਤ ਨੂੰ ਵੀ ਦਿਖਾਉਂਦਾ ਹੈ ਜਿੱਥੇ ਅਦਾਲਤਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਰਿਆਸਤਾਂ ਸੱਤਾ ਦੇ ਦੁਰਉਪਯੋਗ ਨੂੰ ਜਾਇਜ਼ ਠਹਿਰਾਉਣ ਲਈ ਚੋਣਵੇਂ ਦਮਨ ਨੂੰ ਸੰਵਿਧਾਨਿਕ ਬਚਾਅ ਦੇ ਰੂਪ ਵਿਚ ਵਰਤਦੀਆਂ ਹਨ।

ਇਕ ਅਜਿਹਾ ਤੰਤਰ ਮਜ਼ਬੂਤ ਹੋ ਰਿਹਾ ਹੈ ਜਿੱਥੇ ਮੌਜੂਦਾ ਗਣਤੰਤਰ ਪੂਰਨ ਰਾਜਨੀਤਿਕ ਸ਼ਕਤੀ ਦੀ ਅਭਿਲਾਸ਼ਾ ਰੱਖਦਾ ਹੈ ਅਤੇ ਡਰ ਨੂੰ ਹਥਿਆਰ ਵਜੋਂ ਵਰਤਦਾ ਹੈ। ਇਹ ਵੱਖਵਾਦ ਦੀਆਂ ਦੀਵਾਰਾਂ ਖੜੀਆਂ ਕਰਦਾ ਹੈ, ਕਰਕੇ ਚੋਣਵੇਂ ਦਮਨ ਨੂੰ ਆਮ ਬਣਾਉਂਦਾ ਹੈ। ਫਿਰ ਉਹ ਭਾਵੇਂ ਦਲਿਤ ਮਜ਼ਦੂਰ ਕਾਰਕੁੰਨ ਨੌਦੀਪ ਦੇ ਕੇਸ ਵਿਚ ਹੋਵੇ ਜਾਂ ਸੰਸਦ ਵਿਚ ਵਿਰੋਧੀਆਂ ਧਿਰ ਦੇ ਮੈਂਬਰਾਂ ਦੇ ਸੰਬੰਧ ਵਿਚ ਜਾਂ ਰਿਹਾਨਾ ਦੇ ਸੰਬੰਧ ਵਿਚ, ਜਾਂ ਫਿਰ ਛੇ ਪ੍ਰਸਿੱਧ ਪੱਤਰਕਾਰਾਂ ਦੇ ਸੰਬੰਧ ਵਿਚ ਜੋ ਕਿ ਸਥਾਪਤੀ ਅਨੁਸਾਰ ਆਪਣੀਆਂ ਖ਼ਬਰਾਂ ਅਤੇ ਵਿਚਾਰਾਂ ਨੂੰ ਤਬਦੀਲ ਨਹੀਂ ਕਰਦੇ। ਇਸ ਕਰਕੇ ਉਨਾਂ 'ਤੇ ਭਾਰਤ ਦੇ ਪੰਜ ਵੱਖ-ਵੱਖ ਸੂਬਿਆਂ ਵਿਚ ਦੇਸ਼-ਧ੍ਰੋਹ ਦੇ ਮੁਕੱਦਮੇ ਦਰਜ ਹਨ ਜਿਨਾਂ ਤੋਂ ਰਾਹਤ ਲੈਣ ਲਈ ਉਹ ਹੁਣ ਉੱਚ ਅਦਾਲਤ ਦਾ ਦਰਵਾਜ਼ਾ ਖੜਕਾ ਰਹੇ ਹਨ। ਅਜਿਹਾ ਹੀ ਸੈਂਕੜੇ ਹੋਰ ਮਨੁੱਖੀ ਅਧਿਕਾਰਾਂ ਦੇ ਕਾਰਕੁੰਨਾਂ ਨਾਲ ਹੋ ਰਿਹਾ ਹੈ। ਰਾਸ਼ਟਰਵਾਦ ਅਤੇ ਇਕ ਖ਼ਾਸ ਵਿਚਾਰਧਾਰਾ ਦੀ ਪਕੜ ਮਜ਼ਬੂਤ ਬਣਾਉਣ ਲਈ ਅਜਿਹੀ ਮਾਨਸਿਕਤਾ ਘੜੀ ਜਾ ਰਹੀ ਹੈ ਜੋ ਕਿ ਕੁਝ ਮਸ਼ਹੂਰ ਹਸਤੀਆਂ ਦੁਆਰਾ ਕੀਤੇ ਟਵੀਟ ਕਰਕੇ ਅਸਾਨੀ ਨਾਲ ਹੀ ਹੜਬੜਾ ਉੱਠਦੀ ਹੈ। ਇਸੇ ਵਿਚ ਹੀ ਅਮਰੀਕਾ ਦੀ ਉਪ-ਰਾਸ਼ਟਰਪਤੀ ਦੀ ਰਿਸ਼ਤੇਦਾਰ ਦੁਆਰਾ ਨੌਦੀਪ ਨਾਲ ਜੇਲ ਵਿਚ ਹੋਏ ਵਰਤਾਰੇ, ਚੋਣਵੇਂ ਦਮਨ ਅਤੇ ਅਸਹਿਣਸ਼ੀਲਤਾ ਦੇ ਵਧਦੇ ਮਾਹੌਲ ਨੂੰ ਲੈ ਕੇ ਜ਼ਾਹਿਰ ਕੀਤਾ ਟਵੀਟ ਵੀ ਸ਼ਾਮਿਲ ਹੈ। ਪੂਰਨ ਸ਼ਕਤੀ ਹਾਸਲ ਕਰਨ ਦੀ ਇਹ ਅਭਿਲਾਸ਼ਾ, ਇਕ ਖ਼ਾਸ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਅਤੇ ਕੱਟੜ ਰਾਸ਼ਟਰਵਾਦ ਦੀ ਅਭਿਵਿਅਕਤੀ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ ਕਰ ਰਹੀ ਹੈ ਅਤੇ ਇਨਾਂ ਦੀ ਥਾਂ ਤੇ ਚੋਣਵੇਂ ਦਮਨ ਦੀ ਨੀਤੀ ਅਪਣਾ ਰਹੀ ਹੈ।

ਅਨਿਸ਼ਚਿਤਤਾ ਅਤੇ ਡਰ ਦੇ ਮੌਜੂਦਾ ਦ੍ਰਿਸ਼ ਵਿਚ ਚੋਣਵੇਂ ਦਮਨ ਨੂੰ ਵੱਖ-ਵੱਖ ਖੇਤਰਾਂ ਵਿਚ ਵੱਖ-ਵੱਖ ਢੰਗਾਂ ਰਾਹੀ ਵਰਤਿਆ ਗਿਆ ਹੈ। ਜਿਸ ਦਾ ਸ਼ਿਕਾਰ ਵੱਖ-ਵੱਖ ਸਮੇਂ ਤੇ ਕਦੇ ਸਿੱਖ, ਕਸ਼ਮੀਰੀ, ਉੱਤਰ-ਪੂਰਬੀ ਰਾਜਾਂ ਵਿਚ ਮਾਓਵਾਦੀ ਜਾਂ ਰਾਜਨੀਤਿਕ ਵਿਚਾਰਕ ਬਣੇ ਹਨ। ਕੱਟੜ-ਰਾਸ਼ਟਰਵਾਦ ਦੇ ਬਿਰਤਾਂਤ ਨੂੰ ਅੱਗੇ ਵਧਾਉਣ ਲਈ ਨਿਆਂਇਕ ਪੱਖਾਂ ਨੂੰ ਅੱਖੋਂ-ਪਰੋਖੇ ਕੀਤਾ ਗਿਆ ਜੋ ਕਿ ਲਗਾਤਾਰ ਸੰਵਿਧਾਨਿਕ ਕਦਰਾਂ-ਕੀਮਤਾਂ ਤੋਂ ਦੂਰ ਜਾ ਰਹੇ ਹਨ। ਚੋਣਵੇਂ ਦਮਨ ਰਾਹੀ ਪੈਦਾ ਕੀਤਾ ਡਰ ਵੀ ਗਲੋਬਲ ਪੱਧਰ ਦੀਆਂ ਹਸਤੀਆਂ ਦੇ ਬਿਆਨਾਂ ਕਰਕੇ ਬਾਹਰ ਆ ਗਿਆ ਹੈ ਅਤੇ ਇਸ ਦਾ ਰੂਪ ਸਥਾਪਤੀ ਦੇ ਹੱਕ ਵਿਚ ਚੱਲਣ ਵਾਲੀਆਂ ਭਾਰਤੀ ਹਸਤੀਆਂ ਦੇ ਟਵੀਟਾਂ ਰਾਹੀ ਦੇਖਿਆ ਜਾ ਸਕਦਾ ਹੈ। ਇਹ ਨੈਤਿਕ, ਬੌਧਿਕ ਅਤੇ ਸੱਭਿਆਚਾਰਕ ਗਿਰਾਵਟ ਦੀ ਨਿਸ਼ਾਨੀ ਹੈ। ਕੱਟੜ ਰਾਸ਼ਟਰਵਾਦ ਦੇ ਇਸ ਮਾਹੌਲ ਵਿਚ ਜਨਤਕ ਹਮਦਰਦੀ ਦੀ ਵੀ ਬਹੁਤ ਘਾਟ ਹੈ, ਕਿਉਂਕਿ ਉਸ ਦੁਆਰਾ ਚੁੱਕਿਆ ਗਿਆ ਇਕ ਛੋਟਾ ਜਿਹਾ ਕਦਮ ਵੀ ਜਾਂਚ ਦੇ ਘੇਰੇ ਵਿਚ ਆ ਜਾਂਦਾ ਹੈ। ਇਸ ਸਮੇਂ ਵਿਚ ਸੰਸਥਾਵਾਂ ਦੀ ਕਾਰਜ-ਪ੍ਰਣਾਲੀ ਵਿਚ ਲਗਾਤਾਰ ਗਿਰਾਵਟ ਦਿਖ ਰਹੀ ਹੈ। ਚੋਣਵੇਂ ਦਮਨ ਦੀ ਨੀਤੀ ਕਰਕੇ ਲੋਕਤੰਤਰੀ ਸੰਘਰਸ਼ ਅਤੇ ਵਿਰੋਧ ਕਰਨ ਦੇ ਅਧਿਕਾਰ ਦੀ ਨੈਤਿਕ ਸ਼ਕਤੀ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਜ਼ੋਰਾਂ 'ਤੇ ਚੱਲ ਰਹੀ ਹੈ। ਇਸ ਤਰਾਂ ਦੀ ਪ੍ਰਤੀਰੋਧੀ ਮਾਨਸਿਕਤਾ ਹੀ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਤੇ ਕਿਸਾਨਾਂ ਦੇ ਏਕੇ ਨੂੰ ਬਰਦਾਸ਼ਤ ਨਹੀਂ ਕਰ ਸਕੀ ਜਦੋਂ ਉਨਾਂ ਨੇ ਚੋਣਵੇਂ ਦਮਨ ਤਹਿਤ ਹੀ ਜੇਲਾਂ ਵਿਚ ਸੁੱਟੇ ਰਾਜਨੀਤਿਕ ਕੈਦੀਆਂ ਦੇ ਹੱਕ ਵਿਚ ਅਵਾਜ਼ ਉਠਾਈ, ਪਰ ਨੌਦੀਪ ਦੇ ਹੱਕ ਵਿਚ ਵੀ ਖੁੱਲ ਕੇ ਖੜਨ ਤੋਂ ਕਿਸਾਨੀ ਲੀਡਰਸ਼ਿਪ ਕਤਰਾ ਗਈ।

ਨੌਦੀਪ ਕੌਰ ਵੀ ਚੋਣਵੇਂ ਦਮਨ ਦਾ ਹੀ ਸ਼ਿਕਾਰ ਹੋਈ ਹੈ। ਕੱਟੜ ਰਾਸ਼ਟਰਵਾਦ ਵਿਚ ਡਰ ਅਤੇ ਦਮਨ ਦੀ ਭਾਵਨਾ ਇਸ ਕਦਰ ਸਮਾਜਿਕ ਘੇਰੇ ਦਾ ਹਿੱਸਾ ਬਣ ਗਈ ਹੈ ਕਿ ਲੋਕ ਆਪਣੇ ਬੋਲਣ ਦੇ ਅਧਿਕਾਰ ਦੀ ਵਰਤੋਂ ਕਰਨ ਤੋਂ ਡਰਨ ਲੱਗੇ ਹਨ ਅਤੇ ਉਨਾਂ ਨੇ ਸਮੂਹਿਕ ਰੂਪ ਵਿਚ ਚੁੱਪ ਨੂੰ ਵਿਕਸਿਤ ਕਰ ਲਿਆ ਹੈ। ਇਸ ਤਰਾਂ ਦੇ ਦਵੰਧ ਨੂੰ ਇਕ ਕਵੀ ਦੀਆਂ ਇਨਾਂ ਸਤਰਾਂ ਰਾਹੀ ਸਮਝਿਆ ਜਾ ਸਕਦਾ ਹੈ, 'ਐਸਾ ਨਹੀਂ ਥਾ ਕਿ ਕਦ ਅਪਨੇ ਕਮਹੋ ਗਏ, ਹਾਲਾਤ ਕੋ ਦੇਖ ਕਰ ਹਮ ਖ਼ੁਦ ਸਿਮਟ ਗਏ।' ਹਾਲ ਹੀ ਵਿਚ ਇਕ ਟੀਵੀ ਐਂਕਰ ਦੇ ਕੇਸ ਸੰਬੰਧੀ ਵੀ ਚੋਣਵੇਂ ਦਮਨ ਦਾ ਮਾਮਲਾ ਸਾਹਮਣੇ ਆਇਆ। ਜਿਸ ਅਧਾਰ ਤੇ ਉਸ ਨੂੰ ਨਿਵੇਕਲੇ ਢੰਗ ਨਾਲ ਜ਼ਮਾਨਤ ਦਿੱਤੀ ਗਈ, ਉਹ ਦਿਖਾਉਂਦਾ ਹੈ ਕਿ ਨਿਆਂ ਪ੍ਰੀਕਿਰਿਆ ਨੇ ਵੀ ਇਸ ਚੋਣਵੇਂ ਦਮਨ ਦਾ ਰਾਹ ਫੜ ਲਿਆ ਹੈ ਜਿਸ ਵਿਚ ਸੰਵਿਧਾਨਿਕ ਹੱਕਾਂ ਦੀ ਸ਼ਰੇਆਮ ਉਲੰਘਣਾ ਕੀਤੀ ਜਾਂਦੀ ਹੈ। ਇਹ ਟੀਵੀ ਐਂਕਰ ਮੌਜੂਦਾ ਰਾਸ਼ਟਰਵਾਦੀ ਗਣਤੰਤਰ ਦਾ ਪਖਵਕਤਾ ਹੈ। ਅਜਿਹੇ ਹੀ ਸਮੇਂ ਕਥਿਤ ਰੂਪ ਵਿਚ ਸਥਾਪਤੀ ਦਾ ਵਿਰੋਧ ਕਰਨ ਦੇ ਇਲਜ਼ਾਮ ਹੰਢਾ ਰਹੇ ਲੋਕਾਂ ਨੂੰ ਲੰਮੇ ਮੁਕੱਦਮਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਤੀਜਾ, ਉਹ ਜ਼ਿੰਦਗੀ ਅਤੇ ਅਜ਼ਾਦੀ ਦੀਆਂ ਤੰਦਾਂ ਸਲਾਖ਼ਾਂ ਪਿੱਛੇ ਲੱਭਦੇ ਰਹਿੰਦੇ ਹਨ।

ਵਿਚਾਰਧਾਰਕ ਵਿਰੋਧ ਅਤੇ ਵਿਰੋਧੀਆਂ ਦੇ ਚੋਣਵੇਂ ਦਮਨ ਦੀ ਨੀਤੀ ਅਜ਼ਾਦ ਭਾਰਤ ਦੇ ਸ਼ੁਰੂ ਤੋਂ ਹੀ ਚੱਲਦੀ ਆਈ ਹੈ ਅਤੇ ਇਸ ਨੂੰ ਰਾਜਨੀਤਕ ਸੱਤਾ ਨੂੰ ਮਜ਼ਬੂਤ ਕਰਨ ਲਈ ਵਰਤਿਆ ਜਾਂਦਾ ਹੈ। ਹੋਰ ਦੇਸ਼ਾਂ ਅਤੇ ਗਣਤੰਤਰਾਂ ਵਿਚ ਵੀ ਇਸ ਨੂੰ ਸ਼ੱਕ ਦੀ ਨਿਗਾ ਨਾਲ ਦੇਖਿਆ ਜਾਂਦਾ ਹੈ। ਨਸਲੀ ਭੇਦਭਾਵ ਕਰਕੇ, ਅਮਰੀਕਾ ਵਿਚ ਇਸ ਉੱਪਰ ਕਾਫ਼ੀ ਧਿਆਨ ਦਿੱਤਾ ਗਿਆ ਹੈ ਅਤੇ ਸਰਵਉੱਚ ਅਦਾਲਤ ਵਿਚ ਇਸ ਬਾਰੇ ਚਰਚਾ ਵੀ ਹੋਈ ਹੈ। ਪਰ ਫਿਰ ਵੀ ਇਹ ਅਜੇ ਵੀ ਵੱਡੇ ਪੱਧਰ ਤੇ ਮੌਜੂਦ ਹੈ। ਇਹ ਪ੍ਰਕਿਰਿਆ ਇੰਨੀ ਗੁੰਝਲਦਾਰ ਅਤੇ ਥਕਾਉਣ ਵਾਲੀ ਹੈ ਕਿ ਅਨੇਕਾਂ ਰਾਹ ਹੋਣ ਦੇ ਬਾਵਜੂਦ ਬਹੁਤ ਵਾਰੀ ਦੋਸ਼ੀ ਆਪਣੀ ਕਿਸਮਤ ਨਾਲ ਸਮਝੌਤਾ ਕਰ ਲੈਂਦੇ ਹਨ। ਅਜ਼ਾਦ ਭਾਰਤ ਵਿਚ ਇਹ ਰਾਹ ਹੋਰ ਵੀ ਸੌੜੇ, ਮੁਸ਼ਕਲ ਹੋ ਜਾਂਦੇ ਹਨ ਅਤੇ ਸੁਣਵਾਈ ਦੀ ਸੰਭਾਵਨਾ ਨਾ ਦੇ ਬਰਾਬਰ ਹੁੰਦੀ ਹੈ ਇਸ ਕਰਕੇ ਹੱਕਾਂ ਦੀ ਉਲੰਘਣਾ ਕਰਨਾ ਆਮ ਹੋ ਜਾਂਦਾ ਹੈ ਅਤੇ ਕੋਈ ਵੀ ਨਿਆਂਇਕ ਪ੍ਰਕਿਰਿਆ ਜਾਂਚ ਦੇ ਘੇਰੇ ਵਿਚ ਨਹੀਂ ਆਉਂਦੀ ਹੈ।

ਰਾਜਨੀਤਿਕ ਕਾਰਨਾਂ ਕਰਕੇ ਚੋਣਵੇਂ ਦਮਨ ਦੀ ਨੀਤੀ ਦੀ ਸ਼ੁਰੂਆਤ ਪਹਿਲਾਂ ਸਿੱਖ ਨੇਤਾ ਮਾਸਟਰ ਤਾਰਾ ਸਿੰਘ ਅਤੇ ਫਿਰ ਕਸ਼ਮੀਰੀ ਨੇਤਾ ਸ਼ੇਖ਼ ਅਬਦੁੱਲਾ ਤੋਂ ਹੋਈ। ਸਮਾਂ ਬੀਤਣ ਦੇ ਨਾਲ ਇਹ ਸੂਚੀ ਲੰਮੀ ਹੁੰਦੀ ਗਈ। ਪਰ ਮੌਜੂਦਾ ਗਣਤੰਤਰ ਵਿਚ ਇਸ ਦਾ ਘੇਰਾ ਇੰਨਾ ਵਿਸ਼ਾਲ ਹੋ ਗਿਆ ਹੈ ਕਿ ਇਸ ਨੇ ਰਾਜਨੀਤਿਕ ਵਿਚਾਰਾਂ ਅਤੇ ਵਿਚਾਰਧਾਰਕ ਆਧਾਰਾਂ ਤਹਿਤ ਅਕਾਦਮਿਕ ਮੈਂਬਰਾਂ, ਵਿਦਿਆਰਥੀਆਂ ਨੇਤਾਵਾਂ, ਕਾਰਕੁੰਨਾਂ, ਮਨੁੱਖੀ ਅਧਿਕਾਰਾਂ ਲਈ ਲੜਨ ਵਾਲਿਆਂ, ਪੱਤਰਕਾਰਾਂ ਅਤੇ ਯੂਨੀਵਰਸਿਟੀਆਂ ਨੂੰ ਆਪਣਾ ਸ਼ਿਕਾਰ ਬਣਾ ਲਿਆ ਹੈ। ਅਜਿਹੀ ਮਾਨਸਿਕਤਾ ਤਹਿਤ ਉਨਾਂ ਉੱਪਰ ਰਾਸ਼ਟਰ-ਵਿਰੋਧੀ ਹੋਣ ਦੇ ਇਲਜ਼ਾਮ ਲੱਗਦੇ ਹਨ ਕਿਉਂਕਿ ਉਹ ਮੌਜੂਦਾ ਗਣਤੰਤਰ ਦੀਆਂ ਖ਼ਾਮੀਆਂ ਵਾਲੀਆਂ ਨੀਤੀਆਂ ਵਿਰੁੱਧ ਅਵਾਜ਼ ਉਠਾਉਣ ਦਾ ਹੌਸਲਾ ਰੱਖਦੇ ਹਨ ਅਤੇ ਮੰਨਦੇ ਹਨ ਕਿ 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।' ਕੱਟੜ ਰਾਸ਼ਟਰਵਾਦ ਨੂੰ ਬੜਾਵਾ ਦੇਣ ਲਈ ਸੰਪ੍ਰਦਾਇਕ ਅਤੇ ਧਾਰਮਿਕ ਵਿਸ਼ਵਾਸਾਂ ਦਾ ਵੀ ਇਸਤੇਮਾਲ ਕੀਤਾ ਜਾਂਦਾ ਹੈ। ਇਸ ਨੂੰ ਇਕ ਕਵੀ ਦੀਆਂ ਸਤਰਾਂ ਵਿਚ ਇਸ ਤਰਾਂ ਬਿਆਨ ਕੀਤਾ ਜਾ ਸਕਦਾ ਹੈ, 'ਉਸ ਨੇ ਹਮਾਰੇ ਜ਼ਖ਼ਮ ਕਾ ਯੂੰ ਕੀਆ ਇਲਾਜ, ਮਰਹਮ ਭੀ ਲਗਾਇਆ ਤੋ ਕਾਂਟੋ ਕੀ ਨੋਕ ਸੇ।' ਚੋਣਵੇਂ ਦਮਨ ਦੀ ਨੀਤੀ ਨੂੰ ਏਨੀ ਸਖ਼ਤੀ ਨਾਲ ਲਾਗੂ ਕੀਤਾ ਗਿਆ ਹੈ ਕਿ ਇਸ ਨੇ ਵਿਰੋਧੀ ਧਿਰ ਨੂੰ ਬਿਲਕੁਲ ਹੀ ਨੁੱਕਰੇ ਲਗਾ ਦਿੱਤਾ ਹੈ। ਇਸ ਦਾ ਅਸਰ ਆਮ ਲੋਕਾਂ ਉੱਪਰ ਵੀ ਨਾਕਾਰਤਮਕ ਪਿਆ ਹੈ। ਬਾਕੀ ਰਾਜਨੀਤਿਕ ਪਾਰਟੀਆਂ ਵੀ ਆਪਣੀ ਹੋਂਦ ਨੂੰ ਸਾਬਿਤ ਕਰਨ ਅਤੇ ਮਜ਼ਬੂਤ ਕਰਨ ਲਈ ਰਾਸ਼ਟਰਵਾਦ ਦੇ ਬਿਰਤਾਂਤ ਦਾ ਹੀ ਸਹਾਰਾ ਲੈ ਰਹੀਆਂ ਹਨ। ਮੌਜੂਦਾ ਗਣਤੰਤਰ ਪੂਰਣ ਸੱਤਾ ਦੇ ਨਸ਼ੇ ਵਿਚ ਕਿਸੇ ਵੀ ਵਿਰੋਧ ਨੂੰ ਦਬਾਉਣ ਲਈ ਚੋਣਵੇਂ ਦਮਨ ਦੀ ਨੀਤੀ ਦਾ ਹੀ ਸਹਾਰਾ ਲੈ ਰਹੀ ਹੈ ਜਿਸ ਨੇ ਲੋਕਤੰਤਰੀ ਪ੍ਰੀਕਿਰਿਆ ਰਾਹੀ ਚੁਣੀ ਹੋਈ ਸਰਕਾਰ ਨੂੰ ਵੀ ਤਾਨਾਸ਼ਾਹੀ ਰਿਆਸਤ ਵਿਚ ਬਦਲ ਦਿੱਤਾ ਹੈ।

ਇਸ ਤਰਾਂ ਦੀ ਨੀਤੀ ਦੇ ਸ਼ਿਕਾਰ ਨੌਦੀਪ ਕੌਰ, ਰੇਹਾਨਾ ਫਾਤਿਮਾ, ਕੰਚਨ ਨਾਨਾਵਰੇ, ਮੁਨੱਵਰ ਫਾਰੂਕੀ ਅਤੇ ਕਾਮਰਾ ਜਿਹੇ ਲੋਕ ਬਣਦੇ ਹਨ ਜਿਨਾਂ ਨੇ ਅਸਲ ਵਿਚ ਕੋਈ ਉਲੰਘਣਾ ਨਹੀਂ ਕੀਤੀ। ਇੱਥੋਂ ਤੱਕ ਕਿ ਸੰਸਦ ਵਿਚ ਵਿਰੋਧੀ ਧਿਰ ਦੇ ਮੈਂਬਰ, ਨਾਮੀ ਪੱਤਰਕਾਰ ਅਤੇ ਬੁੱਧੀਜੀਵੀ ਵਿਚ ਚੋਣਵੀਂ ਜਾਂਚ ਦੇ ਘੇਰੇ ਵਿਚ ਆ ਗਏ ਹਨ ਅਤੇ ਉਨਾਂ ਉੱਪਰ ਸਥਾਪਤੀ ਦੀਆਂ ਲੀਹਾਂ 'ਤੇ ਨਾ ਸੋਚਣ ਅਤੇ ਚੱਲਣ ਕਰਕੇ ਦੇਸ਼-ਧ੍ਰੋਹ ਜਿਹੇ ਦੋਸ਼ ਲਗਾਏ ਗਏ ਹਨ। ਚੋਣਵੇਂ ਦਮਨ ਦੀ ਸਭ ਤੋਂ ਤਾਜ਼ਾ ਉਦਾਹਰਨ ਜਾਂਚ ਏਜੰਸੀ ਦੁਆਰਾ ਖ਼ਬਰ ਪੋਰਟਲ 'ਨਿਊਜ਼ ਕਲਿੱਕ' ਨੂੰ ਮੌਜੂਦਾ ਸੰਘਰਸ਼ ਬਾਰੇ ਰਿਪੋਰਟਿੰਗ ਕਰਨ ਕਰਕੇ ਕੇਂਦਰੀ ਜਾਂਚ ਏਜੰਸੀ ਹੇਠ ਲਿਆਂਦਾ ਗਿਆ ਹੈ ਜੋ ਕਿ ਸਿੱਧੇ-ਸਿੱਧੇ ਗਣਤੰਤਰ ਦੇ ਨਿਯਮਾਂ ਦੀ ਉਲੰਘਣਾ ਹੈ। ਇਹ ਅਸਲ ਵਿਚ ਆਲੋਚਨਾਤਮਕ ਪੱਤਰਕਾਰਿਤਾ ਅਤੇ ਸਿਰਜਣਾਤਮਿਕ ਅਜ਼ਾਦੀ ਨੂੰ ਕੁਚਲਨਾ ਹੈ। ਨਿਆਂ ਵਿਵਸਥਾ ਦੁਆਰਾ ਵੀ ਚੋਣਵੇਂ ਦਮਨ ਦੀ ਨੀਤੀ ਨੂੰ ਅਪਣਾਉਣਾ ਬੋਲਣ ਦੀ ਅਜ਼ਾਦੀ ਦੇ ਅਧਿਕਾਰ ਦੀ ਮਹੱਤਤਾ ਨੂੰ ਹੋਰ ਵੀ ਜ਼ਿਆਦਾ ਦਰਸਾਉਂਦਾ ਹੈ। ਇਹ ਦਰਸਾਉਂਦਾ ਹੈ ਕਿ ਨਿਆਪਾਲਿਕਾ ਦੀ ਮਦਦ ਨਾਲ ਹੀ ਵਿਰੋਧ ਨੂੰ ਰਾਸ਼ਟਰਵਾਦ ਦੀ ਵਿਚਾਰਧਾਰਾ ਅਤੇ ਸ਼ੁੱਧਤਾ ਦੀ ਰਾਜਨੀਤੀ ਦੀ ਭਾਵਨਾ ਤਹਿਤ ਦਬਾਇਆ ਜਾ ਰਿਹਾ ਹੈ ਜੋ ਕਿ ਮਹਾਤਮਾ ਗਾਂਧੀ ਦੇ ਵਿਚਾਰਾਂ ਦੇ ਬਿਲਕੁਲ ਉਲਟ ਹੈ। ਗਾਂਧੀ ਦਾ ਕਹਿਣਾ ਸੀ ਕਿ ਡਰ ਦੀ ਮਾਨਸਿਕਤਾ ਉੱਪਰ ਅਧਾਰਿਤ ਗਣਤੰਤਰ ਕਦੇ ਵੀ ਆਪਣੇ ਆਪ ਨੂੰ ਲੋਕਤੰਤਰੀ ਢੰਗ ਨਾਲ ਪਰਿਭਾਸ਼ਿਤ ਨਹੀਂ ਕਰ ਸਕਦਾ। ਇਸੇ ਤਰਾਂ ਹੀ ਸੰਸਾਰ ਪ੍ਰਸਿੱਧ ਵਿਚਾਰਵਾਨਾਂ ਨੇ ਵੀ ਅਜ਼ਾਦ ਪ੍ਰੈੱਸ ਅਤੇ ਵਿਚਾਰ ਪ੍ਰੀਕਿਰਿਆ ਉੱਪਰ ਜ਼ੋਰ ਦਿੱਤਾ ਹੈ ਜੋ ਕਿ ਗਣਤੰਤਰ ਦੀ ਰਖਵਾਲੀ ਕਰਦੀਆਂ ਹਨ। ਇਸ ਵਿਚ ਵਿਸ਼ਵ-ਵਿਦਿਆਲੇ ਵੀ ਆਪਣਾ ਮਹੱਤਵਪੂਰਨ ਰੋਲ ਅਦਾ ਕਰਦੇ ਹਨ।

ਅੱਜ ਦੇ ਦੌਰ ਨੂੰ ਇਕ ਕਵੀ ਦੀਆਂ ਇਹਨਾਂ ਸਤਰਾਂ ਰਾਹੀ ਸਮਝਿਆ ਜਾ ਸਕਦਾ ਹੈ, 'ਮੰਜ਼ਿਲੋਂ ਕੀ ਚਾਹ ਲੇਕਰ ਰਾਸਤੋਂ ਮੇਂ ਕੈਦ ਹੈ, ਹਮ ਤੋ ਇਕ

**ਬਾਕੀ ਸਫ਼ਾ 30 'ਤੇ**

# ਮੋਦੀ ਸਰਕਾਰ ਦਾ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਨਾਲ ਵਧ ਰਿਹਾ ਏ ਟਕਰਾਅ

## ✪ ਕਿਸਾਨ ਸੰਘਰਸ਼ ਦੇ ਪ੍ਰਚਾਰ ਪ੍ਰਸਾਰ ਵਿਚ ਟਵਿੱਟਰ ਦੀ ਅਹਿਮ ਭੂਮਿਕਾ ✪ ਟਵਿੱਟਰ ਦੇ ਕੁਝ ਉੱਚ-ਅਧਿਕਾਰੀਆਂ ਦੇ ਅਸਤੀਫ਼ੇ ਸਰਕਾਰ ਅਤੇ ਟਵਿੱਟਰ ਦਰਮਿਆਨ ਵਧਦੇ ਟਕਰਾਅ ਦਾ ਨਤੀਜਾ

**ਪ੍ਰੋਫੈਸਰ ਕੁਲਬੀਰ ਸਿੰਘ**

ਕਿਸਾਨ ਸੰਘਰਸ਼ ਦੇ ਪ੍ਰਸੰਗ ਵਿਚ ਸਰਕਾਰ ਅਤੇ ਟਵਿੱਟਰ ਵਿਚਾਲੇ ਟਕਰਾਅ ਚਰਮਸੀਮਾ 'ਤੇ ਪਹੁੰਚ ਗਿਆ ਹੈ। ਕਿਸਾਨ ਸੰਘਰਸ਼ ਦੇ ਪ੍ਰਚਾਰ ਪ੍ਰਸਾਰ ਵਿਚ ਸੋਸ਼ਲ ਮੀਡੀਆ ਦੀ, ਵਿਸ਼ੇਸ਼ ਕਰਕੇ ਟਵਿੱਟਰ ਦੀ ਅਹਿਮ ਭੂਮਿਕਾ ਰਹੀ ਹੈ। ਨਤੀਜੇ ਵਜੋਂ ਸਰਕਾਰ ਨੇ ਟਵਿੱਟਰ ਨੂੰ 1200 ਦੇ ਕਰੀਬ ਖਾਤੇ ਬੰਦ ਕਰਨ ਲਈ ਕਿਹਾ ਸੀ। ਪਹਿਲਾਂ ਤਾਂ ਟਵਿੱਟਰ ਨੇ ਪ੍ਰਗਟਾਵੇ ਦੀ ਆਜ਼ਾਦੀ ਦਾ ਮਾਮਲਾ ਕਹਿ ਕੇ ਖਾਤੇ ਬੰਦ ਕਰਨ ਤੋਂ ਇਨਕਾਰ ਕਰ ਦਿੱਤਾ। ਜਦ ਸੰਚਾਰ, ਇਲੈਕਟ੍ਰਾਨਿਕ ਤੇ ਸੂਚਨਾ ਤਕਨਾਲੋਜੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਰਾਜ ਸਭਾ ਵਿਚ ਕਾਨੂੰਨ ਦਾ ਹਵਾਲਾ ਦਿੰਦਿਆਂ ਕਿਹਾ, 'ਭਾਰਤ ਵਿਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਹੈ, ਪ੍ਰੰਤੂ ਧਾਰਾ 19 ਦੇ ਅਨੁਸਾਰ ਆਜ਼ਾਦੀ ਦੀ ਸੀਮਾ ਰੇਖਾ ਵੀ ਤੈਅ ਹੈ। ਜੇਕਰ ਸੋਸ਼ਲ ਮੀਡੀਆ ਦਾ ਇਸਤੇਮਾਲ ਜਾਅਲੀ ਖ਼ਬਰਾਂ ਅਤੇ ਹਿੰਸਾ ਫੈਲਾਉਣ ਲਈ ਕੀਤਾ ਜਾਂਦਾ ਹੈ ਤਾਂ ਅਜਿਹੇ ਪਲੇਟਫ਼ਾਰਮਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ' ਤਾਂ ਟਵਿੱਟਰ ਨੇ ਅਜਿਹੇ 97 ਫ਼ੀਸਦੀ ਖਾਤੇ ਬੰਦ ਕਰ ਦਿੱਤੇ। ਪ੍ਰੰਤੂ ਸਰਕਾਰ ਇਸ ਨਾਲ ਵੀ ਸੰਤੁਸ਼ਟ ਨਹੀਂ ਹੋਈ। ਅਜਿਹੇ ਵਿਵਾਦ ਸਾਹਮਣੇ ਆਉਣ 'ਤੇ ਸਰਕਾਰ ਅਕਸਰ ਇਨਾਂ ਦਾ ਬਦਲ ਲੱਭਣ ਦੀ ਕੋਸ਼ਿਸ਼ ਕਰਦੀ ਹੈ। ਵਟਸਐਪ ਦਾ ਸੰਦੇਸ਼, ਟਿਕਟਾਕ ਦਾ ਚਿੰਗਾਰੀ, ਪਬ ਜੀ ਦਾ ਫੈਨ ਜੀ, ਟਵਿੱਟਰ ਦਾ ਕੂ .ਬਿਊਟੀ ਪਲੱਸ ਦਾ ਇੰਡੀਅਨ ਸੈਲਫ਼ੀ, ਕੈਮ ਸਕੈਨ ਦਾ ਕਾਗਜ਼ ਸਕੈਨਰ ਬਦਲ ਉਪਲਬਧ ਹੈ।

ਤਾਜ਼ਾ ਵਿਵਾਦ ਦੌਰਾਨ ਜਦ ਸਰਕਾਰ ਨੇ ਟਵਿੱਟਰ 'ਤੇ ਪਾਬੰਦੀ ਲਗਾਉਣ ਦੀ ਧਮਕੀ ਦਿੱਤੀ ਤਾਂ ਇਕ ਪਾਸੇ ਉਸ ਨੇ ਸਰਕਾਰ ਦੁਆਰਾ ਦੱਸੇ ਬਹੁਤ ਸਾਰੇ ਖਾਤੇ ਬੰਦ ਕਰ ਦਿੱਤੇ, ਦੂਸਰੇ ਪਾਸੇ ਟਵਿੱਟਰ ਦੇ ਕੁਝ ਉੱਚ-ਅਧਿਕਾਰੀਆਂ ਨੇ ਅਸਤੀਫ਼ੇ ਦੇ ਦਿੱਤੇ। ਤਿੰਨ ਫਰਵਰੀ ਨੂੰ ਸਰਕਾਰ ਨੇ ਕਿਹਾ ਸੀ ਕਿ ਟਵਿੱਟਰ ਦੇ ਅਧਿਕਾਰੀਆਂ ਨੂੰ 7 ਸਾਲ ਦੀ ਸਜ਼ਾ ਹੋ ਸਕਦੀ ਹੈ। 7 ਫਰਵਰੀ ਨੂੰ ਟਵਿੱਟਰ ਦੀ ਨੀਤੀ ਮੁਖੀ ਮਹਿਮਾ ਕੌਲ ਨੇ ਅਸਤੀਫ਼ਾ ਦੇ ਦਿੱਤਾ। ਇਹ ਸਰਕਾਰ ਅਤੇ ਟਵਿੱਟਰ ਦਰਮਿਆਨ ਵਧਦੇ ਟਕਰਾਅ ਦਾ ਹੀ ਨਤੀਜਾ ਸੀ। ਆਮ ਧਾਰਨਾ ਹੈ ਕਿ ਸੋਸ਼ਲ ਮੀਡੀਆ ਨੇ ਦੁਨੀਆ ਭਰ ਦੇ ਲੋਕਾਂ ਨੂੰ ਵਿਚਾਰਾਂ ਦੇ ਪ੍ਰਗਟਾਵ ਦੇ ਮੌਕੇ ਪ੍ਰਦਾਨ ਕੀਤੇ ਹਨ। ਪ੍ਰੰਤੂ ਇਹ ਵੀ ਸਚਾਈ ਹੈ ਕਿ ਫੇਸਬੁੱਕ, ਟਵਿੱਟਰ, ਵਟਸਐਪ ਜਿਹੇ ਮੰਚਾਂ ਦੀ ਦੁਰਵਰਤੋਂ ਵੀ ਹੋ ਰਹੀ ਹੈ। ਇਸੇ ਲਈ ਦੁਨੀਆ ਦੇ ਕਈ ਮੁਲਕਾਂ ਨੇ ਇਨਾਂ 'ਤੇ ਪਾਬੰਦੀ ਲਾ ਰੱਖੀ ਹੈ। ਪ੍ਰੰਤੂ ਵੱਡਾ ਸਵਾਲ ਜਿਉਂ ਦਾ ਤਿਉਂ ਖੜਾ ਹੈ ਕਿ ਇਹ ਕਿਵੇਂ ਤੈਅ ਹੋਵੇਗਾ ਅਤੇ ਕੌਣ ਕਰੇਗਾ ਕਿ ਕਿਹੜੀ ਟਿੱਪਣੀ ਖ਼ਤਰਨਾਕ ਹੈ ਅਤੇ ਕਿਹੜੀ ਖ਼ਤਰਨਾਕ ਨਹੀਂ ਹੈ ?

ਸਰਕਾਰ ਅਤੇ ਟਵਿੱਟਰ ਦਰਮਿਆਨ ਉਸ ਵੇਲੇ ਟਕਰਾਅ ਹੋਰ ਵਧ ਗਿਆ ਜਦ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਟਵਿੱਟਰ ਦੇ ਅਧਿਕਾਰੀਆਂ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ। ਇਸ ਉਪਰੰਤ ਟਵਿੱਟਰ ਨੇ ਬਲੌਗ ਪੋਸਟ ਰਾਹੀਂ ਸਰਕਾਰ ਦੇ ਹੁਕਮਾਂ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਮੌਲਿਕ ਹੱਕ ਅਤੇ ਦੇਸ਼ ਦੇ ਕਾਨੂੰਨ ਦੀ ਉਲੰਘਣਾ ਕਰਾਰ ਦਿੱਤਾ।

ਅਜਿਹੇ ਟਕਰਾਅ ਦੌਰਾਨ ਸਰਕਾਰ ਦੇ ਵੱਖ-ਵੱਖ ਮੰਤਰੀ ਟਵਿੱਟਰ ਦੀ ਥਾਂ 'ਤੇ 'ਕੂ' ਐਪ ਵਰਤਣ ਲਈ ਪ੍ਰੇਰਿਤ ਕਰ ਰਹੇ ਹਨ। ਤਰਕ ਦਿੱਤਾ ਜਾ ਰਿਹਾ ਹੈ ਕਿ ਭਾਰਤ ਵਿਚ ਟਵਿੱਟਰ ਦੇ 3.5 ਕਰੋੜ ਅਤੇ ਫੇਸਬੁੱਕ ਦੇ 35 ਕਰੋੜ ਖਾਤੇ ਹਨ। ਇਨਾਂ ਵਿਚੋਂ ਦੋਵਾਂ ਦੇ 10-10 ਫ਼ੀਸਦੀ ਖਾਤੇ ਜਾਅਲੀ ਹਨ। ਹੁਣ ਤੱਕ 33 ਲੱਖ ਤੋਂ ਵਧੇਰੇ ਲੋਕ 'ਕੂ' ਐਪ ਡਾਊਨਲੋਡ ਕਰ ਚੁੱਕੇ ਹਨ।

ਕੁਝ ਮਹੀਨੇ ਪਹਿਲਾਂ ਫੇਸਬੁੱਕ 'ਤੇ ਜਾਅਲੀ ਖ਼ਬਰਾਂ ਅਤੇ ਨਫ਼ਰਤ ਭਰੀਆਂ ਟਿੱਪਣੀਆਂ ਦਾ ਮਾਮਲਾ ਭਖਿਆ ਸੀ ਤਾਂ ਇਸ ਦੀ ਭਾਰਤੀ ਮੁਖੀ ਨੇ ਅਸਤੀਫ਼ਾ ਦੇ ਦਿੱਤਾ ਸੀ। ਉਦੋਂ ਵੀ ਸਰਕਾਰ ਨੇ ਅਜਿਹੀਆਂ ਟਿੱਪਣੀਆਂ 'ਤੇ ਰੋਕ ਲਗਾਉਣ ਲਈ ਦਬਾਅ ਪਾਇਆ ਸੀ। ਨਵਾਂ ਮਾਮਲਾ ਵਟਸਐਪ ਦੀ ਪ੍ਰਾਈਵੇਸੀ ਪਾਲਿਸੀ ਨਾਲ ਜੁੜਿਆ ਹੈ। ਸੁਪਰੀਮ ਕੋਰਟ ਨੇ ਵਟਸਐਪ ਅਤੇ ਸਰਕਾਰ ਦੀ ਚੰਗੀ ਖਿਚਾਈ ਕੀਤੀ ਹੈ। ਮਾਣਯੋਗ ਅਦਾਲਤ ਨੇ ਵਟਸਐਪ ਨੂੰ ਨੋਟਿਸ ਜਾਰੀ ਕਰਕੇ ਕਿਹਾ ਹੈ ਕਿ ਤੁਸੀਂ ਖਰਬਾਂ ਡਾਲਰ ਦੀ ਕੰਪਨੀ ਹੋਵੋਗੇ ਪਰ ਲੋਕਾਂ ਦੀ ਨਿੱਜਤਾ ਦੀ ਕੀਮਤ ਇਸ ਤੋਂ ਜ਼ਿਆਦਾ ਹੈ ਅਤੇ ਭਾਰਤੀਆਂ ਦੀ ਨਿੱਜਤਾ ਦੀ ਰਾਖੀ ਸਾਡਾ ਫ਼ਰਜ਼ ਹੈ। ਪਟੀਸ਼ਨਰ ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਵਟਸਐਪ ਨੂੰ ਭਾਰਤੀਆਂ ਦਾ ਡਾਟਾ ਸ਼ੇਅਰ ਕਰਨ ਤੋਂ ਰੋਕਿਆ ਜਾਵੇ।

ਵਟਸਐਪ ਨੇ 8 ਫਰਵਰੀ,2021 ਤੱਕ ਸਾਰਿਆਂ ਨੂੰ ਆਪਣੀ ਨਵੀਂ ਪ੍ਰਾਈਵੇਸੀ ਪਾਲਿਸੀ ਮੰਨਣ ਲਈ ਕਿਹਾ ਸੀ। ਇਸ ਰਾਹੀਂ ਵਟਸਐਪ ਨੂੰ ਆਪਣਾ ਡਾਟਾ ਫੇਸਬੁੱਕ ਨਾਲ ਸਾਂਝਾ ਕਰਨ ਦਾ ਅਧਿਕਾਰ ਮਿਲ ਜਾਣਾ ਸੀ, ਜਦ ਇਸ ਬਾਰੇ ਲੋਕਾਂ ਨੂੰ ਪਤਾ ਲੱਗਾ ਹੈ ਤਾਂ ਚੰਗਾ ਵਾਵੇਲਾ ਮੱਚਿਆ। ਲੋਕ ਵਟਸਐਪ ਛੱਡ ਕੇ ਸਿਗਨਲ, ਟੈਲੀਗ੍ਰਾਮ ਵੱਲ ਜਾਣ ਲੱਗੇ। ਨਤੀਜੇ ਵਜੋਂ ਵਟਸਐਪ ਨੇ ਆਪਣੀ ਨਵੀਂ ਪ੍ਰਾਈਵੇਸੀ ਪਾਲਿਸੀ 15 ਮਈ ਤੱਕ ਅੱਗੇ ਪਾ ਦਿੱਤੀ।

ਪਾਠਕਾਂ ਦੀ ਜਾਣਕਾਰੀ ਹਿਤ ਦੱਸਣਾ ਬਣਦਾ ਹੈ ਕਿ ਭਾਰਤ ਵਿਚ ਜਲਦੀ ਹੀ ਡਾਟਾ ਸੁਰੱਖਿਆ ਕਾਨੂੰਨ ਬਣਨ ਵਾਲਾ ਹੈ। ਵਟਸਐਪ ਨੇ ਕਿਹਾ ਹੈ ਕਿ ਜੇਕਰ ਅਜਿਹਾ ਕਾਨੂੰਨ ਬਣਦਾ ਹੈ ਤਾਂ ਉਸ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇਗੀ। ਇਕ ਪਾਸੇ ਗੱਲ ਕਹਿਣ ਦੀ, ਪ੍ਰਗਟਾਵੇ ਦੀ ਆਜ਼ਾਦੀ ਦਾ ਮਾਮਲਾ ਹੈ, ਦੂਸਰੇ ਪਾਸੇ ਗੱਲਾਂ ਨੂੰ, ਨਿੱਜਤਾ ਨੂੰ ਛੁਪਾਉਣ ਦਾ ਮਸਲਾ ਹੈ। ਹਰੇਕ ਸਮੇਂ ਦੀ ਆਪਣੀ ਲੜਾਈ ਹੁੰਦੀ ਹੈ। ਕਦੇ ਖੁੱਲਾ ਖ਼ਤ ਲਿਖਿਆ ਜਾਂਦਾ ਸੀ ਅਤੇ ਪੜਦੇ-ਸੁਣਦੇ ਨੂੰ ਵੀ ਸਤਿ ਸ੍ਰੀ ਅਕਾਲ ਬੁਲਾਈ ਜਾਂਦੀ ਸੀ। ਅੱਜ ਡਰ ਲਗਦਾ ਹੈ ਕਿ ਫੋਨ ਕੋਈ ਸੁਣ ਨਾ ਲਵੇ ਅਤੇ ਸੰਦੇਸ਼ ਜਾਂ ਈਮੇਲ ਕੋਈ ਪੜ ਨਾ ਲਵੇ। ਡਾਟਾ ਕੋਈ ਚੁਰਾ ਨਾ ਲਵੇ।

ਮਾਹਿਰ ਮੰਨਦੇ ਹਨ ਕਿ ਇੰਟਰਨੈੱਟ ਮੀਡੀਆ ਦੀਆਂ ਸਰਗਰਮੀਆਂ ਨਿੱਜੀ ਨਹੀਂ ਰਹਿ ਸਕਦੀਆਂ। ਵਟਸਐਪ, ਫੇਸਬੁੱਕ, ਟਵਿੱਟਰ ਕਰਮਚਾਰੀਆਂ ਦੀ ਉਨਾਂ 'ਤੇ ਨਜ਼ਰ ਰਹਿੰਦੀ ਹੈ। ਇਸੇ ਲਈ ਬੀਤੇ ਦਿਨੀਂ ਬਹਿਸ ਦੌਰਾਨ ਸੁਪਰੀਮ ਕੋਰਟ ਨੇ ਵਟਸਐਪ ਨੂੰ ਕਿਹਾ, 'ਤੁਸੀਂ ਲੋਕਾਂ ਦੇ ਮੈਸੇਜ ਨਹੀਂ ਪੜਦੇ ਇਹ ਲਿਖਤੀ ਰੂਪ ਵਿਚ ਦਿਓ।' ਆਉਂਦੇ ਦਿਨਾਂ ਦੌਰਾਨ ਇਸ ਸਬੰਧੀ ਵਿਚ ਆਉਣ ਵਾਲਾ ਫ਼ੈਸਲਾ ਦਿਲਚਸਪੀ ਭਰਿਆ ਹੋਵੇਗਾ। ਸੁਪਰੀਮ ਕੋਰਟ ਨੇ ਵਟਸਐਪ ਅਤੇ ਸਰਕਾਰ ਨੂੰ ਜਵਾਬ ਦੇਣ ਲਈ 28 ਦਿਨ ਦਾ ਸਮਾਂ ਦਿੱਤਾ ਹੈ। ਭਾਰਤ ਸਰਕਾਰ ਸੋਸ਼ਲ ਮੀਡੀਆ 'ਤੇ ਬਹੁਤ ਜਲਦੀ ਸਖ਼ਤੀ ਕਰਨ ਜਾ ਰਹੀ ਹੈ। ਉੱਧਰ ਆਸਟ੍ਰੇਲੀਆ ਸਰਕਾਰ ਅਤੇ ਫੇਸਬੁੱਕ ਵਿਚਾਲੇ ਨਿਊਜ਼ ਕੰਨਟੈਂਟ ਦੀ ਸਬੰਧਤ ਅਖ਼ਬਾਰੀ ਅਦਾਰਿਆਂ ਨੂੰ ਅਦਾਇਗੀ ਦੇ ਮੁੱਦੇ 'ਤੇ ਟਕਰਾਅ ਚਰਮ-ਸੀਮਾ 'ਤੇ ਪਹੁੰਚ ਗਿਆ ਹੈ।

# ਸਤਿੰਦਰ ਸਰਤਾਜ ਤੇ ਨੀਰੂ ਬਾਜਵਾ ਪੰਜਾਬੀ ਫ਼ਿਲਮੀ ਜਗਤ ਦੇ ਖਿੜਵੇਂ ਚਿਹਰੇ ਇਕ ਮੰਚ ਉਤੇ..

## "ਕਲੀ ਜੋਟਾ" ਪੰਜਾਬੀ ਫ਼ਿਲਮ ਦਾ ਪਹਿਲਾ ਪੋਸਟਰ ਰਲੀਜ,







**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸੁਰਾਂ ਦੇ ਬਾਦਸ਼ਾਹ ਸਤਿੰਦਰ ਸਰਤਾਜ ਅਤੇ ਨੀਰੂ ਬਾਜਵਾ ਦਰਸ਼ਕਾਂ ਦੇ ਸਾਹਮਣੇ ਆਪਣੀ ਨਵੀਂ ਫਿ਼ਲਮ 'ਕਲੀ ਜੋਟਾ' ਰਾਹੀਂ ਇਕੱਠੇ ਰੂਬਰੂ ਹੋਣ ਜਾ ਰਹੇ ਹਨ। ਪੰਜਾਬੀ ਫਿਲਮ ਇੰਡਸਟਰੀ ਦੇ ਜਾਣੇ ਪਹਿਚਾਣੇ ਅਤੇ ਸਭ ਤੋਂ ਪਿਆਰੇ ਚਿਹਰੇ ਸਤਿੰਦਰ ਸਰਤਾਜ ਅਤੇ ਨੀਰੂ ਬਾਜਵਾ ਕਿਸੇ ਵੀ ਤਰ੍ਹਾਂ ਦੀ ਜਾਣ ਪਹਿਚਾਣ ਦੇ ਮੁਹਤਾਜ ਨਹੀਂ ਕਿਉਂਕੀ ਇਹ ਪਹਿਲਾਂ ਹੀ ਲੋਕਾਂ ਦੇ ਦਿਲਾਂ ਉੱਤੇ ਰਾਜ ਕਰ ਰਹੇ ਹਨ ਉਮੀਦ ਹੈ ,ਇਨ੍ਹਾਂ ਦੀ ਆਉਣ ਵਾਲੀ ਇਹ ਫਿਲਮ ਪੰਜਾਬੀ ਫਿਲਮ ਇੰਡਸਟਰੀ ਵਿੱਚ ਇਕ ਨਵਾਂ ਮੁਕਾਮ ਹਾਸਲ ਕਰੇਗੀ। ਦੱਸਣਯੋਗ ਹੈ ਕਿ ਸਤਿੰਦਰ ਸਰਤਾਜ ਅਤੇ ਨੀਰੂ ਬਾਜਵਾ ਪਹਿਲੀ ਵਾਰ ਇਕੱਠੇ ਫਿਲਮ ਕਰ ਰਹੇ ਹਨ ਪੰਜਾਬੀ ਫਿਲਮੀ ਜਗਤ ਦੀਆਂ ਇਹ ਦੋਨੋਂ ਮਸ਼ਹੂਰ ਹਸਤੀਆਂ ਆਪਣੀਆਂ ਆਪਣੀਆਂ ਫ਼ਿਲਮਾਂ ਰਾਹੀਂ ਦਰਸ਼ਕਾਂ ਦਾ ਪਹਿਲਾ ਵੀ ਮਨੋਰੰਜਨ ਕਰ ਚੁੱਕੀਆਂ ਹਨ। ਨੀਰੂ ਬਾਜਵਾ ਪ੍ਰੋਡੇਕਸ਼ਨ ਦੀ ਦੇਖ ਰੇਖ ਵਿਚ ,ਨਿਰਦੇਸ਼ਕ ਵਿਜੈ ਕੁਮਾਰ ਅਰੋੜਾ,ਪ੍ਰੋਡਿਊਸਰ ਸਨੀ ਰਾਜ, ਵਰੁਣ ਅਰੋੜਾ ਅਤੇ ਸੰਤੋਸ਼ ਸੁਭਾਸ਼ ਥਾਈ ਅਤੇ ਲਿਖਤੀ ਰੂਪ ਹਰਿੰਦਰ ਕੌਰ ਨੇ ਦਿੱਤਾ ਹੈ ਇਸ ਦਾ ਸੰਗੀਤ ਬੀਟ ਮਨਿਸਟਰ ਨੇ ਦਿੱਤਾ ਹੈ। ਸ਼ੋਸ਼ਲ ਮੀਡੀਆ 'ਤੇ ਦਰਸ਼ਕਾਂ ਵੱਲੋ ਇਸ ਫ਼ਿਲਮ ਦੇ ਆਉਣ ਦੀਆਂ ਸ਼ੁੱਭ ਇੱਛਾਵਾਂ ਲਗਾਤਾਰ ਦਿੱਤੀਆ ਜਾਂ ਰਹੀਆਂ ਹਨ।

# ਰਾਜੇਵਾਲ ਜੀ ! ਕੀ ਤੁਸੀਂ ਗ਼ੱਦਾਰ ਨਹੀਂ ਓ ?



**ਰਣਜੀਤ ਸਿੰਘ ਦਮਦਮੀ ਟਕਸਾਲ**
**(ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)**
**88722-93883**

ਮੈਂ ਬਚਪਨ 'ਚ ਕਿਤਾਬਾਂ ਵਿਚ ਪੜਿਆ ਸੀ ਕਿ ਗ਼ੱਦਾਰ ਉਸ ਵਿਅਕਤੀ ਨੂੰ ਕਿਹਾ ਜਾਂਦਾ ਹੈ ਕਿ ਜੋ ਆਪਣੀ ਕੌਮ, ਦੇਸ਼, ਜਥੇਬੰਦੀ ਜਾਂ ਕਿਸੇ ਸਾਂਝੇ ਸੰਘਰਸ਼ ਦੌਰਾਨ ਸੱਤਾ, ਕੁਰਸੀ ਤੇ ਪੈਸਿਆਂ ਦੇ ਲਾਲਚ ਹਿੱਤ ਜਾਂ ਆਪਣੀ ਜਾਨ ਬਚਾਉਣ ਲਈ ਆਪਣੇ ਭਾਈਚਾਰੇ ਨਾਲ਼ ਧੋਖਾ ਤੇ ਵਿਸ਼ਵਾਸਘਾਤ ਕਰਕੇ ਜ਼ੁਲਮੀ ਹਕੂਮਤ ਜਾਂ ਵਿਰੋਧੀਆਂ ਨਾਲ਼ ਰਲ਼ ਜਾਵੇ ਅਤੇ ਆਪਣੇ ਸਾਥੀਆਂ ਦਾ ਜਾਨੀ ਤੇ ਮਾਲੀ ਨੁਕਸਾਨ ਕਰਵਾ ਦੇਵੇ ਅਤੇ ਦੁਸ਼ਮਣ ਨੂੰ ਆਪਣੇ ਸੰਘਰਸ਼ ਦੇ ਸਾਰੇ ਗੁਪਤ ਭੇਦ ਦੱਸ ਦੇਵੇ। ਇਸ ਤਰਾਂ ਦੇ ਗ਼ੱਦਾਰਾਂ ਦੀ ਗਿਣਤੀ ਵਿੱਚ ਮੈਂ ਹਮੇਸ਼ਾਂ ਹਰਚੰਦ ਸਿੰਘ ਲੌਂਗੋਵਾਲ ਅਤੇ ਪ੍ਰਕਾਸ਼ ਸਿੰਘ ਬਾਦਲ ਨੂੰ ਗਿਣਦਾ ਰਿਹਾ ਹਾਂ, ਜਿਨਾਂ ਨੇ ਪੰਥ ਅਤੇ ਪੰਜਾਬ ਨਾਲ਼ ਰੱਜ ਕੇ ਗ਼ੱਦਾਰੀ ਕੀਤੀ ਤੇ ਕੌਮ ਦਾ ਘਾਣ ਕਰਵਾਇਆ, ਪਰ ਅੱਜ ਮੈਂ ਕਿਸਾਨੀ ਸੰਘਰਸ਼ ਦੌਰਾਨ ਮਹਿਸੂਸ ਕਰ ਰਿਹਾ ਹਾਂ ਕਿ, ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਗ਼ੱਦਾਰ ਦੀ ਇੱਕ ਨਵੀਂ ਪਰਿਭਾਸ਼ਾ ਸਥਾਪਿਤ ਕਰਨ ਦਾ ਯਤਨ ਕੀਤਾ ਹੈ, ਜਿਸ ਵਿੱਚ ਉਹ ਅਸਫ਼ਲ ਹੁੰਦੇ ਪ੍ਰਤੱਖ ਰੂਪ ਵਿਚ ਨਜ਼ਰ ਆ ਰਹੇ ਹਨ । ਇਨਾਂ ਦੀ ਕਾਰਗੁਜਾਰੀ ਇਹ ਬਿਆਨ ਕਰਦੀ ਹੈ ਕਿ ਹੱਥਾਂ ਨਾਲ਼ ਦਿੱਤੀਆਂ ਗੰਢਾਂ ਹੁਣ ਇਹਨਾਂ ਨੂੰ ਭਵਿੱਖ 'ਚ ਮੂੰਹ ਨਾਲ਼ ਖੋਲਣੀਆਂ ਪੈਣੀਆਂ ਹਨ। ਇਹਨਾਂ ਦਾ ਹਾਲ ਤਾਂ ਉਸ ਕਹਾਵਤ ਵਾਲ਼ਾ ਹੋਣ ਵਾਲ਼ਾ ਹੈ ਕਿ 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ।' ਮੱਤਭੇਦ, ਵਖਰੇਵੇਂ ਅਤੇ ਵਿਚਾਰਾਂ 'ਚ ਫਰਕ ਹੋਣਾ ਤਾਂ ਆਮ ਗੱਲ ਹੈ, ਪਰ ਕੁਝ ਅਖੌਤੀ ਕਿਸਾਨ ਆਗੂਆਂ ਜਿਨਾਂ ਵਿਚੋਂ ਬਲਬੀਰ ਸਿੰਘ ਰਾਜੇਵਾਲ ਅਤੇ ਰਾਜਿੰਦਰ ਸਿੰਘ ਕਾਮਰੇਡ, ਜੋਗਿੰਦਰ ਸਿੰਘ ਉਗਰਾਹਾਂ ਅਤੇ ਕੁਝ ਕੁ ਹੋਰਾਂ ਨੇ ਕਿਸਾਨੀ ਸੰਘਰਸ਼ ਦਾ ਸਾਥ ਦੇਣ ਵਾਲ਼ੇ ਅਦਾਕਾਰ ਦੀਪ ਸਿੱਧੂ ਅਤੇ ਲੱਖਾ ਸਿਧਾਣਾ ਨੂੰ ਸਟੇਜ ਤੋਂ ਗ਼ੱਦਾਰ ਐਲਾਨ ਕਰ ਕੇ ਆਪਣੀ ਮੂਰਖਤਾ ਅਤੇ ਸੌੜੀ ਸੋਚ ਦਾ ਪ੍ਰਗਟਾਵਾ ਕੀਤਾ ਹੈ। ਜਿਹੜੇ ਨੌਜਵਾਨ ਛੇ ਮਹੀਨਿਆਂ ਤੋਂ ਲਗਾਤਾਰ ਕਿਸਾਨੀ ਸੰਘਰਸ਼ ਦਾ ਸਾਥ ਦੇਂਦੇ ਆ ਰਹੇ ਨੇ, ਜਿਨਾਂ ਨੇ 26 ਨਵੰਬਰ ਨੂੰ ਪੰਜਾਬ ਤੋਂ ਚੱਲਣ ਵੇਲੇ ਪੂਰੀ ਬਹਾਦਰੀ ਵਿਖਾਈ, ਬੈਰੀਕੇਡ ਤੋੜੇ, ਪੁਲਿਸ ਨਾਲ ਜੂਝਦੇ ਹੋਏ ਪਾਣੀ ਦੀਆਂ ਬੁਛਾੜਾਂ ਨੂੰ ਆਪਣੀ ਹਿੱਕ 'ਤੇ ਝੱਲੀਆਂ, ਨੌਜਵਾਨਾਂ ਨੂੰ ਲਾਮਬੰਦ ਕੀਤਾ ਅਤੇ ਇਸ ਸੰਘਰਸ਼ ਨੂੰ ਕੁਝ ਕੁ ਸਮੇਂ ਦੌਰਾਨ ਹੀ ਬੁਲੰਦੀਆਂ 'ਤੇ ਪਹੁੰਚਾ ਦਿੱਤਾ, ਅੱਜ ਉਹਨਾਂ ਨੂੰ ਕਿਸਾਨ ਆਗੂਆਂ ਵੱਲੋਂ ਕਲਾਵੇ 'ਚ ਲੈਣ ਦੀ ਬਜਾਏ, ਸਨਮਾਨ ਦੇਣ ਦੀ ਬਜਾਏ, ਉਹਨਾਂ ਨੂੰ ਗ਼ੱਦਾਰ ਅਤੇ ਸ਼ਰਾਰਤੀ ਅਨਸਰ ਤੇ ਛਲਾਰੂ ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ। ਕਿਸਾਨ ਆਗੂ ਰਾਜੇਵਾਲ ਦਾ ਕਹਿਣਾ ਹੈ ਕਿ ਦੀਪ ਸਿੱਧੂ ਦੀਆਂ ਨਰਿੰਦਰ ਮੋਦੀ ਤੇ ਸੰਨੀ ਦਿਓਲ ਨਾਲ਼ ਫੋਟੋਆਂ ਹਨ, ਇਸ ਲਈ ਉਹ ਸਰਕਾਰੀ ਬੰਦਾ ਹੈ ਪਰ ਰਾਜੇਵਾਲ ਜੀ ਫੋਟੋਆਂ ਤਾਂ ਤੁਹਾਡੀਆਂ ਵੀ ਪੰਥ ਅਤੇ ਪੰਜਾਬ ਦੇ ਸਭ ਤੋਂ ਵੱਡੇ ਗ਼ੱਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਸਿੱਖ ਜਵਾਨੀ ਦੇ ਕਾਤਲ ਸੁਮੇਧ ਸੈਣੀ ਨਾਲ਼ ਹਨ, ਜੇ ਫੋਟੋਆਂ ਦੇ ਹਿਸਾਬ ਨਾਲ਼ ਹੀ ਤੁਸੀਂ ਗ਼ੱਦਾਰੀ ਦੇ ਸਰਟੀਫਿਕੇਟ ਵੰਡਣੇ ਹਨ, ਤਾਂ ਦੱਸੋ ਕੀ ਤੁਸੀਂ ਗ਼ੱਦਾਰ ਨਹੀਂ ਹੋ ? ਤੁਸੀਂ ਕਹਿੰਦੇ ਹੋ ਕਿ ਦੀਪ ਸਿੱਧੂ ਨੇ ਲਾਲ ਕਿਲੇ 'ਤੇ ਖ਼ਾਲਸਾਈ ਤੇ ਕਿਸਾਨੀ ਝੰਡਾ ਝੁਲਾਇਆ ਇਸ ਲਈ ਉਹ ਗ਼ੱਦਾਰ ਹੈ ਪਰ ਇਹ ਗੱਲ ਵੀ ਸਾਫ਼ ਹੋ ਚੁੱਕੀ ਹੈ ਕਿ ਝੰਡਾ ਝੁਲਾਉਣ ਦੇ ਫੁਰਮਾਨ ਵੀ ਤਾਂ ਤੁਹਾਡੀ ਸਟੇਜ ਤੋਂ ਹੀ ਜਾਰੀ ਹੋਏ ਸਨ ਤੇ ਤੁਹਾਡੀ ਯੂਨੀਅਨ ਦੇ ਵਰਕਰਾਂ ਨੇ ਵੀ ਓਥੇ ਲਾਲ ਕਿਲੇ 'ਚ ਜਾ ਕੇ ਗੁੰਬਦ 'ਤੇ ਝੰਡਾ ਝੁਲਾਇਆ, ਵੀਡੀਓ ਇਸ ਗੱਲ ਦਾ ਸਬੂਤ ਹਨ, ਹੁਣ ਲੋਕ ਤੁਹਾਨੂੰ ਸਵਾਲ ਕਰਦੇ ਹਨ ਜੇ ਹਿੰਮਤ ਹੈ ਤਾਂ ਦਿਓ ਜਵਾਬ ਕੀ ਤੁਸੀਂ ਗ਼ੱਦਾਰ ਨਹੀਂ ਹੋ ? ਦੀਪ ਸਿੱਧੂ ਅਤੇ ਲੱਖਾ ਸਿਧਾਣਾ ਉੱਤੇ ਤਾਂ ਪੁਲਿਸ ਨੇ ਇੱਕ-ਇੱਕ ਲੱਖ ਰੁਪਏ ਦਾ ਇਨਾਮ ਵੀ ਘੋਸ਼ਿਤ ਕਰ ਦਿੱਤਾ ਤੇ ਦੀਪ ਸਿੱਧੂ ਨੂੰ ਫੜ ਕੇ ਪੁਲਿਸ ਉਸ ਦਾ ਸੱਤ-ਸੱਤ ਦਿਨਾਂ ਦਾ ਰਿਮਾਂਡ ਵੀ ਲੈ ਚੁੱਕੀ ਹੈ ਤੇ ਜੇਲ 'ਚ ਡੱਕਿਆ ਜਾ ਰਿਹਾ ਹੈ ਪਰ ਤੁਹਾਨੂੰ ਪੁਲਿਸ ਸਰਕਾਰੀ ਸਕਿਉਰਿਟੀਆਂ ਦੇ ਰਹੀ ਹੈ ਜਿਸ ਤੋਂ ਸਾਫ਼ ਹੋ ਰਿਹਾ ਹੈ ਕਿ ਤੁਸੀਂ ਸੰਘਰਸ਼ ਨਾਲ਼ ਗ਼ੱਦਾਰੀ ਅਤੇ ਕਿਸਾਨੀ ਸੰਘਰਸ਼ ਦਾ ਨੁਕਸਾਨ ਕਰ ਰਹੇ ਹੋ ਜਿਸ ਦਾ ਖਮਿਆਜ਼ਾ ਤੁਹਾਨੂੰ ਭਵਿੱਖ 'ਚ ਭੁਗਤਣਾ ਪਵੇਗਾ। ਇਤਿਹਾਸ ਇਸ ਗੱਲ ਦਾ ਗਵਾਹ ਹੈ ਜਦੋਂ ਵੀ ਸੱਚ ਨੂੰ ਅੱਖੋਂ ਉਹਲੇ ਰੱਖਿਆ ਜਾਂਦਾ ਹੈ ਉਹ ਸੱਚ ਹੀ ਇਕ ਸੈਲਾਬ ਦੀ ਤਰਾਂ ਲੋਕਾਂ ਸਾਹਮਣੇ ਆਣ ਕੇ ਪ੍ਰਗਟ ਹੋ ਜਾਂਦਾ ਹੈ।

## ਜਲੰਧਰ ਦੇ ਪਿੰਡ ਗਧਰਾ ਦੇ ਜੰਮਪਲ ਪਾਵਰ ਲਿਫਟਰ ਅਮਨਦੀਪ ਸਿੰਘ ਹੋਠੀ ਨੇ ਆਲ ਇੰਡੀਆ ਸੀਨੀਅਰ ਪਾਵਰਲਿਫਟਿੰਗ ਚ' ਰਾਸਟਰੀ ਰਿਕਾਰਡ ਬਣਾਇਆ



**ਭੁਲੱਥ/ਅਜੈ ਗੋਗਨਾ:** 17 ਤੋਂ 21 ਫਰਵਰੀ ਤੱਕ ਤਾਮਿਲਨਾਡੂ ਦੇ ਸਹਿਰ ਕੋਇੰਬਟੂਰ ਵਿਖੇਂ ਹੋਈ ਨੈਸਨਲ ਪਾਵਰਲਿਫਟਿਗ ਚੈਪੀਂਅਨਸਿਪ ਜੋ ਪਾਵਰਲਿਫਟਿਗ ਇੰਡੀਆ ਵੱਲੋਂ ਕਰਵਾਈ ਗਈ ਸੀ।ਜਿਸ ਵਿੱਚ ਭਾਰਤ ਦੇ 26 ਰਾਜਾ ਦੇ ਪਾਵਰਲਿਫਟਰ ਜਿੰਨਾ ਵਿੱਚ ਮਹਿਲਾ ਵੀ ਸਾਮਿਲ ਸਨ ਨੇ ਇਸ ਪ੍ਰਤੀਯੋਗਤਾ ਚ' ਭਾਗ ਲਿਆ ਉੱਥੇ ਆਪਣੇ 120 ਕਿਲੋ ਭਾਰ ਦੇ ਵਰਗ ਚ' ਜਿਲ੍ਹਾ ਜਲੰਧਰ ਦੇ ਪਿੰਡ ਗਧਰਾਂ ਦੇ ਜੰਮਪਲ ਆਗਰਾਂ ਦੇ ਨਾਰਥ ਸੈਟਰਲ ਰੇਲਵੇ ਚ' ਨੌਕਰੀ ਕਰਦਾ ਪੰਜਾਬੀ ਨੌਜਵਾਨ ਪਾਵਰਲਿਫਟਰ ਅਮਨਦੀਪ ਸਿੰਘ ਹੋਠੀ (33) ਸਪੁੱਤਰ ਮੁਖਤਿਆਰ ਸਿੰਘ ਹੋਠੀ ਨੇ ਸਭ ਤੋ ਵੱਧ ਭਾਰ ਚੁੱਕ ਕੇ ਹੁਣ ਤੱਕ ਦਾ ਰਿਕਾਰਡ ਕਾਇਮ ਕੀਤਾ ਅਤੇ ਗੋਲਡ ਮੈਡਲ ਜਿੱਤਿਆ। ਅਮਨਦੀਪ ਨੇ ਦੱਸਿਆ ਕਿ ਸੀਨੀਅਰ ਨੈਸਨਲ ਪਾਵਰਲਿਫਟਿਗ ਚ' ਇਹ ਉਸ ਦਾ 9ਵਾਂ ਗੋਲਡ ਮੈਡਲ ਹੈ। ਪਾਵਰਲਿਫਟਰ ਅਮਨਦੀਪ ਹੋਠੀ ਨੇ ਕੁਲ ਮਿਲਾ ਕੇ 10 52.5 ਕਿੱਲੋਗ੍ਰਾਮ ਦਾ ਰਿਕਾਰਡ ਬਣਾਇਆ ਹੈ। ਜਿਸ ਵਿੱਚ 272.5 ਕਿਲੋ ਬੈਂਚ ਪ੍ਰੈਸ, 435 ਕਿੱਲੋਗ੍ਰਾਮ ਦੀ ਸੁਕੇਅਟ ਅਤੇ 345 ਕਿੱਲੋਗ੍ਰਾਮ ਭਾਰ ਦੀ ਡੈੱਡ ਲਿਫਟ ਸਾਮਲ ਹੈ।

## ਬੀਬੀ ਗੁਰਬਖਸ਼ ਕੌਰ ਕੁਲਾਰ ਜੀ ਦੀ ਅੰਤਿਮ ਯਾਤਰਾ



ਪਿਆਰੇ ਸਮੂਹ ਮੈਂਬਰ, ਤੁਹਾਨੂੰ ਇਹ ਜਾਣ ਕੇ ਬੇਹੱਦ ਦੁੱਖ ਹੋਵੇਗਾ ਕਿ , ਐਸ ਪਾਲ ਸਿੰਘ (ਧੰਨਾ ਭਲਵਾਨ) ਦੀ ਸੱਸ ਬੀਬੀ ਗੁਰਬਖਸ ਕੌਰ ਕੁਲਾਰ 12 ਫਰਵਰੀ 2021 ਨੂੰ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ, ਉਨ੍ਹਾਂ ਦੀਆਂ ਅੰਤਮ ਸੰਸਕਾਰ ਸੇਵਾਵਾਂ ਕੱਲ 25 ਫਰਵਰੀ ਨੂੰ ਦੁਪਹਿਰ 12 ਵਜੇ ਚੈਮਜ ਦੇ ਚੈਪਲ ਵਿਖੇ ਹੋਣਗੀਆਂ ਅਤੇ ਅੰਤਿਮ ਅਰਦਾਸ ਦੁਪਹਿਰ 2:30 ਵਜੇ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਹੋਵੇਗੀ। **ਜੇਕਰ ਕੋਈ ਰਿਸ਼ਤੇਦਾਰ ਜਾ ਸੱਜਣ ਮਿੱਤਰ ਇਸ ਸਬੰਧੀ ਕੋਈ ਹੋਰ ਜਾਣਕਾਰੀ ਲੈਣ ਦਾ ਇੱਛੁਕ ਹੋਵੇ ਤਾਂ ਉਹ ਪਾਲ ਸਿੰਘ (ਧੰਨਾ ਭਲਵਾਨ) + 1510-358-5087 ਦੇ ਇਸ ਨੰਬਰ ਤੇ ਸੰਪਰਕ ਕਰ ਸਕਦਾ ਹੈ।**



# ਮਾਮਲਾ ਉਨਾਓ ਵਿੱਚ ਦਲਿਤ ਪਰਿਵਾਰ ਦੀਆਂ ਦੋ ਲੜਕੀਆਂ ਦੀ ਸ਼ੱਕੀ ਮੌਤ ਦਾ

**ਯੂ.ਪੀ. ਪੁਲਿਸ ਵਲੋਂ ਦੋ ਗ੍ਰਿਫਤਾਰ ○ ਯੂ ਪੀ ਤੋਂ ਐਮ ਪੀ ਤੱਕ ਬਲਾਤਕਾਰ ਦੀਆਂ ਘਟਨਾਵਾਂ ਜਾਰੀ ○ ਭਾਜਪਾ ਸਰਕਾਰਾਂ ਤੇ ਪੁਲਿਸ ਪ੍ਰਸ਼ਾਸ਼ਨ ਦੋਸ਼ੀਆਂ ਨੂੰ ਬਚਾਉਣ ਲੱਗੇ**

**ਬਲਵਿੰਦਰ ਪਾਲ ਸਿੰਘ ਪ੍ਰੋਫੈਸਰ**

'ਭੋਪਾਲ ਬਲਾਤਕਾਰ ਪੀੜਤਾ ਨੂੰ ਇਕ ਮਹੀਨੇ ਬਾਅਦ ਵੀ ਨਿਆਂ ਨਹੀਂ ਮਿਲਿਆ। ਕਿਉਂਕਿ ਭਾਜਪਾ ਹਮੇਸ਼ਾ ਹੀ ਦਰਿੰਦਿਆਂ ਦੀ ਸ਼ਿਕਾਰ ਪੀੜਤਾ ਨੂੰ ਬਲਾਤਕਾਰ ਲਈ ਜ਼ਿੰਮੇਵਾਰ ਮੰਨਦੀ ਹੈ ਅਤੇ ਦੋਸ਼ੀਆਂ ਦਾ ਬਚਾਅ ਕਰਦੀ ਹੈ। ਇਹ ਹੈ ਸਰਕਾਰ ਦੀ 'ਬੇਟੀ ਬਚਾਓ' ਦਾ ਸੱਚ! ਇਹ ਟਵੀਟ ਸਾਬਕਾ ਕਾਂਗਰਸ ਪ੍ਰਧਾਨ ਅਤੇ ਵਯਨਾਡ ਤੋਂ ਸੰਸਦ ਮੈਂਬਰ ਰਾਹੁਲ ਗਾਂਧੀ ਦਾ ਹੈ। ਯੂ ਪੀ ਤੋਂ ਲੈ ਕੇ ਐਮ ਪੀ ਤੱਕ ਔਰਤਾਂ ਵਿਰੁੱਧ ਹਿੰਸਾ ਦਾ ਗ੍ਰਾਫ ਲਗਾਤਾਰ ਵੱਧ ਰਿਹਾ ਹੈ, ਨਾਲ ਹੀ ਪੀੜਤਾ ਨੂੰ ਤੰਗ ਪ੍ਰੇਸ਼ਾਨ ਕਰਨ ਦਾ ਨਵਾਂ ਰੁਝਾਨ ਵੀ ਸਾਹਮਣੇ ਆ ਰਿਹਾ ਹੈ।

**ਪੂਰਾ ਮਾਮਲਾ ਕੀ ਹੈ ?**

ਅਖ਼ਬਾਰਾਂ ਦੇ ਹਵਾਲਿਆਂ ਅਨੁਸਾਰ, ਕੁਲਾਰ ਟ੍ਰੈਫਿਕ ਇੰਸਪੈਕਟਰ ਸੁਧੀਰ ਅਰਜਾਰੀਆ ਨੇ ਭੋਪਾਲ ਵਿੱਚ ਇੱਕ 24 ਸਾਲਾ ਵਿਦਿਆਰਥਣ ਦੀ ਬਲਾਤਕਾਰ ਅਤੇ ਕਤਲ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਇੱਕ ਮਹੀਨੇ ਬਾਅਦ ਕਾਰਵਾਈ ਕੀਤੀ। ਇੰਸਪੈਕਟਰ ਸੁਧੀਰ ਉਪਰ ਇਹ ਦੋਸ਼ ਲਗਾ ਹੈ ਕਿ ਉਸਨੇ ਗੰਭੀਰ ਅਪਰਾਧ ਨੂੰ ਮਾਮੂਲੀ ਛੇੜਛਾੜ ਦਾ ਮਾਮਲਾ ਦਰਸਾ ਕੇ ਐਫਆਈਆਰ ਦਰਜ ਕੀਤੀ ਹੈ। ਮਾਮਲਾ ਗਰਮਾ ਜਾਣ ਕਾਰਨ ਡੀਆਈਜੀ ਇਰਸ਼ਾਦ ਨੇ ਇੰਸਪੈਕਟਰ ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਤੋਂ ਇਲਾਵਾ ਜਾਂਚ ਲਈ ਇਕ ਵਿਸ਼ੇਸ਼ ਟੀਮ ਵੀ ਬਣਾਈ ਗਈ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਪੂਰੇ ਮਾਮਲੇ ਵਿੱਚ ਪੀੜਤ ਵੱਲੋਂ ਕੀਤੀ ਸ਼ਿਕਾਇਤ ਦੇ ਬਾਵਜੂਦ ਪੁਲਿਸ ਨੇ ਦੋਸ਼ੀ ਖਿਲਾਫ ਛੇੜਛਾੜ ਤੇ ਹਮਲਾ ਕਰਨ ਦੀਆਂ ਧਾਰਾਵਾਂ ਤਹਿਤ ਹੀ ਕੇਸ ਦਰਜ ਕੀਤਾ ਸੀ। ਜਦੋਂ ਮੀਡੀਆ ਵਿੱਚ ਇਹ ਖਬਰ ਸਾਹਮਣੇ ਆਈ, ਇੱਕ ਮਹੀਨੇ ਬਾਅਦ, ਕਤਲ ਤੇ ਬਲਾਤਕਾਰ ਦੀ ਕੋਸ਼ਿਸ਼ ਦੀ ਧਾਰਾ ਵਿੱਚ ਵਾਧਾ ਕੀਤਾ ਗਿਆ।

'ਤੁਸੀਂ ਬਲਾਤਕਾਰ ਕਰੋ ... ਪਰ ਪੱਥਰ ਨਾ ਮਾਰੋ!'

ਪੀੜਤ ਲੜਕੀ ਨੇ ਆਪਣਾ ਦੁਖਾਂਤ ਬਿਆਨਿਆ ਅਤੇ ਕਿਹਾ ਮੈਨੂੰ ਲੱਗ ਰਿਹਾ ਸੀ ਕਿ ਇਹ ਹਵਸੀ ਦਰਿੰਦਾ ਮੈਨੂੰ ਜਿੰਦਾ ਨਹੀਂ ਛੱਡੇਗਾ, ਇਸ ਲਈ ਮੈਂ ਆਪਣੀ ਜਾਨ ਬਚਾਉਣ ਲਈ ਕਿਹਾ ਕਿ ਮੈਨੂੰ ਪਥਰ ਨਾ ਮਾਰ। ਬਲਾਤਕਾਰ ਕਰ ਲੈ। ਮੈਂ ਚੀਖਾਂ ਨਹੀਂ ਮਾਰਾਂਗੀ ਅਤੇ ਨਾ ਹੀ ਮੈਂ ਕਿਸੇ ਨੂੰ ਫੋਨ ਕਰਕੇ ਬੁਲਾਵਾਂਗੀ।' ਉਸਨੇ ਪੱਥਰ ਮਾਰਨਾ ਬੰਦ ਕਰ ਦਿੱਤਾ। ਉਸਨੇ ਪੰਜ ਮਿੰਟ ਮੇਰੇ ਸਰੀਰ ਨੂੰ ਜਾਨਵਰਾਂ ਵਾਂਗ ਨੋਚਿਆ ਤੇ ਬਲਾਤਕਾਰ ਕੀਤਾ।'

ਪੀੜਤ ਲੜਕੀ ਨੇ ਕਿਹਾ ਕਿ ਉਸਦੀ ਰੀੜ ਦੀ ਹੱਡੀ ਟੁੱਟ ਗਈ ਸੀ।ਸਿਰ ਵਿਚ ਡੂੰਘੀ ਸੱਟ ਲੱਗੀ ਸੀ, ਕਈ ਟਾਂਕੇ ਲਗਾਉਣੇ ਪਏ। ਡਾਕਟਰਾਂ ਨੂੰ ਰੀੜ ਦੀ ਹੱਡੀ ਵਿਚ ਇਕ ਰਾਡ ਪਾਉਣੀ ਪਈ। ਪੀੜਤਾ ਦਾ ਭਾਵੇਂ ਆਪ੍ਰੇਸ਼ਨ ਹੋ ਗਿਆ ਸੀ, ਪਰ ਹੁਣ ਉਹ ਛੇ ਮਹੀਨੇ ਆਪਣੀ ਮਰਜ਼ੀ ਨਾਲ ਇਕ ਇੰਚ ਵੀ ਨਹੀਂ ਹਿੱਲ ਸਕੇਗੀ। ਉਸਦੀ ਕਮਰ ਦਾ ਖੱਬਾ ਪਾਸਾ ਅਧਰੰਗ ਦੀ ਬਿਮਾਰੀ ਦਾ ਸ਼ਿਕਾਰ ਹੋ ਗਿਆ ਹੈ।

ਇਸ ਕੇਸ ਵਿੱਚ, ਪੀੜਤ ਨੇ ਪੁਲਿਸ ਵਲੋਂ ਦੋਸ਼ੀ ਨੂੰ ਬਚਾਉਣ ਬਾਰੇ ਜੋ ਕੁਝ ਕਿਹਾ, ਇਹ ਸ਼ਾਇਦ ਉਸ ਦੇ ਦਰਦ ਨੂੰ ਦੁਗਣਾ ਕਰਦਾ ਹੈ। ਪੀੜਤ ਦੇ ਅਨੁਸਾਰ, ਕੋਲਾਰ ਪੁਲਿਸ 16 ਜਨਵਰੀ ਨੂੰ ਵਾਪਰੀ ਘਟਨਾ ਤੋਂ ਬਾਅਦ 17 ਜਨਵਰੀ ਨੂੰ ਏਮਜ ਵਿੱਚ ਪਹੁੰਚੀ ਸੀ। ਪੁਲਿਸ ਨੇ ਕਤਲ ਅਤੇ ਬਲਾਤਕਾਰ ਦੀ ਕੋਸ਼ਿਸ਼ ਨੂੰ ਆਮ ਹਮਲੇ ਦਾ ਕੇਸ ਦਸਿਆ ਸੀ । ਹੁਣ ਤੱਕ ਪੁਲਿਸ ਨਾ ਤਾਂ ਫੜੇ ਗਏ ਮੁਲਜ਼ਮਾਂ ਦੀ ਫੋਟੋ ਦਿਖਾ ਰਹੀ ਹੈ ਅਤੇ ਨਾ ਹੀ ਉਨਾਂ ਨੂੰ ਸਾਹਮਣੇ ਲਿਆ ਰਹੀ ਹੈ। ਪੀੜਤ ਦੇ ਅਨੁਸਾਰ, 'ਪੁਲਿਸ ਨੇ ਦਾਨਿਸ਼ਕੁੰਜ ਚੌਂਕ ਦੇ ਨੇੜੇ ਇਕ ਜੂਸ ਸੈਂਟਰ 'ਤੇ ਲੱਗੇ ਕੈਮਰੇ ਦੇ ਨਾਲ ਸੀਸੀਟੀਵੀ ਰਿਕਾਰਡ ਜਬਤ ਕਰ ਲਿਆ।'

'ਪੁਲਿਸ ਤਿੰਨ ਦਿਨ ਕਹਿੰਦੀ ਰਹੀ ਕਿ ਮੁਲਜ਼ਮ ਦਾ ਪਤਾ ਲੱਗ ਜਾਵੇਗਾ। ਪਰ 20 ਦਿਨ ਬਾਅਦ ਅਚਾਨਕ ਉਸਨੇ ਦੱਸਿਆ ਕਿ ਮਹਾਂਬਲੀ ਨਗਰ ਦੇ ਇੱਕ ਨੌਜਵਾਨ ਨੇ ਅਪਰਾਧ ਕਬੂਲ ਕਰ ਲਿਆ ਹੈ। ਉਸ ਨੂੰ ਗ੍ਰਿਫਤਾਰ ਕਰ ਲਿਆ, ਪਰ ਅੱਜ ਤੱਕ ਦੋਸ਼ੀ ਨੂੰ ਨਹੀਂ ਵਿਖਾਇਆ। ਮੈਂ ਪੁਲਿਸ ਤੋਂ ਮੁਲਜ਼ਮ ਦੀ ਆਵਾਜ ਦੀ ਆਡੀਓ ਮੰਗੀ ਤਾਂ ਜੋ ਮੈਂ ਉਸ ਦੀ ਪਛਾਣ ਕਰ ਸਕਾਂ, ਪਰ ਪੁਲਿਸ ਨੇ ਉਹ ਵੀ ਨਹੀਂ ਦਿੱਤੀ। ਇਹ ਇਕ ਘਾਤਕ ਕਾਤਲਾਨਾ ਹਮਲਾ ਸੀ, ਬਲਾਤਕਾਰ ਦੀ ਕੋਸ਼ਿਸ਼ ਸੀ, ਫਿਰ ਵੀ ਪੁਲਿਸ ਇਸ ਨੂੰ ਆਮ ਹਮਲੇ ਦਾ ਕੇਸ ਮੰਨ ਰਹੀ ਹੈ।'

ਇਹ ਸਿਰਫ ਇਕ ਮਾਮਲਾ ਨਹੀਂ ਹੈ, ਇਸ ਤੋਂ ਪਹਿਲਾਂ ਵੀ ਕਈ ਮਾਮਲਿਆਂ ਵਿਚ ਐਮ ਪੀ ਪੁਲਿਸ ਅਤੇ ਪ੍ਰਸ਼ਾਸਨ ਸਵਾਲਾਂ ਦੇ ਘੇਰੇ ਵਿਚ ਆ ਚੁੱਕਾ ਹੈ। ਹਾਲ ਹੀ ਵਿੱਚ, ਪਿਆਰੇ ਮੀਆਂ ਕੇਸ ਵਿੱਚ, ਹਾਥਰਸ ਵਰਗੀ ਹੋਈ ਇਸ ਘਟਨਾ ਦੌਰਾਨ ਪੀੜਤਾ ਦੀ ਮੌਤ ਹੋਈ, ਪੁਲਿਸ ਦੁਆਰਾ ਜਬਰੀ ਅੰਤਿਮ ਸਸਕਾਰ ਕਰਵਾਇਆ। ਮਹੱਤਵਪੂਰਣ ਗੱਲ ਇਹ ਹੈ ਕਿ ਭਾਜਪਾ ਵਿਚ ਯੋਗੀ ਆਦਿੱਤਿਆਨਾਥ ਨੂੰ ਸਭ ਤੋਂ ਤੇਜ਼ ਤਰਾਰ ਨੇਤਾ ਮੰਨਿਆ ਜਾਂਦਾ ਹੈ ਅਤੇ ਉਹ ਹਿੰਦੂਤਵ ਦੇ ਫਾਇਰ ਬ੍ਰਾਂਡ ਨੇਤਾ ਦਾ ਚਿਹਰਾ ਹੈ। ਹੁਣ ਸੰਸਦ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵੀ ਉਸ ਦੇ ਰਸਤੇ 'ਤੇ ਚੱਲ ਰਿਹਾ ਹੈ। ਇਥੇ ਵਰਣਨਯੋਗ ਹੈ ਕਿ ਔਰਤਾਂ ਦੀ ਸੁਰਖਿਆ ਦਾ ਦਾਅਵਾ ਕਰਨ ਵਾਲੀ ਯੋਗੀ ਸਰਕਾਰ ਤੇ ਭਾਜਪਾ ਦੀ ਸ਼ਿਵਰਾਜ ਸਿੰਘ ਚੌਹਾਨ ਸਰਕਾਰ ਵਿੱਚ ਔਰਤਾਂ ਵਿਰੁੱਧ ਜੁਰਮਾਂ ਦਾ ਗ੍ਰਾਫ ਤੇਜ਼ੀ ਨਾਲ ਵੱਧ ਰਿਹਾ ਹੈ। ਪਿਛਲੇ ਦਿਨੀਂ ਬਲਾਤਕਾਰ ਅਤੇ ਕਤਲ ਦੀਆਂ ਘਟਨਾਵਾਂ ਨੇ ਦੋਵਾਂ ਰਾਜਾਂ ਦੇ ਅਮਨ-ਕਾਨੂੰਨ ਉੱਤੇ ਬਹੁਤ ਸਾਰੇ ਸਵਾਲ ਖੜੇ ਕੀਤੇ ਹਨ। ਅਸੀਂ ਮੱਧ ਪ੍ਰਦੇਸ਼ ਵਿਚ ਔਰਤਾਂ ਦੇ ਸ਼ੋਸ਼ਣ ਬਾਰੇ ਅੰਕੜਿਆਂ ਦੀ ਗੱਲ ਕਰੀਏ ਤਾਂ ਪਿਛਲੇ ਕਈ ਸਾਲਾਂ ਤੋਂ ਮੱਧ ਪ੍ਰਦੇਸ਼ ਬਲਾਤਕਾਰ ਦੇ ਮਾਮਲਿਆਂ ਵਿਚ ਦੇਸ਼ ਦੇ ਚੋਟੀ ਦੇ ਰਾਜਾਂ ਵਿਚ ਪ੍ਰਮੁੱਖ ਰਿਹਾ ਹੈ। ਨਾਬਾਲਗ ਦਲਿਤ ਲੜਕੀਆਂ ਦੇ ਮਾਮਲਿਆਂ ਵਿਚ ਇਹ ਰਾਜ ਮੋਹਰੀ ਹੈ । ਅਜਿਹੀ ਸਥਿਤੀ ਵਿੱਚ ਮੁੱਖ ਮੰਤਰੀ ਸ਼ਿਵਰਾਜ ਤੇ ਉਸ ਦੀ ਕਾਨੂੰਨ ਵਿਵਸਥਾ ਤੇ ਸਵਾਲ ਉਠਣਾ ਸੁਭਾਵਕ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀ 'ਕ੍ਰਾਈਮ ਇਨ ਇੰਡੀਆ -2017' ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦਲਿਤ ਲੜਕੀਆਂ ਨਾਲ ਬਲਾਤਕਾਰ ਅਤੇ ਛੇੜਛਾੜ ਦੇ ਮਾਮਲੇ ਵਿੱਚ ਮੱਧ ਪ੍ਰਦੇਸ਼ ਦੇਸ਼ ਵਿੱਚ ਪਹਿਲੇ ਨੰਬਰ ਉੱਤੇ ਹੈ । ਇਸ ਸਾਲ ਰਾਜ ਵਿੱਚ ਦਲਿਤ ਲੜਕੀਆਂ ਨਾਲ ਬਲਾਤਕਾਰ ਦੀਆਂ 214 ਘਟਨਾਵਾਂ ਦਰਜ ਹੋਈਆਂ। ਹਾਂ, ਐਨਸੀਆਰਬੀ ਦੇ ਅਨੁਸਾਰ ਸਾਲ 2018 ਦੇ ਅੰਕੜਿਆਂ ਦੇ ਅਨੁਸਾਰ, ਰਾਜ ਵਿੱਚ ਬਲਾਤਕਾਰ ਦੇ 6,480 ਮਾਮਲੇ ਦਰਜ ਕੀਤੇ ਗਏ ਸਨ, ਜਿਨਾਂ ਵਿੱਚ 3,887 ਨਾਬਾਲਗ ਲੜਕੀਆਂ ਸਨ। ਇਨਾਂ ਵਿਚ ਛੇ ਸਾਲ ਤੋਂ ਘੱਟ ਉਮਰ ਦੀਆਂ 54 ਲੜਕੀਆਂ, ਛੇ ਤੋਂ 12 ਸਾਲ ਦੀ ਉਮਰ ਦੀਆਂ 142 ਲੜਕੀਆਂ, 12 ਤੋਂ 16 ਸਾਲ ਦੀ ਉਮਰ ਵਿਚ 1,143 ਲੜਕੀਆਂ ਅਤੇ 16 ਤੋਂ 18 ਸਾਲ ਦੀ ਉਮਰ ਵਿਚ 1,502 ਲੜਕੀਆਂ ਸ਼ਾਮਲ ਹਨ।





**ਅਪਰਾਧੀ ਦੁਨੀਆ**

**ਉਨਾਓ ਕਾਂਡ 'ਚ ਪ੍ਰੇਮ ਸਬੰਧ ਤੋਂ ਇਨਕਾਰ ਕਰਨ 'ਤੇ ਕੀਤਾ ਕਤਲ, ਦੋ ਗ੍ਰਿਫਤਾਰ**

ਉੱਤਰ ਪ੍ਰਦੇਸ਼ ਦੇ ਉਨਾਓ ਜ਼ਿਲੇ ਦੇ ਬਬੁਰਹਾ ਪਿੰਡ ਵਿਚ ਸ਼ੱਕੀ ਹਾਲਤਾਂ ਵਿੱਚ ਮ੍ਰਿਤਕ ਪਾਈਆਂ ਗਈਆਂ ਦੋਵਾਂ ਹੀ ਕੁੜੀਆਂ ਦਾ ਅੰਤਿਮ ਸਸਕਾਰ ਪਿੰਡ ਵਿੱਚ ਹੀ ਕਰ ਦਿੱਤਾ ਗਿਆ ਹੈ, ਜਦੋਂਕਿ ਤੀਜੀ ਕੁੜੀ ਅਜੇ ਵੀ ਕਾਨਪੁਰ ਦੇ ਰਿਜੈਂਸੀ ਹਸਪਤਾਲ ਵਿੱਚ ਜ਼ਿੰਦਗੀ ਅਤੇ ਮੌਤ ਨਾਲ ਜੂਝ ਰਹੀ ਹੈ। ਯੂ.ਪੀ. ਦੇ ਡਾਇਰੈਕਟਰ ਜਨਰਲ ਆਫ ਪੁਲਿਸ ਹਿਤੇਸ਼ ਚੰਦਰ ਅਵਸਥੀ ਨੇ ਇਸ ਰਿਪੋਰਟ ਸਬੰਧੀ ਜਾਣਕਾਰੀ ਦਿੱਤੀ।'

ਇਸ ਸਬੰਧ ਵਿੱਚ ਉਨਾਓ ਦੇ ਪੁਲਿਸ ਸੁਪਰਡੈਂਟ ਸੁਰੇਸ਼ ਕੁਲਕਰਣੀ ਨੇ ਕਿਹਾ ਸੀ ਕਿ ਮੌਕੇ ਵਾਲੀ ਥਾਂ 'ਤੇ ਝੱਗ ਪਈ ਮਿਲੀ ਸੀ, ਜਿਸ ਤੋਂ ਇਹ ਸ਼ੱਕ ਪੈਦਾ ਹੁੰਦਾ ਹੈ ਕਿ ਜ਼ਾਇਦ ਜ਼ਹਿਰ ਖਾਣ ਨਾਲ ਹੀ ਉਨਾਂ ਦੀ ਮੌਤ ਹੋਈ ਹੈ। ਘਟਨਾ ਤੋਂ ਅਗਲੇ ਹੀ ਦਿਨ ਮ੍ਰਿਤਕ ਕੁੜੀਆਂ 'ਚੋਂ ਇੱਕ ਦੇ ਪਿਤਾ ਨੇ ਅਸੋਹਾ ਥਾਣੇ ਵਿਚ ਅਣਪਛਾਤੇ ਲੋਕਾਂ ਖਿਲਾਫ ਕਤਲ ਦੀ ਰਿਪੋਰਟ ਦਰਜ ਕਰਵਾਈ ਹੈ। ਪੋਸਟਮਾਰਟਮ ਤੋਂ ਬਾਅਦ ਬੀਤੇ ਵੀਰਵਾਰ ਸ਼ਾਮ ਨੂੰ ਹੀ ਦੋਵਾਂ ਕੁੜੀਆਂ ਦੀਆਂ ਲਾਸ਼ਾਂ ਪਰਿਵਾਰ ਨੂੰ ਸੌਂਪ ਦਿੱਤੀਆਂ ਗਈਆਂ ਅਤੇ ਸ਼ੁੱਕਰਵਾਰ ਸਵੇਰ ਨੂੰ ਦੋਵਾਂ ਦੀਆਂ ਅੰਤਿਮ ਰਸਮਾਂ ਅਦਾ ਕਰ ਦਿੱਤੀਆਂ ਗਈਆਂ ਹਨ। ਇਹ ਤਿੰਨੋਂ ਹੀ ਕੁੜੀਆਂ ਇੱਕ ਹੀ ਪਰਿਵਾਰ ਦੀਆਂ ਹਨ। ਦੋ ਚਚੇਰੀਆਂ ਭੈਣਾਂ ਹਨ, ਜਿਨਾਂ ਦੀ ਉਮਰ 13 ਅਤੇ 16 ਸਾਲ ਦੀ ਹੈ, ਜਦੋਂਕਿ ਤੀਜੀ ਕੁੜੀ ਰਿਸ਼ਤੇ 'ਚ ਇਨਾਂ ਦੋਵਾਂ ਦੀ ਭੂਆ ਲੱਗਦੀ ਹੈ। ਇਨਾਂ 'ਚੋਂ 16 ਸਾਲ ਦੀ ਕੁੜੀ ਜਿਊਂਦੀ ਹੈ ਅਤੇ ਗੰਭੀਰ ਸਥਿਤੀ ਵਿਚ ਕਾਨਪੁਰ 'ਚ ਜ਼ੇਰੇ ਇਲਾਜ ਹੈ। ਉਨਾਓ ਦੇ ਜ਼ਿਲਾ ਮੈਜਿਸਟ੍ਰੇਟ ਨੇ ਹਸਪਤਾਲ ਪ੍ਰਬੰਧਨ ਨੂੰ ਚਿੱਠੀ ਲਿੱਖ ਕੇ ਦੱਸਿਆ ਹੈ ਕਿ ਪੀੜਤ ਕੁੜੀ ਦੇ ਇਲਾਜ ਦਾ ਪੂਰਾ ਖਰਚਾ ਸੂਬਾ ਸਰਕਾਰ ਕਰੇਗੀ। ਮ੍ਰਿਤਕ ਕੁੜੀਆਂ ਦੀ ਇੱਕ ਨਜ਼ਦੀਕੀ ਰਿਸ਼ਤੇਦਾਰ ਬੀਬੀ ਨੇ ਗੁੱਸੇ ਵਿੱਚ ਕਿਹਾ, 'ਸਾਨੂੰ ਤਾਂ ਪਤਾ ਵੀ ਨਹੀਂ ਹੈ ਕਿ ਉਹ ਜਿੰਦਾ ਵੀ ਹੈ ਜਾਂ ਉਹ ਵੀ ਮਰ ਗਈ ਹੈ। ਉਸ ਦੀ ਹਾਲਤ ਤਾਂ ਪਹਿਲਾਂ ਹੀ ਬਹੁਤ ਖਰਾਬ ਸੀ। ਉਹ ਹੀ ਹੁਣ ਇਸ ਘਟਨਾ ਦੀ ਚਸ਼ਮਦੀਦ ਗਵਾਹ ਹੈ। ਜੇਕਰ ਉਹ ਵੀ ਨਾ ਬਚੀ ਤਾਂ ਸਾਨੂੰ ਕਦੇ ਵੀ ਨਹੀਂ ਪਤਾ ਚੱਲੇਗਾ ਕਿ ਸਾਡੀਆਂ ਕੁੜੀਆਂ ਨਾਲ ਕੀ ਵਾਪਰਿਆ ਸੀ ?'

ਇਸ ਘਟਨਾ ਤੋਂ ਬਾਅਦ ਪਿੰਡ ਵਾਸੀਆਂ 'ਚ ਰੋਸ ਹੈ । ਪਿੰਡ ਵਿੱਚ ਦਲਿਤ ਭਾਈਚਾਰੇ ਦੇ ਮੁਸ਼ਕਲ ਨਾਲ ਹੀ ਛੇ-ਸੱਤ ਘਰ ਹਨ, ਜਿਨਾਂ ਵਿੱਚ ਪੀੜਤ ਪਰਿਵਾਰਾਂ ਦੇ ਘਰ ਵੀ ਸ਼ਾਮਲ ਹਨ।

ਮ੍ਰਿਤਕ ਕੁੜੀਆਂ 'ਚੋਂ ਇੱਕ ਦੇ ਭਰਾ ਨੇ ਦੱਸਿਆ ਕਿ ਤਿੰਨੇ ਹੀ ਪਹਿਲਾਂ ਸਕੂਲ ਜਾਂਦੀਆਂ ਸਨ ਪਰ ਲਾਕਡਾਊਨ ਤੋਂ ਬਾਅਦ ਜਦੋਂ ਤੋਂ ਸਕੂਲ ਬੰਦ ਹੋਏ ਸਨ, ਉਦੋਂ ਤੋਂ ਹੀ ਤਿੰਨੇ ਘਰ ਵਿੱਚ ਰਹਿ ਰਹੀਆਂ ਸਨ। 'ਮੇਰੀ ਭੈਣ 10ਵੀਂ ਜਮਾਤ ਵਿੱਚ ਪੜਦੀ ਸੀ ਜਦੋਂਕਿ ਦੂਜੀ ਮ੍ਰਿਤਕ ਕੁੜੀ ਮੇਰੀ ਭਤੀਜੀ ਸੀ। ਉਸ ਦੀ ਮਾਂ ਬਚਪਨ ਵਿੱਚ ਮਰ ਗਈ ਸੀ। ਮੈਂ ਤੇ ਮੇਰਾ ਭਰਾ ਮਜਦੂਰੀ ਕਰਦੇ ਹਾਂ। ਸਾਨੂੰ ਤਾਂ ਸਮਝ ਹੀ ਨਹੀਂ ਆ ਰਿਹਾ ਕਿ ਇਹ ਕਿਸ ਨੇ ਅਤੇ ਕਿਉਂ ਕੀਤਾ ਹੈ।'

ਮੌਤ ਦੇ ਕਾਰਨਾਂ ਬਾਰੇ ਪਰਿਵਾਰ ਦੇ ਮੈਂਬਰਾਂ ਸਣੇ ਪੁਲਿਸ ਵੀ ਬਹੁਤ ਹੈਰਾਨ ਹੈ। ਪੀੜਤ ਪਰਿਵਾਰਾਂ ਅਤੇ ਪਿੰਡ ਵਾਸੀਆਂ ਨੇ ਇਲਜ਼ਾਮ ਲਗਾਇਆ ਹੈ ਕਿ ਪੁਲਿਸ ਲਗਾਤਾਰ ਪੀੜਤ ਪਰਿਵਾਰਾਂ ਨੂੰ ਤੰਗ-ਪ੍ਰੇਸ਼ਾਨ ਕਰ ਰਹੀ ਹੈ ਤੇ ਉਨਾਂ ਨੂੰ ਹੀ ਕਤਲ ਦਾ ਜ਼ਿੰਮੇਵਾਰ ਠਹਿਰਾਉਣਾ ਚਾਹੁੰਦੀ ਹੈ।

ਮ੍ਰਿਤਕ ਕੁੜੀ ਦੀ ਮਾਂ ਨੇ ਦੱਸਿਆ, 'ਮੇਰੇ ਘਰ ਦੇ ਮਰਦ ਤੇ ਬੱਚਿਆਂ ਨੂੰ ਪੁਲਿਸ ਚੁੱਕ ਕੇ ਲੈ ਗਈ ਹੈ। ਇੱਥੋਂ ਤੱਕ ਕਿ ਸਾਡੇ ਪੂਰੇ ਘਰ ਦੀ ਤਲਾਸ਼ੀ ਲਈ ਗਈ ਹੈ। ਸਾਡੇ ਪਰਿਵਾਰ ਦੇ ਮੈਂਬਰ ਇਸ ਸਮੇਂ ਕਿੱਥੇ ਹਨ, ਸਾਨੂੰ ਕੁਝ ਵੀ ਪਤਾ ਨਹੀਂ ਹੈ। ਪੁਲਿਸ ਨੂੰ ਲੱਗਦਾ ਹੈ ਕਿ ਤਿੰਨਾਂ ਕੁੜੀਆਂ ਨੇ ਜ਼ਹਿਰ ਖਾ ਕੇ ਖ਼ੁਦਕੁਸ਼ੀ ਕੀਤੀ ਹੈ ਪਰ ਉਹ ਅਜਿਹਾ ਕਿਉਂ ਕਰਨਗੀਆਂ ? ਜੇਕਰ ਉਨਾਂ ਨੇ ਖ਼ੁਦਕੁਸ਼ੀ ਕੀਤੀ ਹੁੰਦੀ ਤਾਂ ਉਨਾਂ ਦੇ ਹੱਥ ਚੁੰਨੀ ਨਾਲ ਕਿਵੇਂ ਬੰਨੇ ਹੁੰਦੇ ?'

ਇਸ ਦੌਰਾਨ ਪੀੜਤ ਪਰਿਵਾਰਾਂ ਨੇ ਉਨਾਓ ਦੇ ਜ਼ਿਲਾ ਮੈਜਿਸਟ੍ਰੇਟ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਐੱਸਆਈਟੀ ਨੂੰ ਸੌਂਪੀ ਜਾਵੇ, ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਅਤੇ ਜਿਹੜੀ ਕੁੜੀ ਕਾਨਪੁਰ 'ਚ ਜ਼ੇਰੇ ਇਲਾਜ ਹੈ, ਉਸ ਨੂੰ ਕਾਨਪੁਰ ਤੋਂ ਦਿੱਲੀ ਦੇ ਕਿਸੇ ਵਧੀਆ ਹਸਪਤਾਲ ਵਿੱਚ ਭਰਤੀ ਕਰਵਾਇਆ ਜਾਵੇ।

**ਦੋ ਗ੍ਰਿਫਤਾਰ**

ਉਨਾਓ ਵਿੱਚ ਦਲਿਤ ਪਰਿਵਾਰ ਦੀਆਂ ਦੋ ਲੜਕੀਆਂ ਦੀ ਸ਼ੱਕੀ ਮੌਤ ਦੇ ਮਾਮਲੇ ਵਿੱਚ ਯੂ.ਪੀ. ਪੁਲਿਸ ਨੇ ਦੋ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਤੋਂ ਪਹਿਲਾਂ ਬੀਤੇ ਵੀਰਵਾਰ ਨੂੰ ਪੁਲਿਸ ਨੇ ਚਾਰ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਸੀ। ਉਨਾਓ ਦੇ ਡੀ.ਐੱਮ. ਰਵਿੰਦਰ ਕੁਮਾਰ ਨੇ ਕਿਹਾ ਕਿ ਸੀ.ਐੱਮ. ਯੋਗੀ ਨੇ ਮ੍ਰਿਤਕ ਲੜਕੀਆਂ ਦੇ ਪਰਿਵਾਰ ਨੂੰ 5 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ। ਉਥੇ ਹੀ ਜਖ਼ਮੀ ਕੁੜੀ ਨੂੰ ਦੋ ਲੱਖ ਰੁਪਏ ਦੀ ਮਦਦ ਦੇਣ ਦਾ ਐਲਾਨ ਕੀਤਾ ਹੈ। ਕੁੜੀ ਦਾ ਇਲਾਜ ਸੀ.ਐੱਮ. ਸਹਾਇਤਾ ਫੰਡ ਤੋਂ ਮੁਫ਼ਤ ਹੋਵੇਗਾ। ਉਥੇ ਹੀ ਲਖਨਊ ਰੇਂਜ ਦੇ ਆਈ.ਜੀ. ਲਕਸ਼ਮੀ ਸਿੰਘ ਨੇ ਵੱਡਾ ਖੁਲਾਸਾ ਕਰਦੇ ਹੋਏ ਕਿਹਾ ਹੈ ਕਿ ਇਸ ਹੱਤਿਆ ਦੇ ਸਹੀ ਕਾਰਨਾਂ ਦਾ ਪਤਾ ਚੱਲ ਗਿਆ ਹੈ। ਗ੍ਰਿਫਤਾਰ ਦੋ ਸ਼ਖ਼ਸ ਵਿੱਚੋਂ ਇੱਕ ਦਾ ਨਾਮ ਵਿਨੈ ਹੈ। ਦੋਸ਼ੀ ਵਿਨੈ ਦੀ ਇੱਕ ਕੁੜੀ ਨਾਲ ਦੋਸਤੀ ਸੀ। ਵਿਨੈ ਨੇ ਪੁੱਛਗਿੱਛ ਵਿੱਚ ਦੱਸਿਆ ਕਿ ਉਹ ਇੱਕ ਕੁੜੀ ਨੂੰ ਪ੍ਰੇਮ ਕਰਦਾ ਸੀ। ਉਸ ਨੇ ਕੁੜੀ ਤੋਂ ਮੋਬਾਇਲ ਨੰਬਰ ਮੰਗਿਆ ਸੀ ਪਰ ਉਸ ਨੇ ਫੋਨ ਨੰਬਰ ਦੇਣ ਤੋਂ ਮਨਾ ਕਰ ਦਿੱਤਾ ਸੀ।

ਵਿਨੈ ਇਸ ਗੱਲ ਤੋਂ ਬੇਹੱਦ ਨਾਰਾਜ਼ ਹੋ ਗਿਆ ਸੀ। ਜਿਸ ਤੋਂ ਬਾਅਦ ਉਸ ਨੇ ਸਾਰੀਆਂ ਲੜਕੀਆਂ ਨੂੰ ਪਾਣੀ ਵਿੱਚ ਕੀਟਨਾਸ਼ਕ ਮਿਲਾ ਕੇ ਪਿਲਾਇਆ ਸੀ। ਫਾਰੈਂਸਿਕ ਟੀਮ ਨੇ ਮੌਕੇ ਤੋਂ ਕੀਟਨਾਸ਼ਕ ਦੀ ਬੋਤਲ ਬਰਾਮਦ ਕੀਤੀ ਸੀ। ਦੂਜਾ ਦੋਸ਼ੀ ਵਿਨੈ ਦਾ ਦੋਸਤ ਹੈ। ਜਿਸ ਨੇ ਇਸ ਪੂਰੇ ਘਟਨਾਕ੍ਰਮ ਵਿੱਚ ਉਸ ਦੀ ਮਦਦ ਕੀਤੀ ਸੀ। ਉਹ ਨਾਬਾਲਿਗ ਹੈ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# ਖੇਤੀ ’ਤੇ ਆਧਾਰਿਤ ਉਦਯੋਗਾਂ ਦੀ ਅਜੋਕੇ ਯੁੱਗ ’ਚ ਵੱਡੀ ਲੋੜ



**ਐਸ .ਐਸ .ਛੀਨਾ**

2017 ਵਿਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵਲੋਂ ਦੇਸ਼ ਵਿਚ ਖੇਤੀ ਦੀ ਆਮਦਨ ਨੂੰ ਦੁੱਗਣਾ ਕਰਨ ਦਾ ਸੰਕਲਪ ਲਿਆ ਗਿਆ ਸੀ, ਜਿਸ ਨੂੰ ਦੇਸ਼ ਭਰ ਵਿਚ ਸਲਾਹਿਆ ਵੀ ਗਿਆ ਸੀ, ਕਿਉਂਕਿ ਭਾਵੇਂ ਹੁਣ ਖੇਤੀ ਦੇ ਖੇਤਰ ਦਾ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿਚ ਹਿੱਸਾ ਘੱਟ ਕੇ ਸਿਰਫ਼ 14 ਫ਼ੀਸਦੀ ਰਹਿ ਗਿਆ ਹੈ ਪਰ ਦੇਸ਼ ਦੀ 60 ਫ਼ੀਸਦੀ ਵਸੋਂ ਅਜੇ ਵੀ ਖੇਤੀ ‘ਤੇ ਨਿਰਭਰ ਹੋਣ ਕਰਕੇ ਭਾਰਤ ਨੂੰ ਖੇਤੀ ਪ੍ਰਧਾਨ ਦੇਸ਼ ਕਿਹਾ ਜਾਂਦਾ ਹੈ। ਦੁਨੀਆ ਦੇ ਵਿਕਸਿਤ ਦੇਸ਼ਾਂ ਵਿਚ ਖੇਤੀ ’ਤੇ ਨਿਰਭਰ ਵਸੋਂ 5 ਫ਼ੀਸਦੀ ਤੋਂ ਵੀ ਥੱਲੇ ਹੈ ਪਰ ਹੁਣ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵਲੋਂ ਕੀਤੇ ਗਏ ਐਲਾਨ ਅਨੁਸਾਰ ਪੰਜ ਸਾਲ ਪੂਰੇ ਹੋਣ ਵਾਲੇ ਹਨ ਇਸ ਸਮੇਂ ਦੇ ਦੌਰਾਨ ਖੇਤੀ ਆਮਦਨ ਦਾ ਦੁੱਗਣਾ ਹੋਣਾ ਅਜੇ ਦੂਰ ਦੀ ਗੱਲ ਹੈ। ਅਜੋਕੇ ਸਮੇਂ ਯੋਜਨਾ ਕਮਿਸ਼ਨ ਦੀ ਜਗਾ ਨੀਤੀ ਆਯੋਗ ਨੇ ਲੈ ਲਈ ਹੈ, ਜਿਸ ਵਿਚ ਵੱਖ-ਵੱਖ ਵਿਭਾਗਾਂ ਦੀਆਂ ਲੋੜਾਂ ਅਨੁਸਾਰ ਨੀਤੀਆਂ ਬਣਾਈਆਂ ਜਾਂਦੀਆਂ ਹਨ। ਇਸ ਨੀਤੀ ਆਯੋਗ ਵਿਚ ਹੀ ਖੇਤੀ ਸਬੰਧੀ ਨੀਤੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ ਕਿਉਂਕਿ ਨੀਤੀ ਅਯੋਗ ਦੇਸ਼ ਦੀ ਵੱਡੀ ਵਸੋਂ ਨੂੰ ਪ੍ਰਭਾਵਿਤ ਕਰਦੀਆਂ ਹਨ।

ਪਿਛਲੇ ਸਮੇਂ ਦੌਰਾਨ ਖੇਤੀ ਨਾਲ ਸਬੰਧੀ ਜ਼ਿਆਦਾ ਨੀਤੀਆਂ ਨੂੰ ਕੇਂਦਰੀ ਪੱਧਰ ‘ਤੇ ਹੀ ਬਣਾਇਆ ਜਾ ਰਿਹਾ ਹੈ ਅਤੇ ਇਨਾਂ ਨੀਤੀਆਂ ਨੂੰ ਬਿਨਾਂ ਕਿਸਾਨੀ ਆਗੂਆਂ ਦੀ ਮਨਜ਼ੂਰੀ ਤੋਂ ਲਾਗੂ ਵੀ ਕੀਤਾ ਜਾ ਰਿਹਾ ਹੈ, ਅਜਿਹੀ ਸਥਿਤੀ ਵਿਚ ਕੁਝ ਕੁ ਖੇਤਰਾਂ ਵਿਚ ਇਸ ਦੇ ਸਹੀ ਪ੍ਰਭਾਵ ਪੈਂਦੇ ਰਹੇ ਪਰ ਬਹੁਗਿਣਤੀ ‘ਤੇ ਦੂਜੇ ਖੇਤਰਾਂ ਵਿਚ ਇਸ ਦਾ ਕੋਈ ਖਾਸ ਪ੍ਰਭਾਵ ਨਹੀਂ ਪਏ। ਭਾਰਤ ਇਕ ਵਿਸ਼ਾਲ ਦੇਸ਼ ਹੈ, ਜਿਸ ਵਿਚ ਖੇਤੀ ਸਬੰਧੀ ਵਾਤਾਵਰਨ ਵਾਲੇ 15 ਅਤੇ 127 ਵੱਖ-ਵੱਖ ਤਰਾਂ ਦੇ ਖੇਤੀ ਜਲਵਾਯੂ ਜ਼ੋਨ ਹਨ, ਜਿਨਾਂ ਦੀ ਭੂਗੋਲਿਕ ਸਥਿਤੀ ਵੱਖਰੀ ਹੋਣ ਕਰਕੇ ਉਥੇ ਵੱਖ-ਵੱਖ ਫ਼ਸਲਾਂ ਦੀ ਕਾਸ਼ਤ ਹੋ ਸਕਦੀ ਹੈ ਜਾਂ ਕੁਝ ਕੁ ਫ਼ਸਲਾਂ ਲਈ ਜ਼ਿਆਦਾ ਅਨੁਕੂਲ ਹਨ ਜਦੋਂ ਕਿ ਹੋਰ ਫ਼ਸਲਾਂ ਲਈ ਘੱਟ ਅਨੁਕੂਲ ਹਨ, ਪਰ ਯੋਗ ਨੀਤੀ ਦੀ ਘਾਟ ਹੋਣ ਕਰਕੇ ਉਹ ਫ਼ਸਲਾਂ ਵੀ ਉੱਥੇ ਬੀਜੀਆਂ ਜਾਂਦੀਆਂ ਹਨ ਜਿਨਾਂ ਲਈ ਉਹ ਵਾਤਾਵਰਣ ਅਨੁਕੂਲ ਨਹੀਂ ਹੁੰਦਾ ਅਜਿਹੀ ਰਣਨੀਤੀਆਂ ਦੀਆਂ ਅਨੇਕਾਂ ਮਿਸਾਲਾਂ ਹਨ, ਜਿਨਾਂ ਵਿਚੋਂ ਪੰਜਾਬ ਦੇ ਬਠਿੰਡਾ ਅਤੇ ਅਬੋਹਰ ਖੇਤਰ ਮੁੱਖ ਰੂਪ ਵਿਚ ਸਾਹਮਣੇ ਹਨ ਜਿੱਥੇ ਝੋਨਾ ਕਿਸੇ ਵੀ ਤਰਾਂ ਅਨੁਕੂਲ ਨਹੀਂ ਪਰ ਫਿਰ ਵੀ ਬੀਜਿਆ ਜਾਂਦਾ ਹੈ, ਕਿਉਂਕਿ ਝੋਨੇ ਦੀ ਸਰਕਾਰੀ ਖ਼ਰੀਦ ਲਈ ਯਕੀਨੀ ਮੰਡੀਕਰਨ ਹੈ ਜਦੋਂ ਕਿ ਉਥੇ ਤੇਲਾਂ ਦੇ ਬੀਜਾਂ ਦੀ ਕਾਸ਼ਤ ਸੱਭ ਤੋਂ ਜ਼ਿਆਦਾ ਯੋਗ ਪਰ ਉਹ ਨਹੀਂ ਬੀਜੇ ਜਾਂਦੇ, ਕਿਉਂਕਿ ਇਸ ਫ਼ਸਲ ਲਈ ਉਨਾਂ ਕੋਲ ਯਕੀਨੀ ਮੰਡੀਕਰਨ ਨਹੀਂ, ਅਜਿਹਾ ਇਸ ਲਈ ਹੈ ਕਿਉਂਕਿ ਪੰਜਾਬ ਵਿਚ ਕਣਕ ਅਤੇ ਝੋਨੇ ਨੂੰ ਸਾਰੇ ਹੀ ਪ੍ਰਾਂਤਾ ਵਿਚ ਸਰਕਾਰੀ ਤੌਰ ‘ਤੇ ਖ਼ਰੀਦ ਲਿਆ ਜਾਂਦਾ ਹੈ ਜਦੋਂ ਕਿ ਤੇਲਾਂ ਦੇ ਬੀਜਾਂ ਦੀਆਂ ਭਾਵੇਂ ਘੱਟੋ-ਘੱਟ ਸਮਰਥਨ ਕੀਮਤਾਂ ਤਾਂ ਐਲਾਨੀਆਂ ਜਾਂਦੀਆਂ ਹਨ ਪਰ ਉਨਾਂ ਨੂੰ ਨਾ ਖ਼ਰੀਦਣ ਕਰਕੇ ਉਨਾਂ ਦਾ ਮੰਡੀਕਰਨ ਯਕੀਨੀ ਨਹੀਂ ਹੁੰਦਾ। ਇਸ ਕਰਕੇ ਨੀਤੀ ਆਯੋਗ ਵਲੋਂ ਖੇਤੀ ਜ਼ੋਨਾਂ ਅਨੁਸਾਰ ਵੱਖਰੀ-ਵੱਖਰੀ ਨੀਤੀ ਲਾਗੂ ਕਰਨੀ ਚਾਹੀਦੀ ਹੈ ਜਿਵੇਂ ਇਕੱਲੇ ਪੰਜਾਬ ਵਿਚ ਮਾਲਵੇ ਦੇ ਖੇਤਰ ਤੋਂ ਦਾਲਾਂ ਅਤੇ ਤੇਲਾਂ ਦੇ ਬੀਜਾਂ ਲਈ ਯਕੀਨੀ ਮੰਡੀਕਰਨ, ਗੁਰਦਾਸਪੁਰ ਅਤੇ ਜਲੰਧਰ ਤੋਂ ਗੰਨੇ ਲਈ ਯਕੀਨੀ ਮੰਡੀਕਰਨ ਅਤੇ ਇਸ ਤਰਾਂ ਹੀ ਹੋਰਨ ਪ੍ਰਾਂਤਾਂ ਦੇ ਖੇਤੀ

ਅਨੁਕੂਲ ਵਾਤਾਵਰਨ ਨੂੰ ਧਿਆਨ ਚਿਤ ਰੱਖ ਕੇ ਵੱਖ-ਵੱਖ ਜ਼ੋਨਾਂ ਲਈ ਵੱਖਰੀ ਖੇਤੀ ਨੀਤੀ ਅਤੇ ਵੱਖਰੇ ਆਰਥਿਕ ਢਾਂਚੇ ਦੀ ਵਿਵਸਥਾ ਨੂੰ ਜ਼ੋਨਲ ਪੱਧਰ ’ਤੇ ਤਿਆਰ ਕੀਤਾ ਜਾਣਾ ਚਾਹੀਦਾ ਹੈ।

ਖੇਤੀ ਦੇ ਇਸ ਖੇਤਰ ਵਿਚ ਵੱਡੀ ਅਰਧ-ਬੇਰੁਜ਼ਗਾਰੀ ਹੈ, 60 ਫ਼ੀਸਦੀ ਵਸੋਂ ਵਲੋਂ ਸਿਰਫ 14 ਫ਼ੀਸਦੀ ਕਮਾਇਆ ਜਾਣਾ ਸਪੱਸ਼ਟ ਤੌਰ ’ਤੇ ਅਰਧ-ਬੇਰੁਜ਼ਗਾਰੀ ਸਾਬਤ ਕਰਦਾ ਹੈ ਜਿਹੜਾ ਇਕ ਤਰਾਂ ਨਾਲ ਦੇਸ਼ ਦੇ ਵੱਡੇ ਮਨੁੱਖੀ ਸਾਧਨਾਂ ਦਾ ਜਾਇਆ ਜਾਣਾ ਹੈ। ਜਿਹੜੀ ਕਿਰਤ ਅੱਜ ਨਹੀਂ ਕੀਤੀ ਗਈ ਉਹ ਕੱਲ ਵਾਸਤੇ ਤਾਂ ਜਮਾਂ ਕਰਕੇ ਨਹੀਂ ਰੱਖੀ ਜਾ ਸਕਦੀ । ਨੌਜਵਾਨ ਪੀੜੀ ਨੂੰ ਖੇਤੀ ਵਿਚ ਰੁਜ਼ਗਾਰ ਨਹੀਂ ਮਿਲ ਸਕਦਾ ਇਸ ਲਈ ਰੁਜ਼ਗਾਰ ਵਾਸਤੇ ਸਭ ਤੋਂ ਜ਼ਿਆਦਾ ਯੋਗ ਖੇਤੀ ਆਧਾਰਿਤ ਉਦਯੋਗਿਕ ਇਕਾਈਆਂ ਹੋ ਸਕਦੀਆਂ, ਜਿਨਾਂ ਦੀ ਦੇਸ਼ ਵਿਆਪੀ ਪੱਧਰ ’ਤੇ ਵੱਡੀ ਘਾਟ ਹੈ। ਇਕ ਰਿਪੋਰਟ ਅਨੁਸਾਰ, ਵਿਕਸਿਤ ਦੇਸ਼ਾਂ ਵਿਚ ਖੇਤੀ ਉਪਜਾਂ ਵਿਚੋਂ 82 ਫ਼ੀਸਦੀ ਉਪਜ ਨੂੰ ਤਿਆਰ ਕਰਕੇ ਡੱਬਾ-ਬੰਦ ਕੀਤਾ ਜਾਂਦਾ ਹੈ, ਜਦੋਂਕਿ ਭਾਰਤ ਵਿਚ ਅਜੇ ਤੱਕ ਸਿਰਫ਼ 12 ਫ਼ੀਸਦੀ ਹੀ ਖੇਤੀ ਉਤਪਾਦਨਾਂ ਤੋਂ ਖ਼ੁਰਾਕੀ ਵਸਤਾਂ ਤਿਆਰ ਕਰਕੇ ਵੇਚੀਆਂ ਜਾਂਦੀਆਂ ਹਨ। ਦੇਸ਼ ਦਾ ਉਦਯੋਗਿਕ ਵਿਕਾਸ ਅਸੰਤੁਲਿਤ ਹੈ, ਕੁਝ ਪ੍ਰਾਂਤਾਂ ਅਤੇ ਸ਼ਹਿਰਾਂ ਵਿਚ ਵੱਡਾ ਉਦਯੋਗਿਕ ਵਿਕਾਸ ਹੋਇਆ ਹੈ, ਇਹੋ ਵਜਾ ਸੀ ਕਿ ਕੋਵਿਡ-19 ਦੇ ਸਮੇਂ ਦੌਰਾਨ ਜਿਹੜੇ ਪ੍ਰਵਾਸੀ ਕਿਰਤੀ ਵੱਖ-ਵੱਖ ਪ੍ਰਾਂਤਾਂ ਤੋਂ ਦਿੱਲੀ, ਮੁੰਬਈ, ਅਹਿਮਦਾਬਾਦ, ਲੁਧਿਆਣਾ ਆਦਿ ਸ਼ਹਿਰਾਂ ਵਿਚ ਸੈਂਕੜੇ ਮੀਲਾਂ ਤੋਂ ਜਾ ਕੇ ਕੰਮ ਕਰਦੇ ਸਨ, ਉਹ ਉਨਾਂ ਵੱਖਰੇ-ਵੱਖਰੇ ਖੇਤਰਾਂ ਤੋਂ ਗਏ ਸਨ, ਜਿਨਾਂ ਵਿਚ ਖੇਤੀ ਆਧਾਰਤ ਉਦਯੋਗ ਦੀ ਵੱਡੀ ਲੋੜ ਹੈ, ਪਰ ਸਥਾਨਕ ਯੋਜਨਾਵਾਂ ਨਾ ਹੋਣ ਕਰਕੇ ਉਹ ਉਦਯੋਗਿਕ ਇਕਾਈਆਂ ਉਥੇ ਸਥਾਪਤ ਨਹੀਂ ਹੋ ਸਕੀਆਂ। ਜੇ ਉਸ ਹੀ ਖੇਤਰ ਦੀਆਂ ਖੇਤੀ ਉਪਜਾਂ ‘ਤੇ ਆਧਾਰਿਤ ਖੇਤੀ ਉਦਯੋਗਿਕ ਇਕਾਈਆਂ ਲਗਦੀਆਂ ਹਨ ਤਾਂ ਉਹ ਦੁਨੀਆ ਭਰ ਵਿਚ ਮੁਕਾਬਲਾ ਕਰਨਯੋਗ ਬਣਦੀਆਂ ਹਨ, ਜਿਹੜੀਆਂ ਨਾ ਸਿਰਫ਼ ਸਥਾਨਕ ਪੱਧਰ ‘ਤੇ ਰੁਜ਼ਗਾਰ ਹੀ ਪੈਦਾ ਕਰ ਸਕਦੀਆਂ ਹਨ, ਸਗੋਂ ਦੇਸ਼ ਲਈ ਵੱਡੀ ਮਾਤਰਾ ਵਿਚ ਵਿਦੇਸ਼ੀ ਮੁਦਰਾ ਵੀ ਕਮਾ ਸਕਦੀਆਂ ਹਨ, ਜਿਸ ਤਰਾਂ ਇਕੱਲੀ ਬਾਸਮਤੀ ਪੰਜਾਬ ਲਈ 30 ਫ਼ੀਸਦੀ ਵਿਦੇਸ਼ੀ ਮੁਦਰਾ ਦੀ ਕਮਾਈ ਕਰਦੀ ਹੈ। ਜ਼ੋਨਾਂ ਦੀ ਪੱਧਰ ’ਤੇ ਖ਼ਰੀਦ ਨਾ ਹੋਣ ਕਰਕੇ ਜਾਂ ਦਾਲਾਂ ਨੂੰ ਬਿਲਕੁਲ ਹੀ ਸਰਕਾਰੀ ਖੇਤਰ ਵਲੋਂ ਨਾ ਖ਼ਰੀਦਣ ਕਰਕੇ ਉਹ ਬਹੁਤ ਘੱਟ ਕੀਮਤਾਂ ’ਤੇ ਵਿਕਦੀਆਂ ਹਨ ਇਸ ਦੀ ਉਦਾਹਰਨ, ਕਿ ਮੂੰਗੀ ਦੀ ਘੱਟੋ-ਘੱਟ ਸਮਰਥਨ ਕੀਮਤ 72 ਰੁਪਏ ਕਿਲੋ ਹੈ ਪਰ ਕਿਸਾਨਾਂ ਨੂੰ ਮਜ਼ਬੂਰੀ ਵੱਸ ਕਾਫੀ ਸਮਾਂ ਵਪਾਰੀਆਂ ਦੀ ਉਡੀਕ ਕਰਨ ਤੋਂ ਬਾਅਦ 60 ਰੁਪਏ ਤੋਂ ਘੱਟ ਕੀਮਤ ’ਤੇ ਵੇਚਣੀ ਪੈਂਦੀ ਹੈ ਪਰ ਉਹ ਵਪਾਰੀ ਆਪਣੀ ਯੂਨੀਅਨ ਬਣਾ ਕੇ ਕਿਸਾਨਾਂ ਦਾ ਸ਼ੋਸ਼ਣ ਕਰਦੇ ਹਨ ਪਰ ਉਹ ਅੱਗੋਂ ਆਮ ਖ਼ਰੀਦਦਾਰ ਕੋਲ 100 ਰੁਪਏ ਤੋਂ ਵੀ ਵੱਧ ‘ਤੇ ਵੇਚਦੇ ਹਨ। ਦਰਮਿਆਨੇ ਅਤੇ ਹੋਰ ਕਿਸਾਨ ਜੋ ਮੂੰਗੀ ਦੀ ਕਾਸ਼ਤ ਨਹੀਂ ਕਰਦੇ, ਉਹ ਵੀ ਉਸੇ ਕੀਮਤ ’ਤੇ ਖ਼ਰੀਦਦੇ ਹਨ। ਜ਼ੋਨ ਦੇ ਅਨੁਸਾਰ ਯੋਗ ਫ਼ਸਲ ਨਾ ਬੀਜਣ ਕਰਕੇ, ਜਿਥੇ ਦੇਸ਼ ਦੇ ਸਾਧਨਾਂ ਦਾ ਨੁਕਸਾਨ ਹੁੰਦਾ ਹੈ, ਉਥੇ ਉਸ ਦਾ ਖ਼ਪਤਕਾਰਾਂ ‘ਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ, ਜਦੋਂ ਕਿ ਇਸ ਦਾ ਲਾਭ ਵਪਾਰੀ ਲੈ ਜਾਂਦਾ ਹੈ। ਇਹ ਵੀ ਇਕ ਦਿਲਚਸਪੀ ਵਾਲਾ ਪੱਖ ਹੈ ਕਿ ਕੀਮਤਾਂ ਘੱਟ ਹੋਣ ਜਾਂ ਵੱਧ ਹੋਣ, ਖੇਤੀ ਉਤਪਾਦਨ ਘੱਟ ਹੋਵੇ ਜਾਂ ਵੱਧ ਹੋਵੇ, ਵਪਾਰੀ ਹਮੇਸ਼ਾ ਲਾਭ ਹੀ ਕਮਾਉਂਦੇ ਹਨ। ਉਨਾਂ ਦੇ ਪ੍ਰਾਈਵੇਟ ਖੇਤਰ ਵਿਚ ਚੱਲਦੇ ਉਤਰਾਅ-ਚੜਾਅ ਕਦੀ ਵੀ ਪ੍ਰਭਾਵਤ ਨਹੀਂ ਹੁੰਦੇ। ਜਦੋਂ ਕਿ ਕਣਕ ਅਤੇ ਝੋਨੇ ਦੀਆਂ ਫ਼ਸਲਾਂ ਵਿਚ ਇਹ ਉਤਰਾਅ-ਚੜਾਅ ਇਸ ਕਰਕੇ ਨਹੀਂ ਆਉਂਦਾ, ਕਿਉਂ ਜੋ ਸਰਕਾਰ ਵਲੋਂ ਠੀਕ ਨੀਤੀ ਅਪਣਾ ਕੇ ਉਹ ਉਤਰਾਅ-ਚੜਾਅ ਖ਼ਤਮ ਕੀਤਾ ਗਿਆ ਹੈ ਪਰ ਉਹ ਫ਼ਸਲਾਂ ਜਿਨਾਂ ਲਈ ਜ਼ੋਨਲ ਨੀਤੀਆਂ ਜ਼ਿਆਦਾ ਅਨੁਕੂਲ ਹੋ ਸਕਦੀਆਂ ਹਨ, ਉਨਾਂ ਦੀ ਅਣਹੋਂਦ ਕਰਕੇ ਉਨਾਂ ਫ਼ਸਲਾਂ ਦੀ ਉਪਜ ਅਤੇ ਕੀਮਤ ਵਿਚ ਉਤਰਾਅ-ਚੜਾਅ ਆਉਂਦੇ ਰਹਿੰਦੇ ਹਨ। ਕਿਸਾਨੀ ਆਮਦਨ ਵਿਚ ਵਾਧਾ ਕਰਨ ਲਈ ਖੇਤੀ ਆਧਾਰਤ ਉਦਯੋਗ ਦੀ ਵੱਡੀ ਭੂਮਿਕਾ ਨੂੰ ਅਣਗੌਲਿਆਂ ਕਰਨ ਕਰਕੇ ਸਬੰਧਤ ਖੇਤਰਾਂ ਦਾ ਸਰਬਪੱਖੀ ਵਿਕਾਸ ਰੁਕ ਜਾਂਦਾ ਹੈ। ਬਹੁਤ ਸਾਰੀਆਂ ਰਿਪੋਰਟਾਂ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਇਨਾਂ ਖੇਤੀ ਆਧਾਰਿਤ ਉਦਯੋਗਿਕ ਇਕਾਈਆਂ ਵਿਚ ਪੈਸਾ ਲਾਉਣ ਵਾਲਾ ਉੱਦਮੀ ਲਗਾਤਾਰ ਯੋਗ ਮਾਤਰਾ ਵਿਚ ਕੱਚਾ ਮਾਲ ਨਾ ਮਿਲਣ ਨੂੰ ਸਭ ਤੋਂ ਵੱਡੀ ਰੁਕਾਵਟ ਸਮਝਦਾ ਹੈ ਅਤੇ ਉਹ ਆਪਣੀ ਇਕਾਈ ਦੇ ਵਿਹਲੇ ਰਹਿਣ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਪਰ ਜ਼ੋਨ ਲਈ ਅਪਣਾਈ ਯੋਗ ਨੀਤੀ ਇਸ ਸਮੱਸਿਆ ਦਾ ਹੱਲ ਕਰ ਸਕਦੀ ਹੈ।

ਖੇਤੀ ਵਿਚ ਸਹਿਕਾਰਤਾ ਨੇ ਆਮਦਨ ਅਤੇ ਰੁਜ਼ਗਾਰ ਵਧਾਉਣ ਲਈ ਵੱਡੀ ਭੂਮਿਕਾ ਨਿਭਾਈ ਹੈ। ਅਜਿਹਾ ਡੇਅਰੀ ਸਹਿਕਾਰਤਾ ਰਾਹੀਂ ਸੰਭਵ ਹੋਇਆ ਹੈ ਪਰ ਡੇਅਰੀ ਸਹਿਕਾਰਤਾ ਦਾ ਜ਼ਿਆਦਾ ਪ੍ਰਭਾਵ ਪੰਜਾਬ ਅਤੇ ਗੁਜਰਾਤ ਵਿਚ ਪਿਆ ਹੈ। ਡੇਅਰੀ ਦੀ ਤਰਜ਼ ’ਤੇ ਸਬਜ਼ੀਆਂ, ਫਲਾਂ ਅਤੇ ਤੇਲ ਦੇ ਬੀਜਾਂ ਲਈ ਅਨੁਕੂਲ ਜ਼ੋਨਾਂ ਵਿਚ ਸਹਿਕਾਰਤਾ ਰਾਹੀਂ ਉਪਜਾਂ ਦੇ ਮੰਡੀਕਰਨ ਅਤੇ ਪ੍ਰੋਸੈਸਿੰਗ ਦੀ ਵਿਵਸਥਾ ਜਿਥੇ ਕਿਸਾਨਾਂ ਲਈ ਰੁਜ਼ਗਾਰ, ਆਮਦਨ ਅਤੇ ਉਤਪਾਦਨ ਪੈਦਾ ਕਰ ਸਕਦੀ ਹੈ, ਉਥੇ ਉਸ ਖੇਤਰ ਦੇ ਲੋਕਾਂ ਲਈ ਵੀ ਰੁਜ਼ਗਾਰ ਅਤੇ ਵਿਕਾਸ ਦੇ ਮੌਕੇ ਪੈਦਾ ਕਰ ਸਕਦੀ ਹੈ। ਆਮ ਕਿਸਾਨ ਵੀ ਉਨਾਂ ਫ਼ਸਲਾਂ ਦੀ ਬਰਾਮਦ ਦੀ ਕਮਾਈ ਵਿਚ ਹਿੱਸੇਦਾਰ ਬਣ ਸਕਦਾ ਹੈ, ਜਿਸ ਤਰਾਂ ਉਹ ਡੇਅਰੀ ਸਹਿਕਾਰਤਾ ਵਿਚ ਬਣਦਾ ਹੈ ਪਰ ਉਹ ਇਕੱਲਾ ਨਹੀਂ ਬਣ ਸਕਦਾ, ਭਾਵੇਂ ਉਹ ਕਿੰਨਾ ਵੀ ਵੱਡੀ ਪੱਧਰ ਦਾ ਕਿਸਾਨ ਹੋਵੇ ਇਸੇ ਅਮਲ ਨੂੰ ਢੁੱਕਵੀਂ ਜ਼ੋਨਲ ਨੀਤੀ ਰਾਹੀਂ ਠੀਕ ਰਸਤੇ ’ਤੇ ਪਾਇਆ ਜਾ ਸਕਦਾ ਹੈ।

ਖੇਤੀ ਉਪਜ ਦੇ ਵਖਰੇਵੇਂ ਦੇ ਆਧਾਰ ’ਤੇ ਉਸ ਜ਼ੋਨ ਲਈ ਉਤਪਾਦਨ ਤਕਨਾਲੋਜੀ ਅਤੇ ਲੋੜੀਂਦਾ ਢਾਂਚਾ ਵੀ ਜ਼ੋਨਲ ਨੀਤੀ ਦਾ ਹਿੱਸਾ ਬਣ ਸਕਦਾ ਹੈ। ਪਰਾਲੀ ਦੇ ਸਾੜਨ ਨਾਲ ਪੈਦਾ ਹੋਣ ਵਾਲੇ ਪ੍ਰਦੂਸ਼ਣ ਦੀ ਸਮੱਸਿਆ ਨੂੰ ਉਨਾਂ ਖੇਤਰਾਂ ਵਿਚ ਪਰਾਲੀ ਆਧਾਰਿਤ ਉਤਪਾਦਨ ਪੈਦਾ ਕਰਨ ਲਈ ਉਦਯੋਗਿਕ ਇਕਾਈਆਂ ਨੂੰ ਸਹਿਕਾਰੀ ਖੇਤਰ ਵਿਚ ਚਲਾ ਕੇ ਹੱਲ ਕੀਤਾ ਜਾ ਸਕਦਾ ਹੈ। ਲੋੜੀਂਦੀ ਉਤਪਾਦਨ ਤਕਨਾਲੋਜੀ ਲਈ ਵਰਕਸ਼ਾਪ, ਔਜ਼ਾਰ, ਸਹਿਕਾਰੀ ਨੀਤੀ, ਬੈਂਕ, ਬਿਜਲੀ ਪੂਰਤੀ ਅਤੇ ਪ੍ਰਸਾਰ ਸੇਵਾ ਆਦਿ ਜਿਹੜੀਆਂ ਸਹੂਲਤਾਂ ਸਹਾਈ ਹੋ ਸਕਦੀਆਂ ਹਨ, ਉਨਾਂ ਦਾ ਉਸ ਵਿਸ਼ੇਸ਼ ਜ਼ੋਨ ਵਿਚ ਪ੍ਰਬੰਧ ਕਰਕੇ ਉਤਪਾਦਨ ਲਈ ਢਾਂਚਾ ਤਿਆਰ ਕਰਕੇ ਵਿਸ਼ੇਸ਼ ਲੋੜਾਂ ਦੀ ਪੂਰਤੀ ਕੀਤੀ ਜਾ ਸਕਦੀ ਹੈ। ਵਿਕਸਿਤ ਦੇਸ਼ਾਂ ਦੇ ਮਾਡਲਾਂ ਨੂੰ ਸਾਹਮਣੇ ਰੱਖ ਕੇ ਹੀ ਵਿਸ਼ੇਸ਼ ਜ਼ੋਨਾਂ ਲਈ ਵਿਸ਼ੇਸ਼ ਨੀਤੀਆਂ ਨਾਲ ਰੁਜ਼ਗਾਰ ਪੈਦਾ ਕਰਨ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਦੀਆਂ ਸੰਭਾਵਨਾਵਾਂ ਬਣ ਸਕਦੀਆਂ ਹਨ। ਇਨਾਂ ਯੋਗ ਨੀਤੀਆਂ ਨੂੰ ਅਮਲ ਰੂਪ ਵਿਚ ਲਿਆ ਕੇ ਕਿਸਾਨੀ ਦੇ ਪੱਧਰ ਨੂੰ ਉੱਚਾ ਚੁੱਕਿਆ ਜਾ ਸਕਦਾ ਹੈ। ਸਰਕਾਰਾਂ ਨੂੰ ਖੇਤੀ ਸਬੰਧੀ ਕਾਨੂੰਨ ਬਣਾਉਂਦੇ ਸਮੇਂ ਕਿਸਾਨੀ ਨਾਲ ਜੁੜੇ ਲੋਕਾਂ ਦੀ ਰਾਏ ਜਰੂਰ ਲੈ ਲੈਣੀ ਚਾਹੀਦੀ ਹੈ ਤਾਂ ਜੋ ਵੱਖੋ-ਵੱਖਰੀਆਂ ਫ਼ਸਲਾਂ ਲਈ ਅਨੁਕੂਲ ਵਾਤਾਵਰਣ ਦਾ ਵੀ ਪਤਾ ਲੱਗ ਸਕੇ ਇਸੇ ਦੇ ਨਾਲ ਅਨੁਕੂਲ ਵਾਤਾਵਰਨ ਵਿਚ ਪੈਦਾ ਹੋਣ ਵਾਲੀਆਂ ਫ਼ਸਲਾਂ ਦਾ ਸਹੀ ਤੇ ਬਣਦਾ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਸੱਭ ਦਾ ਪੇਟ ਭਰਨ ਵਾਲਾ ਕਿਸਾਨ ਅੱਜ ਦੇ ਹਾਲਾਤਾ ਵਾਂਗ ਅੰਦੋਲਨਾਂ ’ਤੇ ਨਾ ਬੈਠੇ। ਸੋ ਖੇਤੀ ਸਬੰਧੀ ਉਦਯੋਗਾਂ ਨੂੰ ਵਿਕਸਤ ਕਰ ਕੇ ਜਨ ਸਧਾਰਨ ਜੀਵਨ ਵਿਚ ਵੀ ਖ਼ੁਸ਼ਹਾਲੀ ਭਰੀ ਜਾਵੇ।

# ਚੇਤੇ ਰੱਖੀਏ ! ਜੇ ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ

**ਸੰਜੀਵ ਸੈਣੀ ਮੋਹਾਲੀ**

ਦਿੱਲੀ ਦੀਆਂ ਬਰੂਹਾਂ ’ਤੇ ਬੈਠਿਆਂ ਕਿਸਾਨਾਂ ਨੂੰ ਤਕਰੀਬਨ ਢਾਈ ਮਹੀਨੇ ਤੋ ਉੱਪਰ ਹੋ ਗਏ ਹਨ । ਕੇਂਦਰ ਸਰਕਾਰ ਤੇ ਕਿਸਾਨਾਂ ਦਰਮਿਆਨ 11 ਮੀਟਿੰਗਾਂ ਹੋਈਆਂ ਜੋ ਬੇ-ਨਤੀਜਾ ਰਹੀਆਂ। ਅਜਿਹੇ ਦੇਸ਼ ਵਿਆਪੀ ਅੰਦੋਲਨਾਂ ਦੀਆਂ ਮੀਟਿੰਗ ਵਿੱਚ ਪ੍ਰਧਾਨ ਮੰਤਰੀ, ਕੇਂਦਰ ਗ੍ਰਹਿ ਮੰਤਰੀ, ਕੇਂਦਰੀ ਖੇਤੀਬਾੜੀ ਮੰਤਰੀ ਤੇ ਹੋਰ ਮੰਤਰੀਆਂ ਦਾ ਸਾਮਲ ਹੋਣਾ ਜਰੂਰੀ ਹੁੰਦਾ ਹੈ, ਪਰ ਸਾਡੇ ਮੋਦੀ ਸਾਹਿਬ ਜੀ ਨੇ ਇੱਕ ਵਾਰ ਵੀ ਕਿਸਾਨਾਂ ਨਾਲ ਗੱਲਬਾਤ ਨਹੀਂ ਕੀਤੀ ਹੈ, ਇੱਥੋ ਤੱਕ ਕਿ ਜੋ ਕਿਸਾਨ ਇਸ ਅੰਦੋਲਨ ਵਿਚ ਸ਼ਹੀਦ ਹੋਏ ਉਨਾਂ ਦੇ ਪਰਿਵਾਰ ਦੀ ਵੀ ਸਾਰ ਨਹੀਂ ਲਈ ਪਰ ਇਸ ਕਿਸਾਨੀ ਵਿਚਾਰਧਾਰਾ ਦੇ ਉਲਟ ਮੋਦੀ ਸਰਕਾਰ ਹੋਰ ਸੂਬਿਆਂ ਵਿੱਚ ਖੇਤੀ ਬਿੱਲਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰ ਰਹੀ ਹੈ ਕਿ ਇਹ ਕਿਸਾਨੀ ਹਿੱਤਾਂ ਵਿਚ ਹੈ ਤੇ ਉਨਾਂ ਬਿੱਲਾਂ ਦੀਆਂ ਕਾਪੀਆਂ ਵੰਡ ਰਹੀ ਹੈ। ਕੇਂਦਰੀ ਖੇਤੀ ਮੰਤਰੀ ਨੇ ਵੀ ਦਾਅਵਾ ਕੀਤਾ ਹੈ ਕਿ ਹੋਰ ਸੂਬਿਆਂ ਦੇ ਕਿਸਾਨਾਂ ਵੱਲੋਂ ਇਨਾਂ ਬਿੱਲਾਂ ਦੀ ਹਮਾਇਤ ਕੀਤੀ ਜਾ ਰਹੀ ਹੈ ।ਕੇਂਦਰੀ ਵਜਾਰਤ ਵੱਲੋਂ ਵਾਰ ਵਾਰ ਕਿਸਾਨਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਅਸੀਂ ਕਾਨੂੰਨ ਵਿਚ ਸੋਧ ਕਰਨ ਲਈ ਤਿਆਰ ਹਾਂ ਪਰ ਇਸ ਸੋਧ ਵਿਚ ਵੀ ਸਰਕਾਰੀ ਜੁਮਲਾ ਹੀ ਲੱਗਦਾ ਹੈ ਇਸੇ ਲਈ ਕਿਸਾਨ ਇਨਾਂ ਮਾਰੂ ਖੇਤੀ ਬਿੱਲਾਂ ਨੂੰ ਰੱਦ ਕਰਵਾਉਣ ਲਈ ਅੜੇ ਹੋਏ ਹਨ ਪਰ ਕੇਂਦਰ ਸਰਕਾਰ ਅਜੇ ਵੀ ਬਿੱਲਾਂ ਨੂੰ ਰੱਦ ਕਰਨ ਦੇ ਮੂਡ ਵਿੱਚ ਨਹੀਂ ਜਾਪਦੀ ਹੈ। ਕਿਸਾਨਾਂ ਨੇ ਦਾਅਵਾ ਕੀਤਾ ਹੈ ਕਿ ਪਹਿਲਾਂ ਹੀ ਪੰਜਾਬ ਵਿੱਚ ਕਿਸਾਨੀ ਨਾਲ ਸਬੰਧਤ ਲੋਕਾਂ ਦੀਆਂ ਖੁਦਕੁਸੀਆਂ ਵੱਧ ਰਹੀਆਂ ਹਨ ਜੇਕਰ ਅਜਿਹੇ ਹਲਾਤਾਂ ’ਚ ਨਵੇਂ ਕਾਨੂੰਨ ਲਾਗੂ ਕਰ ਦਿੱਤੇ ਗਏ ਤਾਂ ਮਹਿੰਗਾਈ, ਬੇਰੁਜਗਾਰੀ ਅਤੇ ਗਰੀਬੀ ਵਧੇਗੀ ਅਤੇ ਖੁਦਕੁਸੀਆਂ ਵਿਚ ਹੋਰ ਵੀ ਵਾਧਾ ਹੋਵੇਗਾ । ਕੇਂਦਰ ਸਰਕਾਰ ਨੂੰ ਦੇਸ ਦੇ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਕਿਸਾਨਾਂ ਦੇ ਮਸਲੇ ਦਾ ਹੱਲ ਛੇਤੀ ਕਰਨਾ ਚਾਹੀਦਾ ਹੈ। ਸਰਕਾਰ ਦੇ ਵਜੀਰ ਵਾਰ-ਵਾਰ ਇਹ ਗੱਲ ਦੁਹਰਾ ਰਹੇ ਹਨ ਕਿ ਇਹ ਤਾਂ ਕਿਸਾਨਾਂ ਦੇ ਹੱਕ ਵਿਚ ਹਨ, ਇਨਾਂ ਨਾਲ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਰੇਗੀ, ਕਿਸਾਨ ਆਜਾਦ ਹੋ ਗਿਆ ਹੈ। ਅੱਜ ਦੇਸ਼ ਦਾ ਅੰਨਦਾਤਾ ਕਹਿ ਰਿਹਾ ਹੈ ਕਿ ਇਹ ਬਿੱਲ ਕਿਸਾਨੀ ਨੂੰ ਬਰਬਾਦ ਕਰ ਦੇਣਗੇ ਪਰ ਦੂਜੇ ਪਾਸੇ ਕੇਂਦਰ ਸਰਕਾਰ ਕਹਿ ਰਹੀ ਹੈ ਕਿ ਕਿਸਾਨਾਂ ਦੀ ਆਮਦਨ ਹੋਵੇਗੀ ਜੇ ਕਿਸਾਨਾਂ ਦੀ ਆਮਦਨ ਦੁੱਗਣੀ ਹੋਵੇਗੀ ਤਾਂ ਦੇਸ਼ ਦਾ ਅੰਨਦਾਤਾ ਸੰਘਰਸ਼ ਦੇ ਰਾਹ ਕਿਉਂ ਪਿਆ ਹੈ ? ਚੇਤੇ ਰਖੋ ਜੇ ਕਿਸਾਨ ਖੁਸ਼ਹਾਲ ਹੈ, ਤਾਂ ਦੇਸ ਖੁਸ਼ਹਾਲ ਹੈ। ਭਾਜਪਾ ਆਗੂਆਂ ਵੱਲੋਂ ਕਿਸਾਨਾਂ ਨੂੰ ਮਾਓਵਾਦੀ ,ਚੀਨ ਸਮਰਥਕ ,ਖਾਲਿਸਤਾਨੀ ,ਆਦਿ ਸ਼ਬਦਾਵਲੀ ਵਰਤ ਕੇ ਕਿਸਾਨਾਂ ਦੇ ਦਿਲਾਂ ਨੂੰ ਲਗਾਤਾਰ ਠੇਸ ਪਹੁੰਚਾਈ ਜਾ ਰਹੀ ਹੈ। ਕੋਈ ਬੀਜੇਪੀ ਆਗੂ ਕਹਿ ਰਿਹਾ ਹੈ ਕਿ ਕਿਸਾਨ ਦਿੱਲੀ ਪਿਕਨਿਕ ਮਨਾਉਣ ਗਏ ਹਨ ਜੋ ਉੱਥੇ ਜਾ ਕੇ ਪੀਜੇ, ਬਰਗਰ ਖਾਂਦੇ ਹਨ । ਇਸ ਤੋਂ ਵੀ ਵੱਡੀ ਬੋਲੀ ਗੋਦੀ ਮੀਡੀਆ ਬੋਲ ਰਹੀ ਹੈ ਕਿ ਮੀਟਿੰਗ ਤੋਂ ਬਾਅਦ ਕਿਸਾਨ ਹੋਟਲਾਂ ਵਿਚ ਨਜ਼ਾਰੇ ਲੈਂਦੇ ਹਨ ਪਰ ਜਿਨਾਂ ਨੂੰ ਪਤਾ ਹੈ ਕਿ ਅਸੀਂ ਰੱਬ ਨੂੰ ਜਾਨ ਦੇਣੀ ਹੈ ਉਨਾਂ ਦੇ ਚੇਤਿਆਂ ਵਿਚ ਇਹ ਗੱਲਾਂ ਨਹੀਂ ਆਉਂਦੀਆਂ ਕਿਉਂਕਿ ਉਹ ਰੂਹਾਂ ਹਰ ਰੋਜ਼ ਕਿਸੇ ਨਾ ਕਿਸੇ ਕਿਸਾਨ ਵੀਰ ਦੀ ਲਾਸ਼ ਦਿੱਲੀ ਬਾਰਡਰ ਤੋਂ ਪੰਜਾਬ ਜਾਂਦੀ ਦੇਖਦੀ ਹੈ, ਜੋ ਸਿਆਸਤੀ ਲੋਕ, ਗੋਦੀ ਮੀਡੀਆ ਅਤੇ ਬੀਜੇਪੀ ਆਗੂ ਅਜਿਹੇ ਭੈੜੇ ਸ਼ਬਦਾਂ ਦੀ ਵਰਤੋਂ ਕਰਦੇ ਹਨ, ਉਹ ਇਕ ਵਾਰ ਉਹਨਾਂ ਪਰਿਵਾਰਾਂ ਨੂੰ ਪੁੱਛ ਕੇ ਤਾਂ ਦੇਖੋ, ਜਿਨਾਂ ਦੇ ਘਰ ਸੱਥਰ ਵਿਛ ਜਾਂਦੇ ਹਨ, ਜੇ ਸੱਚ ਨਾਲ ਇਹ ਬੀਜੇਪੀ ਆਗੂ ਸਿਆਸਤ ਨਾ ਖੇਡਦੇ ਤਾਂ ਇਨਾਂ ਨੂੰ ਚਾਹੀਦਾ ਸੀ ਕਿ ਉਹ ਪ੍ਰਧਾਨ ਮੰਤਰੀ ਕੋਲ ਕਿਸਾਨੀ ਮੁੱਦਾ ਉਠਾਉਂਦੇ ਆਮ ਲੋਕਾਂ ਦਾ ਪੱਖ ਪੂਰਦੇ , ਪਰ ਇਸ ਸ਼ੈਤਾਨੀ ਬਿਰਤੀ ਨੇ ਮੁੱਦਾ ਤਾਂ ਚੱਲੋ ਕੀ ਉਠਾਉਣਾ, ਸਗੋਂ ਅਜਿਹੇ ਘਟੀਆ ਲਫਜਾਂ ਦੀ ਵਰਤੋਂ ਕਰ ਕੇ ਕਿਸਾਨਾਂ ਦੇ ਜਖਮਾਂ ਤੇ ਲੂਣ ਛਿੜਕ ਰਹੇ ਹਨ ਜਿਸ ਨਾਲ ਆਮ ਲੋਕ ਮਾਨਸਿਕਤਾ ’ਤੇ ਡੂੰਗਾ ਪ੍ਰਭਾਵ ਪੈ ਰਿਹਾ ਹੈ। ਜਥੇਬੰਦੀਆਂ ਦਾ ਕਹਿਣਾ ਹੈ ਕਿ ਅੰਦੋਲਨ ਦੌਰਾਨ ਆਪਣੀ ਜੀਂਦਗੀ ਗੁਆਉਣ ਵਾਲਿਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ ਤੇ ਕੇਂਦਰ ਸਰਕਾਰ ਨੂੰ ਇਸ ਦੀ ਬਹੁਤ ਵੱਡੀ ਕੀਮਤ ਚੁਕਾਉਣੀ ਪਵੇਗੀ । ਕਿਸਾਨਾਂ ਨੇ ਸਾਫ-ਸਾਫ ਕੇਂਦਰ ਸਰਕਾਰ ਨੂੰ ਕਹਿ ਦਿੱਤਾ ਹੈ ਕਿ ਜਦੋਂ ਤੱਕ ਇਹ ਕਾਨੂੰਨ ਰੱਦ ਨਹੀ ਹੋ ਜਾਂਦੇ, ਉਦੋਂ ਤੱਕ ਇਹ ਸੰਘਰਸ਼ ਜਾਰੀ ਰਹੇਗਾ।

## ਜੰਗ ਜਿੱਤਾਂਗੇ ਜ਼ਰੂਰ

ਅਸੀਂ ਤਲਵਾਰਾਂ ਨਾਲ ਖੇਡੇ ਹਾਂ।<br>
ਖੰਡੇ ਦੀਆਂ ਧਾਰਾਂ ਤੇ ਖੇਡੇ ਹਾਂ।<br>
ਜੰਗ ਜਿੱਤਾਂਗੇ ਜ਼ਰੂਰ।<br>
ਰੁੱਕਣਾ ਸਾਡੀ ਫਿਤਰਤ ਨਹੀਂ ਏ।<br>
ਝੁੱਕਣਾ ਸਾਡੀ ਫਿਤਰਤ ਨਹੀਂ ਏ।<br>
ਜੰਗ ਜਿੱਤਾਂਗੇ ਜ਼ਰੂਰ।<br>
ਸਾਡੀਆਂ ਔਰਤਾਂ ਵੀ ਨਾਲ ਨੇ।<br>
ਸਾਡੇ ਬੱਚੇ ਦੌਲਤਾਂ ਵੀ ਨਾਲ ਨੇ।<br>
ਜੰਗ ਜਿੱਤਾਂਗੇ ਜ਼ਰੂਰ।<br>
ਸਾਡੀ ਬਾਜ ਵਰਗੀ ਅੱਖ ਏ।<br>
ਸਿਰ ਤੇ ਪਾਤਸ਼ਾਹ ਦਾ ਹੱਥ ਏ।<br>
ਜੰਗ ਜਿੱਤਾਂਗੇ ਜ਼ਰੂਰ।<br>
ਅਸਾਂ ਜੂਝ ਕੇ ਮਰਨਾ ਸਿੱਖਿਆ ਏ।<br>
ਹੱਕਾ ਲਈ ਲੜਨਾ ਸਿੱਖਿਆ ਏ।<br>
ਜੰਗ ਜਿੱਤਾਂਗੇ ਜ਼ਰੂਰ।<br>
ਸਾਨੂੰ ਨੌਜਵਾਨੀ ਤੇ ਮਾਣ ਏ।<br>
ਕੌਮ ਦੀ ਕੁਰਬਾਨੀ ਤੇ ਮਾਣ ਏ।<br>
ਜੰਗ ਜਿੱਤਾਂਗੇ ਜ਼ਰੂਰ।<br>
ਅਸੀਂ ਪੂਰੇ ਹੀ ਜੋਸ਼ ’ਚ ਆਏ ਹਾਂ।<br>
ਆਫਤਾਬ ਸਰਕਾਰ ਦੇ ਉਡਾਉਣ ਹੋਸ਼ ਆਏ ਹਾਂ।<br>
ਜੰਗ ਜਿੱਤਾਂਗੇ ਜ਼ਰੂਰ।

ਗੁਰਪ੍ਰੀਤ ਸਿੰਘ ‘ਆਫਤਾਬ’
8727831290

# ਗੁਰੂ ਤੇ.ਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਉਤਸਵ ਤੇ ਸ਼੍ਰੋਮਣੀ ਕਮੇਟੀ ਦੀਆਂ ਪੰਥਕ ਜ਼ਿੰਮੇਵਾਰੀਆਂ

**ਪ੍ਰਿਥੀਪਾਲ ਸਿੰਘ ਕਪੂਰ**

ਪੰਜਾਬੀ ਸੂਬੇ ਦੀ ਸਿਰਜਣਾ ਉਪਰੰਤ ਪੰਜਾਬ ਦੀ ਰਾਜਨੀਤੀ ਵਿਚ ਸਿੱਖਾਂ ਦੀ ਪ੍ਰਭੁਤਾ ਦ੍ਰਿਸ਼ਟੀਗੋਚਰ ਬਣ ਗਈ। ਅਕਾਲੀਆਂ ਨੇ ਜਦੋਂ ਇਹ ਮੰਗ ਪੇਸ਼ ਕੀਤੀ ਸੀ, ਉਸ ਸਮੇਂ ਉਨਾਂ ਦਾ ਧਿਆਨ ਇਸ ਪਾਸੇ ਏਨਾ ਨਹੀਂ ਸੀ ਕਿ ਪੰਜਾਬੀ ਸੂਬੇ ਵਿਚ ਸਿੱਖਾਂ ਦੀ ਬਹੁਗਿਣਤੀ ਬਣ ਜਾਵੇਗੀ। ਪਰ ਪੰਜਾਬੀ ਸੂਬੇ ਦੀ ਮੰਗ ਦੇ ਅਨੇਕ ਵਾਰੀ ਘ੍ਰਿਣਾਮਈ ਢੰਗ ਨਾਲ ਰੱਦ ਕੀਤੇ ਜਾਣ ਅਤੇ ਪੰਜਾਬ ਦੇ ਕੁਝ ਹਿੰਦੂ ਭਾਈਚਾਰੇ ਦੇ ਲੋਕਾਂ ਵੱਲੋਂ ਇਸ ਦੇ ਤਿੱਖੇ ਵਿਰੋਧ ਕਾਰਨ ਰਾਜਸੀ ਹਾਲਾਤ ਨੇ ਅਜਿਹਾ ਮੋੜ ਲਿਆ ਕਿ ਪੰਜਾਬ-ਹਰਿਆਣਾ-ਹਿਮਾਚਲ ਵਿਚਕਾਰ ਬੇਥਵੇ ਢੰਗ ਨਾਲ ਹੱਦਬੰਦੀ ਕੀਤੇ ਜਾਣ ਕਾਰਨ ਨਵੇਂ ਪੰਜਾਬ (ਪੰਜਾਬੀ ਸੂਬੇ) ਵਿਚ ਸਿੱਖਾਂ ਦੀ ਮਾਮੂਲੀ ਬਹੁਗਿਣਤੀ ਹੋ ਗਈ ਅਤੇ ਸਿੱਖਾਂ ਨੂੰ ਸਮੂਹਿਕ ਤੌਰ 'ਤੇ ਰਾਜਸੀ ਸੱਤਾ ਮਾਣਨ ਦਾ ਝੱਸ ਪੈ ਗਿਆ। ਸਿੱਖ ਸੁਭਾਅ ਮੁਤਾਬਿਕ ਸਿੱਖ ਪੰਥ ਨੂੰ ਰਿਝਾਉਣਾ ਅਸਲੋਂ ਹੀ ਸੌਖਾ ਹੈ। ਉਨਾਂ ਦੇ ਗੁਰੂ ਦੀ ਬੱਲੇ-ਬੱਲੇ ਕਰ ਦੇਣੀ ਹੀ ਕਾਫ਼ੀ ਹੈ। 1969 ਈ: ਵਿਚ ਆਦਿ ਗੁਰੂ ਨਾਨਕ ਸਾਹਿਬ ਦਾ ਪੰਜ ਸੌ ਸਾਲਾ ਆਗਮਨ ਪੁਰਬ ਉਨਾਂ ਨੇ ਪੂਰੇ ਚਾਅ ਅਤੇ ਉਤਸ਼ਾਹ ਨਾਲ ਮਨਾਇਆ। ਪੰਜਾਬ ਸਰਕਾਰ ਦਾ ਪਲੇਟਫ਼ਾਰਮ ਉਨਾਂ ਕੋਲ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਸਥਾਪਤ ਹੋਈ। ਵਿਸ਼ਾਲ ਪੱਧਰ 'ਤੇ ਰਿਸਰਚ ਪ੍ਰਾਜੈਕਟ ਉਲੀਕੇ ਗਏ। ਇਕ ਯਾਦਗਾਰੀ ਅੰਤਰਰਾਸ਼ਟਰੀ ਸੈਮੀਨਾਰ ਪੰਜਾਬੀ ਯੂਨੀਵਰਸਿਟੀ ਵੱਲੋਂ ਕਰਵਾਇਆ ਗਿਆ, ਜਿਸ ਵਿਚ ਦੇਸ਼-ਵਿਦੇਸ਼ ਦੇ ਨਾਮੀ ਵਿਦਵਾਨਾਂ ਨੇ ਭਾਗ ਲਿਆ। ਇਸ ਪ੍ਰਕਾਰ ਇਨਾਂ ਜਸ਼ਨਾਂ ਨੇ ਇਕ ਮਿਆਰ ਨਿਰਧਾਰਤ ਕਰ ਦਿੱਤਾ, ਜਿਸ ਦਾ ਹਵਾਲਾ ਹਰੇਕ ਅਜਿਹੇ ਸ਼ੁੱਭ ਅਵਸਰ 'ਤੇ ਦਿੱਤਾ ਜਾਣ ਲੱਗ ਪਿਆ ਹੈ।

ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ ਵੱਲੋਂ ਆਪਣੀ ਪਿਛਲੀ ਅੰਤਰਿੰਗ ਕਮੇਟੀ ਦੀ ਮੀਟਿੰਗ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 400 ਸਾਲਾ ਪ੍ਰਕਾਸ਼ ਉਤਸਵ ਮਨਾਉਣ ਦਾ ਜ਼ਿਕਰ ਕੀਤਾ ਗਿਆ ਹੈ। ਪੰਜਾਬ ਸਰਕਾਰ ਵੀ ਆਪਣੇ ਤੌਰ 'ਤੇ ਵਿਭਿੰਨ ਪ੍ਰੋਗਰਾਮ ਆਯੋਜਿਤ ਕਰ ਰਹੀ ਹੈ, ਜਿਨਾਂ ਬਾਰੇ ਲਗਾਤਾਰ ਇਸ਼ਤਿਹਾਰਬਾਜ਼ੀ ਕੀਤੀ ਜਾ ਰਹੀ ਹੈ। ਮੇਰੀ ਜਾਚੇ, ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਇਹ ਅਵਸਰ ਪੂਰੀ ਸਿੱਖ ਕੌਮ ਵੱਲੋਂ ਮਨਾਉਣਾ ਹੈ। ਇਸੇ ਪਰਿਕਲਪਨਾ ਵੱਲ ਧਿਆਨ ਦੇ ਕੇ ਮੈਂ ਇਸ ਬਾਰੇ ਕੁਝ ਸ਼ਬਦ ਲਿਖਣ ਦਾ ਹੀਆ ਕਰ ਰਿਹਾ ਹਾਂ। ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਆਪਣੇ ਤੌਰ 'ਤੇ ਪ੍ਰੋਗਰਾਮ ਆਯੋਜਨ ਕਮੇਟੀ ਬਣਾਉਣ ਦੀ ਲੋੜ ਹੈ। ਇਹ ਅਜਿਹਾ ਮੌਕਾ ਹੈ ਕਿ ਅਸੀਂ ਸਾਰੇ ਦੇਸ਼ ਨੂੰ ਦਰਸਾ ਸਕੀਏ ਕਿ ਸਿੱਖ ਗੁਰਦੁਆਰਾ ਸਾਹਿਬਾਨ ਅਤੇ ਉਨਾਂ ਦੇ ਅਨੁਯਾਈਆਂ ਦਾ ਭਾਰਤ ਲਈ ਕੀ ਮਹੱਤਵ ਹੈ? ਭਾਰਤੀ ਫ਼ਲਸਫ਼ੇ ਦੀ ਆਪਣੀ ਹੀ ਪਹਿਚਾਣ ਹੈ। ਇਸ ਦੇ ਅਧਿਆਤਮਕ ਚਿੰਤਨ ਨੇ ਪ੍ਰਾਚੀਨ ਕਾਲ ਤੋਂ ਬੁੱਧ, ਜੈਨ, ਇਸਲਾਮੀ ਅਤੇ ਈਸਾ ਆਦਿ ਵਿਚਾਰਧਾਰਾਵਾਂ ਨਾਲ ਸੰਵਾਦ ਤਾਂ ਕੀਤਾ ਹੈ ਪਰ ਕਿਸੇ ਅੱਗੇ ਹਥਿਆਰ ਨਹੀਂ ਸੁੱਟੇ। ਗੁਰੂ ਤੇਗ ਬਹਾਦਰ ਜੀ ਦੇ ਗੁਰਿਆਈ ਕਾਲ ਵਿਚ ਮੁਗ਼ਲ ਸਮਰਾਟ ਔਰੰਗਜ਼ੇਬ ਨੇ ਜ਼ੋਰੀ ਧਰਮ ਪਰਿਵਰਤਨ ਲਹਿਰ ਚਲਾ ਰੱਖੀ ਸੀ ਜਿਸ ਦਾ ਪੂਰੇ ਉੱਤਰੀ ਭਾਰਤ ਦੇ ਲੋਕਾਂ ਵਿਚ ਸਹਿਮ ਸੀ। ਕਸ਼ਮੀਰੀ ਬ੍ਰਾਹਮਣਾਂ ਨੂੰ ਉਨਾਂ ਦੀ ਵਿਦਵਤਾ ਕਰਕੇ ਵਧੇਰੇ ਨਪੀੜਿਆ ਗਿਆ, ਕਿਉਂਕਿ ਉਸ ਸਮੇਂ ਸਮਝਿਆ ਜਾਂਦਾ ਸੀ ਕਿ ਹਿੰਦੂ ਜਨ-ਸਮੂਹ ਦੇ ਸਮੂਹਿਕ ਧਰਮ-ਪਰਿਵਰਤਨ ਲਈ ਉਨਾਂ ਦਾ ਪ੍ਰਭਾਵ ਸਹਾਈ ਹੋ ਸਕਦਾ ਹੈ। ਇਸ ਸਬੰਧੀ ਅਮਰਨਾਥ ਦੀ ਗੁਫ਼ਾ ਵਿਚੋਂ ਆਈ ਗ਼ੈਬੀ ਆਵਾਜ਼ ਦੀ ਗਾਥਾ ਆਮ ਪ੍ਰਚੱਲਿਤ ਸੀ ਕਿ ਇਸ ਜ਼ੁਲਮ ਨੂੰ ਠੱਲ ਪਾਉਣ ਵਿਚ ਗੁਰੂ ਨਾਨਕ ਦੇ ਸਿਰਜੇ ਪੰਥ ਦੇ ਨੌਵੇਂ ਗੁਰੂ ਤੇਗ ਬਹਾਦਰ ਕਾਰਗਰ ਭੂਮਿਕਾ ਨਿਭਾ ਸਕਦੇ ਸਨ। ਇਸ ਦੰਦ ਕਥਾ ਦੀ ਵਧੇਰੇ ਚਰਚਾ ਇਸ ਲਈ ਵੀ ਸੀ ਕਿਉਂਕਿ ਗੁਰੂ ਨਾਨਕ ਸਾਹਿਬ ਤੋਂ ਪਿੱਛੋਂ ਗੁਰੂ ਤੇਗ ਬਹਾਦਰ, ਗੰਗਾ ਜਮਨਾ ਦੇ ਮੈਦਾਨ ਅਤੇ ਉੱਤਰ-ਪੂਰਬੀ ਭਾਰਤ ਦੀ ਯਾਤਰਾ ਲਈ ਗਏ ਸਨ। ਕਈ ਥਾਈਂ ਉਨਾਂ ਨੇ ਮੰਦਰ ਢਹਿੰਦੇ ਵੇਖੇ। ਰਾਜਪੂਤ ਰਾਜੇ ਵੀ ਮੁਗ਼ਲਾਂ ਦੀ ਧਾਰਮਿਕ ਅਸਹਿਣਸ਼ੀਲਤਾ ਦੀ ਨੀਤੀ ਤੋਂ ਵਧੇਰੇ ਦੁਖੀ ਮਹਿਸੂਸ ਕਰ ਰਹੇ ਸਨ। ਇਸ ਹਾਲਾਤ ਵਿਚ ਸਾਰਾ ਭਾਰਤ ਗੁਰੂ ਜੀ ਵੱਲ ਦੇਖ ਰਿਹਾ ਸੀ। ਇਸੇ ਕਰਕੇ ਕਸ਼ਮੀਰੀ ਬ੍ਰਾਹਮਣ ਅਨੰਦਪੁਰ ਸਾਹਿਬ ਵਿਖੇ ਫ਼ਰਿਆਦੀ ਬਣ ਕੇ ਆਏ। ਇਹ ਅਦੁੱਤੀ ਘਟਨਾ ਸੀ। ਇਸੇ ਲਈ ਗੁਰੂ ਤੇਗ ਬਹਾਦਰ ਜੀ ਵੱਲ ਸਾਰੇ ਭਾਰਤੀਆਂ ਨੇ 'ਹਿੰਦ ਦੀ ਚਾਦਰ' ਵਜੋਂ ਦੇਖਿਆ। ਇਸ ਅਵਸਰ 'ਤੇ ਇਹ ਲੋੜ ਹੈ ਕਿ ਸਿੱਖ ਆਪਣੇ ਇਸ ਅਮੀਰ ਵਿਰਸੇ ਨੂੰ ਉਜਾਗਰ ਕਰਕੇ ਭਾਰਤੀ ਇਤਿਹਾਸ ਵਿਚ ਸਿੱਖਾਂ ਦੀ ਨਰੋਈ ਭੂਮਿਕਾ ਦਾ ਉਚੇਚੇ ਤੌਰ 'ਤੇ ਪ੍ਰਚਾਰ ਕਰਨ। ਦੇਖੀਏ! ਕਿਰਸਾਨੀ ਦਾ ਮਸਲਾ ਵੀ ਜ਼ਰੂਰੀ ਹੈ ਪਰ ਉਹ ਵੀ ਗੁਰੂ ਵੱਲ ਪਿੱਠ ਕਰਕੇ ਜਾਂ ਸਿੱਖੀ ਨੂੰ ਪਿੱਛੇ ਪਾ ਕੇ ਨਹੀਂ ਨਜਿੱਠਿਆ ਜਾ ਸਕਦਾ। ਉਸ ਲਈ ਵੀ ਗੁਰੂ ਤਾਈਂ ਨਿਸ਼ਠਾ ਦ੍ਰਿੜਾਉਣ ਦੀ ਅਤਿਅੰਤ ਲੋੜ ਹੈ। ਇਸ ਸ਼ੁੱਭ ਅਵਸਰ 'ਤੇ ਗੁਰੂ ਤੇਗ ਬਹਾਦਰ ਜੀ ਬਾਰੇ ਉਚੇਚੀ ਖੋਜ ਦੁਆਰਾ ਪੁਸਤਕਾਂ ਲਿਖਵਾਉਣ ਅਤੇ ਪ੍ਰਕਾਸ਼ਨ ਦੀ ਵੱਡੀ ਲੋੜ ਹੈ। 1967 ਈ: ਵਿਚ ਜਥੇਦਾਰ ਸੰਤੋਖ ਸਿੰਘ ਦੇ ਉੱਦਮ ਨਾਲ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਸਿੱਧ ਸਿੱਖ ਵਿਦਵਾਨ, ਡਾ: ਤਰਲੋਚਨ ਸਿੰਘ ਡੀ.ਲਿੱਟ ਪਾਸੋਂ ਗੁਰੂ ਤੇਗ ਬਹਾਦਰ ਜੀ ਬਾਰੇ 350 ਪੰਨੇ ਦੀ ਮਾਅਰਕੇ ਦੀ ਖੋਜ ਪੁਸਤਕ (ਜੀਵਨੀ) ਲਿਖਵਾਈ ਗਈ ਸੀ ਜੋ ਹੁਣ ਤੱਕ ਇਕ ਕਲਾਸਿਕੀ ਲਿਖਤ ਮੰਨੀ ਜਾਣ ਲੱਗ ਪਈ ਹੈ। ਇਸ ਤੋਂ ਅੱਗੇ ਚੱਲ ਕੇ ਇਸ ਪੁਸਤਕ ਦੇ ਪੁਨਰ ਛਾਪਣ ਬਾਰੇ ਕੋਈ ਉੱਦਮ ਨਹੀਂ ਕੀਤਾ ਗਿਆ। ਗੁਰੂ ਜੀ ਦੇ ਜੀਵਨ ਤੇ ਫ਼ਿਲਾਸਫ਼ੀ ਬਾਰੇ ਗਿਆਨ-ਪਸਾਰ ਹੀ ਲਾਹੇਵੰਦ ਹੋ ਸਕਦਾ ਹੈ। ਇਸ ਪਾਸੇ ਪੰਥਕ ਪੱਧਰ 'ਤੇ ਕੁਝ ਠੋਸ ਕਰਨ ਦੀ ਲੋੜ ਹੈ। ਕੀ ਸ਼੍ਰੋਮਣੀ ਗੁਰਦੁਆਰਾ ਕਮੇਟੀ ਇਸ ਪਾਸੇ ਧਿਆਨ ਦੇਣ ਦੇ ਸਮਰੱਥ ਹੋ ਸਕੇਗੀ?

# ਪੰਜਾਬੀ ਵਿਰਸਾ ਤੇ ਜੁਝਾਰੂ ਬੋਲ ਕਿਸਾਨੀ ਅੰਦੋਲਨ ਦੀ ਯਥਾਰਤ ਤਾਕਤ

**ਡਾਕਟਰ ਧਰਮ ਸਿੰਘ**

ਪੰਜਾਬੀ ਬੋਲੀ ਜਿੱਥੇ ਸਰਕਾਰੀ ਜ਼ੁਬਾਨ ਨਾ ਬਣ ਸਕਣ ਦੇ ਕਾਰਨ ਜਿੱਥੇ ਕਈਆਂ ਪੱਖਾਂ ਤੋਂ ਨੁਕਸਾਨ ਹੋਇਆ ਹੈ,ਉੱਥੇ ਹੀ ਇਕ ਵੱਡਾ ਫ਼ਾਇਦਾ ਇਹ ਹੋਇਆ, ਕਿ ਇਹ ਆਮ ਲੋਕਾਂ ਦੀ ਜ਼ੁਬਾਨ ਬਣੀ ਰਹੀ ਹੈ। ਪੰਜਾਬੀ ਸੱਚਮੁੱਚ ਇਕ ਲੋਕ ਭਾਸ਼ਾ ਹੈ, ਲੋਕ ਭਾਸ਼ਾ ਹੋਣ ਕਰਕੇ ਆਦਿ ਜੁਗਾਦਿ ਤੋਂ ਇਹ ਆਮ ਲੋਕਾਂ ਦੇ ਦੁੱਖਾਂ-ਦਰਦਾਂ ਦੀ ਕਹਾਣੀ ਬਿਆਨ ਕਰਦੀ ਰਹੀ ਹੈ ਤੇ ਇਸ ਕਹਾਣੀ ਵਿਚੋਂ ਹੀ ਲੋਕ ਲਹਿਰਾਂ ਬਣਈਆਂ। ਪੰਜਾਬੀ ਸਾਹਿਤ ਦਾ ਵਿਕਾਸ ਇਨਾਂ ਲੋਕ ਲਹਿਰਾਂ ਸਦਕਾ ਹੀ ਹੋਇਆ ਹੈ। ਮੱਧਕਾਲ ਵਿਚ ਗੁਰਮਤਿ ਅਤੇ ਸੂਫ਼ੀ ਲਹਿਰਾਂ ਚੱਲੀਆਂ ਅਤੇ ਆਧੁਨਿਕ ਸਮੇਂ ਵਿਚ ਸਿੰਘ ਸਭਾ ਲਹਿਰ, ਗ਼ਦਰ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਅਮਨ ਲਹਿਰ, ਨਕਸਲਬਾੜੀ ਅਤੇ ਪ੍ਰਗਤੀਸ਼ੀਲ ਲਹਿਰਾਂ ਨੇ ਪੰਜਾਬੀ ਵਿਚ ਉੱਚਕੋਟੀ ਦਾ ਸਾਹਿਤ ਪੈਦਾ ਕੀਤਾ ਹੈ। ਇਨਾਂ ਲਹਿਰਾਂ ਨੂੰ ਆਮ ਲੋਕਾਂ ਤੱਕ ਲੈ ਕੇ ਜਾਣਾਂ ਅਤੇ ਇਸ ਨੂੰ ਪ੍ਰਚੰਡ ਵੇਗ ਰੂਪ ਵਿਚ ਸਾਹਮਣੇ ਲਿਆਉਣ ਦਾ ਅਸਲ ਕਾਰਨ ਜ਼ੁਬਾਨ ਹੀ ਸਭ ਤੋਂ ਵੱਡਾ ਅਤੇ ਸ਼ਕਤੀਸ਼ਾਲੀ ਮਾਧਿਅਮ ਬਣ ਕੇ ਸਾਹਮਣੇ ਆਉਂਦੀ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਜਿਹੜਾ ਕੰਮ ਤੀਰ ਜਾਂ ਤਲਵਾਰਾਂ ਨਹੀਂ ਕਰ ਸਕਦੀਆਂ, ਉਸ ਕੰਮ ਨੂੰ ਕਲਮਾਂ ਦੀ ਕਿਰਪਾਨ ਬਣਾ ਕੇ ਬੜੇ ਹੀ ਸੁਚੱਜੇ ਢੰਗ ਨਾਲ ਕੀਤਾ ਜਾ ਸਕਦਾ ਹੈ । ਕਲਮ ਦੀ ਕਰਾਮਾਤ ਹਰ ਯੁੱਗ ਵਿਚ ਆਪਣਾ ਰੰਗ ਵਿਖਾਉਂਦੀ ਆਈ ਹੈ।

ਅਜੋਕੇ ਸਮੇਂ ਵਿਚ ਚੱਲ ਰਹੇ ਕਿਸਾਨੀ ਅੰਦੋਲਨ ਨੇ ਫਿਰ ਤੋਂ ਜ਼ੁਬਾਨ ਦੀ ਤਾਕਤ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਇਹ ਅੰਦੋਲਨ ਕਿਸੇ ਇਕ ਪ੍ਰਾਂਤ, ਜਾਂ ਕਿਸੇ ਇਕ ਧਾਰਮਿਕ ਸਮੁਦਾਇ ਅਤੇ ਵਿਚਾਰਧਾਰਾ ਨੂੰ ਮੰਨਣ ਵਾਲੇ ਲੋਕਾਂ ਦਾ ਨਹੀਂ, ਸਗੋਂ ਸਾਰੇ ਲੋਕਾਂ ਦਾ ਸਾਂਝਾ ਅੰਦੋਲਨ ਬਣ ਗਿਆ ਹੈ। ਰੋਟੀ ਦੀ ਲੋੜ ਹਰ ਇਕ ਨੂੰ ਹੈ, ਇਸ ਲਈ ਸਾਰੇ ਲੋਕ ਰੋਟੀ ਪੈਦਾ ਕਰਨ ਵਾਲਿਆਂ ਭਾਵ ਕਿਸਾਨਾਂ ਨਾਲ ਆਣ-ਕੇ ਜੁੜੇ ਤੇ ਸਿਆਸਤੀ ਲੋਕਾਂ ਨੂੰ ਛੱਡ ਕੇ ਬਾਕੀ ਸਾਰੇ ਰੂਹਾਨੀਅਤ ਵਜੋਂ ਜੁੜੇ ਹਨ, ਕਿਸਾਨ ਨੂੰ ਇਸੇ ਲਈ ਅੰਨਦਾਤਾ ਕਿਹਾ ਜਾਂਦਾ ਹੈ। ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਦੀ ਮਨਸ਼ਾ ਨਾਲ ਸ਼ੁਰੂ ਹੋਇਆ ਇਹ ਅੰਦੋਲਨ ਹੁਣ ਅੰਤਰਰਾਸ਼ਟਰੀ ਪੱਧਰ ਤੱਕ ਫੈਲ ਚੁੱਕਾ ਹੈ ਅਤੇ ਇਸ ਨੂੰ ਇਥੋਂ ਤੱਕ ਪਹੁੰਚਣ ਲਈ ਪੰਜਾਬੀ ਭਾਸ਼ਾ ਦੀ ਭੂਮਿਕਾ ਸਭ ਤੋਂ ਅਹਿਮ ਹੈ, ਜਿਸ ਨੇ ਪਹਿਲਾ ਰਾਸ਼ਟਰੀ ਫਿਰ ਅੰਤਰਰਾਸ਼ਟਰੀ ਪੱਧਰ ਤੱਕ ਇਸ ਨੂੰ ਸ਼ੁਆ ਦੀ ਤਰਾਂ ਬਣਾ ਦਿੱਤਾ ਹੈ।

ਭਾਸ਼ਾਈ ਪੱਖ ਦੀ ਗੱਲ ਕਰੀਏ ਤਾਂ ਅਸੀਂ ਜਾਣਦੇ ਹਾਂ ਕਿ ਸਾਰੇ ਸੂਬਿਆਂ ਦੀਆਂ ਆਪੋ-ਆਪਣੀਆਂ ਸੂਬਾਈ ਅਤੇ ਇਲਾਕਾਈ ਜ਼ੁਬਾਨਾਂ ਹਨ। ਪੰਜਾਬੀ ਲੋਕ ਕਿਉਂਕਿ ਇਸ ਅੰਦੋਲਨ ਦੇ ਮੋਹਰੀ ਹਨ ਇਸ ਲਈ ਇਨਾਂ ਦੀ ਜ਼ੁਬਾਨ ਇਸ ਦੇ ਕੇਂਦਰ ਵਿਚ ਹੈ। ਪੰਜਾਬੀ ਮੀਡੀਆ ਵੀ ਇਸ ਨੂੰ ਕਵਰ ਕਰਨ ਲਈ ਅੰਦੋਲਨ ਵਿਚ ਪਹੁੰਚਿਆ ਹੈ ਇਨਾਂ ਵਿਚੋਂ ਕਈ ਤਾਂ ਨਿਰੋਲ ਪੰਜਾਬੀ ਚੈਨਲ ਹਨ, ਜਿਸ ਕਾਰਨ ਉਹ ਆਮ ਲੋਕਾਂ ਨਾਲ ਗੱਲਬਾਤ ਕਰਨ ਸਮੇਂ ਪੰਜਾਬੀ ਭਾਸ਼ਾ ਵਿਚ ਹੀ ਸਵਾਲ ਕਰਦੇ ਹਨ ਅਤੇ ਲੋਕੀਂ ਪੰਜਾਬੀ ਵਿਚ ਉਸ ਦਾ ਉੱਤਰ ਦਿੰਦੇ ਹਨ, ਹੋਰ ਦਿਲਚਸਪ ਗੱਲ ਇਹ ਹੈ ਕਿ ਪੰਜਾਬੀ ਚੈਨਲਾਂ ਦੇ ਐਂਕਰ ਗ਼ੈਰ-ਪੰਜਾਬੀਆਂ ਨਾਲ ਮੁਲਾਕਾਤ ਕਰਨ ਸਮੇਂ ਸਵਾਲ ਪੰਜਾਬੀ ਵਿਚ ਕਰਦੇ ਹਨ ਪਰ ਉੱਤਰਦਾਈ ਜਵਾਬ ਹਿੰਦੀ ਵਿਚ ਦਿੰਦੇ ਹਨ ਅਤੇ ਨਾਲ ਹੀ ਖਿਮਾਂ ਮੰਗ ਲੈਂਦੇ ਹਨ ਕਿ ਉਨਾਂ ਦੇ ਪੰਜਾਬੀ ਬੋਲ ਜਾਂ ਤੇ ਬਹੁਤੇ ਚੰਗੇ ਨਹੀਂ ਅਤੇ ਜਾਂ ਫਿਰ ਆਉਂਦੀ ਨਹੀਂ, ਸਾਧਵੀ ਦੇਵਾ ਠਾਕਰ, ਪੂਨਮ ਪੰਡਿਤ ਆਦਿ ਬੁਲਾਰੇ ਅਜਿਹਾ ਹੀ ਕਰ ਰਹੇ ਹਨ। ਦੂਜੇ ਸ਼ਬਦਾਂ ਵਿਚ ਕਹਿ ਲਵੋ ਕਿ ਗ਼ੈਰ-ਪੰਜਾਬੀ ਲੋਕਾਂ ਤੱਕ ਦੀ ਰਸਾਈ ਪੰਜਾਬੀ ਰਾਹੀਂ ਹੀ ਹੋ ਰਹੀ ਹੈ। ਦੂਰ-ਦਰਾਜ਼ ਦੇ ਸੂਬਿਆਂ ਤੋਂ ਆਉਣ ਵਾਲੇ ਲੋਕ ਇਹ ਕਹਿੰਦੇ ਸੁਣੇ ਗਏ ਹਨ ਕਿ ਉਹ ਪੰਜਾਬੀ ਸਮਝ ਤਾਂ ਲੈਂਦੇ ਹਨ ਪਰ ਬੋਲ ਨਹੀਂ ਸਕਦੇ, ਕੁਝ ਟੁੱਟੀ-ਫੁੱਟੀ ਬੋਲਣ ਦੀ ਕੋਸ਼ਿਸ਼ ਵੀ ਕਰਦੇ ਹਨ। ਦਿੱਲੀ ਤੋਂ ਪਹੁੰਚ ਰਹੇ ਲੋਕ ਵੀ ਵਧੇਰੇ ਕਰਕੇ ਪੰਜਾਬੀ ਹੀ ਵਰਤਦੇ ਹਨ। ਸਾਰਅੰਸ਼ ਇਹ ਕਿ ਪੰਜਾਬੀ ਟੀ.ਵੀ. ਚੈਨਲ ਪੰਜਾਬੀ ਭਾਸ਼ਾ ਨੂੰ ਭਾਰਤ ਦੇ ਦੂਜੇ ਸੂਬਿਆਂ ਤੱਕ ਪਹੁੰਚਾਉਣ ਵਿਚ ਵੀ ਵੱਡੀ ਭੂਮਿਕਾ ਅਦਾ ਕਰ ਰਹੇ ਹਨ। ਇਸ ਅੰਦੋਲਨ ਨੇ ਭਾਸ਼ਾਈ ਹੱਦਬੰਦੀਆਂ ਮੇਟ ਕੇ ਰੱਖ ਦਿੱਤੀਆਂ ਹਨ।




ਨੌਜਵਾਨਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਸਿੰਘੂ ਬਾਰਡਰ 'ਤੇ ਰੋਸ ਮਾਰਚ 'ਚ ਸ਼ਾਮਿਲ ਨੌਜਵਾਨ ਨਾਅਰੇਬਾਜ਼ੀ ਕਰਦੇ ਹੋਏ।

ਪੰਜਾਬੀ ਪੱਤਰਕਾਰੀ ਵੀ ਪੰਜਾਬੀ ਭਾਸ਼ਾ ਦੇ ਪ੍ਰਸਾਰ ਪ੍ਰਚਾਰ ਵਿਚ ਆਪਣਾ ਬਣਦਾ ਯੋਗਦਾਨ ਪਾ ਰਹੀ ਹੈ। ਪੱਤਰਕਾਰੀ ਅਤੇ ਸਾਹਿਤਕਾਰੀ ਦਾ ਰਿਸ਼ਤਾ ਅਨਿੱਖੜਾਂ ਹੈ ਅਤੇ ਪੁਰਾਣਾ ਵੀ। ਹਰ ਅਖ਼ਬਾਰ ਵਿਚ ਕਿਸਾਨੀ ਅਤੇ ਕਿਸਾਨੀ ਅੰਦੋਲਨ ਨਾਲ ਸਬੰਧਿਤ ਗੀਤ, ਕਵਿਤਾਵਾਂ ਅਤੇ ਲੇਖ ਛਪ ਰਹੇ ਹਨ। ਪੰਜਾਬੀ ਦਾ ਹਰ ਲੇਖਕ ਆਪੋ ਆਪਣੀ ਸਮਰੱਥਾ ਅਨੁਸਾਰ ਰਚਨਾਕਾਰੀ ਕਰ ਰਿਹਾ ਹੈ। ਕਿਸਾਨ ਅੰਦੋਲਨ ਨੂੰ ਸਾਹਿਤਕਾਰਾਂ ਦੇ ਨਾਲ-ਨਾਲ ਗਾਇਕਾਂ, ਫ਼ਿਲਮਾਂ ਅਤੇ ਮੰਚ ਦੇ ਕਲਾਕਾਰਾਂ ਦਾ ਵੀ ਭਰਪੂਰ ਸਹਿਯੋਗ ਮਿਲ ਰਿਹਾ ਹੈ ਅਤੇ ਬੁੱਧੀਜੀਵੀਆਂ ਦਾ ਵੀ। ਤਕਰੀਬਨ ਹਰ ਗਾਇਕ ਕਿਸਾਨਾਂ ਨਾਲ ਇਕਮੁੱਠਤਾ ਦਰਸਾਉਣ ਲਈ ਸਿੰਘੂ, ਟਿਕਰੀ, ਕੁੰਡਲੀ ਅਤੇ ਹੋਰ ਥਾਵਾਂ ਉੱਪਰ ਪੁੱਜ ਰਿਹਾ ਹੈ। ਗੀਤਕਾਰ ਵੀ ਧੜੱਲੇ ਨਾਲ ਗੀਤ ਲਿਖ ਰਹੇ ਹਨ ਅਤੇ ਗਾਇਕ ਸੁਰਬੱਧ ਕਰਕੇ ਉਨਾਂ ਨੂੰ ਗਾ ਰਹੇ ਹਨ। ਇਨਾਂ ਗੀਤਾਂ ਵਿਚ ਮਨੋਰੰਜਨ ਦੇ ਨਾਲ-ਨਾਲ ਉਤਸ਼ਾਹ ਵੀ ਹੈ। ਪ੍ਰਤੀਤ ਹੁੰਦਾ ਹੈ ਕਿ ਹੁਣ ਪੰਜਾਬੀ ਗੀਤਕਾਰੀ ਅਸ਼ਲੀਲਤਾ, ਛਵੀਆਂ, ਗੰਡਾਸਿਆਂ, ਰਫਲਾਂ ਅਤੇ ਬੰਦੂਕਾਂ ਤੋਂ ਖਹਿੜਾ ਛੁਡਾ ਕੇ ਯਥਾਰਥ ਵਲ ਮੋੜ ਕੱਟੇਗੀ। ਪੰਜਾਬੀ ਗੀਤਕਾਰੀ ਦੀ ਬੜੀ ਨਰੋਈ ਰਵਾਇਤ ਰਹੀ ਹੈ ਪਰ ਪਿਛਲੇ ਕੁਝ ਸਮੇਂ ਤੋਂ ਇਹ ਕੁਰਾਹੇ ਪੈ ਕੇ ਭਟਕ ਗਈ ਸੀ। ਗੀਤਕਾਰਾਂ ਤੋਂ ਬਿਨਾਂ ਨਾਟਕਕਾਰ ਅਤੇ ਰੰਗ ਕਰਮੀ ਵੀ ਪਿੱਛੇ ਨਹੀਂ। ਸਾਰੇ ਪੰਜਾਬ ਵਿਚੋਂ ਰੰਗਕਰਮੀ ਇਨਾਂ ਬਾਰਡਰਾਂ ਉੱਪਰ ਪਹੁੰਚ ਕੇ ਲੋਕਾਂ ਵਿਚ ਦ੍ਰਿੜਤਾ, ਉਤਸ਼ਾਹ ਅਤੇ ਜੋਸ਼ ਭਰ ਰਹੇ ਹਨ। ਹਰ ਸ਼ਾਮ ਮੁੱਖ ਸਟੇਜਾਂ ਉੱਪਰ ਕੋਈ ਨਾ ਕੋਈ ਅਜਿਹੀ ਸਰਗਰਮੀ ਵੇਖਣ ਨੂੰ ਮਿਲ ਰਹੀ ਹੈ, ਇਥੋਂ ਤੱਕ ਕਿ ਸਰਦੀ ਅਤੇ ਬਾਰਿਸ਼ ਵਰਗੇ ਖ਼ਰਾਬ ਮੌਸਮ ਵੀ ਇਨਾਂ ਨੂੰ ਵਿਚਲਿਤ ਨਹੀਂ ਕਰ ਸਕੇ। ਹਰ ਯੁੱਗ ਦੇ ਤਰਾਨੇ ਅਤੇ ਸਰੋਕਾਰ ਆਪਣੇ-ਆਪਣੇ ਹੁੰਦੇ ਹਨ ਅਤੇ ਇਨਾਂ ਦੇ ਰੂਬਰੂ ਹੋਣਾ ਉਸਾਰੂ ਸਾਹਿਤ ਦੀ ਨਿਸ਼ਾਨੀ ਹੈ। ਇਸ ਅੰਦੋਲਨ ਵਿਚ ਅਜਿਹਾ ਉਸਾਰੂ ਸਾਹਿਤ ਭਰਪੂਰ ਮਾਤਰਾ ਵਿਚ ਲਿਖਿਆ ਜਾ ਰਿਹਾ ਹੈ। ਕਿਸਾਨੀ ਅੰਦੋਲਨ ਪੰਜਾਬੀ ਸਾਹਿਤ ਵਿਚ ਇਕ ਨਵਾਂ ਸਾਹਿਤਕ ਅੰਦੋਲਨ ਪੈਦਾ ਕਰੇਗਾ, ਅਜਿਹਾ ਵਿਸ਼ਵਾਸ ਹੈ। ਮੋਰਚਾ ਤਾਂ ਸਮੇਂ ਨਾਲ ਖ਼ਤਮ ਹੋ ਜਾਵੇਗਾ, ਇਸ ਤੋਂ ਬਾਅਦ ਉਤਸ਼ਾਹੀ ਲੋਕ ਕਵਿਤਾਵਾਂ, ਗੀਤਾਂ, ਲੇਖਾਂ ਆਦਿ ਦੇ ਸੰਗ੍ਰਹਿ ਤਿਆਰ ਕਰ ਸਕਣ ਤਾਂ ਜਿਥੇ ਇਹ ਸਾਹਿਤ ਸੇਵਾ ਹੋਵੇਗੀ, ਉਥੇ ਇਸ ਅੰਦੋਲਨ ਦੇ ਮੁਲਾਂਕਣ ਵੇਲੇ ਇਹ ਸਰੋਤ ਸਮੱਗਰੀ ਵਜੋਂ ਕੰਮ ਵੀ ਆਏਗੀ। ਪੰਜਾਬ ਦੇ ਇਤਿਹਾਸ ਵਿਚ ਜਦੋਂ ਇਸ ਨੂੰ ਲਿਖਿਆ ਜਾਵੇਗਾ ਤਾਂ ਰਹਿੰਦੀ ਦੁਨੀਆ ਇਕ ਵਾਰ ਫੇਰ ਇਸ ਕੌਮ ਨੂੰ ਬਹਾਦਰ ਤੇ ਯੋਗ ਅਗਵਾਈਕਾਰ ਆਖੇਗੀ।

# ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਦਸਵੀਂ ਪਿੰਡ ਮੋਹੀ (ਲੁਧਿਆਣਾ)




**ਤਸਵਿੰਦਰ ਸਿੰਘ ਬੜੈਚ**

**ਪਿੰਡ ਦੀਵਾਲਾ, ਤਹਿਸੀਲ ਸਮਰਾਲਾ, ਜ਼ਿਲਾ ਲੁਧਿਆਣਾ।**

**ਮੋਬਾ: 9876322677**


ਜ਼ਿਲਾ ਲੁਧਿਆਣਾ ਦੇ ਮਸ਼ਹੂਰ ਪਿੰਡ ਮੋਹੀ ਨੂੰ ਖਾਲਸਾ ਪੰਥ ਦੇ ਸਿਰਜਣਹਾਰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਤਿਹਾਸਕ ਪਰਿਪੇਖ ਤੋਂ ਇਸ ਪਿੰਡ ਦਾ ਪਿਛੋਕੜ ਇਹ ਹੈ ਕਿ ਚਮਕੌਰ ਸਾਹਿਬ ਦੀ ਜੰਗ ਪਿੱਛੋਂ ਸਾਹਿਬੇ ਕਮਾਲ ਗੁਰੂ ਪਾਤਸ਼ਾਹ ਸ੍ਰੀ ਗੋਬਿੰਦ ਸਿੰਘ ਸਾਹਿਬ ਮਾਛੀਵਾੜੇ, ਆਲਮਗੀਰ, ਰਤਨਾਂ ਅਤੇ ਜੋਧਾਂ ਤੋਂ ਸਫਰ ਕਰਦੇ ਹੋਏ ਦਸੰਬਰ 1704 ਨੂੰ ਪਿੰਡ ਮੋਹੀ ਵਿਖੇ ਪਹੁੰਚੇ। ਪਿੰਡ ਦੀ ਉੱਤਰ-ਪੂਰਬ ਦਿਸ਼ਾ ਵੱਲ ਕੁਝ ਕੁ ਫਰਲਾਂਗ ਦੇ ਫ਼ਾਸਲੇ ਨਾਲ ਸੰਘਣੇ ਰੁੱਖਾਂ ਦੀ ਝਿੜੀ ਸੀ, ਜਿਥੇ ਥੋੜੀ ਨੀਵੀਂ ਜਿਹੀ ਥਾਂ ’ਤੇ ਪਾਣੀ ਵੀ ਸੀ। ਗੁਰੂ ਜੀ ਇਸ ਅਸਥਾਨ ਨੂੰ ਰਮਣੀਕ ਤੇ ਏਕਾਂਤ ਜਾਣ ਕੇ ਵਿਸ਼ਰਾਮ ਕਰਨ ਦੇ ਲਈ ਆ ਬਿਰਾਜੇ। ਉਸ ਸਮੇਂ ਦਸਮੇਸ਼ ਪਿਤਾ ਜੀ ਨਾਲ ਪੰਜਾਂ ਪਿਆਰਿਆਂ ’ਚੋਂ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਅਤੇ ਇਕ ਹੋਰ ਸਿੱਖ ਭਾਈ ਮਾਨ ਸਿੰਘ ਜੀ ਸਨ। ਗੁਰੂ ਜੀ ਦੀ ਉਂਗਲ ਵਿੱਚ ਇਕ ਛੱਲਾ ਸੀ, ਜਿਸ ਦੀ ਸਹਾਇਤਾ ਨਾਲ ਪਾਤਸ਼ਾਹ ਜੀ ਯੁੱਧ ਵਿਚ ਤੀਰ ਚਲਾਉਂਦੇ ਸਨ। ਯੁੱਧ ਵਿਚ ਦੁਸ਼ਮਣ ਦਾ ਲਗਾਤਾਰ ਮੁਕਾਬਲਾ ਕਰਦੇ ਹੋਏ ਇਹ ਛੱਲਾ ਉਂਗਲ ਵਿਚ ਖੁਭ ਗਿਆ ਜਿਸ ਦੀ ਵਜਾ ਨਾਲ ਅਸਹਿਣ-ਯੋਗ ਦਰਦ ਹੋ ਰਿਹਾ ਸੀ, ਉਪਰ ਤੋਂ ਪੋਹ ਮਹੀਨੇ ਦੀ ਸਖ਼ਤ ਠੰਢ ਆਪਣਾ ਕਹਿਰ ਵਰਸਾ ਰਹੀ ਸੀ। ਜਿਸ ਸਮੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਆਰਾਮ ਕਰ ਰਹੇ ਸਨ ਉਸ ਵਕਤ ਗੁਰੂ ਦੇ ਮੋਹ ਵਿਚ ਭਿੱਜੇ ਮੋਹੀ ਪਿੰਡ ਦੇ ਵਸਨੀਕ ਭਾਈ ਜਵਾਲਾ ਜੀ ਜੋ ਕਿੱਤੇ ਪੱਖੋਂ ਲੁਹਾਰ ਮਿਸਤਰੀ ਸਨ, ਉਨਾਂ ਨੇ ਰੇਤੀ ਨਾਲ ਰੇਤ ਕੇ ਗੁਰੂ ਜੀ ਦੀ ਉਂਗਲ ਵਿਚ ਖੁਭਿਆ ਛੱਲਾ ਕੱਟ ਦਿੱਤਾ । ਗੁਰੂ ਜੀ ਨੇ ਭਾਈ ਜਵਾਲਾ ਜੀ ਦੀ ਇਸ ਸੇਵਾ ਤੋਂ



ਪ੍ਰਸੰਨ ਹੋ ਕੇ ਉਹ ਛੱਲਾ ਹੀ ਉਸ ਨੂੰ ਸੌਂਪ ਦਿੱਤਾ ਅਤੇ ਉਸਨੂੰ ਕੋਈ ਵਰ ਮੰਗਣ ਲਈ ਕਿਹਾ, ਤਦ ਮਿਸਤਰੀ ਨੇ ਆਪਣੇ ਲੜਕਿਆਂ ਦਾ ਵਿਆਹ ਨਾ ਹੋਣ ਸਬੰਧੀ ਗੁਰੂ ਜੀ ਪਾਸੋਂ ਵਰ ਮੰਗਿਆ, ਕਲਗੀਧਰ ਪਿਤਾ ਨੇ ਵਰ ਦਿੱਤਾ ਕਿ ਅੱਗੇ ਤੋਂ ਤੁਹਾਡੇ ਖਾਨਦਾਨ ਵਿਚ ਲੜਕਿਆਂ ਦਾ ਵਿਆਹ ਇਕ ਦੀ ਥਾਂ ਦੋ ਵਾਰ ਹੋਇਆ ਕਰੇਗਾ। ਗੁਰੂ ਜੀ ਵੱਲੋਂ ਬਖਸ਼ਿਸ਼ ਕੀਤੇ ਇਸ ਵਰ ਸਦਕਾ ਹੁਣ ਤੱਕ ਅਜਿਹਾ ਹੀ ਵਾਪਰ ਰਿਹਾ ਹੈ, ਕਾਫੀ ਸਮੇਂ ਬਾਅਦ ਇਸ ਮਿਸਤਰੀ ਨੂੰ ਪਿੰਡ ਭੰਮੀਪੁਰੇ ਦੇ ਵਸਨੀਕ ਪੱਗ ਅਤੇ ਜ਼ਮੀਨ ਦੇ ਕੇ ਆਪਣੇ ਪਿੰਡ ਲੈ ਆਏ ਅਤੇ ਉੱਥੇ ਹੀ ਇਨਾਂ ਦਾ ਰਹਿਣ ਵਸੇਰਾ ਬਣਾ ਦਿੱਤਾ, ਗੁਰੂ ਜੀ ਵੱਲੋਂ ਦਿੱਤਾ ਉਹ ਪਵਿੱਤਰ ਛੱਲਾ ਵੀ ਆਪਣੇ ਨਾਲ ਹੀ ਲੈ ਆਏ ਸਨ, ਅਜੋਕੇ ਸਮੇਂ ਭਾਈ ਜਵਾਲਾ ਜੀ ਦੇ ਪਰਿਵਾਰ ਦੀ ਨੌਵੀਂ ਪੀੜੀ ਚੱਲ ਰਹੀ ਹੈ। ਇਤਿਹਾਸਕ ਤੇ ਪਵਿੱਤਰ ਛੱਲੇ ਦੇ ਦਰਸ਼ਨ ਉਨਾਂ ਦੇ ਪਿੰਡ ਚਾਨਣੀ ਵਿਚ ਦਸਵੀਂ ਵਾਲੇ ਦਿਨ ਸੱਤਵੀ ਪੀੜੀ ਦੇ ਭਾਈ ਮਿਹਰ ਸਿੰਘ ਦੇ ਗ੍ਰਹਿ ਵਿਖੇ ਕੀਤੇ ਜਾ ਸਕਦੇ ਹਨ । ਇਸ ਪਿੰਡ ਨੂੰ ਗੁਰੂ ਸਾਹਿਬ ਵੱਲੋ ‘ਚੜੀ ਆਊ ਤੇ ਲੱਥੀ ਜਾਊ’ ਦਾ ਵਰ ਵੀ ਪ੍ਰਾਪਤ ਹੋਇਆ ਹੈ। ਗੁਰੂ ਜੀ ਵੱਲੋ ਉਚਾਰੇ ਇਹ ਦਰਗਾਹੀ ਵਾਕ ਹੁਣ ਤੱਕ ਪੂਰੇ ਹੋ ਰਹੇ ਹਨ, ਇਸ ਦੇ ਪ੍ਰਤੱਖ ਪ੍ਰਮਾਣ ਵਜੋਂ 1845 ਈ ਵਿਚ ਬੱਦੋਵਾਲ ਦੇ ਅਸਥਾਨ ਤੇ ਅੰਗਰੇਜਾਂ ਤੇ ਸਿੱਖਾਂ ਦੀ ਜੋ ਲੜਾਈ ਹੋਈ ਸੀ ਉਸ ਵਿਚ ਅੰਗ੍ਰੇਜ਼ੀ ਫੌਜਾਂ ਨੇ ਨਾਲ ਲੱਗਦੇ ਬਹੁਤ ਸਾਰੇ ਪਿੰਡਾ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਕੀਤਾ, ਪਰ ਗੁਰੂ ਜੀ ਦੇ ਬਚਨਾਂ ਸਦਕਾ ਨਗਰ ਮੋਹੀ ਦਾ ਵਾਲ ਤੱਕ ਵਿੰਗਾ ਨਹੀਂ ਹੋਇਆ ਇਸ ਲਈ ਆਸੀਂ ਆਖ ਸਕਦੇ ਹਾਂ ਕਿ ਗੁਰੂ ਜੀ ਦੇ ਇਹ ਬੋਲ ਰੂਹਾਨੀ ਜੁਗਤ ਵਿਚੋਂ ਪ੍ਰਗਟ ਹੋਏ ਜੋ ਜੁੱਗੋ-ਜੁਗ ਅਟੱਲ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਪੈਣ ਨਾਲ ਮੋਹੀ ਪਿੰਡ ਦੇ ਭਾਗ ਜਾਗੇ ਤੇ ਜੰਗਲ ਵਿਚ ਮੰਗਲ ਹੋ ਗਿਆ। ਜਿਸ ਥਾਂ ਦਸ਼ਮੇਸ਼ ਜੀ ਨੇ ਆਰਾਮ ਕੀਤਾ ਸੀ, ਉਹ ਪਵਿੱਤਰ ਅਸਥਾਨ ’ਤੇ ਗੁਰਦੁਆਰਾ ਗੁਰੂਸਰ ਸਾਹਿਬ ਸੁਸ਼ੋਭਿਤ ਹੈ। ਇਸ ਅਸਥਾਨ ’ਤੇ ਹਰ ਸਾਲ ਗੁਰੂ ਸਾਹਿਬ ਦੇ ਆਗਮਨ ਪੂਰਬ ਦੀ ਖ਼ੁਸ਼ੀ ਵਿਚ 31 ਦਸੰਬਰ ਨੂੰ ਮਹਾਨ ਨਗਰ ਕੀਰਤਨ ਸਜਾਏ ਜਾਂਦੇ ਹਨ ਅਤੇ ਦੂਜੇ ਦਿਨ 1 ਜਨਵਰੀ ਨੂੰ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ, ਜਿਸ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਪਹੁੰਚਦੀਆਂ ਹਨ।

# ‘ਪੱਗੜੀ ਸੰਭਾਲ ਜੱਟਾ’ ਆਜ਼ਾਦੀ ਅੰਦੋਲਨ




**ਪ੍ਰੋ. ਬਸੰਤ ਸਿੰਘ ਬਰਾੜ**


ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਪਰਿਵਾਰ ਕਈ ਪੀੜੀਆਂ ਤੋਂ ਦੇਸ਼ ਭਗਤਾਂ, ਸਮਾਜ ਸੇਵਕਾਂ ਅਤੇ ਕੁਰਬਾਨੀਆਂ ਕਰਨ ਵਾਲੇ ਕ੍ਰਾਂਤੀਕਾਰੀਆਂ ਦਾ ਪਰਿਵਾਰ ਰਿਹਾ ਸੀ। ਉਨਾਂ ਦੇ ਪੜਦਾਦਾ ਫਤਿਹ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ’ਚ ਉੱਚੇ ਅਹੁਦੇ ’ਤੇ ਸਨ ਤੇ ਉਨਾਂ ਨੇ ਅੰਗਰੇਜ਼ਾਂ ਵਿਰੁੱਧ ਜੰਗਾਂ ’ਚ ਬਹਾਦਰੀ ਦਿਖਾਈ ਸੀ।

ਦਾਦਾ ਅਰਜੁਨ ਸਿੰਘ ਪ੍ਰਸਿੱਧ ਦੇਸ਼ ਭਗਤ ਅਤੇ ਸਮਾਜ ਸੇਵਕ ਸਨ ਜਿਨਾਂ ਛੂਤ-ਛਾਤ ਵਿਰੁੱਧ ਵਿਸ਼ੇਸ਼ ਯੋਗਦਾਨ ਪਾਇਆ ਸੀ। ਪਿਤਾ ਕਿਸ਼ਨ ਸਿੰਘ ਤੇ ਚਾਚੇ ਅਜੀਤ ਸਿੰਘ ਤੇ ਸਵਰਨ ਸਿੰਘ ਨੇ ਸਮਾਜ ਸੇਵਾ ਤੇ ਦੇਸ਼ ਭਗਤੀ ਦੇ ਖੇਤਰਾਂ ’ਚ ਵਿਲੱਖਣ ਕੰਮ ਕੀਤਾ ਸੀ।

ਸਵਰਨ ਸਿੰਘ ਨੂੰ ਜੇਲ ਵਿਚ ਤਪਦਿਕ ਹੋ ਗਈ ਸੀ ਅਤੇ ਉਹ 23 ਸਾਲ ਦੀ ਉਮਰ ਵਿਚ ਹੀ ਸਵਰਗਵਾਸ ਹੋ ਗਏ ਸਨ। ਕਿਸ਼ਨ ਸਿੰਘ ਅਤੇ ਅਜੀਤ ਸਿੰਘ ਨੇ 1898-1900 ਦੇ ਅਰਸੇ ਦੌਰਾਨ ਮੱਧ ਪ੍ਰਦੇਸ਼ ਤੇ ਗੁਜਰਾਤ, ਹੜਾਂ ਸਮੇਂ ਜੰਮੂ-ਕਸ਼ਮੀਰ ਅਤੇ 1905 ਦੇ ਭੂਚਾਲ ਸਮੇਂ ਕਾਂਗੜੇ ਦੇ ਇਲਾਕੇ ’ਚ ਸ਼ਲਾਘਾਯੋਗ ਸੇਵਾ ਕੀਤੀ ਸੀ। ‘ਪਗੜੀ ਸੰਭਾਲ ਜੱਟਾ’ ਅੰਦੋਲਨ ਵਿਚ ਦੋਹਾਂ ਦੀ ਵਿਲੱਖਣ ਭੂਮਿਕਾ ਰਹੀ ਸੀ।

ਅਜੀਤ ਸਿੰਘ ਨੇ ਹਥਿਆਰਬੰਦ ਸੰਘਰਸ਼ ਰਾਹੀਂ ਆਜ਼ਾਦੀ ਲੈਣ ਤੇ ਸਮਾਜਵਾਦੀ, ਲੋਕਤੰਤਰੀ ਸਰਕਾਰ ਸਥਾਪਤ ਕਰਨ ਲਈ ਜੋ ਅਦੁੱਤੀ ਕੰਮ ਕੀਤੇ, ਉਹ ਕੁਝ ਅਣਗੌਲੇ ਹੀ ਰਹੇ। ਸ਼ਾਇਦ ਆਪਣੇ ਭਤੀਜੇ ਭਗਤ ਸਿੰਘ ਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਪਰਛਾਵੇਂ ਹੇਠ ਆਉਣ ਕਾਰਨ ਅਜਿਹਾ ਹੋਇਆ ਹੋਵੇ। ਉਹ 23 ਜਨਵਰੀ 1881 ਨੂੰ ਖਟਕੜ ਕਲਾਂ ਵਿਖੇ ਪੈਦਾ ਹੋਏ ਸਨ।

ਉਨਾਂ ਨੇ ਬੰਗਾ, ਜਲੰਧਰ, ਬਰੇਲੀ ਅਤੇ ਲਾਹੌਰ ਵਿਚ ਸਿੱਖਿਆ ਪ੍ਰਾਪਤ ਕੀਤੀ। ਛੋਟੀ ਉਮਰੇ ਹੀ ਸਮਾਜ ਸੇਵਾ ਅਤੇ ਆਜ਼ਾਦੀ ਦੀ ਜੰਗ ਵਿਚ ਕੁੱਦ ਪਏ। ਉਨਾਂ ਨੇ 1906 ’ਚ ਕਲਕੱਤਾ ਵਿਖੇ ਹੋਏ ਕਾਂਗਰਸ ਦੇ ਸਾਲਾਨਾ ਸਮਾਗਮ ਵਿਚ ਹਿੱਸਾ ਲਿਆ ਪਰ ਇਸ ਪਾਰਟੀ ਦੀਆਂ ਨੀਤੀਆਂ ਤੋਂ ਜਲਦ ਹੀ ਨਿਰਾਸ਼ ਹੋ ਗਏ। ਉਨਾਂ ਨੇ ਆਪਣੇ ਦੋਹਾਂ ਭਰਾਵਾਂ ਅਤੇ ਮਹਾਸ਼ਾ ਘਸੀਟਾ ਰਾਮ ਤੇ ਸੂਫ਼ੀ ਅੰਬਾ ਪ੍ਰਸਾਦ ਨਾਲ ਮਿਲ ਕੇ ‘ਭਾਰਤ ਮਾਤਾ ਸੁਸਾਇਟੀ’ ਬਣਾ ਲਈ ਜਿਸ ਨੂੰ ‘ਮਹਿਬੂਬਾਨ-ਏ-ਵਤਨ’ ਵੀ ਕਿਹਾ ਜਾਂਦਾ ਸੀ।

ਇਸ ਦਾ ਉਦੇਸ਼ 1857 ਦੇ ਵਿਦਰੋਹ ਦੇ 50ਵੇਂ ਵਰੇ 1907 ਵਿਚ ਉਸੇ ਤਰਾਂ ਹਥਿਆਰਬੰਦ ਬਗ਼ਾਵਤ ਕਰ ਕੇ ਆਜ਼ਾਦੀ ਪ੍ਰਾਪਤ ਕਰਨਾ ਸੀ। ਸੰਨ 1907 ਵਿਚ ਅੰਗਰੇਜ਼ ਸਰਕਾਰ ਦੇ ‘ਕਾਲੋਨਾਈਜ਼ੇਸ਼ਨ ਐਕਟ’ ਅਤੇ ‘ਦੋਆਬ ਬਾਰੀ ਐਕਟ’ ਵਿਰੁੱਧ ‘ਪਗੜੀ ਸੰਭਾਲ ਜੱਟਾ’ ਅੰਦੋਲਨ ਸ਼ੁਰੂ ਹੋ ਗਿਆ। ਸਰਕਾਰ ਨੇ ਚਨਾਬ ਦਰਿਆ ’ਚੋਂ ਨਹਿਰਾਂ ਕੱਢ ਕੇ ਲਾਇਲਪੁਰ ਜ਼ਿਲੇ ਦੀ 20 ਲੱਖ ਏਕੜ ਗ਼ੈਰ-ਆਬਾਦ ਜ਼ਮੀਨ ਵਾਹੀਯੋਗ ਬਣਾ ਦਿੱਤੀ ਸੀ।

ਇਹ ਜ਼ਮੀਨ ਸਾਬਕਾ ਫ਼ੌਜੀਆਂ ਅਤੇ ਅੰਮ੍ਰਿਤਸਰ, ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲਿਆਂ ਦੇ ਕਿਸਾਨਾਂ ਨੂੰ ਲਗਭਗ ਮੁਫ਼ਤ ਅਲਾਟ ਕੀਤੀ ਗਈ ਸੀ। ਸਰਕਾਰ ਨੂੰ ਡਰ ਸੀ ਕਿ ਲੋੜਵੰਦ ਕਿਸਾਨ ਕਿਤੇ ਇਹ ਜ਼ਮੀਨਾਂ ਅਮੀਰ, ਵਿਹਲੜ ਸ਼ਾਹੂਕਾਰਾਂ ਨੂੰ ਨਾ ਵੇਚ ਦੇਣ।

ਇਸ ਲਈ ਉਸ ਨੇ ਇਹ ਸ਼ਰਤਾਂ ਲਗਾ ਦਿੱਤੀਆਂ ਕਿ ਇਹ ਕਿਸਾਨ ਉਨਾਂ ਜ਼ਮੀਨਾਂ ਦੇ ਮਾਲਕ ਨਹੀਂ ਬਣ ਸਕਦੇ, ਵੇਚ ਨਹੀਂ ਸਕਦੇ, ਮਕਾਨ ਨਹੀਂ ਬਣਾ ਸਕਦੇ ਤੇ ਰੁੱਖ ਨਹੀਂ ਕੱਟ ਸਕਦੇ। ਜ਼ਮੀਨਾਂ ਦੇ ਟੋਟੇ-ਟੋਟੇ ਹੋਣ ਤੋਂ ਬਚਣ ਲਈ ਇੰਗਲੈਂਡ ਦੀ ਤਰਜ਼ ’ਤੇ ਇਹ ਵੀ ਕਿਹਾ ਗਿਆ ਕਿ ਕਿਸਾਨ ਦਾ ਸਿਰਫ਼ ਵੱਡਾ ਲੜਕਾ ਹੀ ਇਸ ਜ਼ਮੀਨ ਦਾ ਵਾਰਿਸ ਹੋਵੇਗਾ। ਅਣਵਿਆਹੇ ਜਾਂ ਬੇਔਲਾਦੇ ਕਿਸਾਨ ਦੀ ਜ਼ਮੀਨ ਸਰਕਾਰ ਵਾਪਸ ਲੈ ਸਕਦੀ ਸੀ। ਕਿਸਾਨਾਂ ਨੇ ਇਨਾਂ ਕਾਨੂੰਨਾਂ ਦਾ ਡਟ ਕੇ ਵਿਰੋਧ ਕੀਤਾ।

ਤਿੰਨ ਮਾਰਚ 1907 ਨੂੰ ਲਾਇਲਪੁਰ ’ਚ ਬਾਂਕੇ ਦਿਆਲ ਦੁਆਰਾ ਲਿਖਿਆ ਅਤੇ ਗਾਇਆ ਗੀਤ ‘ਪਗੜੀ ਸੰਭਾਲ ਜੱਟਾ’, ਪਗੜੀ ਸੰਭਾਲ ਓਇ’ ਇਸ ਅੰਦੋਲਨ ਦਾ ਨਾਮ ਹੀ ਬਣ ਗਿਆ। ਕਿਸਾਨਾਂ ਨੇ ਆਪਣੇ ਵਕੀਲ ਕਾਂਗਰਸੀ ਨੇਤਾ ਲਾਲਾ ਲਾਜਪਤ ਰਾਏ ਨੂੰ ਉਨਾਂ ਦੀ ਅਗਵਾਈ ਕਰਨ ਲਈ ਕਿਹਾ। ਇਕ ਸੰਮੇਲਨ ’ਚ ਉਹ ਜੋਸ਼ੀਲਾ ਭਾਸ਼ਣ ਤਾਂ ਦੇ ਗਏ ਪਰ ਮੋਹਰੀ ਬਣਨ ਨੂੰ ਤਿਆਰ ਨਹੀਂ ਹੋਏ। ਫਿਰ ਇਹ ਜਿੰਮੇਵਾਰੀ ਅਜੀਤ ਸਿੰਘ ਨੇ ਸੰਭਾਲ ਲਈ। ‘ਭਾਰਤ ਮਾਤਾ ਸੁਸਾਇਟੀ’ ਨੇ ਸਰਕਾਰ ਵਿਰੋਧੀ ਲਿਖਤਾਂ ਛਾਪਣ ਲਈ ‘ਭਾਰਤ ਮਾਤਾ ਪੁਸਤਕ ਏਜੰਸੀ’ ਵੀ ਸਥਾਪਤ ਕਰ ਲਈ।

ਭਾਸ਼ਣਾਂ ਤੇ ਲਿਖਤਾਂ ਰਾਹੀਂ ਉਨਾਂ ਨੇ ਇਸ ਨੂੰ ਜ਼ਬਰਦਸਤ ਜਨ ਅੰਦੋਲਨ ਬਣਾ ਦਿੱਤਾ। ਫ਼ੌਜ



’ਚ ਇਸ ਦੇ ਸਮਰਥਕ ਸਾਹਮਣੇ ਆਉਣ ਲੱਗੇ। ਅਠਾਰਾਂ ਅਪ੍ਰੈਲ 1907 ਨੂੰ ਮੁਲਤਾਨ ਵਿਖੇ 200 ਫ਼ੌਜੀ ਇਕ ਸਮਾਗਮ ’ਚ ਸ਼ਾਮਲ ਹੋਏ। ਕਈ ਥਾਵਾਂ ’ਤੇ ਫ਼ੌਜੀਆਂ ਨੇ ਪ੍ਰਦਰਸ਼ਨਕਾਰੀਆਂ ’ਤੇ ਗੋਲ਼ੀ ਚਲਾਉਣ ਤੋਂ ਇਨਕਾਰ ਕਰ ਦਿੱਤਾ। ਸਰਕਾਰ ਦੀ ਦਮਨਕਾਰੀ ਨੀਤੀ ਦੇ ਬਾਵਜੂਦ ਕਈ ਥਾਵਾਂ ’ਤੇ ਸਰਕਾਰੀ ਜਾਇਦਾਦ ਦਾ ਭਾਰੀ ਨੁਕਸਾਨ ਕਰ ਦਿੱਤਾ ਗਿਆ। ਕਈ ਅੰਗਰੇਜ਼ਾਂ ਦੀ ਕੁੱਟਮਾਰ ਕਰ ਕੇ ਉਨਾਂ ਦੇ ਮੂੰਹ ਕਾਲੇ ਕਰ ਦਿੱਤੇ ਗਏ।

ਗਵਰਨਰ ਇੱਬਟਸਨ ਨੇ ਇਸ ਨੂੰ ‘ਛੋਟਾ 1857’ ਕਹਿ ਕੇ ਵਾਇਸਰਾਏ ਹਾਰਡਿੰਗ ਨੂੰ ਫ਼ੌਜ ਵਿਚ ਬਗ਼ਾਵਤ ਹੋਣ ਦੇ ਗੰਭੀਰ ਖ਼ਤਰੇ ਬਾਰੇ ਤਾਰ ਭੇਜ ਦਿੱਤੀ। ਸਾਰੇ ਕ੍ਰਾਂਤੀਕਾਰੀ ਪ੍ਰਕਾਸ਼ਨਾਂ ’ਤੇ ਪਾਬੰਦੀ ਲਾ ਦਿੱਤੀ ਗਈ। ਅਜੀਤ ਸਿੰਘ ਨੇ ਮਾਰਚ ਅਤੇ ਅਪ੍ਰੈਲ ’ਚ 28 ਥਾਵਾਂ ’ਤੇ ਸਮਾਗਮ ਕਰ ਕੇ ਬਗ਼ਾਵਤ ਦਾ ਬਿਗਲ ਵਜਾ ਦਿੱਤਾ। ਸਰਕਾਰ ਨੇ 4 ਮਈ 1907 ਨੂੰ ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਦੇ ਗ੍ਰਿਫ਼ਤਾਰੀ ਵਾਰੰਟ ਕੱਢ ਦਿੱਤੇ। ਕਿਸ਼ਨ ਸਿੰਘ ਅਤੇ ਸਵਰਨ ਸਿੰਘ ਸਮੇਤ ਛੇ ਸਿਰਕੱਢ ਆਗੂ ਗ੍ਰਿਫ਼ਤਾਰ ਕਰ ਲਏ ਗਏ। ਅਜੀਤ ਸਿੰਘ ਅਤੇ ਲਾਲਾ ਜੀ ਨੂੰ ਬਰਮਾ ਦੀ ਮਾਂਡਲੇ ਜੇਲ ਭੇਜ ਦਿੱਤਾ ਗਿਆ।

ਕਾਂਗਰਸ ਨੇ ਕਾਫ਼ੀ ਦਸਤਖ਼ਤਾਂ ਵਾਲੀ ਅਪੀਲ ਕਰ ਕੇ ਗੋਪਾਲ ਕ੍ਰਿਸ਼ਨ ਗੋਖਲੇ ਰਾਹੀਂ ਸਿਰਫ਼ ਲਾਲਾ ਜੀ ਨੂੰ ਰਿਹਾਅ ਕਰਵਾਉਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਇਹ ਅੰਦੋਲਨ ਫ਼ੌਜ ’ਚ ਫ਼ੈਲ ਚੁੱਕਾ ਸੀ ਅਤੇ ਸਰਕਾਰ ਨੂੰ ਨਵੇਂ ਕਾਨੂੰਨ ਰੱਦ ਕਰਨੇ ਪਏ ਅਤੇ ਦੋਹਾਂ ਨੇਤਾਵਾਂ ਨੂੰ 7 ਨਵੰਬਰ 1907 ਨੂੰ ਰਿਹਾਅ ਕਰ ਦਿੱਤਾ ਗਿਆ। ਉਸ ਸਾਲ ਸੂਰਤ ਵਿਖੇ ਹੋਏ ਕਾਂਗਰਸ ਦੇ ਸੈਸ਼ਨ ’ਚ ਅਜੀਤ ਸਿੰਘ ਵੀ ਸ਼ਾਮਲ ਹੋਏ ਤੇ ਹਥਿਆਰਬੰਦ ਅੰਦੋਲਨ ਦੀ ਵਕਾਲਤ ਕੀਤੀ। ਪੰਜਾਬ ਵਾਪਸ ਆ ਕੇ ਉਹ ਫਿਰ ‘ਭਾਰਤ ਮਾਤਾ ਸੁਸਾਇਟੀ’ ਦਾ ਕੰਮ ਕਰਨ ਲੱਗੇ।

ਉਹ ਆਪਣੇ ਉਰਦੂ ਅਖ਼ਬਾਰ ‘ਪੇਸ਼ਵਾ’ ਵਿਚ ਹਥਿਆਰਬੰਦ ਬਗ਼ਾਵਤ ਦੀ ਲੋੜ ਬਾਰੇ ਲਿਖਣ ਲੱਗੇ। ਸਰਕਾਰ ਨੇ ਉਨਾਂ ਦੇ ਫਿਰ ਗ੍ਰਿਫ਼ਤਾਰੀ ਦੇ ਵਾਰੰਟ ਕੱਢ ਦਿੱਤੇ।

ਉਨਾਂ ਦੀ ਜਾਨ ਨੂੰ ਖ਼ਤਰੇ ਦੀ ਸੂਹ ਮਿਲਣ ’ਤੇ 1908 ਦੇ ਅੰਤ ’ਚ ਉਹ ਕਰਾਚੀ ਤੋਂ ਇਕ ਕਿਸ਼ਤੀ ’ਤੇ ਚੜ ਕੇ ਈਰਾਨ ਪਹੁੰਚ ਗਏ ਅਤੇ ਆਪਣਾ ਨਾਮ ਮਿਰਜ਼ਾ ਹਸਨ ਖ਼ਾਨ ਰੱਖ ਲਿਆ। ਉਸ ਵੇਲੇ ਪਾਸਪੋਰਟ ਦੀ ਬਹੁਤੀ ਲੋੜ ਨਹੀਂ ਹੁੰਦੀ ਸੀ। ਉੱਥੋਂ ਬਾਕੂ(ਰੂਸ), ਤੁਰਕੀ ਤੇ ਜਰਮਨੀ ਹੁੰਦੇ ਹੋਏ ਫਰਾਂਸ ’ਚ ਪੈਰਿਸ ਪਹੁੰਚ ਗਏ। ਉੱਥੇ ਉਨਾਂ ਨੇ ‘ਭਾਰਤੀ ਕ੍ਰਾਂਤੀਕਾਰੀ ਸੰਘ’ ਦੀ ਸਥਾਪਨਾ ਕੀਤੀ ਤੇ ਯੂਰਪ ’ਚ ਭਾਰਤ ਦੀ ਆਜ਼ਾਦੀ ਲਈ ਲੜ ਰਹੇ ਮਨੁੱਖਾਂ ਤੇ ਸੰਸਥਾਵਾਂ ਨਾਲ ਸੰਪਰਕ ਬਣਾਇਆ।

ਸੰਨ 1913 ’ਚ ਉਹ ਸਵਿਟਜ਼ਰਲੈਂਡ ਚਲੇ ਗਏ ਅਤੇ ‘ਕੌਮਾਂਤਰੀ ਕ੍ਰਾਂਤੀਕਾਰੀ ਸੰਗਠਨ’ ’ਚ ਸ਼ਾਮਲ ਹੋ ਗਏ। ਫਿਰ ਜਰਮਨੀ ਚਲੇ ਗਏ। ਯੂਰਪ ਵਿਚ ਉਹ ਲੈਨਿਨ, ਟਰਾਟਸਕੀ ਅਤੇ ਮਸੋਲੀਨੀ ਨੂੰ ਮਿਲੇ। ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋਣ ਵੇਲੇ ਉਹ ਬ੍ਰਾਜ਼ੀਲ ਚਲੇ ਗਏ ਤੇ ‘ਹਿੰਦੁਸਤਾਨ ਗ਼ਦਰ ਪਾਰਟੀ’ ਨਾਲ ਸਬੰਧ ਬਣਾ ਕੇ ਤੇਜਾ ਸਿੰਘ ਸੁਤੰਤਰ, ਭਾਈ ਰਤਨ ਸਿੰਘ ਤੇ ਬਾਬਾ ਭਗਤ ਸਿੰਘ ਬਿਲਗਾ ਦੇ ਸੰਪਰਕ ਵਿਚ ਆਏ। ਉਨਾਂ ਨੇ ਭਗਤ ਸਿੰਘ ਨੂੰ ਵੀ ਉੱਥੇ ਬੁਲਾਇਆ ਸੀ ਪਰ ਭਗਤ ਸਿੰਘ ਨੇ ਉਨਾਂ ਨੂੰ ਕ੍ਰਾਂਤੀਕਾਰੀ ਘੋਲ਼ ’ਚ ਹਿੱਸਾ ਲੈਣ ਲਈ ਭਾਰਤ ਵਾਪਸ ਆ ਜਾਣ ਲਈ ਕਿਹਾ ਸੀ।

ਸੰਨ 1932 ’ਚ ਉਹ ਫਿਰ ਯੂਰਪ ਚਲੇ ਗਏ ਤੇ ਸੁਭਾਸ਼ ਚੰਦਰ ਬੋਸ ਨੂੰ ਮਿਲੇ। ਉਨਾਂ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਜਰਮਨੀ ਦੀ ਮਦਦ ਲੈਣ ਬਾਰੇ ਵੀ ਸੋਚਿਆ ਸੀ। ਕੁਝ ਦੇਰ ਬਾਅਦ ਨੇਤਾ ਜੀ ਜਾਪਾਨ ਚਲੇ ਗਏ ਅਤੇ ਅਜੀਤ ਸਿੰਘ ਨੇ ਇਟਲੀ ਜਾ ਕੇ ‘ਫ਼ਰੈਂਡਜ਼ ਆਫ ਇੰਡੀਆ’ ਸੁਸਾਇਟੀ’ ਬਣਾ ਲਈ।

ਉਹ ਰੋਮ ਰੇਡੀਓ ਸਟੇਸ਼ਨ ਤੋਂ ਹਿੰਦੁਸਤਾਨੀ ਤੇ ਫ਼ਾਰਸੀ ਭਾਸ਼ਾਵਾਂ ’ਚ ਭਾਸ਼ਣ ਦੇ ਕੇ ਬਰਤਾਨਵੀ ਫ਼ੌਜ ਦੇ ਭਾਰਤੀ ਫ਼ੌਜੀਆਂ ਨੂੰ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਕਰਨ ਲਈ ਕਹਿੰਦੇ ਰਹੇ। ਉਨਾਂ ਨੇ ਮੁਹੰਮਦ ਸ਼ੈਦਾਈ ਨਾਲ ਮਿਲ ਕੇ ਇਟਲੀ ਦੁਆਰਾ ਗ੍ਰਿਫ਼ਤਾਰ ਕੀਤੇ ਗਏ 10,000 ਫ਼ੌਜੀਆਂ ਦਾ ਦਲ ਤਿਆਰ ਕੀਤਾ ਜੋ ‘ਆਜ਼ਾਦ ਹਿੰਦ ਫ਼ੌਜ’ ਦਾ ਹਿੱਸਾ ਬਣਨਾ ਸੀ।

ਉਨਾਂ ਨੇ ਇਟਲੀ ਨਾਲ ਇਹ ਸਮਝੌਤਾ ਕਰ ਲਿਆ ਸੀ ਕਿ ਇਹ ਭਾਰਤੀ ਫ਼ੌਜੀ ਭਾਰਤ ਦੀ ਜ਼ਮੀਨ ’ਤੇ ਹੀ ਲੜਨਗੇ ਤੇ ਉਹ ਵੀ ਸਿਰਫ਼ ਅੰਗਰੇਜ਼ਾਂ ਵਿਰੁੱਧ ਪਰ ਰਣ ਖੇਤਰ ’ਚ ਪਹੁੰਚਣ ਤੋਂ ਪਹਿਲਾਂ ਹੀ ਜੰਗ ਖ਼ਤਮ ਹੋ ਗਈ। ਅਮਰੀਕਾ-ਇੰਗਲੈਂਡ ਆਦਿ ਦੀਆਂ ਜੇਤੂ ਫ਼ੌਜਾਂ ਨੇ ਅਜੀਤ ਸਿੰਘ ਨੂੰ 2 ਮਈ 1945 ਨੂੰ ਗ੍ਰਿਫ਼ਤਾਰ ਕਰ ਲਿਆ। ਦਸੰਬਰ 1946 ਤਕ ਉਨਾਂ ਨੂੰ ਇਟਲੀ ਤੇ ਜਰਮਨੀ ਦੀਆਂ ਜੇਲਾਂ ’ਚ ਤਸੀਹੇ ਦਿੱਤੇ ਗਏ। ਇਧਰ ਭਾਰਤ ’ਚ 2 ਸਤੰਬਰ 1946 ਨੂੰ ਅੰਤਰਿਮ ਸਰਕਾਰ ਬਣ ਗਈ।

ਲੋਕਾਂ ਨੇ ਅਜੀਤ ਸਿੰਘ ਦੀ ਰਿਹਾਈ ਲਈ ਪੰਡਿਤ ਨਹਿਰੂ ’ਤੇ ਦਬਾਅ ਪਾਇਆ। ਇਸ ਤਰਾਂ ਉਨਾਂ ਨੂੰ ਲੰਡਨ ਲਿਆ ਕੇ ਭਾਰਤੀ ਹਾਈ ਕਮਿਸ਼ਨ ਦੇ ਹਵਾਲੇ ਕਰ ਦਿੱਤਾ ਗਿਆ। ਫਿਰਕੂ ਹਿੰਸਾ ਤੇ ਸਿਰ ’ਤੇ ਖਲੋਤੀ ਦੇਸ਼ ਦੀ ਵੰਡ ਨੇ ਉਨਾਂ ਦਾ ਦਿਲ ਤੋੜ ਦਿੱਤਾ। ਸਿਹਤ ਸੁਧਾਰਨ ਲਈ ਉਨਾਂ ਨੂੰ ਡਲਹੌਜ਼ੀ ਲਿਜਾਇਆ ਗਿਆ ਜਿੱਥੇ ਉਹ 15 ਅਗਸਤ 1947 ਨੂੰ ਚਲਾਣਾ ਕਰ ਗਏ।

# ਤਾਲਿਬ-ਏ-ਹੱਕ ਭਗਤ ਰਵਿਦਾਸ ਜੀ

**ਸਰਬਜੀਤ ਕੌਰ 'ਸਰਬ'**
**ਰਿਸਰਚ ਸਕੌਲਰ,**
**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,**
**ਪੰਜਾਬੀ ਯੂਨਿਵਰਸਿਟੀ ਪਟਿਆਲਾ**

ਤਾਲਿਬ-ਏ-ਹੱਕ ਸ਼ਬਦ ਤੋਂ ਭਾਵ ਸੱਚ (ਅਕਾਲ ਪੁਰਖ) ਦੀ ਭਾਲ ਕਰ ਕੇ ਸਾਰੀ ਲੋਕਾਈ ਨੂੰ ਉਸ ਇਕ ਦੀ ਸਿਰਜੀ ਹੋਈ ਰਚਨਾ ਦੱਸਣ ਵਾਲੀ ਰੱਬੀ ਰੂਹ ਜੋ ਉਸ ਸੱਚ ਦੀ ਗੱਲ ਕਰਦੀ ਹੈ, ਉਸ ਨੂੰ ਤਾਲਿਬ-ਏ-ਹੱਕ ਸ਼ਬਦ ਨਾਲ ਨਿਵਾਜਿਆ ਜਾਂਦਾ ਹੈ ਤਾਲਿਬ ਦਾ ਅਰਥ ਖੋਜ ਤੋਂ ਵੀ ਲਿਆ ਜਾਂਦਾ ਹੈ । ਪੰਜਾਬ ਦੀ ਧਰਤੀ ਗੁਰੂਆਂ ਪੀਰਾਂ ਦੀ ਧਰਤੀ ਮੰਨੀ ਜਾਂਦੀ ਹੈ, ਇਹ ਉਹ ਧਰਤੀ ਹੈ ਜਿੱਥੇ ਪੈਗੰਬਰਾਂ ਦਾ ਜਨਮ ਉਸ ਵੇਲੇ ਹੋਇਆ ਜਦੋਂ ਇਸ ਧਰਤੀ ਉੱਤੇ ਗਲਤ ਰੀਤੀ ਰਿਵਾਜ ਜ਼ੋਰਾਂ-ਸ਼ੋਰਾਂ ਉੱਤੇ ਚੱਲ ਰਹੇ ਸਨ। ਉਸ ਸਮੇਂ ਸਾਡੇ ਪੈਗੰਬਰਾਂ ਆਗਮਨ ਇਸ ਧਰਤੀ ਉੱਤੇ ਹੋਇਆ ਅਤੇ ਜਨ ਸਾਧਾਰਨ ਨੂੰ ਇਨ੍ਹਾਂ ਗਲਤ ਰੀਤੀ ਰਿਵਾਜਾਂ ਤੋਂ ਕੱਢ ਕੇ ਇਕ ਸੱਚ ਦੇ ਰਾਹੇ ਪਾਇਆ ਗਿਆ, ਹੌਲੀ-ਹੌਲੀ ਸਮਾਂ ਆਪਣੀ ਚਾਲ ਚਲਦਾ ਗਿਆ, ਪੈਗੰਬਰਾਂ ਦੁਆਰਾ ਉਸ ਧੁਰ ਕੀ ਬਾਣੀ ਨੂੰ ਕਲਮਬੱਧ ਕਰ ਕੇ ਜਨ ਸਾਧਾਰਨ ਨੂੰ ਸੌਂਪਿਆ ਗਿਆ ਅਤੇ ਆਦੇਸ਼ ਦਿੱਤਾ ਗਿਆ ਕਿ ਸ਼ਬਦ ਹੀ ਗੁਰੂ ਹੈ। ਸ਼ਬਦ ਗੁਰੂ ਨੂੰ ਇਕ ਜਗਾ ਇਕੱਤਰ ਕਰ ਕੇ ਉਸ ਨੂੰ ਨਾਮ ਦਿੱਤਾ ਗਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਜੋ ਮਾਨਸਿਕਤਾ ਨੂੰ ਸਕਾਰਤਮਕ ਭਾਵਨਾਵਾਂ ਨਾਲ ਭਰ ਦਿੰਦਾ ਹੈ, ਤੇ ਜਿਸ ਮਨੁੱਖ ਨੇ ਵੀ ਇਸ ਇਲਾਹੀ ਬਾਣੀ ਨੂੰ ਸਮਝਿਆ ਤੇ ਪਰਖਿਆ ਹੈ ਉਸ ਨੇ ਆਪਣੇ ਪੰਜਾਂ ਵਿਕਾਰਾਂ ਤੋਂ ਮੁਕਤੀ ਪ੍ਰਾਪਤ ਕਰ ਲਈ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿੱਥੇ ਆਪਣੇ ਗੁਰਿਆਈ ਕਾਲ ਦੌਰਾਨ ਇਸ ਬਾਣੀ ਦੇ ਖ਼ਜ਼ਾਨੇ ਨੂੰ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ, 11ਭੱਟਾਂ ਅਤੇ ਗੁਰੂ ਘਰ ਦੇ ਗੁਰਸਿੱਖਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਉੱਥੇ ਹੀ ਗੁਰੂ ਪਾਤਸ਼ਾਹ ਨੇ ਬੜੇ ਪਿਆਰ ਅਤੇ ਸਤਿਕਾਰ ਨਾਲ ਪੰਦਰਾਂ ਭਗਤਾਂ ਦੀ ਬਾਣੀ ਨੂੰ ਬੜੇ ਅਦਬ ਸਤਿਕਾਰ ਨਾਲ ਇਸ ਅਣਮੁੱਲੇ ਖ਼ਜ਼ਾਨੇ ਦਾ ਹਿੱਸਾ ਬਣਾਇਆ। ਇਨ੍ਹਾਂ ਪੰਦਰਾਂ ਭਗਤਾਂ ਵਿੱਚੋਂ ਹੀ ਭਗਤ ਰਵਿਦਾਸ ਜੀ ਦਾ ਨਾਂ ਵਰਨਣਯੋਗ ਹੈ । ਭਗਤ ਰਵਿਦਾਸ ਜੀ ਨੇ ਮਨੁੱਖਤਾ ਵਿਚ ਸਾਂਝੀਵਾਲਤਾ ਦਾ ਸੰਦੇਸ਼ ਦਿੰਦਿਆਂ ਆਪਸੀ ਪਿਆਰ ਤੇ ਸਮਾਨਤਾ ਦੀ ਭਾਵਨਾ ਨੂੰ ਪ੍ਰਗਟ ਕੀਤਾ, ਕਿਉਂਕਿ ਉਸ ਵੇਲੇ ਸਮਾਜ ਵਿਚ ਫੈਲੀਆਂ ਬੁਰਾਈਆਂ, ਊਚ-ਨੀਚ ਛੂਤ-ਛਾਤ ਤੇ ਨਾ ਬਰਾਬਰੀ ਅਜਿਹੀਆਂ ਅਨੇਕਾਂ ਕਰਮ ਕਾਂਡੀ ਸਮਾਜਿਕ ਬੁਰਾਈਆਂ ਦਾ ਜ਼ੋਰਦਾਰ ਖੰਡਨ ਕੀਤਾ। ਭਗਤ ਰਵਿਦਾਸ ਜੀ ਦੀ ਵਿਚਾਰਧਾਰਾ ਵਿਚ ਇਨਹਾਂ ਸਮਾਜਿਕ ਆਡੰਬਰਾਂ ਨੂੰ ਜੜੋਂ ਖਤਮ ਕਰ ਕੇ ਇੱਕ ਸੱਚ ਦੇ ਨਾਲ ਜੋੜਨ ਅਤੇ ਬਰਾਬਰਤਾ ਦੀ ਸੋਚ ਪੈਦਾ ਕਰਨਾ ਹੀ ਸੀ । ਭਗਤ ਰਵਿਦਾਸ ਜੀ ਦਾ ਜਨਮ ਅਜਿਹੇ ਸਮੇਂ ਵਿਚ ਹੋਇਆ ਜਦੋਂ ਸਮਾਜ ਜਾਤਾਂ ਪਾਤਾਂ ਦੇ ਤਾਣੇ ਵਿੱਚ ਉਲਝਿਆ ਹੋਇਆ ਸੀ, ਜਿਸ ਵਿੱਚ ਇੱਕ ਪਾਸੇ ਵਿਦੇਸ਼ੀ ਹਕੂਮਤਾਂ ਦੂਜੇ ਪਾਸੇ ਸਵਦੇਸ਼ੀ ਹਕੂਮਤਾਂ ਅਤੇ ਬ੍ਰਾਹਮਣਵਾਦੀ ਵਿਚਾਰਧਾਰਾ ਲੋਕਾਂ ਨੂੰ ਵਰਣ ਵਿੱਚ ਵੰਡ ਰਹੀ ਸੀ, ਇਸ ਬਿਰਤੀ ਨੇ ਪ੍ਰਮਾਤਮਾ ਦੀ ਸਿਰਜੀ ਇਸ ਸ੍ਰਿਸ਼ਟੀ ਵਿਚ ਊਚ ਨੀਚ ਦਾ ਪਾੜਾ ਪਾ ਕੇ ਮਨੁੱਖਤਾ ਦਾ ਬਟਵਾਰਾ ਕੀਤਾ ਹੋਇਆ ਸੀ।

ਭਗਤ ਰਵਿਦਾਸ ਜੀ ਦਾ ਜਨਮ 1376 ਈ. ਉੱਤਰ ਪ੍ਰਦੇਸ਼ ਦੇ ਬਨਾਰਸ ਵਿੱਚ ਰਘੂ ਰਾਏ ਜੀ ਦੇ ਘਰ ਮਾਤਾ ਕਰਮਾ ਦੇਵੀ ਜੀ ਦੀ ਕੁੱਖੋਂ ਹੋਇਆ। ਭਗਤ ਰਵਿਦਾਸ ਜੀ ਦੇ ਜਨਮ ਬਾਰੇ ਬੇਸ਼ਕ ਬਹੁਤ ਸਾਰੇ ਵਿਦਵਾਨਾਂ ਦੀ ਆਪਸੀ ਅਸਹਿਮਤੀ ਹੈ ਪਰ ਇਸ ਤਾਰੀਕ ਨੂੰ ਬਹੁਮਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਰਵਿਦਾਸ ਜੀ ਦੀ ਬਾਣੀ 40 ਸ਼ਬਦਾਂ ਵਿਚ ਤੇ 16 ਰਾਗਾਂ ਵਿਚ ਹੈ। ਭਗਤ ਰਵਿਦਾਸ ਜੀ ਦਾ ਲੋਕਾਈ ਲਈ ਜੋ ਮੁੱਖ ਕਾਰਜ ਕੀਤੇ ਉਹ ਸੀ, ਸਰਗੁਣ ਤੇ ਨਿਰਗੁਣ ਭਗਤੀ ਵੱਲ ਲੈ ਕੇ ਜਾਣਾ ਅਤੇ ਜਾਤ ਪਾਤ ਦੀ ਨਿਖੇਧੀ ਤੇ ਮੂਰਤੀ ਪੂਜਾ ਦਾ ਵਿਰੋਧ ਕਰਨਾ। ਗੁਰੂ ਰਵਿਦਾਸ ਜੀ ਚਮਾਰ ਜਾਤੀ ਨਾਲ ਸਬੰਧ ਰੱਖਦੇ ਸਨ। ਉਸ ਸਮੇਂ ਦੇ ਹਾਲਾਤ ਨੀਵੀਂ ਜਾਤੀ ਨਾਲ ਸਬੰਧ ਰੱਖਣ ਵਾਲੇ ਮਨੁੱਖ ਲਈ ਬਹੁਤ ਜ਼ਿਆਦਾ ਔਖੇ ਸਨ ਕਿਉਂਕਿ ਹਰ ਪਾਸੇ ਕਰਮ ਕਾਂਡ ਦਾ ਬੋਲਬਾਲਾ ਸੀ ਅਤੇ ਸਮੇਂ ਦੇ ਹਾਕਮ ਵੀ ਉੱਚ ਜਾਤੀ ਨਾਲ ਸਬੰਧਤ ਹੋਣ ਦੇ ਕਾਰਨ ਨੀਵੀਂ ਜਾਤ ਦੇ ਮਨੁੱਖ ਨੂੰ ਚੰਗਾ ਨਹੀਂ ਸਮਝਦੇ ਸਨ। ਭਗਤ ਰਵਿਦਾਸ ਜੀ ਨੇ ਹਾਕਮਾਂ ਦੇ ਵਿਰੁੱਧ ਇਕ ਅਜਿਹਾ ਅੰਦੋਲਨ ਆਰੰਭਿਆ ਜੋ ਕਿ ਸਮੇਂ ਦੇ ਕਰਮਕਾਂਡਾਂ ਨੂੰ ਖ਼ਤਮ ਕਰਦਾ ਸੀ ਅਤੇ ਜਿਸ ਵਿੱਚੋਂ ਮਨੁੱਖਤਾ ਨੂੰ ਸੁੱਖ ਦਾ ਸਾਹ ਆਇਆ। ਭਗਤ ਰਵਿਦਾਸ ਜੀ ਨੇ ਧਰਮ ਨੂੰ ਮੰਦਰਾਂ ਵਿਚੋਂ ਬੁੱਤ ਦੇ ਦੁਆਲੇ ਹੋਏ ਧਰਮ ਨੂੰ ਉੱਥੋਂ ਚੁੱਕ ਕੇ ਝੁੱਗੀਆਂ ਵਿਚ ਰਹਿਣ ਵਾਲੇ ਆਮ ਲੋਕਾਂ ਤੱਕ ਪਹੁੰਚਾ ਦਿੱਤਾ। ਧਰਮ ਨੂੰ ਪੱਥਰਾਂ ਦੇ ਮੰਦਿਰਾਂ ਵਿੱਚੋਂ ਕੱਢ ਕੇ ਮਨੁੱਖੀ ਮਨ ਰੂਪੀ ਮੰਦਰ ਤਕ ਪਹੁੰਚਾ ਦਿੱਤਾ, ਇਹ ਭਗਤ ਰਵਿਦਾਸ ਜੀ ਦੀ ਕੁਰਬਾਨੀ ਹੈ ਜਿਨਾਂ ਨੇ ਉਸ ਜਾਤੀ ਨੂੰ ਸੱਚ ਨਾਲ ਜੋੜੀਆ ਜਿਨਾਂ ਨੂੰ ਉਚ ਵਰਗ ਵੱਲੋਂ ਘ੍ਰਿਣਾ ਕੀਤੀ ਜਾਂਦੀ ਸੀ। 'ਰਵਿਦਾਸ ਚਮਾਰ ਉਸਤਤਿ ਕਰੇ, ਹਰਕੀਰਤ ਨਿਮਖ ਇਕ ਗਾਏ' ਜਿਸ ਨੂੰ ਲੋਕ ਨੀਵੀਂ ਜਾਤੀ ਵਾਲਾ ਕਹਿੰਦੇ ਸਨ ਉਹ ਐਨੇ ਉੱਚੇ ਮੁਕਾਮ ਤੇ ਸੁਸ਼ੋਭਿਤ ਹੋਇਆ ਜਿੱਥੇ ਚਾਰ ਵਰਨ ਦੇ ਲੋਕ ਉਸ ਦੇ ਚਰਨੀ ਆ ਕੇ ਲੱਗ ਗਏ।

ਉਸ ਸਮੇਂ ਦੇ ਹਲਾਤ ਨੀਵੀਂ ਜਾਤ ਲਈ ਬਹੁਤ ਮਾੜੇ ਸਨ ਤੇ ਇਨਾਂ ਨੂੰ ਸ਼ੂਦਰ ਆਖ ਕੇ ਬੁਲਾਇਆ ਜਾਂਦਾ ਸੀ। ਇਨਾਂ ਸ਼ੂਦਰਾਂ 'ਤੇ ਬਹੁਤ ਸਾਰੀਆਂ ਪਬੰਦੀਆਂ ਲਾਈਆ ਹੋਇਆ ਸਨ ਜਿਵੇਂ, ਜੇਕਰ ਉਹ ਰਸਤੇ ਵਿੱਚ ਜਾਂਦੇ ਤਾਂ ਉਨਾਂ ਨੂੰ ਆਪਣੇ ਗਲ ਵਿੱਚ ਇੱਕ ਟੱਲ ਪਾਉਣਾ ਪੈਂਦਾ ਸੀ ਤਾਂ ਜੋ ਅੱਗੇ ਆਉਣ ਵਾਲੇ ਰਾਹੀਆਂ ਨੂੰ ਪਤਾ ਲੱਗ ਜਾਵੇਂ ਕੀ ਕੋਈ ਸ਼ੂਦਰ ਜਾਤੀ ਵਾਲਾ ਬੰਦਾ ਇੱਧਰ ਨੂੰ ਆ ਰਿਹਾ ਹੈ । ਉਸ ਦਾ ਪਰਛਾਵਾਂ ਕਿਸੇ ਮਨੁੱਖ ਉੱਤੇ ਨਾ ਪੈ ਜਾਏ, ਕਿਸੇ ਉੱਚ ਜਾਤੀ ਵਾਲੇ ਤੇ ਨਾ ਪੈ ਜਾਏ ਇਸ ਲਈ ਉਸ ਜਾਤੀ ਨਾਲ ਸਬੰਧਤ ਮਨੁੱਖ ਦੇ ਗਲ ਟੱਲ ਪਾਇਆ ਜਾਂਦਾ ਸੀ । ਇਸ ਦੇ ਨਾਲ ਹੀ ਉਸ ਸ਼ੂਦਰ ਜਾਤੀ ਦੇ ਮਨੁੱਖ ਦੇ ਪਾਏ ਹੋਏ ਕੱਪੜੇ ਨਾਲ ਪਿੱਛੇ ਇੱਕ ਟਾਹਣੀ ਬੰਨੀ ਜਾਂਦੀ ਸੀ ਤਾਂ ਜੋ ਜਿਸ ਰਾਹੀਂ ਉਹ ਜਾ ਰਿਹਾ ਹੈ ਉਸ ਦੀਆਂ ਪੈੜਾਂ ਸਾਫ਼ ਹੋ ਜਾਣ ਕਹਿਣ ਤੋਂ ਭਾਵ ਉਸ ਦੇ ਪੈਰਾਂ ਦੇ ਨਿਸ਼ਾਨ ਵੀ ਰਾਹ ਵਿਚ ਮਿਟਾਏ ਜਾਂਦੇ ਸੀ ਤਾਂ ਜੋ ਕਿਸੇ ਬ੍ਰਾਹਮਣ ਜਾਂ ਉੱਚ ਜਾਤੀ ਮਨੁੱਖੀ ਦੇ ਪੈਰ ਉਸ ਦੀਆਂ ਪੈੜਾਂ ਉੱਤੇ ਨਾ ਰੱਖੇ ਜਾਣ । ਇਹ ਉਹ ਸਮਾਂ ਸੀ ਜਦੋਂ ਨੀਵੀਂ ਜਾਤ ਦੇ ਮਨੁੱਖ ਨੂੰ ਘਿਰਣਾ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ । ਇਸ ਦੀ ਸਪੱਸ਼ਟਤਾ ਭਾਈ ਕਾਨ ਸਿੰਘ ਨਾਭਾ ਜੀ ਨੇ ਮਨੂ ਸਮਰਿਤੀ ਦਾ ਹਵਾਲਾ ਦਿੰਦਿਆਂ ਆਖਿਆ ਹੈ, ਜੇਕਰ ਕੋਈ ਬ੍ਰਾਹਮਣ ਫਲ ਤੋੜਨ ਦੇ ਲਈ ਦਰੱਖਤ ਉੱਤੇ ਚੜਦਾ ਸੀ ਤੇ ਉਸ ਸਮੇਂ ਜੇਕਰ ਕੋਈ ਸ਼ੂਦਰ ਜਾਤੀ ਵਾਲਾ ਬੰਦਾ ਉਸ ਦਰੱਖਤ ਦੇ ਥੱਲਿਓਂ ਲੰਘਦੇ ਹੋਏ ਉਸ ਬੰਦੇ ਦਾ ਪਰਛਾਵਾਂ ਉਸ ਦਰੱਖਤ ਉੱਤੇ ਪੈ ਜਾਂਦਾ ਤਾਂ ਉਸ ਦਰੱਖਤ ਦਾ ਫਲ ਵੀ ਬ੍ਰਾਹਮਣ ਜਾਤੀ ਦੇ ਮਨੁੱਖ ਲਈ ਇਕ ਜ਼ਹਿਰ ਮੰਨਿਆ ਜਾਂਦਾ ਸੀ ਅਜਿਹੇ ਹਾਲਾਤਾਂ ਵਿਚ ਸੱਚ ਦਾ ਪ੍ਰਚਾਰ ਕਰਨ ਵਾਲੇ ਨੂੰ ਵੀ ਦੋਸ਼ੀ ਕਿਹਾ ਜਾਂਦਾ ਸੀ ਤੇ ਇੱਕ ਅਕਾਲ ਦੇ ਪੁੱਤਰ ਹੋਣ ਕਰਕੇ ਵੀ ਇਸ ਸ਼ੂਦਰ ਜਾਤੀ ਨਾਲ ਏਨਾ ਕਹਿਰ ਕਮਾਇਆ ਜਾਂਦਾ ਸੀ।

ਮਨੂ ਸਮ੍ਰਿਤੀ ਵਿੱਚ ਅੱਗੇ ਲਿਖਿਆ ਹੋਇਆ ਮਿਲਦਾ ਹੈ, ਜੇਕਰ ਕੋਈ ਦਲਿਤ ਵੇਦਾਂ ਦਾ ਪਾਠ ਸੁਣਦਾ ਹੈ ਤਾਂ ਉਸ ਦੇ ਕੰਨ ਵਿਚ ਸਿੱਕਾ ਪਿਘਲਾ ਕੇ ਪਾ ਦਿੱਤਾ ਜਾਵੇ ਅਤੇ ਜੇਕਰ ਕੋਈ ਦਲਿਤ ਵੇਦਾਂ ਦਾ ਪਾਠ ਕਰਦਾ ਹੈ ਤਾਂ ਉਸ ਦੀ ਜੀਭ ਕੱਟ ਦਿੱਤੀ ਜਾਵੇ, ਅਜਿਹੇ ਹਾਲਾਤਾਂ ਦੇ ਵਿੱਚ ਭਗਤ ਰਵਿਦਾਸ ਜੀ ਦਾ ਆਗਮਨ ਇਸ ਧਰਤੀ ਤੇ ਹੁੰਦਾ ਹੈ ਅਤੇ ਉਨਾਂ ਨੇ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਵਿਰੋਧ ਵਿਚ ਇਕ ਲਹਿਰ ਦੀ ਸ਼ੁਰੂਆਤ ਕੀਤੀ ਜਿਸ ਨੂੰ ਭਗਤੀ ਲਹਿਰ ਦਾ ਨਾਂ ਦਿੱਤਾ ਗਿਆ । ਇਸ ਭਗਤੀ ਲਹਿਰ ਨੇ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਅਜਿਹੀ ਚੁਣੌਤੀ ਦਿੱਤੀ ਜਿਸ ਨੇ ਨੀਚ ਸਮਝੀਆਂ ਜਾਂਦੀਆਂ ਜਾਤੀਆਂ ਦੇ ਲੋਕਾਂ ਨੂੰ ਅਣਖ ਅਤੇ ਸਵੈਮਾਣ ਨਾਲ ਜਿਊਣ ਦਾ ਪਾਠ ਪੜਾਇਆ ਅਤੇ ਅਤੇ ਜਨ ਸਾਧਾਰਨ ਵਿੱਚ ਇਹ ਦ੍ਰਿੜਤਾ ਕਾਇਮ ਕੀਤੀ ਕਿ ਕੋਈ ਵੀ ਮਨੁੱਖ ਆਪਣੇ ਕੰਮਾਂ ਕਾਰਾਂ ਕਰਕੇ ਛੋਟਾ ਵੱਡਾ ਨਹੀਂ ਹੁੰਦਾ ਸਗੋਂ ਉਸ ਦੀ ਸੋਚ ਹੀ ਉਸ ਨੂੰ ਛੋਟਾ ਜਾਂ ਵੱਡਾ ਬਣਾਉਂਦੀ ਹੈ, ਇਸ ਦੀ ਸਪੱਸ਼ਟਤਾ ਲਈ ਹੀ ਭਗਤ ਰਵਿਦਾਸ ਜੀ ਨੇ ਕਦੇ ਵੀ ਆਪਣੇ ਆਪ ਨੂੰ ਜਾਂ ਆਪਣੇ ਪਿਤਾ ਪੁਰਖੀ ਕਿੱਤੇ ਨੂੰ ਕਿਤੇ ਲੁਕਾਉਣ ਦਾ ਯਤਨ ਕਦੇ ਨਹੀਂ ਕੀਤਾ ਸਗੋਂ ਡੰਕੇ ਦੀ ਚੋਟ ਤੇ ਕਿਹਾ ਕਿ ,

'ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸਾ ਪਾਸਾ' (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਭਗਤ ਰਵਿਦਾਸ ਜੀ ਬਾਰੇ ਇਹ ਗੱਲ ਆਮ ਆਖੀ ਜਾਂਦੀ ਹੈ ਕਿ ਭਗਤ ਰਵਿਦਾਸ ਜੀ ਸੰਤ ਰਾਮਾਨੰਦ ਦੇ ਚੇਲੇ ਸਨ ਪਰ ਭਗਤ ਕਬੀਰ ਜੀ ਦੀ ਰਚਨਾ ਅਤੇ ਜੀਵਨ ਉੱਪਰ ਕੰਮ ਕਰਨ ਵਾਲੇ ਵਿਦਵਾਨਾਂ ਨੇ ਅਸਹਿਮਤੀ ਪ੍ਰਗਟਾਈ ਹੈ। ਜਿਸ ਵਿਚ ਡਾ ਜਸਬੀਰ ਸਿੰਘ ਸਾਬਰ ਨੇ ਇਸ ਸਬੰਧੀ ਲਿਖਿਆ ਹੈ ਕਿ ,'ਉਨਾਂ ਦਾ ਗੁਰੂ ਪਾਰਬ੍ਰਹਮ ਪ੍ਰਮੇਸ਼ਰ ਸੀ' ਇਸ ਕਥਨ ਨੂੰ ਆਧਾਰ ਬਣਾ ਕੇ ਇੱਥੇ ਇਹ ਲਿਖਣਾ ਹੀ ਵਾਜਬ ਹੋਵੇਗਾ ਕਿ ਭਗਤ ਰਵਿਦਾਸ ਜੀ ਨੇ ਜਿਨਾਂ ਮਹਾਂਪੁਰਸ਼ਾਂ ਤੋਂ ਪ੍ਰੇਰਨਾ ਲਈ ਸੀ ਉਨਾਂ ਨੂੰ ਹੀ ਗੁਰੂ ਮੰਨਿਆ ਜਿਨਾਂ ਵਿੱਚ ਨਾਮਦੇਵ,ਕਬੀਰ,ਤ੍ਰਿਲੋਚਨ, ਸਾਧਨਾ, ਸੈਨ ਇਨਾਂ ਦਾ ਜ਼ਿਕਰ ਆਪਣੀ ਬਾਣੀ ਵਿਚ ਵੀ ਕੀਤਾ ਹੈ,

'ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ'
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਸਮਾਜਿਕ ਧਾਰਮਿਕ ਰਾਜਨੀਤਿਕ ਵਿਸ਼ਿਆਂ ਉੱਪਰ ਚਾਨਣਾ ਬੜੇ ਹੀ ਸੁਚੱਜੇ ਢੰਗ ਨਾਲ ਪਾਇਆ ਗਿਆ ਹੈ ਇਸ ਲਈ ਹੀ ਗੁਰੂ ਅਰਜਨ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਵੇਲੇ ਭਗਤ ਰਵਿਦਾਸ ਜੀ ਦੀ ਬਾਣੀ ਨੂੰ ਉਚੇਚੇ ਥਾਂ ਤੇ ਰੱਖਿਆ ਹੈ। ਇੱਥੇ ਇਹ ਗੱਲ ਕਹਿਣੀ ਅਤਿ ਲਾਜ਼ਮੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਨੂੰ ਬਰਾਬਰਤਾ ਦਿੱਤੀ ਗਈ ਹੈ ਕਿਸੇ ਵੀ ਤਰਾਂ ਦਾ ਕੋਈ ਵੀ ਮਾਤ ਭੇਦ ਇਸ ਵਿੱਚ ਨਹੀਂ ਕੀਤਾ ਗਿਆ ਹੈ ਇਸੇ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਕਾਲ ਤਕ ਮਿਲਾਉਣ ਦਾ ਰਸਤਾ ਅਤੇ ਸੁਚੱਜੇ ਜੀਵਨ ਢੰਗ ਜਿਉਣ ਦੀ ਸਹੀ ਸੇਧ ਦਿੱਤੀ ਗਈ ਹੈ ।

'ਬੇਗਮ ਪੁਰਾ ਸਹਰ ਕੋ ਨਾਉ ਦੂਖੁ ਅੰਦੋਹ ਨਹੀ ਤਿਹਿ ਠਾਉ, ਨਾਂ ਤਸਵੀਸ ਖਿਰਾਜੁ ਨ ਮਾਲੁ ਖਉਫੁ ਨ ਖਤਾ ਨ ਤਰਸੁ ਜਵਾਲੁ' 'ਅਬ ਮੋਹਿ ਖੂਬ ਵਤਨ ਗਹ ਪਾਈ, ਉਹਾਂ ਖੈਰਿ ਸਦਾ ਮੇਰੇ ਭਾਈ। (ਰਹਾਉ) ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿੱਚ ਇੱਕ ਅਜਿਹੇ ਸ਼ਹਿਰ ਦਾ ਸੁਪਨਾ ਲਿਆ ਹੈ ਜਿਸ ਵਿੱਚ ਕਿਸੇ ਨੂੰ ਕੋਈ ਦੁੱਖ ਤਕਲੀਫ਼ ਨਹੀਂ ਹੋਵੇਗਾ। ਨਾਗਰਿਕਾਂ ਦੇ ਜਾਨ ਮਾਲ ਦੀ ਗਾਰੰਟੀ ਹੋਵੇ, ਰਾਜ ਸ਼ਕਤੀਸ਼ਾਲੀ ਹੋਵੇ ਅਤੇ ਉਸਨੂੰ ਕਿਸੇ ਅੰਦਰੂਨੀ ਜਾਂ ਬਾਹਰੀ ਖ਼ਤਰੇ ਦਾ ਡਰ ਨਾ ਹੋਵੇ। ਲੋਕਾਂ ਨੂੰ ਕਿਸੇ ਚੀਜ਼ ਦੀ ਕੋਈ ਘਾਟ ਨਾ ਹੋਵੇ। ਨਾਗਰਿਕਾਂ ਦੇ ਸੁੱਖ ਸਹੂਲਤ ਦਾ ਪੂਰਾ ਖ਼ਿਆਲ ਰੱਖਿਆ ਜਾਵੇ ਅਤੇ ਸਭ ਨੂੰ ਆਜ਼ਾਦੀ ਹੋਵੇ। ਸੋ ਸਾਨੂੰ ਅਜਿਹਿਆਂ ਵਲਗਣਾਂ ਵਿਚੋਂ ਨਿਕਲਕੇ ਰਵਿਦਾਸ ਭਗਤ ਦੇ ਬੇਗਮਪੁਰੇ ਦੇ ਸੰਕਲਪ ਨੂੰ ਦੁਨੀਆਂ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ। ਬੇਸ਼ੱਕ ਹੁਣ ਦੁਨੀਆਂ ਵਿੱਚ ਕਾਰਲ ਮਾਰਕਸ ਦੇ ਸਮਾਜਵਾਦੀ ਸਿਧਾਂਤ ਦੀ ਚਰਚਾ ਹੋ ਰਹੀ ਹੈ ਪਰ ਇਸ ਗੱਲ ਦਾ ਮਾਣ ਭਗਤ ਰਵਿਦਾਸ ਜੀ ਨੂੰ ਜਾਂਦਾ ਹੈ ਜਿਨਾਂ ਨੇ ਬੇਗਮਪੁਰੇ ਦੇ ਸਿਧਾਂਤ ਨੂੰ ਚਿਤਵਿਆ, ਪਰ ਪਤਾ ਨਹੀਂ ਕਿਉਂ ਸਾਡੇ ਵਿੱਚ ਆਪਣੇ ਵਿਰਸੇ ਨਾਲੋਂ ਟੁੱਟਕੇ ਦੂਜਿਆਂ ਨੂੰ ਅਪਣਾਉਣ ਦੀ ਹੋੜ ਜਿਹੀ ਲੱਗੀ ਹੋਈ ਹੈ। ਇਹ ਵੀ ਇੱਕ ਸਾਜਿਸ਼ ਹੈ ਜਿਸ ਨੂੰ ਸਮਝਣਾ ਸਮੇਂ ਦੀ ਲੋੜ ਹੈ।

---

## ਧਰਮ ਦੇ ਨਾਮ ਤੇ ਇਨਸਾਨੀਅਤ ਦੀ ਵੰਡ

**ਸਰਬਜੀਤ ਕੌਰ**

ਕਲਯੁੱਗੀ ਭਾਣਾ ਵਰਤ ਰਿਹਾ ਹੈ, ਇਨਸਾਨ ਦਿਨ ਪ੍ਰਤੀ ਦਿਨ ਧਰਮ ਦੇ ਨਾਮ ਤੇ ਵੰਡੀਆਂ ਪਾ ਰਿਹਾ ਹੈ, ਜੋ ਲੋਕ ਧਰਮ ਦੇ ਨਾਂ ਤੇ ਆਪਣੀ ਤਾਕਤ ਦਾ ਪ੍ਰਦਰਸ਼ਨ ਕਰ ਰਹੇ ਹਨ ਉਹ ਲੋਕ ਸਿਰਫ ਧਰਮ ਸ਼ਬਦ ਤੋਂ ਹੀ ਜਾਣੂ ਹਨ ਪਰ ਇਸ ਸ਼ਬਦ ਦੇ ਵਿਚਲੇ ਅਰਥਾਂ ਨੂੰ ਉਨਾਂ ਨੇ ਬਿਲਕੁਲ ਅੱਖੋਂ ਓਹਲੇ ਕੀਤਾ ਹੋਇਆ ਹੈ ।

ਜੋ ਸ਼ਬਦ ਸਾਨੂੰ ਇਕ ਨਾਲ ਜੋੜਦਾ ਹੈ,ਉਹ ਹੈ ਧਰਮ ਧਰਮ ਦੇ ਰੂਪ ਵੱਖ ਹੋ ਸਕਦੇ ਹਨ ਜਿਵੇਂ ਹਿੰਦੂ, ਮੁਸਲਿਮ, ਸਿੱਖ, ਈਸਾਈ ਪਰ ਇਨਾਂ ਧਰਮਾਂ ਦਾ ਨਾਅਰਾ ਇੱਕ ਕੀ ਹੈ ਉਹ ਹੈ 'ਸੱਚ ਦੇ ਰਸਤੇ ਉੱਤੇ ਚੱਲਣਾ', ਕੋਈ ਵੀ ਧਰਮ ਇਹ ਨਹੀਂ ਸਿਖਾਉਂਦਾ ਕੀ ਧਰਮ ਦੇ ਨਾਮ ਤੇ ਲੋਕਾਂ ਨੂੰ ਇਕੱਠਾ ਕੀਤਾ ਜਾਵੇ ਜਾਂ ਉਨਾਂ ਵਿੱਚ ਇਨਸਾਨੀਅਤ ਮਤਭੇਦ ਪੈਦਾ ਕੀਤਾ ਜਾਵੇ। ਜਦੋਂ ਮਨੁੱਖ ਕੋਲ ਤਕਨੀਕੀ ਗਿਆਨ ਨਹੀਂ ਸੀ, ਉਸ ਸਮੇਂ ਲੋਕਾਂ ਨੂੰ ਧਰਮ ਦਾ ਗਿਆਨ ਵੀ ਸੀ ਅਤੇ ਦੂਜੇ ਧਰਮਾਂ ਦੇ ਪ੍ਰਤੀ ਸਤਿਕਾਰ ਦੀ ਭਾਵਨਾ ਵੀ ਸੀ, ਪਰ ਅਜੋਕੇ ਸਮੇਂ ਵਿੱਚ ਇਸ ਤਕਨੀਕੀ ਗਿਆਨ ਨੂੰ ਮਨੁੱਖ ਨੇ ਅਜਿਹੀ ਜ਼ਹਿਰ ਘੋਲਣ ਵਾਲੀ ਮਸ਼ੀਨ ਬਣਾ ਲਿਆ ਹੈ ਜਿਸ ਨਾਲ ਆਏ ਦਿਨ ਲੱਖਾਂ ਲੋਕਾਂ ਨੂੰ ਮਾਨਸਿਕ ਤੌਰ ਤੇ ਪ੍ਰਭਾਵਿਤ ਕੀਤਾ ਜਾਂਦਾ ਹੈ । ਅਜਿਹੇ ਪ੍ਰਭਾਵ ਦੇ ਅਧੀਨ ਆ ਕੇ ਲੱਖਾਂ ਲੋਕ ਧਾਰਮਿਕ ਈਰਖਾ ਨੂੰ ਲੈ ਕੇ ਬੈਠ ਗਏ ਹਨ, ਅਜੋਕੇ ਸਮੇਂ ਵਿਚ ਇਸ ਦੀ ਸਪੱਸ਼ਟ ਉਦਾਹਰਣ, ਟਵੀਟ ਦੇ ਰਾਹੀਂ ਕਪਿਲ ਮਿਸ਼ਰਾ ਨੇ 'ਹਿੰਦੂ ਇਕੋਸਿਸਟਮ' ਦੀ ਗੱਲ ਆਖੀ ਹੈ ਧਰਮ ਦੇ ਨਾਂ 'ਤੇ 'ਇਕੋ ਸਿਸਟਮ' ਦੀ ਇਹ ਰਣਨੀਤੀ ਬਣਾਉਣਾ ਕਿੱਥੋਂ ਤੱਕ ਸਹੀ ਹੈ, ਸਮੇਂ ਦੀਆਂ ਸਰਕਾਰਾਂ ਤਾਂ ਪਹਿਲਾਂ ਹੀ ਅਜਿਹੀਆਂ ਰਣਨੀਤੀਆਂ ਘੜ ਰਹੀਆਂ ਹਨ ਜੋ ਆਪਸੀ ਵੰਡ ਕਰਵਾ ਕੇ ਭਾਈਚਾਰਕ ਸਾਂਝ ਨੂੰ ਖ਼ਤਮ ਕਰ ਰਹੀਆਂ ਹਨ । ਸੋ ਜੇਕਰ ਅਸੀਂ ਇਸ ਤਕਨੀਕੀ ਗਿਆਨ ਨੂੰ ਸਹੀ ਦਿਸ਼ਾ ਵਿੱਚ ਲੈ ਕੇ ਜਾਂਦੇ ਹਾਂ ਤਾਂ ਕਲਯੁਗ ਦੀ ਜਗਾ ਸਤਿਜੁਗ ਆ ਸਕਦਾ ਹੈ ਅਜਿਹਾ ਕਰਨਾ ਸਿਰਫ ਮਨੁੱਖ ਦੇ ਹੱਥ ਹੈ। ਮਨੁੱਖੀ ਜੀਵਨ ਦੀ ਇਹ ਧਾਰਨਾ ਬਣ ਜਾਣੀ ਚਾਹੀਦੀ ਹੈ ਕਿ ਧਰਮ ਸਿਰਫ ਇੱਕ ਰਸਤਾ ਹੈ ਜੋ ਉਸ ਅਣਦਿੱਖ ਨਿਰੰਕਾਰ ਸ਼ਕਤੀ ਨਾਲ ਮਿਲਾਉਂਦਾ ਹੈ।

## ਮਾਨਸਿਕ ਸ਼ਾਂਤੀ ਲਈ ਜ਼ਰੂਰੀ ਹੈ ਧਿਆਨ

### (Learn To Meditate)

**ਹਰਕੀਰਤ ਕੌਰ**
**9779118066**

ਫਰਾਂਸ ਦੇ ਇੱਕ ਮਹਾਨ ਗਣਿਤ ਸ਼ਾਸ਼ਤਰੀ ਬਲੇਸੀ ਪਾਸਕਲ ਲਿਖਦੇ ਹਨ ਕਿ 'ਹਰੇਕ ਇਨਸਾਨ ਦੇ ਦੁੱਖ ਉਸ ਸਮੇਂ ਉਪਜਦੇ ਹਨ ਜਦੋਂ ਉਹ ਇੱਕ ਕਮਰੇ ਵਿੱਚ ਇਕੱਲਾ ਸ਼ਾਂਤ ਬੈਠਣ ਵਿੱਚ ਅਸਫਲ ਹੋਵੇ।' ਮੈਂ ਵੀ ਇਸ ਗੱਲ ਨਾਲ ਸਹਿਮਤ ਹਾਂ ਸਾਡੀ ਸਾਰਿਆਂ ਦੀ ਜ਼ਿੰਦਗੀ ਸ਼ੋਰ ਨਾਲ ਭਰੀ ਹੋਈ ਹੈ। ਸਵੇਰ ਹੁੰਦਿਆਂ ਹੀ ਘੜੀ ਦੇ ਅਲਾਰਮ ਦਾ ਸ਼ੋਰ ਅੱਖ ਖੋਲਦਾ ਹੈ, ਕੰਮ ਤੇ ਜਾਣ ਵੇਲੇ ਤਿਆਰ ਹੁੰਦੇ ਪਿੱਛੇ ਚੱਲਦੇ ਟੈਲੀਵਿਜਨ ਦਾ ਸ਼ੋਰ, ਸਫਰ ਕਰਦਿਆਂ ਗੱਡੀਆਂ ਕਾਰਾਂ ਦੇ ਹਾਰਨਾਂ ਦਾ ਸ਼ੋਰ, ਸਾਰਾ ਦਿਨ ਦਫਤਰ ਵਿੱਚ ਕੰਮ ਦਾ ਬੋਝ ਅਤੇ ਅਵਾਜ, ਫੋਨ ਦੀਆਂ ਘੰਟੀਆਂ, ਘਰ ਪਰਤਦਿਆਂ ਫਿਰ ਤੋਂ ਟੀ. ਵੀ ਜਾਂ ਹੋਰ ਅਵਾਜਾਂ! ਕਹਿਣ ਤੋਂ ਭਾਵ ਕਿ ਸਾਰਾ ਦਿਨ ਸ਼ੋਰ ਸ਼ਰਾਬੇ ਵਿੱਚ ਹੀ ਗੁਜ਼ਰ ਜਾਂਦਾ ਹੈ। ਅਸੀਂ ਇਸ ਸ਼ੋਰ ਵਿੱਚ ਅਜਿਹਾ ਗਵਾਚ ਚੁੱਕੇ ਹਾਂ ਕਿ ਆਪਣੇ ਮਨ, ਆਤਮਾ ਦੀ ਅਵਾਜ ਸਾਨੂੰ ਸੁਣਨੀ ਬੰਦ ਹੋ ਚੁੱਕੀ ਹੈ। ਅਸੀਂ ਕੁਝ ਸਮਾਂ ਸ਼ਾਂਤ ਰਹਿਣ ਦੀ ਮਹੱਤਤਾ ਹੀ ਭੁੱਲ ਚੁੱਕੇ ਹਾਂ।

ਧਿਆਨ ਵਿੱਚ ਲੀਨ ਹੋ ਆਪਣੇ ਅੰਦਰ ਦੀ ਖੋਜ ਕਰਨ ਦੀ ਸ਼ਮਤਾ ਤੋਂ ਬਿਨਾਂ ਅਸੀ ਇੱਕ ਸਕੂਨ ਮਈ ਜੀਵਨ ਦੀ ਆਸ ਨਹੀਂ ਰੱਖ ਸਕਦੇ। ਜੇਕਰ ਅਸੀਂ ਕੁਝ ਸਮੇਂ ਲਈ ਆਪਣੇ ਮਨ ਨੂੰ ਕਾਬੂ ਵਿੱਚ ਰੱਖ ਕੇ ਆਪਣੇ ਧਿਆਨ ਨੂੰ ਕੇਂਦਰਤ ਨਹੀਂ ਕਰ ਸਕਦੇ ਤਾਂ ਸਾਡਾ ਆਪਣੀ ਜਿੰਦਗੀ ਦੇ ਮਿਥੇ ਟੀਚਿਆਂ ਨੂੰ ਸਰ ਕਰਨਾ ਮੁਸ਼ਕਲ ਹੋਵੇਗਾ। ਇੱਕ ਅਨੁਸ਼ਾਸਨਮਈ ਮਨ ਤੋਂ ਬਗੈਰ ਮਾਮੂਲੀ ਅਤੇ ਅਰਥਹੀਣ ਵਿਚਾਰ ਸਾਡੇ ਉੱਪਰ ਹਮੇਸ਼ਾ ਹਾਵੀ ਹੁੰਦੇ ਰਹਿਣਗੇ। ਧਿਆਨ ਤੋਂ ਬਿਨਾ ਸਾਡਾ ਦਿਮਾਗ ਸਾਡਾ ਨੌਕਰ ਬਣਨ ਦੀ ਬਜਾਏ ਸਾਡਾ ਮਾਸਟਰ ਬਣ ਜਾਂਦਾ ਹੈ। ਧਿਆਨ ਲਗਾਉਣ ਲਈ ਜ਼ਰੂਰੀ ਨਹੀਂ ਕਿ ਅਸੀਂ ਜੰਗਲਾਂ ਜਾਂ ਪਹਾੜਾਂ ਵਿੱਚ ਹੀ ਜਾਣਾ ਹੈ, ਆਪਣੇ ਕਮਰੇ ਵਿੱਚ ਕੁਝ ਸਮਾਂ ਹਰ ਤਰਾਂ ਦੀ ਚਿੰਤਾ ਬੈਚੇਨੀ ਨੂੰ ਇੱਕ ਪਾਸੇ ਰੱਖ ਸਿਰਫ ਆਪਣੀ ਅੰਤਰ ਆਤਮਾ ਜਾਂ ਆਪਣੀ ਸਭ ਤੋਂ ਪਿਆਰੀ ਵਸਤੂ, ਇਨਸਾਨ ਜਾ ਜਗਾ ਦਾ ਧਿਆਨ ਧਰ ਕੇ ਬੈਠਣਾ ਵੀ ਇੱਕ ਸਾਧਨਾ ਹੈ। ਜੋ ਸਾਡੇ ਮਨ ਨੂੰ ਬਹੁਤ ਸਕੂਨ ਦਿੰਦੀ ਹੈ। ਸਾਧਨਾ ਜਾਂ ਧਿਆਨ ਨਾਲ ਅਸੀ ਆਪਣੇ ਦਿਮਾਗ ਨੂੰ ਆਪਣੇ ਅਨੁਸਾਰ ਚਲਾ ਸਕਦੇ ਹਾਂ। ਜੇਕਰ ਅਸੀਂ ਆਪਣੇ ਦਿਨ ਵਿਚੋਂ ਘੱਟੋ ਘੱਟ ਵੀਹ ਮਿੰਟ ਵੀ ਧਿਆਨ ਵਿੱਚ ਬੈਠਦੇ ਹਾਂ ਤਾਂ ਸਾਡਾ ਬਾਕੀ ਦਿਨ ਚਿੰਤਾਵਾਂ, ਪ੍ਰੇਸ਼ਾਨੀਆਂ ਹੋਣ ਦੇ ਬਾਵਜੂਦ ਵੀ ਸਕੂਨਮਈ ਰਹਿੰਦਾ ਹੈ। ਸਾਡੇ ਚਿਹਰੇ ਤੇ ਇੱਕ ਵੱਖਰੀ ਹੀ ਮੁਸਕਰਾਹਟ ਅਤੇ ਰੰਗਤ ਹੁੰਦੀ ਹੈ। ਜਿਸ ਨਾਲ ਸਾਡੇ ਸੰਪਰਕ ਵਿੱਚ ਆਉਣ ਵਾਲੇ ਹਰ ਵਿਅਕਤੀ ਨੂੰ ਸਕਾਰਾਤਮਕ ਊਰਜਾ ਮਿਲਦੀ ਹੈ। ਸਾਡੇ ਵਿੱਚ ਮੁਸ਼ਕਿਲਾਂ ਨਾਲ ਹਲੀਮੀ ਅਤੇ ਸਹਿਜਤਾ ਨਾਲ ਲੜਨ ਦੀ ਸ਼ਮਤਾ ਵੱਧਦੀ ਹੈ ਅਤੇ ਆਪਣੇ ਜੀਵਨ ਦੇ ਹਰ ਇੱਕ ਮਿੰਟ ਨੂੰ ਅਰਾਮ ਤੇ ਖ਼ੁਸ਼ੀ ਨਾਲ ਜਿਉਂਦੇ ਹਾਂ। ਇਸ ਲਈ ਸ਼ੋਰ ਸ਼ਰਾਬੇ ਵਾਲੀ ਜ਼ਿੰਦਗੀ ਵਿਚੋਂ ਕੁਝ ਸਮਾਂ ਕੱਢ ਅੰਤਰ ਆਤਮਾ ਵਿੱਚ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਤਾਂ ਜੋ ਇੱਕ ਖ਼ੁਸ਼ਹਾਲ ਜੀਵਨ ਦਾ ਅਨੰਦ ਮਾਣ ਸਕੀਏ।

# ਲਾਚਾਰ ਸੁਪਨਾ

ਕਹਾਣੀ

**.. ਪਾਲ ਸਿੰਘ ਪਟਿਆਲਵੀ**

ਕਰਮਾਂ ਦੀ ਮਹਿੰਦੀ,
ਕਿਵੇਂ ਰੰਗ ਲਿਆਵੇ ਅੜਿਆ,
ਜੇ ਤਲੀ ਉੱਤੇ ਰੱਖ ਦੇਵੇ ਕੋਈ
ਪੀਰ ਮਿਰਚਾਂ ਦੇ ਪੱਤੇ ਵੇ ਅੜਿਆ।

ਦੂਰੋਂ ਹੌਲੀ-ਹੌਲੀ ਰੁਕਦੀ ਹੋਈ ਦਿੱਲੀ ਤੋਂ ਤੁਰੀ ਪਟਿਆਲੇ-ਬਠਿੰਡੇ ਨੂੰ ਜਾਂਦੀ ਹੋਈ ਰੇਲ ਗੱਡੀ ਜਦ ਰਾਹ ਵਿੱਚ ਆਉਂਦੇ ਰਾਜਪੁਰੇ ਜੰਕਸ਼ਨ ਪਲੇਟਫਾਰਮ ਉੱਤੇ ਅਜੇ ਰੁਕੀ ਹੀ ਸੀ ਕਿ ਪਲੇਟਫਾਰਮ ਉੱਤੇ ਲਾਲ-ਸੂਹੀ ਵਰਦੀ ਵਿੱਚ ਬੈਠੀ ਹੋਈ ਕੁਲੀਆਂ ਦੀ ਡਾਰ ਇੱਕਦਮ ਹਰਕਤ ਵਿੱਚ ਆ ਗਈ। ਕੁਲੀ ਗੱਡੀ ਦੀਆਂ ਬਾਰੀਆਂ ਅੱਗੇ ਆਣ ਖੜੇ ਹੋਏ ਅਤੇ ਬਾਹਰ ਉੱਤਰ ਰਹੇ ਮੁਸਾਫ਼ਰਾਂ ਦੇ ਸਮਾਨ ਵੱਲ ਲਲਚਾਈਆਂ ਅੱਖਾਂ ਨਾਲ ਵੇਖ ਕੇ ਉਨਾਂ ਦੇ ਹੱਥ ਮੁਸਾਫ਼ਰਾਂ ਦੇ ਸਮਾਨ ਬੈਗਾਂ ਵੱਲ ਉੱਲਰ ਪਏ... 'ਬਾਊ ਜੀ! ਕੁਲੀ ਚਾਹੀਦੈ, ਬੀਬੀ ਭੈਣ ਜੀ ਕੁਲੀ'।

ਕਈ ਮੁਸਾਫਰਾਂ ਦਾ ਸਮਾਨ ਉਹ ਮੁਸਾਫਰਾਂ ਦੀ ਹਾਂ ਨਾਂਹ ਕਰਨ ਤੋਂ ਪਹਿਲਾਂ ਹੀ ਚੁੱਕ ਕੇ ਆਪਣੇ ਮੋਢਿਆਂ ਸਿਰਾਂ ਉੱਤੇ ਰੱਖ ਕੇ ਕਹਿੰਦੇ, "ਸਰਦਾਰ ਜੀ, ਜੋ ਮਰਜ਼ੀ ਦੇ ਦੇਣਾ" ਕਹਿ ਕੇ ਮੁਸਾਫ਼ਰ ਨੂੰ ਆਪਣੇ ਪਿੱਛੇ ਤੁਰਨ ਉੱਤੇ ਮਜਬੂਰ ਕਰ ਦਿੰਦੇ। ਇਨਾਂ ਕੁਲੀਆਂ ਵਿੱਚੋਂ ਜੋ ਕੁਝ ਤਕੜੇ ਸਰੀਰ ਦੇ ਜਵਾਨ ਗੱਭਰੂ ਹੁੰਦੇ ਉਹ ਤਾਂ ਨੱਠ ਭੱਜ ਕੇ ਮੁਸਾਫ਼ਰਾਂ ਦਾ ਜ਼ਿਆਦਾ ਭਾਰੀ ਸਮਾਨ ਚੁੱਕ ਲੈਂਦੇ ਅਤੇ ਜੋ ਕੁਝ ਕਮਜ਼ੋਰ ਅਤੇ ਸਿਆਣੀ ਉਮਰ ਦੇ ਕੁਲੀ ਹੁੰਦੇ ਉਹ ਲਾਚਾਰ ਹੋ ਕੇ ਖਾਲੀ ਹੱਥ ਮੁੜ ਆ ਕੇ ਪਲੇਟਫਾਰਮ ਉੱਤੇ ਆ ਬਹਿੰਦੇ ਅਤੇ ਅਗਲੀ ਰੇਲ ਗੱਡੀ ਦੀ ਉਡੀਕ ਵਿੱਚ ਅੱਖਾਂ ਉੱਧਰ ਨੂੰ ਲਾ ਲੈਂਦੇ।

...ਇਨਾਂ ਸਿਆਣੇ ਹੋ ਚੁੱਕੇ ਕੁਲੀਆਂ ਵਿੱਚੋਂ ਦੀਨਾ ਨਾਥ ਏਸੇ ਪਲੇਟਫਾਰਮ ਉੱਤੇ ਆਪਣੀ ਜਵਾਨੀ ਦੇ ਸਫ਼ਰ ਦੀ ਗੱਡੀ ਚਲਾ ਕੇ ਆਪਣੇ ਸਫ਼ਰ ਦੇ ਤੀਹ ਸਾਲ ਦਾ ਸਫ਼ਰ ਪੂਰਾ ਕਰ ਕੇ ਸਭ ਤੋਂ ਪੁਰਾਣਾ ਕੁਲੀ ਸੀ। ਉਹ ਪਲੇਟਫ਼ਾਰਮ ਉੱਤੇ ਰੁਕਦੀਆਂ ਗੱਡੀਆਂ ਦੇ ਮੁਸਾਫ਼ਰਾਂ ਦਾ ਭਾਰ ਆਪਣੇ ਮੋਢਿਆਂ ਤੇ ਸਿਰਾਂ ਉੱਤੇ ਚੁੱਕਦਾ ਅਤੇ ਉਹ ਸੋਚਦਾ ਉਹਨਾਂ ਮੁਸਾਫ਼ਰਾਂ ਵਿੱਚੋਂ ਕਈ ਪੜੇ-ਲਿਖੇ ਨੌਜਵਾਨ ਚੰਗੇ ਅਮੀਰ ਅਤੇ ਕੀਮਤੀ ਪਹਿਰਾਵੇ ਵਾਲੇ ਹੁੰਦੇ। ਕਈ ਨੌਜਵਾਨ ਖ਼ੂਬਸੂਰਤ ਜੋੜੀਆਂ ਜੋ ਨਵ-ਵਿਆਹੀਆਂ ਲੱਗਦੀਆਂ, ਤਾਂ ਉਸ ਦੀਆਂ ਅੱਖਾਂ ਵਿੱਚ ਇੱਕ ਸੁਪਨਾ ਜਿਹਾ ਆ ਰੜਕਦਾ ਅਤੇ ਆਪਣੇ ਇਸ ਸੁਪਨੇ ਨੂੰ ਪੂਰਾ ਕਰਨ ਲਈ ਮਨ ਹੀ ਮਨ ਵਿੱਚ ਫ਼ੈਸਲਾ ਕੀਤਾ ਕਿ ਚਾਹੇ ਕੁਝ ਵੀ ਹੋਵੇ ਉਹ ਵੀ ਆਪਣੇ ਇੱਕੋ-ਇੱਕ ਛੇ ਵਰਿਆਂ ਦੇ ਪੁੱਤ ਸ਼ਿਵਚਰਨ ਨੂੰ ਪੜਾ-ਲਿਖਾ ਕੇ ਇਨਾਂ ਚੰਗੀ ਦਿੱਖ ਵਾਲੇ, ਚੰਗੀਆਂ ਨੌਕਰੀਆਂ ਕੰਮਾਂ ਵਾਲੇ ਮੁਸਾਫਰਾਂ ਵਾਂਗ ਬਣਾਵਾਂਗੇ ਅਤੇ ਮੇਰੇ ਵਰਗੇ ਕੁਲੀ ਮੇਰੇ ਪੁੱਤ ਦਾ ਸਮਾਨ ਢੋਇਆ ਕਰਨਗੇ ਅਤੇ ਮੈਂ ਅਰਾਮ ਦਾ ਸਾਹ ਲਵਾਂਗਾ।

.... ਅਤੇ ਕੁਲੀ ਦੀਨਾ ਨਾਥ ਦੇ ਸੁਪਨਿਆਂ ਨੂੰ ਹੁਣ ਬੂਰ ਲੱਗਣ ਲੱਗ ਪਿਆ। ਉਸ ਦਾ ਪੁੱਤ ਸ਼ਿਵ ਚਰਨ ਦੀ ਜਵਾਨੀ ਨਾਲ ਉਸ ਦੀ ਪੜਾਈ ਵੀ ਖ਼ੂਬ ਚੱਲਦੀ ਰਹੀ। ਉਹ ਆਪਣੇ ਗ਼ਰੀਬ ਪਿਓ ਦੇ ਸੁਪਨਿਆਂ ਨੂੰ ਜਿਵੇਂ ਸਾਕਾਰ ਕਰ ਰਿਹਾ ਹੋਵੇ। ਹੁਣ ਦੀਨਾ ਨਾਥ ਕੁਲੀ ਦਾ ਇਹ ਪੁੱਤ ਜਵਾਨੀ ਦੀ ਪੂਰੀ ਨਿਖਾਰ ਵਿੱਚ ਇੱਕ ਉੱਚਾ ਲੰਮਾ, ਚੰਗੀ ਦਿੱਖ ਵਾਲਾ ਗੱਭਰੂ ਲੱਗਦਾ ਸੀ ਅਤੇ ਆਪਣੇ ਪੁੱਤ ਦੀ ਪੜਾਈ ਅਤੇ ਇਹ ਸੋਹਣੀ ਜਵਾਨੀ ਦੇਖ ਕੇ ਕੁਲੀ ਦੀਨਾ ਨਾਥ ਦੇ ਸਰੀਰ ਵਿੱਚ ਵੀ ਜਿਵੇਂ ਤਾਕਤ ਆ ਗਈ ਹੋਵੇ। ਉਹ ਪਲੇਟਫ਼ਾਰਮ ਉੱਤੇ ਹੋਰ ਭੱਜ ਨੱਠ ਕੇ ਮਿਹਨਤ ਕਰਕੇ ਸਮਾਨ ਢੋਂਦਾ ਰਹਿੰਦਾ ਅਤੇ ਉਹਦਾ ਪੁੱਤ ਸ਼ਿਵ ਕਿਤਾਬਾਂ ਦਾ ਭਾਰ ਅਤੇ ਹੁਣ ਉਹ ਕਾਲਜ ਦੀ ਮੰਜ਼ਲ ਪੂਰੀ ਕਰਕੇ ਐਮ. ਏ. ਦੀ ਪੜਾਈ ਕਰ ਰਿਹਾ ਸੀ।

ਚਰਨ ਪੜਾਈ ਵਿੱਚ ਅੱਵਲ ਅਤੇ ਆਪਣੀ ਭਰ ਜਵਾਨੀ ਦੀ ਸੋਹਣੀ ਨੁਹਾਰ ਕਰਕੇ ਉਹ ਜਿੱਥੇ ਕਾਲਜ ਦੇ ਪ੍ਰਿੰਸੀਪਲ, ਪ੍ਰੋਫ਼ੈਸਰਾਂ ਦੀ ਪ੍ਰਸੰਨਤਾ ਦਾ ਪਾਤਰ ਬਣਿਆ, ਉੱਥੇ ਸਾਰੇ ਕਾਲਜ ਵਿੱਚ ਵੀ ਆਪਣੇ ਨਿੱਘੇ ਸੁਭਾਅ, ਹਲੀਮੀ ਅਤੇ ਮਿੱਠੇ ਬੋਲਾਂ ਦੇ ਜਾਦੂ ਨਾਲ ਉਹ ਹਰ ਇੱਕ ਦੀ ਖਿੱਚ ਦਾ ਕਾਰਨ ਬਣਿਆ। ਕਾਲਜ ਵਿੱਚ ਕਈ ਜਵਾਨ ਕੁੜੀਆਂ ਉਸ ਬਾਰੇ ਸੋਚਦੀਆਂ ਅਤੇ ਮੁਸਕਰਾ ਕੇ ਆਪਣੀਆਂ ਅੱਖਾਂ ਨੂੰ ਸ਼ਰਮ ਦੇ ਪਰਦੇ ਹੇਠ ਛੁਪਾ ਲੈਂਦੀਆਂ।

ਇੱਕ ਦਿਨ ਕਾਲਜ ਦੀ ਕੰਟੀਨ ਨੂੰ ਜਾਂਦਿਆਂ ਆਪਣੇ ਖ਼ਿਆਲਾਂ ਵਿੱਚ ਗੁੰਮ-ਸੁੰਮ ਹੋਏ ਸ਼ਿਵਚਰਨ ਦਾ ਸਟੂਡੈਂਟਸ ਦੀ ਭੀੜ ਵਿੱਚ ਅਚਾਨਕ ਕਿਸੇ ਦੇ ਮੋਢੇ ਨਾਲ ਸ਼ਿਵਚਰਨ ਦੇ ਮੋਢੇ ਦਾ ਟਕਰਾਅ ਹੋ ਗਿਆ ਅਤੇ ਉਹਦੇ ਹੱਥਾਂ ਵਿੱਚ ਫੜੀਆਂ ਕਿਤਾਬਾਂ ਹੇਠਾਂ ਡਿੱਗ ਪਈਆਂ।

"ਆਈ ਐਮ ਵੈਰੀ ਸੋਰੀ, ਰੀਅਲੀ ਸੋਰੀ", ਕਿਸੇ ਨੇ ਹੇਠਾਂ ਝੁਕ ਕੇ ਉਹ ਡਿੱਗੀਆਂ ਕਿਤਾਬਾਂ ਚੁੱਕ ਕੇ ਫੜਾਉਂਦਿਆਂ ਹੋਇਆਂ ਕਿਹਾ।

"ਨੇਵਰ ਮਾਈਂਡ, ਇਟਸ ਓ. ਕੇ."। ਜਦ ਸ਼ਿਵਚਰਨ ਨੇ ਉਹ ਕਿਤਾਬਾਂ ਦੇਣ ਵਾਲੇ ਦੇ ਹੱਥੋਂ ਫੜੀਆਂ, ਤਾਂ ਦੋਨਾਂ ਨੇ ਇੱਕ-ਦੂਜੇ ਦੀਆਂ ਅੱਖਾਂ ਵਿੱਚ ਇਸ ਤਰਾਂ ਦੇਖਿਆ ਜਿਵੇਂ ਦੋਨਾਂ ਦੀਆਂ ਅੱਖਾਂ ਵਿੱਚ ਸਜਰੀ ਸਵੇਰ ਦੀ ਸ਼ਬਨਮ ਪ੍ਰੇਮ ਜੋੜੀ ਬਣ ਕੇ ਚਮਕ ਗਈ ਹੋਵੇ। ਦੋਨੋਂ ਜਿਵੇਂ ਅੱਖਾਂ ਦੇ ਰਾਹੀਂ ਇੱਕ ਦੂਜੇ ਦੀ ਦਿਲ ਦੀ ਤਹਿ ਤੱਕ ਉਤਰ ਗਏ ਹੋਣ ਅਤੇ ਦੋਨਾਂ ਦੇ ਦਿਲਾਂ ਵਿੱਚ ਇੱਕ ਪ੍ਰੇਮ ਸੰਗੀਤ ਦੀ ਜਿਵੇਂ ਕੋਈ ਤਰੰਗ ਜਾਗ ਪਈ ਹੋਵੇ।

"ਕਲਪਨਾ, ਮੇਰਾ ਨਾਂ ਕਲਪਨਾ ਹੈ"। ਕਲਪਨਾ ਦੇ ਹੋਂਠ ਹਿਲੇ ਅਤੇ ਉਸ ਦੀਆਂ ਅੱਖਾਂ ਵਿੱਚ ਇੱਕ ਸਵਾਲ ਉੱਭਰਿਆ।

"ਜੀ ਮੇਰਾ ਨਾਂ ਸ਼ਿਵਚਰਨ ਹੈ" ਸ਼ਿਵ ਨੇ ਸਵਾਲ ਪੜ ਕੇ ਜਵਾਬ ਦਿੱਤਾ।

...ਅਤੇ ਫਿਰ ਢਲਦੀ ਸੁਰਮਈ ਸ਼ਾਮਾਂ ਨੂੰ ਤਾਰਿਆਂ ਦੀ ਲੋਅ ਥੱਲੇ ਇਨਾਂ ਦੋਨਾਂ ਪ੍ਰੇਮੀਆਂ ਦੇ ਕੋਲ ਇਕਰਾਰ ਹੁੰਦੇ ਜ਼ਿੰਦਗੀ ਦੇ ਭਵਿੱਖ ਵਿੱਚ ਇਕੱਲਿਆਂ ਸਾਥ ਨਿਭਾਉਣ ਦੇ... ਉੱਧਰ ਪਲੇਟਫ਼ਾਰਮ ਉੱਤੇ ਦੀਨਾ ਨਾਥ ਦੇ ਸਾਥੀ ਕੁਲੀਆਂ ਵਿੱਚੋਂ ਕਿਸੇ ਨੇ ਉਸ ਦੇ ਪੁੱਤ ਸ਼ਿਵਚਰਨ ਅਤੇ ਕਲਪਨਾ ਬਾਰੇ ਭਿਣਕ ਪਾ ਦਿੱਤੀ।

"ਬਈ ਦੀਨੇ ਦੇ ਪੁੱਤ ਨਾਲ ਇੱਕ ਪੜੀ ਲਿਖੀ ਸੋਹਣੀ ਜਵਾਨ ਮੁਟਿਆਰ ਮੇਰੀ ਘਰ ਵਾਲੀ ਨੇ ਬਜ਼ਾਰ ਘੁੰਮਦਿਆਂ ਦੇਖੀ ਏ, "ਰੇਲਗੱਡੀ ਦੀ ਉਡੀਕ ਵਿੱਚ ਬੈਠੇ ਕੁਲੀਆਂ ਵਿੱਚੋਂ ਰਾਮ ਸਿੰਘ ਕੁਲੀ ਨੇ ਗੱਲ ਖੋਲੀ।"

"ਵਾਹ ਬਈ ਵਾਹ ਦੀਨੇ ਹੁਣ ਤਾਂ ਰੱਬ ਮਿਹਰਬਾਨ ਹੋ ਗਿਆ ਲੱਗਦੈ ਤੇਰੇ ਉੱਤੇ।"

"ਬਈ ਕਿਉਂ ਨਾ ਮਿਹਰਬਾਨ ਹੋਵੇ, ਆਖਿਰ ਪੜਿਆ-ਲਿਖਿਆ ਸੋਹਣਾ ਨੌਜਵਾਨ ਗੱਭਰੂ ਏ, ਦੀਨੇ ਨੇ ਕੀ ਕਸਰ ਛੱਡੀ ਏ ਮੁੰਡੇ ਨੂੰ ਪੜਾਉਣ ਤੋਂ। ਆਪਣੇ ਹੱਡ ਮੋਢੇ ਤਾਂ ਤੁੜਵਾ ਦਿੱਤੇ ਜੇ ਲੋਕਾਂ ਦਾ ਸਮਾਨ ਢੋਅ-ਢੋਅ ਕੇ" ਬਾਕੀ ਦੇ ਕੁਲੀ ਹੁੰਗਾਰਾ ਭਰਦੇ।

"ਸਾਥੀਓ! ਪਰਮਾਤਮਾ ਤੁਹਾਡੇ ਸਭ ਮਜ਼ਦੂਰਾਂ ਉੱਤੇ, ਮਿਹਰਬਾਨ ਹੋਵੇ ਅਤੇ ਰੱਬ ਸਭ ਦੀ ਔਲਾਦ ਨੂੰ ਇਸ ਤਰਾਂ ਦੀ ਪੜੀ-ਲਿਖੀ ਬਣਾਵੇ" ਦੀਨਾ ਨਾਥ ਪਰਮਾਤਮਾ ਅਤੇ ਸਾਥੀ ਕੁਲੀਆਂ ਦਾ ਧੰਨਵਾਦ ਕਰਦਾ।

.... ਅਤੇ ਦੀਨਾ ਨਾਥ ਦੀਆਂ ਅੱਖਾਂ ਇੱਕ ਚੰਗੇ ਭਵਿੱਖ ਸੁਖਾਵੀਂ ਜ਼ਿੰਦਗੀ ਦੇ ਭਵਿੱਖ ਲਈ ਚਮਕ ਉੱਠਦੀਆਂ। ਉਹ ਰੇਲ ਗੱਡੀ ਦੇ ਉਤਰਦੇ ਮੁਸਾਫ਼ਰਾਂ ਵਿੱਚੋਂ ਜਦ ਕਿਸੇ ਜਵਾਨ ਜੋੜੀ ਨੂੰ ਮੁਸਕਰਾਉਂਦੇ ਚਿਹਰਿਆਂ ਨਾਲ ਚੰਗੇ ਪਹਿਰਾਵੇ ਵਿੱਚ ਦੇਖਦਾ ਤਾਂ ਉਹਨੂੰ ਆਪਣੇ ਪੁੱਤ ਸ਼ਿਵ ਦੀ ਜੋੜੀ ਲੱਗਦੀ, ਜਦ ਕਿਸੇ ਚੰਗੇ ਰੱਜੇ-ਪੁੱਜੇ ਮੁਸਾਫ਼ਰ ਨੂੰ ਉਹਦਾ ਸਮਾਨ ਨੂੰ ਚੁੱਕਦਿਆਂ ਦੇਖਿਆ ਤਾਂ ਉਹ ਉਹਨੂੰ ਆਪਣਾ ਸ਼ਿਵ ਲੱਗਦਾ ਤਾਂ ਜਿਵੇਂ ਦੀਨਾ ਨਾਥ ਦੇ ਚਿਹਰੇ ਉੱਤੋਂ ਚਿਰਾਂ ਦੀ ਮਿਹਨਤ ਨਾਲ ਥਕਾਵਟ ਸਾਰੀ ਦੀ ਸਾਰੀ ਉਤਰ ਗਈ ਹੋਵੇ ਅਤੇ ਉਹਨੂੰ ਲੱਗਦਾ ਕਿ ਉਹਦਾ ਪੁੱਤ ਹੁਣ ਪੜ-ਲਿਖ ਕੇ ਆਪਣੀ ਕਾਬਲੀਅਤ ਨਾਲ ਇੱਕ ਬਹੁਤ ਵੱਡਾ ਅਫ਼ਸਰ ਲੱਗ ਕੇ ਇੱਕ ਉੱਚੇ ਅਹੁਦੇ ਉੱਤੇ ਲੱਗ ਗਿਆ ਹੋਵੇ।

...ਮਜ਼ਦੂਰ ਕੁਲੀ ਦੀਨਾ ਨਾਥ ਦੀ ਮਿਹਨਤ ਮੁਸ਼ੱਕਤ ਨਾਲ ਉਹਦੇ ਪੁੱਤ ਨੇ ਬਚਪਨ ਤੋਂ ਜਵਾਨੀ ਤੱਕ ਪੜਾਈ ਦਾ ਸਫ਼ਰ ਪੂਰਾ ਕਰ ਲਿਆ। ਹੁਣ ਉਹ ਪੜਾਈ ਕਰਕੇ ਕਿਸੇ ਚੰਗੀ ਨੌਕਰੀ ਰੁਜ਼ਗਾਰ ਦੀ ਉਮੀਦ ਵਿੱਚ ਕੋਸ਼ਿਸ਼ ਕਰਨ ਲੱਗ ਪਿਆ।

..."ਕਿਉਂ ਬਈ ਦੀਨੇ ਤੇਰੇ ਮੁੰਡੇ ਨੂੰ ਕੋਈ ਚੰਗੀ ਨੌਕਰੀ ਰੁਜ਼ਗਾਰ ਮਿਲਿਆ ਕਿ ਨਹੀਂ?" ਉਸ ਦੇ ਰੇਲ ਗੱਡੀ ਉਡੀਕ ਰਹੇ ਸਾਥੀ ਅਕਸਰ ਹੁਣ ਉਹਨੂੰ ਪੁੱਛਣਾ ਸ਼ੁਰੂ ਕਰ ਦਿੰਦੇ, ਕਿਉਂਕਿ ਉਹਨਾਂ ਨੂੰ ਹੁਣ ਪਤਾ ਸੀ ਕਿ ਦੀਨਾ ਨਾਥ ਦੇ ਪੁੱਤ ਨੇ ਹੁਣ ਪੜਾਈ ਪੂਰੀ ਕਰਕੇ ਕਿਸੇ ਚੰਗੇ ਕੰਮ ਦੀ ਭਾਲ ਵਿੱਚ ਏ।

"ਬਈ ਹਾਲੀਂ ਤੱਕ ਤਾਂ ਨਹੀਂ ਮਿਲਿਆ, ਕੋਸ਼ਿਸ਼ ਕਰ ਰਿਹਾ ਏ, ... ਮਿਲ ਹੀ ਜਾਣਾ ਏ, ਆਖਿਰ ਇੰਨਾ ਪੜਿਆ-ਲਿਖਿਆ ਮੁੰਡਾ ਏ" - ਦੀਨਾ ਨਾਥ ਦੇ ਮਨ ਵਿੱਚ ਇੱਕ ਵਿਸ਼ਵਾਸ ਸੀ ਆਪਣੀ ਮਿਹਨਤ ਦਾ, ਇੱਕ ਉਮੀਦ ਸੀ ਆਪਣੀ ਮੁਸ਼ੱਕਤ ਦੀ।

ਹਫ਼ਤੇ, ਮਹੀਨੇ ਅਤੇ ਪੂਰਾ ਵਰਾ ਲੰਘਦਾ ਗਿਆ ਅਤੇ ਦੀਨਾ ਨਾਥ ਮਾਯੂਸ ਹੁੰਦਾ ਗਿਆ। ਉਹਦੇ ਪੁੱਤ ਨੇ ਨੌਕਰੀ ਦੀ ਭਾਲ ਵਿੱਚ ਦਿਨ-ਰਾਤ ਫਿਰ-ਫਿਰ ਕੇ ਕੋਈ ਜਗਾ, ਕੋਈ ਵਸੀਲਾ ਨਾ ਛੱਡਿਆ, ਹਰ ਅਦਾਰੇ ਵਿੱਚ ਆਪਣੀ ਪੜਾਈ ਲਿਆਕਤ ਦੇ ਸਰਟੀਫ਼ਿਕੇਟ ਦਿਖਾਏ, ਪਰ ਹਰ ਕਿਸੇ ਨੇ ਨਾਂਹ ਵਿੱਚ ਸਿਰ ਹਿਲਾ ਕੇ ਕਹਿ ਦਿੱਤਾ-"ਸੌਰੀ, ਤੁਹਾਨੂੰ ਲੈਟਰ ਪਾਵਾਂਗੇ।"

ਇੱਕ ਦਿਨ ਸ਼ਿਵਚਰਨ ਨੌਕਰੀ ਤੋਂ ਕੋਰਾ ਜਵਾਬ ਲੈ ਕੇ ਜਦ ਮਾਯੂਸ ਹੋ ਕੇ ਬਾਹਰ ਨਿਕਲ ਰਿਹਾ ਸੀ, ਤਾਂ ਉਹਨੂੰ ਪਤਾ ਲੱਗਿਆ ਕਿ ਉਹਦੇ ਨਾਲ ਦੇ ਘੱਟ ਪੜੇ-ਲਿਖਿਆਂ ਨੂੰ ਕੰਮ ਮਿਲ ਗਿਆ, ਪਰ ਉਹਨੂੰ ਕਿਉਂ ਨਹੀਂ ਮਿਲ ਰਿਹਾ। ਕਿਉਂਕਿ ਉਹਦੇ ਕੋਲ ਕੋਈ ਸਿਫ਼ਾਰਸ਼ ਕਿਸੇ ਵੱਡੇ ਅਫ਼ਸਰ ਤੱਕ ਕੋਈ ਪਹੁੰਚ ਨਹੀਂ ਸੀ। ਕਿਸੇ ਨੂੰ ਰਿਸ਼ਵਤ ਦੇਣ ਲਈ ਪੈਸੇ ਨਹੀਂ ਸਨ। ਕੋਈ ਉਸ ਨੂੰ ਜਾਣਦਾ-ਪਛਾਣਦਾ ਨਹੀਂ ਸੀ। ਭਾਵੇਂ ਕਿੰਨਾ ਹੀ ਪੜਿਆ ਲਿਖਿਆ ਸੀ, ਪਰ ਹੈ ਤਾਂ ਇੱਕ ਸਮਾਨ ਢੋਣ ਵਾਲੇ ਕੁਲੀ ਮਜ਼ਦੂਰ ਦਾ ਹੀ ਤਾਂ ਮੁੰਡਾ ਸੀ।

ਰੇਲ ਗੱਡੀ ਦੇ ਆਉਣ ਦੀ ਉਡੀਕ ਵਿੱਚ ਮਜ਼ਦੂਰ ਮਜ਼ਦੂਰ ਕੁਲੀਆਂ ਦੀ ਬੈਠੀ ਟੋਲੀ ਵਿੱਚ ਅੱਜ ਕੋਈ ਉਦਾਸੀ ਇੱਕ ਗਿਲਾ ਸੀ ਅਜੋਕੇ ਸਮਾਜ ਤੋਂ, ਜੋ ਕੇਵਲ ਅਮੀਰਾਂ, ਅਫ਼ਸਰਾਂ, ਵਜ਼ੀਰਾਂ ਅਤੇ ਉੱਚ ਸ਼੍ਰੇਣੀ ਦਾ ਸਮਾਜ ਸੀ, ਜਿਸ ਸਮਾਜ ਵਿੱਚ ਸਿਰਫ਼ ਲੁੱਟ-ਖਸੁੱਟ, ਰਿਸ਼ਵਤ ਅਤੇ ਸਿਫ਼ਾਰਸ਼ਾਂ ਹੀ ਚੱਲਦੀਆਂ ਹਨ। ਕਿਸੇ ਇਨਸਾਨੀ ਕਦਰ ਕੀਮਤ, ਕਿਸੇ ਲਿਆਕਤ, ਪੜਾਈ ਲਿਖਾਈ ਦੀ ਕੋਈ ਪੁੱਛ ਨਹੀਂ।

...."ਨਹੀਂ ਨਹੀਂ ਦੀਨੇ ਤੇਰਾ ਮੁੰਡਾ ਭਾਵੇਂ ਕਿਤਨਾ ਹੀ ਕਾਬਲ ਅਤੇ ਪੜਿਆ ਲਿਖਿਆ ਹੋਵੇ! ਤੇਰੇ ਮੁੰਡੇ ਨੂੰ ਕੋਈ ਚੰਗੀ ਨੌਕਰੀ ਨਹੀਂ ਮਿਲ ਸਕਦੀ। ਅਜੇ ਕਿੰਨੇ ਵਰੇ ਲੰਘ ਗਏ ਹਨ ਤੇਰੇ ਪੜੇ ਲਿਖੇ ਮੁੰਡੇ ਨੂੰ ਠੋਕਰਾਂ ਖਾਂਦੇ ਨੂੰ, ਉਹ ਇੱਕ ਕੁਲੀ ਮਜ਼ਦੂਰ ਦਾ ਮੁੰਡਾ ਹੈ, ਜਿਸ ਦੀ ਇਸ ਸਮਾਜ ਵਿੱਚ ਕੋਈ ਪੁੱਛ-ਗਿੱਛ ਨਹੀਂ।" ...ਦੀਨੇ ਕੁਲੀ ਦੇ ਉਦਾਸ ਬੈਠੇ ਹੋਏ ਨਾਲ ਸਾਰੇ ਸਾਥੀਆਂ ਦੀ ਹਮਦਰਦੀ ਸੀ ਅਤੇ ਦੀਨਾ ਨਾਥ ਦੀਆਂ ਲਾਚਾਰ ਅੱਖਾਂ ਵਿੱਚ ਉਹਦੇ ਸੁਪਨੇ ਟੁੱਟ ਕੇ ਜਿਵੇਂ ਪਲੇਟਫ਼ਾਰਮ ਉੱਤੇ ਮੁਸਾਫ਼ਰਾਂ ਦੀ ਪੈਰਾਂ ਵਿੱਚ ਰੁਲ ਰਹੇ ਹੋਣ।

.... ਇੱਕ ਢਲਦੀ ਹੋਈ ਸੁਰਮਈ ਸ਼ਾਮ ਨੂੰ ਰਾਜਪੁਰਾ ਦੇ ਰੇਲਵੇ ਪਲੇਟਫ਼ਾਰਮ ਉੱਤੇ ਦਿੱਲੀ ਤੋਂ ਆਉਂਦੀ ਪਟਿਆਲੇ-ਬਠਿੰਡੇ ਨੂੰ ਜਾਣ ਵਾਲੀ ਰੇਲਗੱਡੀ ਦੀ ਉਡੀਕ ਵਿੱਚ ਬੈਠੀ ਕੁੜੀਆਂ ਦੀ ਟੋਲੀ ਰੇਲ ਗੱਡੀ ਰੁਕਣ ਉੱਤੇ ਜਦ ਸਮਾਨ ਚੁੱਕਣ ਲਈ ਮੁਸਾਫ਼ਰਾਂ ਦੇ ਅੱਗੇ ਜਾ ਖੜੋਤੇ ਤਾਂ ਮੁਸਾਫ਼ਰਾਂ ਵਿੱਚੋਂ ਇੱਕ ਨਵ-ਵਿਆਹੀ ਜੋੜੀ ਨੇ ਰੇਲ ਗੱਡੀ ਤੋਂ ਬਾਹਰ ਨਿਕਲ ਕੇ ਇੱਕ ਨੌਜਵਾਨ ਕੁਲੀ ਵੱਲ ਬੁਲਾਉਣ ਦਾ ਇਸ਼ਾਰਾ ਕੀਤਾ। ਸ਼ਾਇਦ ਉਨਾਂ ਕੋਲ ਸਮਾਨ ਜ਼ਿਆਦਾ ਸੀ।

... "ਏ ਕੁਲੀ ਇਹ ਸਮਾਨ ਉਠਾਓ ਬਾਹਰ ਕਾਰ ਤੱਕ" ... ਨੌਜਵਾਨ ਮੁਸਾਫ਼ਰ ਨੇ ਕਿਹਾ।

'ਚੰਗਾ ਸਾਹਿਬ"... ਕਹਿ ਕੇ ਜਦ ਨੌਜਵਾਨ ਕੁਲੀ ਨੇ ਨਾਲ ਖੜੀ ਜਵਾਨ ਮੁਸਾਫ਼ਰ ਦੇ ਹੱਥ ਵਿੱਚ ਭਾਰੀ ਬੈਗ ਚੁੱਕਣ ਲਈ ਹੱਥ ਵਧਾਇਆ ਤਾਂ ਉਸ ਨੌਜਵਾਨ ਔਰਤ ਦਾ ਬੈਗ ਫੜਦਿਆਂ ਕੁਲੀ ਦੇ ਹੱਥਾਂ ਨੂੰ ਕੰਬਣੀ ਛਿੜ ਗਈ। ਉਹ ਹੈਰਾਨ ਹੋ ਕੇ ਉਸ ਮੁਸਾਫ਼ਰ ਔਰਤ ਵੱਲ ਵੇਖਣ ਲੱਗ ਪਿਆ, ਪਰ ਉਹ ਔਰਤ ਆਪਣਾ ਮੂੰਹ ਦੂਜੇ ਪਾਸੇ ਕਰਕੇ ਤੁਰ ਪਈ।

ਬਾਕੀ ਸਫ਼ਾ 30 'ਤੇ

# ਪੰਜਾਬੀ ਭਾਸ਼ਾ ਦੀ ਚਿੰਤਾ



**ਪ੍ਰੋਫੈਸਰ ਪਰਮਵੀਰ ਸਿੰਘ**
**ਪੰਜਾਬੀ ਯੂਨੀਵਰਸਿਟੀ ਪਟਿਆਲਾ**

*ਮਾਤ ਭਾਸ਼ਾ ਦਿਵਸ ਮਨਾਉਂਦਿਆਂ ਇਸ ਤੱਥ ਦਾ ਵਿਸ਼ਲੇਸ਼ਣ ਹੋਣਾ ਚਾਹੀਦਾ ਹੈ ਕਿ ਪੰਜਾਬੀ ਪਾਠਕਾਂ ਦੀ ਗਿਣਤੀ ਦਿਨੋਂ ਦਿਨ ਘਟਦੀ ਕਿਉਂ ਜਾ ਰਹੀ ਹੈ ? ਪੰਜਾਬੀ ਪੜਨ ਅਤੇ ਬੋਲਣ ਵਿੱਚ ਸ਼ਰਮ ਮਹਿਸੂਸ ਕਿਉਂ ਕੀਤੀ ਜਾਂਦੀ ਹੈ ? ਪੰਜਾਬੀ ਲੇਖਕਾਂ ਦੀਆਂ ਕਿਤਾਬਾਂ ਕਿਵੇਂ ਛਪਦੀਆਂ ਹਨ ਅਤੇ ਉਨਾਂ ਦਾ ਭਵਿੱਖ ਕੀ ਹੈ ?*

ਪੰਜਾਬੀ ਭਾਸ਼ਾ ਦੇ ਪਾਠਕਾਂ ਵਿੱਚ ਆ ਰਹੀ ਗਿਰਾਵਟ ਨਿਰੰਤਰ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ। ਸੂਝਵਾਨ ਵਿਦਵਾਨਾਂ ਦੀ ਇਹ ਚਿੰਤਾ ਕੋਈ ਨਵੀਂ ਨਹੀਂ ਹੈ ਬਲਕਿ ਆਜ਼ਾਦੀ ਤੋਂ ਬਾਅਦ 1955 ਵਿੱਚ ਇਸ ਦੇ ਘਟਦੇ ਗ੍ਰਾਫ ਤੇ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਚਿੰਤਾ ਪ੍ਰਗਟ ਕਰਦੇ ਹੋਏ ਲੁਧਿਆਣਾ ਕਾਨਫਰੰਸ ਵਿੱਚ ਇੱਕ ਮਤਾ ਪਾਸ ਕੀਤਾ ਗਿਆ ਸੀ। ਇਸ ਕਾਨਫਰੰਸ ਵਿਚ ਇਸ ਗੱਲ ਨੂੰ ਬੜੇ ਕਸ਼ਟ ਨਾਲ ਅਨੁਭਵ ਕੀਤਾ ਗਿਆ ਕਿ ਪੰਜਾਬੀਆਂ ਵਿੱਚ ਕਿਤਾਬਾਂ ਪੜਨ ਦਾ ਸ਼ੌਕ ਦਿਨ ਪ੍ਰਤੀ ਦਿਨ ਘਟਦਾ ਜਾ ਰਿਹਾ ਹੈ। ਇਸ ਸ਼ੌਕ ਦੀ ਅਣਹੋਂਦ ਪੰਜਾਬੀ ਬੋਲੀ ਤੇ ਸਾਹਿਤ ਨੂੰ ਬਹੁਤ ਪਿੱਛੇ ਖਿੱਚੀ ਬੈਠੀ ਹੈ। ਇਹ ਕਾਨਫਰੰਸ ਹਰ ਇੱਕ ਪੰਜਾਬੀ ਪੁਰਸ਼ ਅਤੇ ਇਸਤਰੀ ਨੂੰ ਅਪੀਲ ਕਰਦੀ ਹੈ ਕਿ ਉਹ ਆਪਣੀ ਆਮਦਨ ਦਾ ਘੱਟ ਤੋਂ ਘੱਟ ਇਕ ਰੁਪਿਆ ਪ੍ਰਤੀ ਸੈਂਕੜਾ ਕਿਤਾਬਾਂ ਜਾਂ ਰਸਾਲੇ ਖ਼ਰੀਦ ਕੇ ਪੜਨ ਉੱਤੇ ਖਰਚ ਕਰਨ ਦਾ ਪ੍ਰਣ ਕਰੇ। ਸਾਰੀ ਸੂਝਵਾਨ ਅਤੇ ਵਿਦਵਾਨ ਜਾਣਦੇ ਹਨ ਕਿ ਜਦੋਂ ਤਕ ਪੰਜਾਬੀ ਸਰਕਾਰ ਰੋਜ਼ਗਾਰ ਅਤੇ ਗੁਫਤਾਰ ਦੀ ਭਾਸ਼ਾ ਨਹੀਂ ਬਣਦੀ, ਇਹ ਤਰੱਕੀ ਕਦੇ ਨਹੀਂ ਕਰ ਸਕਦੀ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਪੰਜਾਬੀ ਭਾਸ਼ਾ ਨੂੰ ਬਾਬਾ ਫ਼ਰੀਦ ਦੀ ਪੰਜਾਬੀ ਵਾਂਗੂੰ ਸਰਲ ਤੇ ਮਿੱਠੀ ਬਣਾਉਣ ਲਈ ਯਤਨ ਕਰਨਾ ਚਾਹੀਦਾ ਹੈ। ਜਦੋਂ ਤੱਕ ਪੰਜਾਬੀ ਭਾਸ਼ਾ ਹਿਰਦੇ ਵਿਚ ਨਹੀਂ ਵੱਸਦੀ ਉਦੋਂ ਤੱਕ ਤਰੱਕੀ ਨਹੀਂ ਕਰ ਸਕਦੇ । ਪੰਜਾਬੀ ਭਾਸ਼ਾ ਨੂੰ ਸਭ ਤੋਂ ਪਹਿਲਾਂ ਆਪਣੇ ਹਿਰਦੇ ਵਿਚ ਮਾਣ ਸਤਿਕਾਰ ਦਿੱਤਾ ਜਾਣਾ ਚਾਹੀਦਾ ਹੈ, ਜੇਕਰ ਸਾਡੇ ਖ਼ੁਦ ਦੇ ਵੱਲੋਂ ਇਹ ਮਾਣ ਸਤਿਕਾਰ ਪਹਿਲਾਂ ਦਿੱਤਾ ਜਾਵੇ ਤਾਂ ਹੀ ਅਸੀਂ ਆਪਣੀ ਮਾਤ ਭਾਸ਼ਾ ਨੂੰ ਸੁਚੱਜੇ ਰੂਪ ਵਿਚ ਸੰਭਾਲ ਕੇ ਰੱਖ ਸਕਦੇ ਹਾਂ ਅਤੇ ਆਪਣੀ ਆਉਣ ਵਾਲੀ ਪੀੜੀ ਨੂੰ ਸਹੀ ਢੰਗ ਨਾਲ ਇਸ ਦੇ ਨਾਲ ਜੋੜ ਸਕਦੇ ਹਾਂ । ਪੰਜਾਬ, ਪੰਜਾਬੀ, ਪੰਜਾਬੀਅਤ ਦੀ ਹੋਂਦ ਨੂੰ ਕਾਇਮ ਰੱਖਣ ਲਈ ਸਾਨੂੰ ਸ਼ੁਰੂਆਤ ਆਪਣੇ ਤੋਂ ਕਰਨੀ ਪਵੇਗੀ।

# ਪ੍ਰਧਾਨ ਕੈਸਾ ਹੋਵੇ !

**ਅਵਤਾਰ ਸਿੰਘ ਮਿਸ਼ਨਰੀ**
**(5104325827)**

ਪ੍ਰਧਾਨ-ਸਭ ਤੋਂ ਉੱਚੇ, ਸ੍ਰੇਸ਼ਟ, ਉੱਤਮ, ਜਥੇਦਾਰ, ਆਗੂ, ਵਡਿਆਈ ਵਾਲੇ, ਮੁਖੀਏ ਮਾਈ-ਭਾਈ ਜਿੰਨਾਂ ਨੇ ਰੱਬ ਨੂੰ ਅੰਦਰ ਵਸਿਆ ਜਾਣ ਲਿਆ-ਜਿਨਿ ਮਨਿ ਵਸਿਆ ਪਾਰਬ੍ਰਹਮ ਸੇ ਪੂਰੇ ਪਰਧਾਨ ॥(45) ਅਤੇ ਜਿਨਾਂ ਨੇ ਦਿਲ ਸੱਚੇ ਗੁਰੂ ਨਾਲ ਜੋੜ ਲਿਆ ਹੈ-ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੇ ਪੂਰੇ ਪਰਧਾਨ ॥(45) ਜੋ ਦੁਨਿਆਵੀ ਰੁਤਬਿਆਂ ਵਾਲੇ ਲੀਡਰਾਂ ਅਤੇ ਡੇਰੇਦਾਰ ਸੰਪ੍ਰਦਾਈ ਸਾਧਾਂ ਨੂੰ ਛੱਡ ਕੇ ਕੇਵਲ ਕਰਤਾਰ ਨੂੰ ਹੀ ਸੀਸ ਨਿਵਾਉਂਦੇ ਹਨ-ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ ॥(709) ਅਤੇ-ਜਿਨਾ ਮੁਹਬਤਿ ਇਕ ਸਿਉ ਤੇ ਪੂਰੇ ਪਰਧਾਨ ॥2॥(1102) ਗੁਰੂ ਦੀ ਸ਼ਰਨ ਵਿੱਚ ਜਿੰਨਾਂ ਨੂੰ ਹਿਰਦੇ ਤਖ਼ਤ ਤੇ ਬੈਠਣ ਭਾਵ ਮਾਇਆ ਪਿੱਛੇ ਭਟਕਣ ਤੋਂ ਬਚੇ ਰਹਿਣ ਦੀ ਇਜ਼ਤ ਮਿਲਦੀ ਹੈ, ਉਨਾਂ ਨੂੰ ਕਰਤਾਰ ਆਗੂ ਪ੍ਰਧਾਨ ਬਣਾ ਦਿੰਦਾ ਹੈ-ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ ॥(1172) ਜਿਨਾਂ ਦੀ ਮਤ ਬੁੱਧ ਪੂਰੀ ਉੱਚੀ ਅਤੇ ਹਿਰਦੇ ਵਿੱਚ ਗੁਰੂ ਦਾ ਮੰਤ (ਉਪਦੇਸ਼) ਹੈ ਉਹ ਪੁਰਖ ਪ੍ਰਧਾਨ ਹਨ-ਮਤਿ ਪੂਰੀ ਪਰਧਾਨ ਤੇ, ਗੁਰ ਪੂਰੇ ਮਨ ਮੰਤ ॥(259) ਅਜੋਕੇ ਗੁਰਦੁਵਾਰਾ ਸਹਿਬਾਨ, ਕਿਸੇ ਧਾਰਮਿਕ, ਸਮਾਜਿਕ ਸਭਾ ਸੁਸਾਇਟੀ ਜਾਂ ਅਦਾਰੇ ਦੇ ਪ੍ਰਧਾਨਾਂ ਨੂੰ ਉਪ੍ਰੋਕਤ ਗੁਰਬਾਣੀ ਅਨੁਸਾਰ ਗੁਣ ਧਾਰਨ ਕਰਨੇ ਚਾਹੀਦੇ ਹਨ। ਪੈਸੇ, ਧੌਂਸ, ਚੌਧਰ, ਬਹੁ ਗਿਣਤੀ ਜਾਂ ਜਾਤ ਬਰਾਦਰੀ ਨੂੰ ਮੁੱਖ ਨਹੀਂ ਰੱਖਣਾ ਚਾਹੀਦਾ। ਨਿਰਪੱਖ ਹੋ ਮਨੁੱਖਤਾ ਦੀ ਸੇਵਾ ਕਰਨ ਵਾਲੇ ਸੱਜਣ ਹੀ ਪ੍ਰਧਾਨਗੀ ਦੇ ਕਾਬਲ ਹੋ ਸਕਦੇ ਹਨ। ਜੇ ਕਿਤੇ ਐਸੇ ਸੱਜਣ ਪ੍ਰਧਾਨ ਬਣਨ ਤਾਂ ਨਿੱਤ ਦੀਆਂ ਲੜਾਈਆਂ ਤੋਂ ਮਨੁਖਤਾ ਖਾਸ ਕਰ ਸਿੱਖ ਕੌਮ, ਰਾਹਤ ਪ੍ਰਾਪਤ ਕਰ ਸਕਦੀ ਏ ਪਰ ਅੱਜ ਅਸੀਂ ਬਹੁਤੇ ਥਾਵਾਂ ਤੇ ਜਿਆਦਾ ਭੇਖ, ਜਾਤ-ਬਰਾਦਰੀ, ਚੌਧਰ, ਮਾਇਆਧਾਰੀ ਅਤੇ ਪਾਰਟੀਬਾਜੀ ਮੱਗਰ ਲੱਗ ਕੇ ਹੀ ਪ੍ਰਧਾਨਾਂ ਦੀ ਚੋਣ ਕਰਦੇ ਹਾਂ। ਘੱਟ ਤੋਂ ਘੱਟ ਸਿੱਖ ਕੌਮ ਜੋ 'ਸ਼ਬਦ ਗੁਰੂ ਗ੍ਰੰਥ ਸਾਹਿਬ' ਨੂੰ ਗੁਰੂ ਮੰਨਦੀ ਹੈ, ਦੇ ਧਰਮ ਅਤੇ ਸਮਾਜਿਕ ਅਦਾਰਿਆਂ ਦੇ ਪ੍ਰਧਾਨ ਤਾਂ ਗੁਰਬਾਣੀ ਦੀ ਦਿੱਤੀ ਸੇਧ ਵਾਲੇ ਹੀ ਹੋਣੇ ਚਾਹੀਦੇ ਹਨ। ਗੁਰੂ ਭਲੀ ਕਰੇ ਕਦੇ ਇਹ ਚੰਗਾ ਸਮਾਂ ਵੀ ਆਵੇ!

# ਅੱਖੀਂ ਵੇਖਿਆ ਨਨਕਾਣਾ ਸਾਕਾ



- ਡਾ. ਹਰਸ਼ਿੰਦਰ ਕੌਰ, ਐਮ. ਡੀ.

ਸਿੱਖੀ ਇੱਕ ਵਿਚਾਰਧਾਰਾ ਹੈ ਜੋ ਕਿਸੇ ਵੀ ਸਦੀ ਦਾ ਹਾਕਮ ਸਮਝ ਹੀ ਨਹੀਂ ਸਕਿਆ। ਇੱਕ ਪਾਸੇ ਸਿਰੇ ਦੀ ਬਹਾਦਰੀ ਤੇ ਦੂਜੇ ਪਾਸੇ ਸਹਿਨਸ਼ਕਤੀ ਦਾ ਸਿਖ਼ਰ।

**ਪਹਿਲਾ ਮਰਣੁ ਕਬੂਲਿ**
**ਜੀਵਣ ਕੀ ਛਡਿ ਆਸ॥**
**ਹੋਹੁ ਸਭਨਾ ਕੀ ਰੇਣੁਕਾ**
**ਤਉ ਆਉ ਹਮਾਰੈ ਪਾਸਿ॥**

ਇਹ ਨਾਸਮਝੀ ਹੀ ਹਰ ਹਾਕਮ ਨੂੰ ਸਿੱਖ ਵਿਰੋਧੀ ਬਣਾ ਦਿੰਦੀ ਹੈ ਤੇ ਹਰ ਵਾਰ ਦੀ ਤਰਾਂ ਜ਼ਾਲਮ ਰਾਜਾ ਸਿੱਖਾਂ ਨੂੰ ਮੁਕਾਉਂਦਾ ਆਪ ਮੁੱਕ ਜਾਂਦਾ ਰਿਹਾ ਹੈ।

ਸਾਕਾ ਨਨਕਾਣਾ ਸਾਹਿਬ ਵਿਚ ਵਾਪਰੇ ਸਿਖਰ ਦੇ ਕਹਿਰ ਵਿੱਚੋਂ ਕੁੱਝ ਗੱਲਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ ਕਿ ਉਸ ਸਮੇਂ ਦੀ ਸਰਕਾਰ ਮਹੰਤਾਂ ਨਾਲ ਰਲਗੱਡ ਸੀ। ਸਰਕਾਰ ਨੇ ਸਿੱਖਾਂ ਦੀ ਸਿਰਮੌਰ ਜਥੇਬੰਦੀ ਨਾਲ ਉੱਪਰੋਂ ਉੱਪਰੋਂ ਬਣਾ ਕੇ ਰੱਖਣ ਲਈ ਇਹ ਕਹਿ ਦਿੱਤਾ ਸੀ ਕਿ ਅਸੀਂ ਸਿੱਖਾਂ ਦੇ ਧਾਰਮਿਕ ਸਥਾਨਾਂ ਵਿਚ ਦਖਲਅੰਦਾਜ਼ੀ ਨਹੀਂ ਕਰਨੀ। ਦੂਜੇ ਪਾਸੇ ਮਹੰਤਾਂ ਨੂੰ ਇਹ ਕਹਿ ਦਿੱਤਾ ਕਿ ਆਪਣੀ ਰੱਖਿਆ ਆਪ ਕਰਨ ਦਾ ਬੰਦੋਬਸਤ ਕਰ ਲਵੋ ਕਿਉਂਕਿ ਉਹ ਮਹੰਤਾਂ ਕੋਲੋਂ ਮਾਇਆ ਹਾਸਲ ਕਰ ਰਹੇ ਸਨ। ਇੰਜ ਸਿੱਖਾਂ ਦੀ ਵਧਦੀ ਤਾਕਤ ਨੂੰ ਰੋਕਣ ਦਾ ਢੰਗ ਵੀ ਉਨਾਂ ਲੱਭ ਲਿਆ ਸੀ।

ਉਸ ਸਮੇਂ ਦੀਆਂ ਛਪੀਆਂ ਖ਼ਬਰਾਂ, ਭੁਗਤੇ ਗਵਾਹ, ਲਿਖੀਆਂ ਗਈਆਂ ਚਿੱਠੀਆਂ ਤੇ ਅੱਖੀਂ ਵੇਖੇ ਗਵਾਹਾਂ ਵੱਲੋਂ ਲਿਖੇ ਦਸਤਾਵੇਜ਼ਾਂ ਅਨੁਸਾਰ ਜੋ ਤੱਥ ਸਾਹਮਣੇ ਆ ਚੁੱਕੇ ਹੋਏ ਹਨ, ਉਨਾਂ ਅਨੁਸਾਰ :-

1. ਬਹੁਤ ਅਖ਼ਬਾਰਾਂ ਅੰਗ੍ਰੇਜ਼ਾਂ ਦੇ ਹੱਕ ਵਿਚ ਭੁਗਤ ਰਹੀਆਂ ਸਨ ਤੇ ਇੱਕ ਪਾਸੜ ਖ਼ਬਰਾਂ ਛਾਪ ਕੇ ਸਿੱਖਾਂ ਨੂੰ 'ਅੱਤਵਾਦੀ' ਤਕ ਐਲਾਨ ਕਰ ਰਹੀਆਂ ਸਨ। ਇੰਜ ਮਹੰਤਾਂ ਦੇ ਹੱਕ ਵਿਚ ਆਮ ਲੋਕਾਂ ਨੂੰ ਭੁਗਤਾ ਕੇ ਸਿੱਖਾਂ ਦੀ ਤਾਕਤ ਨੂੰ ਢਾਅ ਲਾਈ ਜਾ ਰਹੀ ਸੀ। ਆਮ ਜਨਤਾ ਨੂੰ ਰੋਜ਼ ਦੀਆਂ ਵਿਰੋਧੀ ਤੇ ਬੇਬੁਨਿਆਦ ਖ਼ਬਰਾਂ ਪੜਾ ਕੇ, ਹੱਕ ਮੰਗਦੇ ਤੇ ਸ਼ਾਂਤਮਈ ਸੰਘਰਸ਼ ਕਰਦੇ ਸਿੱਖਾਂ ਤੋਂ ਪਰਾਂ ਕਰਨ ਦੀ ਅਣਥੱਕ ਕੋਸ਼ਿਸ਼ ਕੀਤੀ ਜਾ ਰਹੀ ਸੀ। ਧਾਰਮਿਕ ਪਾੜ ਪਾਉਣ ਲਈ ਪੂਰਾ ਜ਼ੋਰ ਲਾਇਆ ਹੋਇਆ ਸੀ।

ਇਸ ਸਭ ਦੇ ਬਾਵਜੂਦ ਸਿੱਖਾਂ ਵੱਲੋਂ ਗੁਰਦੁਆਰਿਆਂ ਦੀ ਦੁਰਵਰਤੋਂ ਦੇ ਵਿਰੋਧ ਨੂੰ ਵੀ ਬਿਆਨ ਕਰਨ ਵਾਲੀਆਂ ਕੁੱਝ ਦਮਦਾਰ ਅਖ਼ਬਾਰਾਂ ਸਨ ਜਿਨਾਂ ਨੇ ਸੱਚ ਲਿਖਣ ਦੀ ਹਿੰਮਤ ਵਿਖਾਈ ਤੇ ਪੁਲਸੀਆ ਤਸ਼ੱਦਦ ਵੀ ਝੱਲਿਆ।

2. ਸਿੱਖੀ ਸੋਚ ਨਾਲ ਜੁੜੇ ਲੋਕ ਗੁਰਦੁਆਰਿਆਂ ਨੂੰ ਆਪਣੇ ਗੁਰੂ ਦਾ ਘਰ ਮੰਨਦਿਆਂ ਉਸ ਥਾਂ ਦੇ ਅਪਵਿੱਤਰ ਹੋਣ ਨਾਲੋਂ ਆਪਣੇ ਆਪ ਨੂੰ ਖ਼ਤਮ ਕਰ ਦੇਣਾ ਬਿਹਤਰ ਮੰਨਦੇ ਹਨ। ਪੰਥ ਵਸੇ ਮੈਂ ਉਜੜਾਂ! ਉਸ ਸਮੇਂ ਮਹੰਤ ਨਾਰਾਇਣ ਦਾਸ, ਜੋ ਵਿਲਾਸੀ ਅਤੇ ਅਧਰਮੀ ਸੀ, ਗੁਰਦੁਆਰੇ ਅੰਦਰ ਔਰਤਾਂ ਨਚਾਉਂਦਾ ਸੀ, ਲੱਚਰ ਗੀਤ ਗਵਾਉਂਦਾ ਸੀ ਤੇ ਲੋਕਾਂ ਵੱਲੋਂ ਗੁਰਦੁਆਰੇ ਲਈ ਦਿੱਤੇ ਦਾਨ ਦੀ ਦੁਰਵਰਤੋਂ ਕਰਦਾ ਸੀ। ਇਸ ਬਾਰੇ ਸਾਰੀ ਜਾਣਕਾਰੀ ਸਰਕਾਰ ਨੂੰ ਸੀ। ਸਿੱਖਾਂ ਵੱਲੋਂ ਇਸ ਬਾਰੇ ਬੇਅੰਤ ਵਾਰ ਸਰਕਾਰ ਨੂੰ ਲਿਖਤ ਜਾਣਕਾਰੀ ਤੇ ਸਬੂਤ ਦੇਣ ਬਾਅਦ ਵੀ ਸਰਕਾਰ ਟਸ ਤੋਂ ਮਸ ਨਾ ਹੋਈ ਅਤੇ ਪੁਲਸ ਮਹੰਤ ਦਾ ਸਾਥ ਹੀ ਦਿੰਦੀ ਰਹੀ।

3. ਜਦੋਂ ਸਰਕਾਰ ਨੇ ਕੰਨਾਂ ਉੱਤੇ ਜੂੰ ਨਾ ਰੇਂਗੀ ਤਾਂ ਮਜਬੂਰਨ ਸ਼ਾਂਤ ਤਰੀਕੇ ਮੁਜ਼ਾਹਰਾ ਕਰਨ ਬਾਰੇ ਸੋਚਿਆ ਗਿਆ। ਸ਼ਾਂਤਮਈ ਢੰਗ ਨਾਲ ਜੱਥੇ ਦੀ ਸ਼ਕਲ ਵਿਚ ਸਿੰਘਾਂ ਨੂੰ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਵੱਲ ਜਾ ਕੇ ਮਹੰਤਾਂ ਤੋਂ ਆਜ਼ਾਦ ਕਰਵਾਉਣ ਬਾਰੇ ਵਿਚਾਰ ਕੀਤਾ ਗਿਆ। ਉਸ ਥਾਂ ਦੀ ਪਵਿੱਤਰਤਾ ਵਾਪਸ ਬਹਾਲ ਕਰਨ ਲਈ ਚਾਬੀਆਂ ਅਤੇ ਕਬਜ਼ਾ ਦਵਾਉਣ ਲਈ ਸਰਕਾਰ ਨੂੰ ਬੇਨਤੀ ਕੀਤੀ ਗਈ।

ਇਸ ਉੱਤੇ ਸਰਕਾਰ ਵੱਲੋਂ ਦੱਬ ਕੇ ਕੂੜ ਪ੍ਰਚਾਰ ਕੀਤਾ ਗਿਆ ਕਿ ਸਿੱਖ ਜੱਥੇਬੰਦੀਆਂ ਹੱਲਾ ਬੋਲਣ ਚੱਲੀਆਂ ਹਨ। ਵਧਾ ਚੜਾ ਕੇ ਸਾਰੀਆਂ ਸਰਕਾਰੀ ਅਖ਼ਬਾਰਾਂ ਵਿਚ ਅਤੇ ਰੇਡੀਓ ਪ੍ਰਸਾਰਣ ਰਾਹੀਂ ਲੋਕਾਂ ਨੂੰ ਦੱਸਿਆ ਗਿਆ ਤਾਂ ਜੋ ਆਮ ਲੋਕ ਇਸ ਸ਼ਾਂਤਮਈ ਸੰਘਰਸ਼ ਦਾ ਸਾਥ ਨਾ ਦੇਣ।

4. ਮਹੰਤ ਨਾਰਾਇਣ ਦਾਸ ਬਰਤਾਨਵੀ ਅਧਿਕਾਰੀਆਂ ਨੂੰ ਗੁਰਦੁਆਰਾ ਫੰਡ ਵਿੱਚੋਂ ਕੀਮਤੀ ਸੁਗਾਤਾਂ ਭੇਂਟ ਕਰਦਾ ਸੀ, ਜਿਸ ਕਾਰਨ ਉਹ ਪਲ-ਪਲ ਦੀ ਸਾਰੀ ਜਾਣਕਾਰੀ ਮਹੰਤ ਨੂੰ ਦਿੰਦੇ ਰਹੇ ਅਤੇ ਉਸ ਨੂੰ ਅਸਲਾ ਇਕੱਠਾ ਕਰਨ ਦੀ ਇਜਾਜ਼ਤ ਵੀ ਦੇ ਦਿੱਤੀ।

ਸਿੱਖ ਸਭਾਵਾਂ ਨੂੰ ਜਦੋਂ ਪਤਾ ਲੱਗਿਆ ਤਾਂ ਮਤੇ ਪਾਸ ਕਰ ਕੇ ਸਰਕਾਰ ਨੂੰ ਭੇਜੇ ਪਰ ਸਰਕਾਰ ਨੇ ਕੁੱਝ ਨਾ ਕੀਤਾ।

5. ਅਕਤੂਬਰ 1920 ਵਿਚ ਧਾਰੋਵਾਲ ਵਿਖੇ ਦੀਵਾਨ ਵਿਚ ਲਏ ਫੈਸਲੇ ਅਨੁਸਾਰ ਸਿੱਖ ਜਥੇਬੰਦੀਆਂ ਨੇ ਮਹੰਤ ਨਰਾਇਣ ਦਾਸ ਨੂੰ ਤੌਰ ਤਰੀਕੇ ਠੀਕ ਕਰਨ ਨੂੰ ਕਿਹਾ ਪਰ ਕੁੱਝ ਨਾ ਹੋਇਆ। ਨਾ ਸਰਕਾਰ ਨੇ ਸੁਣੀ ਨਾ ਮਹੰਤ ਨੇ। ਅਖ਼ੀਰ ਇਹ ਮਤਾ ਪਾਸ ਕੀਤਾ ਗਿਆ ਕਿ ਹਰਿਮੰਦਰ ਸਾਹਿਬ, ਅਕਾਲ ਤਖ਼ਤ ਤੇ ਅੰਮ੍ਰਿਤਸਰ ਦੇ ਹੋਰ ਗੁਰਦੁਆਰੇ ਅਕਾਲੀ ਸੁਧਾਰਕਾਂ ਹੇਠ ਲਿਆਏ ਜਾਣ ਤਾਂ ਜੋ ਉਨਾਂ ਦੀ ਬੇਅਦਬੀ ਨਾ ਹੋਵੇ।

6. ਇਸ ਗੱਲ ਨੂੰ ਸਰਕਾਰੀ ਅਖ਼ਬਾਰੀ ਨੁਮਾਇੰਦਿਆਂ ਨੇ ਲੂਣ ਮਿਰਚ ਲਾ ਕੇ ਛਾਪਿਆ ਤੇ ਮਹੰਤ ਨੂੰ ਅਧਿਕਾਰੀਆਂ ਵੱਲੋਂ ਸਮਾਂ ਦਿੱਤਾ ਗਿਆ ਕਿ ਉਹ 60 ਹੋਰ ਮਹੰਤ ਬੁਲਾ ਕੇ ਮੀਟਿੰਗ ਕਰ ਸਕੇ। ਅਕਾਲੀ ਲਹਿਰ ਖ਼ਿਲਾਫ਼ ਕੂੜ ਪ੍ਰਚਾਰ ਹੋਰ ਤੇਜ਼ ਕਰ ਦਿੱਤਾ ਗਿਆ। ਲਾਹੌਰ ਤੋਂ ਛਪਦੇ ਸੰਤ ਸੇਵਕ ਅਖ਼ਬਾਰ ਵਿਚ ਰੱਜ ਕੇ ਸਿੱਖ ਜਥੇਬੰਦੀਆਂ ਨੂੰ ਭੰਡਿਆ ਗਿਆ।

7. ਮਹੰਤਾਂ ਨੇ ਅਸਲਾ ਇਕੱਠਾ ਕਰਨ ਦੇ ਨਾਲ ਤਲਵਾਰਾਂ, ਲਾਠੀਆਂ, ਛਵੀਆਂ, ਟਕਵੇ, ਗੋਲਾ ਬਾਰੂਦ, ਪਿਸਤੌਲਾਂ, ਪਿਸਤੌਲਾਂ ਦੀਆਂ ਗੋਲੀਆਂ, 400 ਭਾੜੇ ਦੇ ਗੁੰਡੇ, ਵੱਡੇ ਲੋਹੇ ਦਾ ਫਾਟਕ ਤੇ 100 ਪਠਾਣਾਂ ਦਾ ਵੱਖਰਾ ਗਿਰੋਹ ਹੱਲਾ ਕਰਨ ਲਈ ਤਿਆਰ ਕਰ ਲਿਆ। ਬਰਤਾਨਵੀ ਅਧਿਕਾਰੀ ਅੱਖਾਂ ਬੰਦ ਕਰ ਕੇ ਸਭ ਵੇਖਦੇ ਰਹੇ ਤੇ ਅੰਦਰੋਂ ਅੰਦਰੀ ਖ਼ੁਸ਼ ਹੁੰਦੇ ਰਹੇ ਕਿ ਚਲੋ ਸਿੱਖ ਜਥੇਬੰਦੀਆਂ ਨੂੰ ਤਗੜਾ ਮੁਕਾਬਲਾ ਸਹਿਣਾ ਪਵੇਗਾ!

8. ਇਹ ਤੱਥ ਵੀ ਛਪ ਚੁੱਕੇ ਹੋਏ ਹਨ ਕਿ ਮਹੰਤ ਮਾਝੇ ਦੇ ਗੁੰਡਿਆਂ ਨੂੰ ਉਸ ਸਮੇਂ ਡੇਢ ਲੱਖ ਰੁਪੈ ਦੇ ਕੇ 12 ਕਾਤਲ ਵੀ ਨਨਕਾਣਾ ਸਾਹਿਬ ਅੰਦਰ ਲੈ ਗਿਆ ਸੀ। ਬਰਤਾਨਵੀ ਪੁਲਿਸ ਨੂੰ ਸਭ ਪਤਾ ਸੀ ਪਰ ਉਹ ਉੱਕਾ ਹੀ ਚੁੱਪ ਧਾਰਨ ਕਰ ਕੇ ਤਮਾਸ਼ਾ ਵੇਖਦੀ ਰਹੀ।

9. ਅਖ਼ੀਰ ਉਹ ਦਿਨ ਵੀ ਆਇਆ ਜਦ ਪਹਿਲਾ ਜੱਥਾ ਲਛਮਨ ਸਿੰਘ ਦੀ ਕਮਾਨ ਹੇਠ 19 ਫਰਵਰੀ 1921 ਨੂੰ ਨਨਕਾਣਾ ਸਾਹਿਬ ਲਈ ਸ਼ਾਂਤਮਈ ਢੰਗ ਨਾਲ ਰਵਾਨਾ ਹੋਇਆ। ਰਾਹ ਵਿਚ ਹੋਰ ਸਿੱਖ ਵੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਸ਼ਾਮਲ ਹੋ ਗਏ। ਸਭ ਨਿਹੱਥੇ ਸਨ। ਵੀਹ ਫਰਵਰੀ ਨੂੰ ਜਦੋਂ ਜੱਥਾ ਸਿਰਫ਼ ਨਨਕਾਣਾ ਸਾਹਿਬ ਤੋਂ ਅੱਧਾ ਮੀਲ ਦੂਰ ਰਹਿ ਗਿਆ ਤਾਂ ਅਕਾਲੀ ਲਹਿਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਥਾਪੇ ਮੈਂਬਰਾਂ ਨੇ ਦਲੀਪ ਸਿੰਘ ਹਰਕਾਰੇ ਰਾਹੀਂ ਸੁਣੇਹਾ ਭੇਜਿਆ ਕਿ ਅੰਦਰ ਗੋਲਾ ਬਾਰੂਦ ਜਮਾਂ ਕੀਤਾ ਗਿਆ ਹੈ, ਸੋ ਅੱਗੇ ਨਾ ਜਾਇਆ ਜਾਵੇ। ਇੰਜ ਜਾਨੀ ਨੁਕਸਾਨ ਦਾ ਖ਼ਤਰਾ ਸੀ ਕਿਉਂਕਿ ਪੁਲਿਸ ਹੱਥ ਬੰਨ ਕੇ ਬੈਠੀ ਹੋਈ ਸੀ।

ਲਛਮਣ ਸਿੰਘ ਤਾਂ ਮੰਨਿਆ ਪਰ ਬਾਕੀ ਜੱਥਾ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਹਰ ਹਾਲ ਅੰਦਰ ਜਾਣਾ ਚਾਹੁੰਦਾ ਸੀ। ਸਭ ਨੇ ਰਲ ਕੇ ਕਿਹਾ ਕਿ ਜਦ ਅਸੀਂ ਅਮਨ ਅਮਾਨ ਨਾਲ ਜਾਣਾ ਹੈ ਤਾਂ ਫਿਰ ਰਬ ਦੇ ਘਰ ਕਾਹਦਾ ਡਰ! ਤੜਕੇ 6 ਵਜੇ ਸਾਰਾ ਜੱਥਾ ਅੰਦਰ ਦਾਖਲ ਹੋ ਕੇ ਅਰਦਾਸ ਕਰਨ ਵਾਸਤੇ ਗੁਰੂ ਗ੍ਰੰਥ ਸਾਹਿਬ ਸਾਹਮਣੇ ਨਤਮਸਤਕ ਹੋਣ ਲਈ ਅਗਾਂਹ ਹੋਇਆ ਤਾਂ ਅੰਨੇਵਾਹ ਗੋਲੀਆਂ ਚੱਲਣੀਆਂ ਸ਼ੁਰੂ ਹੋ ਗਈਆਂ।

10. ਬਿਲਕੁਲ ਨਾਲ ਪੁਲਿਸ ਥਾਣਾ ਹੁੰਦਿਆਂ ਹੋਇਆਂ ਵੀ ਕੋਈ ਨਾ ਬਹੁੜਿਆ। ਉੱਚੀ-ਉੱਚੀ ਮਹੰਤ ਚੀਕ ਰਿਹਾ ਸੁਣਿਆ ਗਿਆ, 'ਵੇਖਿਓ ਕੋਈ ਕੇਸਾਂ ਵਾਲਾ ਸਿੱਖ ਜਿਊਂਦਾ ਨਾ ਬਚੇ!' ਬਾਹਰਲਾ ਗੇਟ ਬੰਦ ਕਰ ਕੇ ਇੱਟਾਂ, ਪੱਥਰ ਸੁੱਟ ਕੇ, ਕਿਰਪਾਨਾਂ ਕੁਹਾੜੀਆਂ ਨਾਲ ਵੱਢ ਕੇ, ਗੋਲੀਆਂ ਨਾਲ ਵਿੰਨ ਕੇ ਸਾਰੇ ਨਿਹੱਥੇ ਸਿੱਖਾਂ ਨੂੰ ਮਾਰ ਮੁਕਾਉਣ ਦੀ ਕੋਸ਼ਿਸ਼ ਕੀਤੀ ਗਈ। ਪੱਚੀ ਸਿੰਘ ਗੁਰਦੁਆਰੇ ਅੰਦਰ ਅਰਦਾਸ ਕਰਦੇ ਹੋਏ ਮਾਰ ਮੁਕਾਏ। ਸੱਠ ਚੌਖੰਡੀ ਅੰਦਰ ਲੁਕੇ ਦਰਵਾਜ਼ੇ ਤੋੜ ਕੇ ਵੱਢ ਸੁੱਟੇ। ਪੱਚੀ ਪਾਸੇ ਦੇ ਕਮਰਿਆਂ ਅੰਦਰੋਂ ਕੱਢ ਜ਼ਖ਼ਮੀ ਕਰ ਦਿੱਤੇ ਤੇ ਸਭ ਜ਼ਖ਼ਮੀ, ਅਧਮਰਿਆਂ ਤੇ ਲਾਸ਼ਾਂ ਨੂੰ ਘੜੀਸ ਕੇ ਇਕੱਠੇ ਕਰ ਇੱਕੋ ਥਾਂ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ।

11. ਲਗਭਗ 10 ਕੁ ਵਜੇ 20 ਫਰਵਰੀ 1921 ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਨਕਾਣਾ ਸਾਹਿਬ ਤੋਂ ਸ੍ਰ. ਉੱਤਮ ਸਿੰਘ ਜੀ ਮਿਲ-ਮਾਲਕ ਵੱਲੋਂ ਇਸ ਘਟਨਾ ਬਾਰੇ ਤਾਰ ਭੇਜੀ ਗਈ ਕਿ ਨਨਕਾਣਾ ਸਾਹਿਬ ਦਾ ਮਹੰਤ ਬੜੀ ਬੇਰਹਿਮੀ ਨਾਲ ਸਿੱਖਾਂ ਦੇ ਜੱਥੇ ਨੂੰ ਜਾਨੋਂ ਮਾਰ ਰਿਹਾ ਹੈ। ਦੋ ਘੰਟਿਆਂ ਬਾਅਦ ਫਿਰ ਤਾਰ ਪਹੁੰਚੀ ਕਿ ਗੁਰਦੁਆਰੇ ਅੰਦਰ ਚੁਫ਼ੇਰੇ ਅਧਸੜੇ ਹੱਥ, ਪੈਰ, ਲੱਤਾਂ, ਖੋਪੜੀਆਂ, ਸਰੀਰਾਂ ਦੇ ਅੰਗ, ਮਾਸ ਦੀਆਂ ਬੋਟੀਆਂ ਤੇ ਅਨੇਕ ਲੋਥੜੇ ਖਿਲਰੇ ਪਏ ਹਨ। ਸਾਰਾ ਅਹਾਤਾ ਲਹੂ ਲੁਹਾਨ ਹੋਇਆ ਪਿਆ ਹੈ। ਸਾਰੇ ਸ਼ਹਿਰ ਗੁੱਜਰਾਂਵਾਲਾ ਦੇ ਘਰ-ਘਰ ਵਿਚ ਇਹ ਖ਼ਬਰ ਫ਼ੈਲ ਗਈ। ਸ੍ਰ. ਜੋਧ ਸਿੰਘ ਜੀ ਸ਼੍ਰੋਮਣੀ ਕਮੇਟੀ ਵੱਲੋਂ ਸਟੇਸ਼ਨ ਤੋਂ ਸਿੱਧੇ ਗੁਰਦੁਆਰੇ ਪਹੁੰਚੇ। ਉੱਥੇ ਦੇ ਲੂੰ-ਕੰਡੇ ਖੜੇ ਕਰਨ ਵਾਲੀ ਜ਼ੁਲਮ ਕਹਾਣੀ ਅੱਖੀਂ ਵੇਖੀ ਤੇ ਸਾਰੇ ਸਿੰਘਾਂ ਨੂੰ ਬੇਨਤੀ ਕੀਤੀ ਕਿ ਵੱਡੀ ਗਿਣਤੀ ਵਿਚ ਨਨਕਾਣਾ ਸਾਹਿਬ ਪਹੁੰਚਣ।

12. ਜ਼ਿਲਾ ਗੁਜਰਾਂਵਾਲਾ ਅਤੇ ਸਿਆਲਕੋਟ ਦੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਹੋਣ ਸਦਕਾ ਪ੍ਰੋ. ਸਾਹਿਬ ਸਿੰਘ (ਮੇਰੇ ਨਾਨਾ ਜੀ) ਜੀ ਨੂੰ ਵੀ ਸਾਰੇ ਸਿੰਘਾਂ ਨੂੰ ਲੈ ਕੇ ਲਾਰੀਆਂ ਦੇ ਅੱਡੇ ਪਹੁੰਚਣ ਨੂੰ ਕਿਹਾ ਗਿਆ। ਸਰਕਾਰ ਨੂੰ ਅੰਦਰੋਂ ਅੰਦਰੀ ਸਭ ਖ਼ਬਰ ਪਹੁੰਚ ਚੁੱਕੀ ਸੀ। ਹਿੰਦੁਸਤਾਨ ਦੇ ਵਾਈਸਰਾਏ ਲਾਰਡ ਰੀਡਿੰਗ ਦੀ ਰਿਪੋਰਟ ਵਿਚ ਇਹ ਲਿਖਿਆ ਮਿਲਦਾ ਹੈ। ਸਟੇਸ਼ਨ ਮਾਸਟਰ ਸ੍ਰ. ਕਰਮ ਸਿੰਘ ਨੇ ਅੱਖੀਂ ਵੇਖਿਆ ਹਾਲ ਬਿਆਨ ਕੀਤਾ। ਪੁਲਿਸ ਕਰਮੀ ਸਭ ਕੁੱਝ ਜਾਣਦੇ ਬੁੱਝਦੇ ਉਸ ਦਿਨ ਉੱਥੋਂ ਨੇੜਲੇ ਥਾਣੇ 'ਚੋਂ ਛੁੱਟੀ ਲੈ ਕੇ ਗ਼ਾਇਬ ਹੋ ਗਏ। ਕੋਈ ਡਿਊਟੀ ਉੱਤੇ ਹਾਜ਼ਰ ਨਾ ਹੋਇਆ। ਪੁਲਿਸ ਪ੍ਰਸ਼ਾਸਨ ਦੀ ਮਿਲੀਭੁਗਤ ਜਗ ਜ਼ਾਹਿਰ ਹੋ ਗਈ ਸੀ। ਅਗਲੇ ਦਿਨ ਦੀਆਂ ਛਪੀਆਂ ਖ਼ਬਰਾਂ ਵਿਚ ਸਪਸ਼ਟ ਕੀਤਾ ਗਿਆ ਕਿ ਡੀ.ਸੀ. ਅਤੇ ਉਸ ਨਾਲ ਇੱਕ ਸਬ ਇੰਸਪੈਕਟਰ ਦੇ ਘਟਨਾ ਵਾਲੀ ਥਾਂ ਪਹੁੰਚਣ ਬਾਅਦ ਵੀ ਡੇਢ ਘੰਟਾ ਹੋਰ ਉਨਾਂ ਦੀਆਂ ਅੱਖਾਂ ਸਾਹਮਣੇ ਫੱਟੜ ਤੇ ਮੁਰਦੇ ਸੜਦੇ ਰਹੇ ਪਰ ਇੱਕ ਵੀ ਫੱਟੜ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਤੇ ਨਾ ਹੀ ਅੱਗ ਬੁਝਾਈ ਗਈ।

ਸ੍ਰ. ਕਰਮ ਸਿੰਘ ਤੇ ਮਿਲ ਮਾਲਕ ਸ੍ਰ. ਉੱਤਮ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਲ ਸੁਪਰਡੰਟ ਪੁਲਿਸ, ਡੀ.ਸੀ. ਤੇ ਮਹਾਤਮਾ ਗਾਂਧੀ ਨੂੰ ਵੀ ਇਸ ਘਟਨਾ ਬਾਰੇ ਤੁਰੰਤ ਜਾਣਕਾਰੀ ਦਿੱਤੀ।

ਦੇਰ ਰਾਤ ਲਾਹੌਰ ਡਵਿਜ਼ਨ ਦਾ ਕਮਿਸ਼ਨਰ ਸੀ.ਐਮ. ਕੰਗ ਤੇ ਡਿਪਟੀ ਇੰਸਪੈਕਟਰ ਜਨਰਲ ਉੱਥੇ 100 ਬਰਤਾਨਵੀ ਅਤੇ 100 ਹਿੰਦੁਸਤਾਨੀ ਫੌਜੀ ਲੈ ਕੇ ਪਹੁੰਚੇ। ਪੂਰਾ ਜ਼ੋਰ ਖ਼ਬਰ ਦਬਾਉਣ ਅਤੇ ਹੋਰ ਸਿੱਖਾਂ ਨੂੰ ਉੱਥੇ ਪਹੁੰਚਣ ਤੋਂ ਰੋਕਣ ਲਈ ਲਾਇਆ ਗਿਆ।

13. ਮਹੰਤ ਨਰਾਇਣ ਦਾਸ ਤੇ ਉਸ ਦੇ ਦੋ ਚੇਲਿਆਂ ਨਾਲ 26 ਪਠਾਣ ਫੜ ਲਏ ਗਏ। ਬਾਕੀਆਂ ਨੂੰ ਫਰਾਰ ਹੋਣ ਦਾ ਸਮਾਂ ਦੇ ਦਿੱਤਾ ਗਿਆ। ਨਨਕਾਣਾ ਸਾਹਿਬ ਵਿਚ ਫੌਜ ਦਾ ਪਹਿਰਾ ਲਾ ਦਿੱਤਾ ਗਿਆ।

14. ਪ੍ਰੋ. ਸਾਹਿਬ ਸਿੰਘ ਅਨੁਸਾਰ ਉਨਾਂ ਨਾਲ ਹੋਰ ਅਨੇਕ ਸਿੰਘ ਨਨਕਾਣਾ ਸਾਹਿਬ ਪਹੁੰਚਣ ਲਈ ਲਾਰੀਆਂ ਦੇ ਚੱਕਰ ਕੱਢਦੇ ਰਹੇ ਪਰ ਕਈ ਘੰਟੇ ਸਰਕਾਰੀ ਹੁਕਮਾਂ ਅਨੁਸਾਰ ਉਨਾਂ ਨੂੰ ਖੱਜਲ ਖ਼ੁਆਰ ਕੀਤਾ ਗਿਆ। ਅਖ਼ੀਰ ਕਈ ਘੰਟਿਆਂ ਬਾਅਦ ਇੱਕ ਵਜ਼ੀਰਾਬਾਦ ਵੱਲੋਂ ਲਾਹੌਰ ਜਾਣ ਵਾਲੀ ਗੱਡੀ ਪਹੁੰਚੀ। ਜਦੋਂ ਇਹ ਸਾਰੇ ਸਿੱਖ ਲਾਹੌਰ ਸਟੇਸ਼ਨ ਉੱਤੇ ਅਪੜੇ, ਉਦੋਂ ਹੀ ਦੂਜੀ ਗੱਡੀ ਵਿਚ ਮਹੰਤ ਤੇ ਉਸ ਦੇ ਬਾਕੀ ਸਾਧੂਆਂ ਨੂੰ ਗ੍ਰਿਫ਼ਤਾਰ ਕਰ ਕੇ ਲਿਜਾਇਆ ਜਾ ਰਿਹਾ ਸੀ।

ਨਨਕਾਣਾ ਸਾਹਿਬ ਨੂੰ ਗੱਡੀ ਹਾਲੇ ਜਾਣੀ ਸੀ। ਅੰਮ੍ਰਿਤਸਰ ਵੱਲੋਂ ਵੀ ਢੇਰ ਸਾਰੇ ਸਿੱਖ ਪਹੁੰਚ ਗਏ ਸਨ। ਸਰਕਾਰੀ ਹੁਕਮਾਂ ਅਨੁਸਾਰ ਗੱਡੀ ਨੂੰ 'ਚੀਚੋ ਕੀ ਮੱਲੀਆਂ' ਸਟੇਸ਼ਨ ਤੋਂ ਤੇਜ਼ ਭਜਾ ਕੇ ਨਨਕਾਣਾ ਸਾਹਿਬ ਲੰਘਾ ਕੇ ਅੱਗੇ ਚੌਥੇ ਸਟੇਸ਼ਨ 'ਜੜਾਂ ਵਾਲੇ' ਜਾ ਖੜੀ ਕੀਤੀ ਗਈ। ਉੱਥੇ ਵੀ ਸਿਰਫ਼ ਤਿੰਨ ਲਾਰੀਆਂ ਹੀ ਖੜੀਆਂ ਮਿਲੀਆਂ। ਸਿੰਘਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਬਰਤਾਨਵੀ ਸਰਕਾਰ ਨੇ ਪੂਰਾ ਜ਼ੋਰ ਲਾਇਆ ਸੀ ਕਿ ਨਨਕਾਣਾ ਸਾਹਿਬ ਬਹੁਤੇ ਲੋਕ ਨਾ ਪਹੁੰਚ ਸਕਣ। ਤਿੰਨ ਮੀਲ ਦਾ ਪੈਂਡਾ ਉੱਥੋਂ ਬਹੁਤਿਆਂ ਨੇ ਪੈਦਲ ਤੈਅ ਕੀਤਾ। ਕੁੱਝ ਲਾਰੀਆਂ ਵਿਚ ਗਏ।

15. ਏਨੀ ਦੇਰ ਨੂੰ ਜੱਥੇਦਾਰ ਝੱਬਰ ਜੀ 2200 ਅਕਾਲੀਆਂ ਨੂੰ ਲੈ ਕੇ ਗੁਰਦੁਆਰੇ ਬਾਹਰ ਪਹੁੰਚ ਗਏ। ਉੱਥੇ ਪੁਲਿਸ ਉਨਾਂ ਨੂੰ ਭਜਾਉਣ ਦੀ ਫ਼ਿਰਾਕ ਵਿਚ ਖੜੀ ਸੀ। ਏਨੀ ਭਾਰੀ ਗਿਣਤੀ ਸਿੰਘਾਂ ਅਤੇ ਹੋਰ ਜੱਥੇਬੰਦੀਆਂ ਦੇ ਪਹੁੰਚਣ ਦੀ ਖ਼ਬਰ ਸੁਣ ਪੁਲਿਸ ਨੇ ਡਰਦੇ ਮਾਰੇ ਗੁਰਦੁਆਰੇ ਦੀਆਂ ਚਾਬੀਆਂ ਝੱਬਰ ਜੀ ਦੇ ਹਵਾਲੇ ਕਰਨ ਨੂੰ ਹੀ ਬਿਹਤਰ ਸਮਝਿਆ।

ਉਸ ਸਮੇਂ ਰੇਲਵੇ ਲਾਈਨ ਤੋਂ ਪਰਲੇ ਪਾਸੇ ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਇਕੱਠੇ ਹੋ ਚੁੱਕੇ ਸਨ। ਏਥੇ ਹੀ ਪ੍ਰੋ. ਸਾਹਿਬ ਸਿੰਘ ਤੇ ਹੋਰ ਲਾਰੀਆਂ ਵਿਚਲੇ ਸਿੰਘ ਵੀ ਇਕੱਠੇ ਹੋ ਗਏ।

ਸਭ ਨੂੰ ਐਲਾਨ ਕਰ ਦਿੱਤਾ ਗਿਆ ਕਿ ਗੁਰਦੁਆਰਾ ਸਾਹਿਬ ਦੇ ਦਰਸ਼ਨ ਅਗਲੇ ਦਿਨ ਸਵੇਰੇ ਕਰਵਾਏ ਜਾਣਗੇ। ਉਸ ਦਿਨ ਗੁਰੂ ਹਰਿ ਰਾਇ ਜੀ ਦਾ ਜਨਮ ਦਿਨ ਸੀ।

16. ਅਗਲੇ ਦਿਨ 21 ਜਨਵਰੀ ਨੂੰ ਜਦੋਂ ਗੁਰਦੁਆਰਾ ਸਾਹਿਬ ਦੇ ਦਰਵਾਜ਼ੇ ਖੋਲੇ ਗਏ ਤਾਂ ਦੱਖਣੀ ਗੇਟ ਰਾਹੀਂ ਪੰਜ-ਪੰਜ ਆਦਮੀ ਅੰਦਰ ਵਾੜੇ ਗਏ ਜੋ ਬਿਨਾਂ ਰੁਕੇ ਚੜਦੇ ਦੇ ਫਾਟਕ ਰਾਹੀਂ ਬਾਹਰ ਕੱਢ ਦਿੱਤੇ ਗਏ।

17. ਮੇਰੇ ਨਾਨਾ ਜੀ, ਪ੍ਰੋ. ਸਾਹਿਬ ਸਿੰਘ ਜੀ, ਜਦੋਂ ਇਸ ਅੱਖੀਂ ਵੇਖੀ ਗੁਰਦੁਆਰੇ ਅੰਦਰਲੀ ਘਟਨਾ ਬਾਰੇ ਗੱਲ ਕਰਦੇ ਸਨ ਤਾਂ ਉਨਾਂ ਦਾ ਮੂੰਹ ਲਾਲ ਹੋ ਜਾਂਦਾ ਸੀ ਤੇ ਆਵਾਜ਼ ਕੰਬਣ ਲੱਗਦੀ ਸੀ, 'ਚੁਫ਼ੇਰੇ ਬੋ ਹੀ ਬੋ ਸੀ। ਗੁਰਦੁਆਰੇ ਦੇ ਪਹਾੜ ਵਾਲੇ ਪਾਸੇ ਅੱਧ ਸੜੀਆਂ ਲਾਸ਼ਾਂ ਦੇ ਢੇਰ ਲੱਗੇ ਪਏ ਸਨ। ਮਣਾਂ ਮੂੰਹੀਂ ਬਲਦੀਆਂ ਲੱਕੜਾਂ ਦੇ ਕੋਲ ਮਿੱਟੀ ਦੇ ਤੇਲ ਦੇ ਅਣਗਿਣਤ ਪੀਪੇ ਪਏ ਸਨ। ਦੂਰ-ਦੂਰ ਤੱਕ ਅੱਧ-ਸੜੀਆਂ ਲੱਤਾਂ ਤੇ ਬਾਹਵਾਂ ਖਿਲਰੀਆਂ ਪਈਆਂ ਸਨ। ਜੇ ਕੁੱਝ ਸਮਾਂ ਮਹੰਤ ਤੇ ਉਸ ਦੇ ਸਾਥੀਆਂ ਨੂੰ ਹੋਰ ਮਿਲ ਜਾਂਦਾ ਤਾਂ ਸਿਰਫ਼ ਉਹ ਤਿੰਨ ਸਾਬਤ ਬਚੀਆਂ ਲਾਸ਼ਾਂ ਹੀ ਵਿਖਾਈਆਂ ਜਾਂਦੀਆਂ ਜੋ ਪਰਾਂ ਰੱਖੀਆਂ ਹੋਈਆਂ ਸਨ। ਬਾਕੀ ਸਭ ਫ਼ਨਾਹ ਕਰ ਦਿੱਤਾ ਜਾਂਦਾ। ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਾਸਤੇ ਇੱਕ ਸਾਧ ਤੇ ਦੋ ਅਕਾਲੀਆਂ ਦੀ ਝੜਪ ਵਿਖਾ ਕੇ ਤਿੰਨ ਲਾਸ਼ਾਂ ਪਰਾਂ ਰੱਖ ਕੇ ਬਾਕੀ ਸਾਰੇ ਅਮਨ ਅਮਾਨ ਨਾਲ ਵੱਸਦੇ ਸਿੱਖਾਂ ਉੱਤੇ ਕਹਿਰ ਢਾਹੁਣ ਤੇ ਕੁਫ਼ਰ ਤੋਲਣ ਲਈ ਪੂਰਾ ਪ੍ਰਾਪੇਗੰਡਾ ਰਚਿਆ ਪਿਆ ਸੀ। ਉਨਾਂ ਸਿੱਖਾਂ ਦੀਆਂ ਲਾਸ਼ਾਂ ਕੋਲ ਮਹੰਤ ਨੇ ਆਪਣੇ ਦੋ ਹਥਿਆਰ ਰੱਖ ਦਿੱਤੇ ਸਨ, ਜੋ ਕੋਈ ਵੀ ਸਿੱਖ ਬਾਹਰੋਂ ਲੈ ਕੇ ਹੀ ਨਹੀਂ ਸੀ ਗਿਆ। ਇਸ ਝੂਠ ਦੇ ਪ੍ਰਚਾਰ ਨੇ ਹੋਰ ਪ੍ਰਚੰਡ ਰੂਪ ਧਾਰਨ ਕਰਨਾ ਸੀ ਤੇ ਧਾਰਮਿਕ ਪਾੜ ਪਾਉਣ ਦਾ ਜ਼ਰੀਆ ਬਣ ਜਾਣਾ ਸੀ। ਸ਼ੁਕਰ ਹੈ ਇਸ ਤੋਂ ਬਚਾਓ ਹੋ ਗਿਆ।

'ਏਨੀਆਂ ਜਵਾਨ ਮੌਤਾਂ ਵੇਖ ਮੈਂ ਭੁੱਬਾਂ ਮਾਰ ਕੇ ਰੋਇਆ। ਏਨੇ ਘਰ ਉਜੜੇ ਤੇ ਉਹ ਵੀ ਏਨੀ ਬੇਰਹਿਮੀ ਨਾਲ ਤੇ ਉੱਤੋਂ ਗੁਰੂ ਦੇ ਘਰ ਅੰਦਰ! ਤੌਬਾ, ਕਹਿਰ ਹੀ ਕਹਿਰ ਸੀ। ਰੋਣ ਠੱਲਿਆ ਹੀ ਨਹੀਂ ਸੀ ਜਾਂਦਾ। ਤੁਰਨ ਜੋਗਾ ਵੀ ਸਾਹ ਸੱਤ ਨਾ ਰਿਹਾ। ਜਦੋਂ ਮੈਂ ਗੁਰਦੁਆਰੇ ਦੇ ਅੰਦਰ ਗਿਆ ਤਾਂ ਭਾਈ ਹੀਰਾ ਸਿੰਘ ਜੀ ਰਾਗੀ ਉਸ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸਨ ਜਿਸ ਵਿਚ ਸਾਧਾਂ ਦੀਆਂ ਬੰਦੂਕਾਂ ਦੀਆਂ ਸੱਤ ਗੋਲੀਆਂ ਵੱਜੀਆਂ ਪਈਆਂ ਸਨ। ਭਾਈ ਹੀਰਾ ਸਿੰਘ ਜੀ ਨੇ ਮੈਨੂੰ ਵੇਖ ਕੇ ਉੱਚੀ-ਉੱਚੀ ਰੋ ਕੇ ਕਿਹਾ-ਭਾਈ ਸਾਹਿਬ ਸਿੰਘ ਜੀ, ਇਹ ਵੇਖੋ ਸਤਿਗੁਰੂ ਜੀ ਦੀ ਛਾਤੀ ਵੀ ਗੋਲੀਆਂ ਨਾਲ ਵਿੰਨੀ ਪਈ ਹੈ। ਅਸੀਂ ਦੋਵੇਂ ਜ਼ਾਰ ਜ਼ਾਰ ਰੋਏ।

'ਚੜਦੇ ਪਾਸੇ ਦੇ ਫਾਟਕ ਰਾਹੀਂ ਵਾਪਸ ਜਾਣ ਦੇ ਰਾਹ ਵਿਚ ਕਈ ਸਿੰਘਾਂ ਦੇ ਸਰੀਰ ਕੀਮਾ ਕਰ ਕੇ ਨਿੱਕੇ ਟੋਟੇ ਬਣਾਏ ਪਏ ਸਨ। ਭਲਾ ਕੋਈ ਦੱਸੇ ਕਿਸ ਕਸੂਰ ਦੀ ਸਜ਼ਾ ਦਿੱਤੀ ਗਈ ਸੀ? ਸਿਰਫ਼ ਨਨਕਾਣਾ ਸਾਹਿਬ ਦੀ ਹੱਦ ਦੀ ਪਵਿੱਤਰਤਾ ਬਹਾਲ ਕਰਨ ਦੀ ਸ਼ਾਂਤਮਈ ਅਰਦਾਸ ਲਈ?

'ਪੂਰੀ ਪਰਕਰਮਾ ਵਿਚ ਲਹੂ ਭਿੱਜੇ ਕੇਸ ਧਰਤੀ ਉੱਤੇ ਚੰਬੜੇ ਪਏ ਸਨ। ਤੁਰਨ ਜੋਗਾ ਰਾਹ ਵੀ ਨਹੀਂ ਸੀ ਛੱਡਿਆ। ਦਿਸ ਰਿਹਾ ਸੀ ਕਿ ਕਿਵੇਂ ਜੀਊਂਦੇ ਜ਼ਖ਼ਮੀ ਸਿੰਘਾਂ ਨੂੰ ਬੇਰਹਿਮੀ ਨਾਲ ਘੜੀਸ ਕੇ ਧੂਹ ਧੂਹ ਬਲਦੇ ਲੱਕੜਾਂ ਦੇ ਭਾਂਬੜ ਵਿਚ ਸੁੱਟਿਆ ਹੋਵੇਗਾ! ਪਾਸੇ ਦੀਆਂ ਨਿੱਕੀਆਂ ਕੋਠੜੀਆਂ ਵਿਚ ਤੇਲ ਦੇ ਬੇਸ਼ੁਮਾਰ ਪੀਪੇ ਹਾਲੇ ਵੀ ਭਰੇ ਪਏ ਸਨ। ਕੀ ਏਨਾ ਅਸਲਾ ਤੇ ਤੇਲ ਦੇ ਭਰੇ ਪੀਪਿਆਂ ਬਾਰੇ ਨਾਲ ਲੱਗਦੇ ਥਾਣੇ ਵਾਲਿਆਂ ਨੂੰ ਪਤਾ ਨਹੀਂ ਸੀ? ਆਖ਼ਰ ਕਿਨਾਂ ਲਈ ਇਹ ਸਭ ਜਮਾਂ ਹੋਣ ਦਿੱਤਾ ਗਿਆ? ਕਿਉਂ ਇੱਕ ਵੀ ਜ਼ਖ਼ਮੀ ਸਿੰਘ ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ? ਕਿਉਂ ਪੁਲਿਸ ਮੁਲਾਜ਼ਮ ਸਾਰੇ ਹੀ ਉਸ ਦਿਨ ਛੁੱਟੀ ਲੈ ਗਏ? ਕਿਉਂ ਆਪਣੀ ਰੱਖਿਆ ਆਪ ਕਰਨ ਦੇ ਸਰਕਾਰੀ ਹੁਕਮ ਮਹੰਤ ਨੂੰ ਦੇ ਦਿੱਤੇ ਗਏ? ਗੁਰਦੁਆਰੇ ਦੇ ਬਾਹਰਵਾਰ ਚੜਦੇ ਦੱਖਣ ਦੀ ਗੁੱਠੇ ਘੁਮਿਆਰਾਂ ਦੀ ਆਵੀ ਵਿਚ ਇੱਕ ਅਧਸੜੀ ਲਾਸ਼ ਉਸ ਸਮੇਂ ਤੱਕ ਵੀ ਧੁੱਖ ਰਹੀ ਦਿਸੀ। ਚੁਫ਼ੇਰੇ ਮੌਤ ਦਾ ਤਾਂਡਵ ਸੀ। ਹਨੇਰਗਰਦੀ ਦੀ ਸਿਖ਼ਰ! ਉਦਾਸੀ ਤੇ ਗਮ ਨੇ ਮਨ ਭਰ ਦਿੱਤਾ। ਉੱਥੇ ਕਿਸੇ ਨੂੰ ਟਿਕਣ ਨਹੀਂ ਸਨ ਦੇ ਰਹੇ। ਸਭ ਭਾਰੇ ਮਨ ਨਾਲ ਵਾਪਸ ਮੁੜੇ। ਕੋਈ ਬੋਲ ਸਕਣ ਵਾਲੀ ਹਾਲਤ ਵਿਚ ਨਹੀਂ ਸੀ ਰਿਹਾ।'

18. ਅਗਲੇ ਦਿਨ ਪਹਿਲੀ ਵਾਰ ਸਰਕਾਰੀ ਏਜੰਸੀਆਂ ਦੇ ਅਖ਼ਬਾਰਾਂ ਨੇ ਵੀ ਇਸ ਬੇਰਹਿਮੀ ਨਾਲ ਕੀਤੇ ਨਰਸੰਹਾਰ ਦੀ ਨਿਖੇਧੀ ਕੀਤੀ। ਜਿਹੜੇ ਅਖ਼ਬਾਰ ਹਾਲੇ ਤਕ ਅਕਾਲੀਆਂ ਵਿਰੁੱਧ ਜ਼ਹਿਰ ਉਗਲ ਰਹੇ ਸਨ, ਉਨਾਂ ਵੀ ਖ਼ਬਰ ਛਾਪੀ ਕਿ ਸ਼ਾਂਤਮਈ ਸੰਘਰਸ਼ ਉੱਤੇ ਆਖ਼ਰ ਹੱਲਾ ਕਿਉਂ? ਕੁੱਝ ਦਮ ਰੱਖਣ ਵਾਲੀਆਂ ਅਖ਼ਬਾਰਾਂ ਨੇ ਸਪੱਸ਼ਟ ਛਾਪਿਆ ਕਿ ਮਹੰਤ ਦੇ ਗੁੰਡੇ ਤੇ ਸਰਕਾਰੀ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਇਹ ਕਤਲੇਆਮ ਹੋਇਆ।

19. ਚੁਫ਼ੇਰੇ ਹਾਹਾਕਾਰ ਮਚੀ ਵੇਖ ਮਹਾਤਮਾ ਗਾਂਧੀ, ਮੌਲਾਨਾ ਸ਼ੌਕਤ ਅਲੀ, ਡਾ. ਕਿਚਲੂ, ਲਾਲਾ ਦੁਨੀ ਚੰਦ, ਲਾਲਾ ਲਾਜਪਤ ਰਾਏ, ਉੱਘੇ ਸਿੱਖ ਆਗੂ, ਪੰਜਾਬ ਵਿਧਾਨ ਪ੍ਰੀਸ਼ਦ ਦੇ ਮੈਂਬਰ, ਸਿੱਖ ਲੀਗ, ਚੀਫ਼ ਖ਼ਾਲਸਾ ਦੀਵਾਨ ਦੇ ਆਗੂ ਤੇ ਦੂਜੀਆਂ ਸਿੱਖ ਜਥੇਬੰਦੀਆਂ ਵੀ ਉੱਥੇ ਪਹੁੰਚੀਆਂ ਤੇ ਸਭ ਨੇ ਇਸ ਘਟਨਾ ਦੀ ਨਿਖੇਧੀ ਕੀਤੀ।

20. ਤਿੰਨ ਮਾਰਚ 1921 ਨੂੰ ਨਨਕਾਣਾ ਸਾਹਿਬ ਬਹੁਤ ਵਿਸ਼ਾਲ ਸ਼ਹੀਦੀ ਦੀਵਾਨ ਸਜਿਆ।

**ਬਾਕੀ ਸਫ਼ਾ 26 'ਤੇ**

# ਮਾਮਲਾ ਜਥੇ ਨੂੰ ਪਾਕਿਸਤਾਨ ਜਾਣ ਤੋਂ ਰੋਕਣ ਦਾ ਮੋਦੀ ਸਰਕਾਰ ਦਾ ਮਾੜਾ ਰਵੱਈਆ ਕਦੇ ਨਹੀਂ ਭੁੱਲੇਗਾ ਪੰਥ: ਜਥੇਦਾਰ

## ✪ ਭਾਰਤ ਤੇ ਪਾਕਿਸਤਾਨ ਵਿਖੇ ਹੋਏ ਸ਼ਤਾਬਦੀ ਸਮਾਗਮਾਂ ਦੌਰਾਨ ਮੋਦੀ ਸਰਕਾਰ ਦੇ ਫ਼ੈਸਲੇ ਦੀ ਨਿੰਦਾ ✪ ਅਕਾਲ ਤਖ਼ਤ ਦੇ ਜਥੇਦਾਰ ਨੇ 'ਜ਼ੂਮ' ਰਾਹੀਂ ਹਾਜ਼ਰੀ ਲਵਾਈ ✪ ਕੇਂਦਰ ਦੇ ਫ਼ੈਸਲੇ 'ਤੇ ਮੁੱਖ ਮੰਤਰੀ ਦਾ ਚੁੱਪ ਰਹਿਣਾ ਮੰਦਭਾਗਾ: ਸੁਖਬੀਰ

**ਚੰਡੀਗੜ੍ਹ/ਏ.ਟੀ.ਨਿਊਜ਼:** ਦਸ ਫੱਗਣ ਦੇ ਦਿਨ ਸੌ ਸਾਲ ਪਹਿਲਾਂ ਨਨਕਾਣਾ ਸਾਹਿਬ ਵਿਚ ਵਾਪਰੇ ਸ਼ਹੀਦੀ ਸਾਕੇ ਦੀ ਸ਼ਤਾਬਦੀ ਮਨਾਈ ਜਾਣੀ ਸੀ। ਨਨਕਾਣਾ ਸਾਹਿਬ 'ਚ ਹੋ ਰਹੇ ਸਮਾਗਮਾਂ 'ਚ ਸ਼ਾਮਲ ਹੋਣ ਲਈ ਸਿੱਖਾਂ ਦੇ ਜਥੇ ਨੇ ਵੀਰਵਾਰ 18 ਫਰਵਰੀ ਨੂੰ ਪਾਕਿਸਤਾਨ ਜਾਣਾ ਸੀ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਜਗੀਰ ਕੌਰ ਨੂੰ ਬੁੱਧਵਾਰ 17 ਜਨਵਰੀ ਪੱਤਰ ਭੇਜ ਕੇ ਜਥੇ 'ਤੇ ਰੋਕ ਲਗਾ ਦਿੱਤੀ ਹੈ। ਗ੍ਰਹਿ ਮੰਤਰਾਲੇ ਦੇ ਪੱਤਰ ਅਨੁਸਾਰ ਜਥੇ ਨੂੰ ਸੁਰੱਖਿਆ ਅਤੇ ਕਰੋਨਾ ਦੇ ਕਾਰਨਾਂ ਕਰ ਕੇ ਜਾਣ ਦੀ ਆਗਿਆ ਨਹੀਂ ਦਿੱਤੀ ਗਈ । ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਾਗੀਰ ਕੌਰ ਤੇ ਹੋਰ ਪੰਥਕ ਆਗੂਆਂ ਨੇ ਇਸ ਸਬੰਧੀ ਮੋਦੀ ਸਰਕਾਰ ਦੀ ਸਖ਼ਤ ਨਿਖੇਧੀ ਕੀਤੀ ਹੈ।

**ਕੀ ਹੈ ਇਤਿਹਾਸ**

ਸਿੱਖ ਰਾਜ ਦਾ ਸੂਰਜ ਅਸਤ ਹੋਣ ਦੀ ਦੇਰ ਸੀ ਕਿ ਮਹੰਤਾਂ-ਪੁਜਾਰੀਆਂ ਨੇ ਅੰਗਰੇਜ਼ ਭਗਤ ਬਣ, ਐਸ਼-ਪ੍ਰਸਤੀ ਕਰਨੀ ਸ਼ੁਰੂ ਕਰ ਦਿੱਤੀ। ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਦਾ ਸ਼ਰਾਬ ਪੀ ਕੇ ਆਈ ਸੰਗਤ ਦੀ ਬੇਇੱਜ਼ਤੀ ਕਰਨਾ, ਬੀਬੀਆਂ ਦੀ ਅਜ਼ਮਤ ਨੂੰ ਹੱਥ ਪਾਉਣਾ, ਨਿੱਤ ਦਾ ਕੁਕਰਮ ਬਣ ਗਿਆ ਸੀ। ਇਸ ਸਮੇਂ ਸਿੱਖ ਸਮਾਜ ਵਿਚ ਸਿੱਖ ਜਾਗ੍ਰਤੀ ਵਜੋਂ ਸਿੰਘ ਸਭਾ ਲਹਿਰ ਚੱਲ ਰਹੀ ਸੀ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਨੂੰ ਮਹੰਤਾਂ ਦੇ ਪ੍ਰਬੰਧ ਤੋਂ ਅਜ਼ਾਦ ਕਰਾਉਣ ਲਈ ਗੁਰਸਿੱਖ ਮਰਜੀਵੜਿਆਂ ਦਾ ਸ਼ਾਂਤਮਈ ਜਥਾ ਫਰਵਰੀ, 1921 ਨੂੰ ਦਰਸ਼ਨੀ ਡਿਊੜੀ ਰਸਤੇ ਅੰਦਰ ਦਾਖਲ ਹੋਇਆ, ਜਿੱਥੇ ਇਨਾਂ ਨਾਨਕ ਨਾਮ ਲੇਵਾ ਗੁਰਸਿੱਖਾਂ ਦਾ 'ਸੁਆਗਤ' ਮਹੰਤ, ਉਸ ਦੇ ਗੁੰਡਿਆਂ, ਬਦਮਾਸ਼ਾਂ ਨੇ ਗੋਲੀਆਂ, ਡਾਂਗਾਂ, ਬਰਛੀਆਂ, ਤਲਵਾਰਾਂ ਆਦਿ ਮਾਰੂ ਹਥਿਆਰਾਂ ਨਾਲ ਕੀਤਾ, ਗੁਰੂ-ਘਰ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਖ਼ਾਤਰ ਭਾਈ ਲਛਮਣ ਸਿੰਘ ਧਾਰੋਵਾਲੀ, ਭਾਈ ਦਲੀਪ ਸਿੰਘ, ਕਾਕਾ ਦਰਬਾਰਾ ਸਿੰਘ ਸਮੇਤ ਬਹੁਤ ਸਾਰੇ ਬੱਚੇ, ਬਜ਼ੁਰਗ, ਮਾਤਾਵਾਂ ਸ਼ਾਂਤਮਈ ਰਹਿ ਕੇ ਸ਼ਹਾਦਤਾਂ ਪ੍ਰਾਪਤ ਕਰ ਗਏ। ਮਹੰਤ ਨਰੈਣ ਦਾਸ ਦੇ ਬਦਮਾਸ਼ਾਂ ਦੇ ਜਬਰ-ਜ਼ੁਲਮ ਦੀ ਇੰਤਹਾ-ਚਰਮਸੀਮਾ ਦੇਖੋ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਤੇ ਬੈਠਾ ਗ੍ਰੰਥੀ ਸਿੰਘ ਵੀ ਸ਼ਹੀਦ ਹੋ ਗਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਵਿਚ ਵੀ ਗੋਲੀਆਂ ਲੱਗੀਆਂ, ਜਿਸ ਨੂੰ 'ਸ਼ਹੀਦੀ ਬੀੜ' ਕਿਹਾ ਜਾਂਦਾ ਹੈ। ਇਹ ਦੁਖਦਾਈ-ਖ਼ੂਨੀ ਸਾਕਾ 10 ਫੱਗਣ, 21 ਫਰਵਰੀ 1921 ਨੂੰ ਵਾਪਰਿਆ।

ਸਾਕਾ ਨਨਕਾਣਾ ਸਾਹਿਬ ਵਾਪਰਨ ਸਮੇਂ ਕੁਝ ਭੱਟੀ ਮੁਸਲਮਾਨਾਂ, ਬਾਬਾ ਕਰਤਾਰ ਸਿੰਘ (ਬੇਦੀ), ਮੰਗਲ ਸਿੰਘ ਨਾਮਧਾਰੀ ਆਦਿ ਨੇ ਵੀ ਕੁਕਰਮੀ ਮਹੰਤਾਂ ਦਾ ਸਾਥ ਦਿੱਤਾ। ਮਹੰਤ ਨਰੈਣ ਦਾਸ ਤੇ ਮਿਸਟਰ ਕਰੀ ਡੀ.ਸੀ ਅਤੇ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਡਵੀਜ਼ਨ ਦੀ ਸ਼ਹਿ 'ਤੇ ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਖ਼ੂਨ ਨਾਲ ਲਾਲ ਹੋ ਗਈ। ਗੁਰਦੁਆਰਾ ਜਨਮ-ਅਸਥਾਨ ਦੇ ਨਜ਼ਦੀਕ ਸਥਿਤ ਸ਼ਹੀਦੀ ਖ਼ੂਹ ਤੇ ਜੰਡ ਦਾ ਦਰੱਖਤ ਸ਼ਹੀਦਾਂ ਦੀ ਸ਼ਹੀਦੀ ਦਾਸਤਾਨ ਬਿਆਨ ਕਰਦਾ ਹੈ। 5 ਮਾਰਚ, 1921 ਨੂੰ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਵਿਚ ਸ਼ਹੀਦ ਹੋਏ ਗੁਰਸਿੱਖਾਂ ਦੀ ਯਾਦ ਵਿਚ ਸ਼ਹੀਦੀ ਦਿਵਸ ਨਨਕਾਣਾ ਸਾਹਿਬ ਮਨਾ ਕੇ ਸਤਿਕਾਰ ਭੇਟ ਕੀਤਾ ਗਿਆ ਅਤੇ ਸ਼ਹੀਦਾਂ ਦੀ ਯਾਦਗਾਰ ਸਥਾਪਤ ਕਰਨ ਦਾ ਐਲਾਨ ਕੀਤਾ ਗਿਆ। ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਸਮੁੱਚੇ ਸਿੱਖ ਜਗਤ ਅਤੇ ਪੰਜਾਬੀ ਆਗੂਆਂ ਦੇ ਨਾਲ ਨਾਲ ਮਹਾਤਮਾ ਗਾਂਧੀ, ਸ਼ੌਕਤ ਅਲੀ ਅਤੇ ਹੋਰ ਕੌਮੀ ਆਗੂ ਨਨਕਾਣਾ ਸਾਹਿਬ ਪਹੁੰਚੇ। ਅਪ੍ਰੈਲ, 1921 ਵਿਚ ਮਹੰਤ ਨਰੈਣ ਦਾਸ ਤੇ ਉਸ ਦੇ ਚੇਲਿਆਂ 'ਤੇ ਮੁਕੱਦਮਾ ਚਲਣਾ ਸ਼ੁਰੂ ਹੋਇਆ। 12 ਅਕਤੂਬਰ, 1921 ਨੂੰ ਮਹੰਤ ਨਰੈਣ ਦਾਸ ਤੇ ਉਸ ਦੇ 7 ਸਾਥੀਆਂ ਨੂੰ ਮੌਤ ਦੀ ਸਜ਼ਾ, 8 ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਪਰ ਹਾਈਕੋਰਟ ਨੇ ਮਹੰਤ ਦੀ ਮੌਤ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ।

ਬਾਬਾ ਕਰਤਾਰ ਸਿੰਘ (ਬੇਦੀ) ਨੂੰ ਕੁਝ ਸਮੇਂ ਬਾਅਦ ਪੰਥ ਨਾਲ ਕੀਤੀ ਗ਼ੱਦਾਰੀ ਦਾ ਅਹਿਸਾਸ ਹੋਇਆ ਤਾਂ ਉਹ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ ਜਿਸ 'ਤੇ ਉਸ ਨੂੰ ਹੁਣ ਤੱਕ ਦੀ ਸਭ ਤੋਂ ਸਖ਼ਤ ਸੇਵਾ-ਤਨਖ਼ਾਹ 24 ਮਈ, 1924 ਨੂੰ ਲਗਾਈ ਗਈ। ਜਿਸ ਅਨੁਸਾਰ ਕਰਤਾਰ ਸਿੰਘ ਨੂੰ ਦੰਡ ਲਾਇਆ ਜਾਂਦਾ ਹੈ ਕਿ ਉਹ ਇਕ ਤਾਂ ਦਰਬਾਰ ਸਾਹਿਬ ਦੀ ਪ੍ਰਕਰਮਾ, ਘੰਟਾ ਘਰ ਤੋਂ ਥੜਾ ਸਾਹਿਬ ਤੱਕ ਝਾੜੂ ਦੇਣ ਦੀ ਸੇਵਾ ਕਰੇ ਅਤੇ ਅੰਮ੍ਰਿਤਸਰ ਤੋਂ ਨੰਗੇ ਪੈਰੀਂ ਚੱਲ ਕੇ ਨਨਕਾਣਾ ਸਾਹਿਬ ਜਾਵੇ। ਉੱਥੇ ਪੁੱਜ ਕੇ ਪੰਜ ਅਖੰਡ ਪਾਠ ਕਰਾਵੇ ਤੇ ਦਸ ਹਜ਼ਾਰ ਰੁਪਏ ਸ਼ਹੀਦੀ ਫ਼ੰਡ ਵਿਚ ਦੇਵੇ ।

ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਨੂੰ ਅਜਿਹੇ ਹੀ ਕਪਟੀ ਮਹੰਤਾਂ ਤੋਂ ਅਜ਼ਾਦ ਕਰਵਾ ਕੇ ਸੰਗਤੀ ਪ੍ਰਬੰਧ ਵਿਚ ਲਿਆਉਣ ਲਈ ਗੁਰਸਿੱਖਾਂ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਰੰਭ ਕੀਤੀ। ਜਿਸ ਤਹਿਤ ਸਭ ਤੋਂ ਪਹਿਲਾਂ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਅਕਤੂਬਰ, 1920 ਨੂੰ ਪੰਥਕ ਪ੍ਰਬੰਧ 'ਚ ਲਿਆ ਗਿਆ। ਫਿਰ 12 ਅਕਤੂਬਰ, 1920 ਨੂੰ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਆਇਆ।

ਦੇਸ਼ ਵੰਡ ਸਮੇਂ ਤਕ ਗੁਰਦੁਆਰਾ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਕਰਦੀ ਰਹੀ ਪਰ ਦੇਸ਼ ਦੇ ਬਟਵਾਰੇ ਨਾਲ ਜਿੱਥੇ ਸਿੱਖਾਂ ਦਾ ਬੇਸ਼ੁਮਾਰ ਜਾਨੀ ਤੇ ਮਾਲੀ ਨੁਕਸਾਨ ਹੋਇਆ, ਉਸ ਦੇ ਨਾਲ ਜਿੰਦ-ਜਾਨ ਤੋਂ ਪਿਆਰੇ 173 ਦੇ ਕਰੀਬ ਇਤਿਹਾਸਕ ਗੁਰਦੁਆਰੇ-ਗੁਰਧਾਮਾਂ ਤੋਂ ਵੀ ਸਿੱਖ ਵਿੱਛੜ ਗਏ। ਵਿਛੋੜੇ ਦੇ ਨਾਸੂਰ ਨੂੰ ਭਰਨ ਵਾਸਤੇ ਅਕਾਲ ਤਖ਼ਤ ਸਾਹਿਬ ਤੋਂ ਹੋਏ ਆਦੇਸ਼ ਅਨੁਸਾਰ ਹਰ ਸਿੱਖ ਸਵੇਰੇ-ਸ਼ਾਮ ਇਨਾਂ ਗੁਰਦੁਆਰਿਆਂ-ਗੁਰਧਾਮਾਂ ਦੇ ਦਰਸ਼ਨ-ਦੀਦਾਰ ਲਈ ਅਰਦਾਸ-ਜੋਦੜੀ ਕਰਦਾ ਹੈ।

ਸ਼ਹੀਦਾਂ ਦੇ ਪਵਿੱਤਰ ਖ਼ੂਨ ਸਦਕਾ ਹੀ ਅੰਗਰੇਜ਼ ਰਾਜ ਕਾਲ ਸਮੇਂ ਸੁਤੰਤਰ ਸਿੱਖ ਸੰਸਥਾ, ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਹੋਂਦ ਵਿਚ ਆਈ। ਅਜਿਹੇ ਦਿਹਾੜੇ ਦੇ ਸ਼ਤਾਬਦੀ ਸਮਾਗਮਾਂ ਵਿਚ ਸ਼ਾਮਲ ਹੋ ਰਹੇ ਜਥੇ ਨੂੰ ਮੋਦੀ ਸਰਕਾਰ ਵੱਲੋਂ ਰੋਕਣਾ ਅਸੰਵੇਦਨਸ਼ੀਲਤਾ ਦੀ ਸਿਖਰ ਹੈ।

**ਪੰਥਕ ਆਗੂਆਂ ਵੱਲੋਂ ਨਿਖੇਧੀ**

ਕੇਂਦਰ ਸਰਕਾਰ ਦੇ ਇਨਾਂ ਨਿਰਦੇਸ਼ਾਂ ਦੀ ਨਿਖੇਧੀ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਨੂੰ ਮੰਦਭਾਗਾ ਫ਼ੈਸਲਾ ਕਰਾਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਜਗੀਰ ਕੌਰ ਨੇ ਸਰਕਾਰ ਦੇ ਫ਼ੈਸਲੇ 'ਤੇ ਸਵਾਲ ਉਠਾਉਂਦਿਆਂ ਕਿਹਾ ਹੈ ਕਿ ਸੁਰੱਖਿਆ ਦੇ ਤਰਕ ਕਾਰਨ ਜਥੇ ਦੀ ਯਾਤਰਾ 'ਤੇ ਰੋਕ ਲਗਾਉਣਾ ਕਿਸੇ ਤਰਾਂ ਵੀ ਜਾਇਜ਼ ਨਹੀਂ 'ਕਿਉਂਕਿ ਲੰਘੇ ਨਵੰਬਰ ਮਹੀਨੇ ਵਿਚ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿ ਸਥਿਤ ਗੁਰਧਾਮਾਂ ਦੀ ਯਾਤਰਾ ਕਰਕੇ ਆਇਆ ਹੈ। ਜੇਕਰ ਉਸ ਵਕਤ ਖ਼ਤਰਾ ਨਹੀਂ ਸੀ ਤਾਂ ਹੁਣ ਖ਼ਤਰਾ ਕਿਵੇਂ ਪੈਦਾ ਹੋ ਗਿਆ।' ਬੀਬੀ ਜਗੀਰ ਕੌਰ ਅਨੁਸਾਰ ਭਾਰਤ ਅਤੇ ਸੂਬਾ ਸਰਕਾਰ ਦੀਆਂ ਏਜੰਸੀਆਂ ਨੇ ਸਭ ਸ਼ਰਧਾਲੂਆਂ ਬਾਰੇ ਜਾਣਕਾਰੀ ਲੈਣ ਤੇ ਜਾਂਚ ਤੋਂ ਬਾਅਦ ਹੀ ਪਾਕਿਸਤਾਨ ਦੂਤਾਵਾਸ ਨੇ ਵੀਜ਼ੇ ਜਾਰੀ ਕੀਤੇ ਸਨ। ਇਹ ਵੀ ਯਾਦ ਰੱਖਣ ਯੋਗ ਹੈ ਕਿ ਕਰਤਾਰਪੁਰ ਲਾਂਘਾ ਉਸ ਵੇਲੇ ਖੋਲਿਆ ਗਿਆ ਸੀ ਜਦ ਦੋਹਾਂ ਦੇਸ਼ਾਂ ਵਿਚ ਤਣਾਉ ਸਿਖ਼ਰਾਂ 'ਤੇ ਸੀ।

**ਪਾਕਿਸਤਾਨ ਵਿਚ ਮਨਾਈ ਗਈ ਨਨਕਾਣਾ ਸਾਹਿਬ ਸਾਕੇ ਦੀ ਸ਼ਤਾਬਦੀ**

ਭਾਰਤ ਤੇ ਪਾਕਿਸਤਾਨ ਵਿਖੇ ਹੋਏ ਸ਼ਤਾਬਦੀ ਸਮਾਗਮਾਂ ਦੌਰਾਨ ਮੋਦੀ ਸਰਕਾਰ ਦੇ ਇਸ ਫ਼ੈਸਲੇ ਦੀ ਨਿਖੇਧੀ ਕੀਤੀ ਗਈ ਹੈ। ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸ਼ਤਾਬਦੀ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਚ ਸਮਾਗਮ ਕੀਤੇ ਗਏ। ਪਾਕਿਸਤਾਨ ਵਿਦੇਸ਼ ਮੰਤਰਾਲੇ ਦੇ ਬੁਲਾਰੇ ਜਾਹਿਦ ਹਫੀਜ ਚੌਧਰੀ ਨੇ ਕਿਹਾ ਕਿ ਉਹ ਦੁਨੀਆ ਭਰ ਤੋਂ ਆ ਰਹੇ ਸਿੱਖਾਂ ਨੂੰ ਪੂਰੀ ਸਹੂਲਤ ਤੇ ਸੁਰੱਖਿਆ ਦੇ ਰਹੇ ਹਨ। ਇਸ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਗਿਆਨੀ ਹਰਪ੍ਰੀਤ ਸਿੰਘ ਨੇ 'ਜ਼ੂਮ ਐਪ' ਰਾਹੀਂ ਸੰਬੋਧਨ ਕੀਤਾ। ਉਨਾਂ ਨੇ ਸਰਕਾਰ ਵੱਲੋਂ ਜਥੇ ਨੂੰ ਜਾਣੋਂ ਰੋਕਣ ਦਾ ਜ਼ਿਕਰ ਕਰਦਿਆਂ ਇਸ ਨੂੰ ਮੋਦੀ ਸਰਕਾਰ ਦੀ ਜ਼ਿਆਦਤੀ ਕਰਾਰ ਦਿੱਤਾ। ਇਸ ਮੌਕੇ ਪਾਕਿਸਤਾਨ ਸਰਕਾਰ ਦੇ ਮੰਤਰੀ ਬ੍ਰਿਗੇਡੀਅਰ ਏਜਾਸ਼ਾਹ ਨੇ ਜਥਾ ਨਾ ਭੇਜਣ 'ਤੇ ਦੁੱਖ ਦਾ ਇਜ਼ਹਾਰ ਕੀਤਾ। ਉਨਾਂ ਕਿਹਾ ਕਿ ਇੱਥੇ ਆਉਣ ਲਈ ਕਿਸੇ ਸੱਦਾ ਪੱਤਰ ਦੀ ਲੋੜ ਨਹੀਂ ਹੁੰਦੀ , ਕਿਉਂਕਿ ਬਾਬਾ ਗੁਰੂ ਨਾਨਕ ਸਾਡਾ ਹੈ । ਗੁਰੂ ਨਾਨਕ ਯੂਨੀਵਰਸਿਟੀ ਬਾਰੇ ਬੋਲਦਿਆਂ ਬ੍ਰਿਗੇਡੀਅਰ ਨੇ ਕਿਹਾ ਕਿ ਇਹ ਯੂਨੀਵਰਸਿਟੀ ਅਗਲੇ ਦੋ ਜਾਂ ਤਿੰਨ ਸਾਲ ਬਾਅਦ ਮੁਕੰਮਲ ਹੋ ਜਾਵੇਗੀ ਤੇ ਖਵਾਹਿਸ਼ ਹੈ ਕਿ ਇਹ ਯੂਨੀਵਰਸਿਟੀ ਮਿਸਰ ਦੀ ਅਲ ਅਜ਼ਹਰ ਯੂਨੀਵਰਸਿਟੀ ਦੀ ਤਰਜ਼ 'ਤੇ ਕੰਮ ਕਰੇ, ਜੇਕਰ ਕੋਈ ਸਿੱਖ ਧਰਮ ਬਾਰੇ ਜਾਣਨਾ ਚਾਹੇ ਤਾਂ ਇਸ ਯੂਨੀਵਰਸਿਟੀ ਨਾਲ ਰਾਬਤਾ ਕਰੇ।

ਇਸ ਮੌਕੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਅਮੀਰ ਸਿੰਘ, ਕੈਬਨਿਟ ਸੈਕਟਰੀ ਮੁਹਿੰਦਰਪਾਲ ਸਿੰਘ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ, ਮਸਤਾਨ ਸਿੰਘ, ਐਡੀਸ਼ਨਲ ਸੈਕਟਰੀ ਤਾਰਿਕ ਵਜ਼ੀਰ ਆਦਿ ਮੌਜੂਦ ਸਨ।

ਸ਼ਹੀਦਾਂ ਦੀ ਯਾਦ ਵਿਚ ਸਮਾਗਮ ਕਰਵਾਉਣ ਦੀ ਹਦਾਇਤ

ਅਕਾਲ ਤਖ਼ਤ ਤੋਂ ਕੌਮ ਦੇ ਨਾਂ ਜਾਰੀ ਸੰਦੇਸ਼ ਵਿੱਚ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੇ ਸਾਕੇ ਦੇ ਸ਼ਹੀਦਾਂ ਦੀ ਯਾਦ ਵਿੱਚ ਕੌਮ ਲਈ ਪ੍ਰੋਗਰਾਮ ਦਾ ਐਲਾਨ ਕੀਤਾ ਹੈ। ਉਨਾਂ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਦੇ ਸਮੂਹ ਮੈਂਬਰਾਂ, ਤਖ਼ਤ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ, ਦਮਦਮੀ ਟਕਸਾਲ, ਚੀਫ ਖਾਲਸਾ ਦੀਵਾਨ, ਨਿਹੰਗ ਜਥੇਬੰਦੀਆਂ ਸਮੇਤ ਸਾਰੀਆਂ ਸਿੱਖ ਸੰਸਥਾਵਾਂ ਨੂੰ ਕਿਹਾ ਕਿ ਉਹ ਇਕ ਮਹੀਨਾ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ ਗੁਰਮਤਿ ਸਮਾਗਮ ਕਰਵਾਉਣ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੇ ਆਖਿਆ ਕਿ ਕਿਸਾਨ ਸੰਘਰਸ਼ ਵਿਚ ਸਿੱਖਾਂ ਦੀ ਸ਼ਮੂਲੀਅਤ ਕੇਂਦਰ ਸਰਕਾਰ ਨੂੰ ਰੜਕ ਰਹੀ ਹੈ ਤੇ ਇਸੇ ਲਈ ਸਾਕਾ ਨਨਕਾਣਾ ਸਾਹਿਬ ਦੇ ਸ਼ਤਾਬਦੀ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਪਾਕਿਸਤਾਨ ਜਾ ਰਹੇ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਰੋਕਿਆ ਗਿਆ ਹੈ। ਉਨਾਂ ਸੰਸਦ ਵਿਚ ਸਮੂਹ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਆਖਿਆ ਕਿ ਉਹ ਇਹ ਮਾਮਲਾ ਸੰਸਦ ਵਿਚ ਵੀ ਉਭਾਰਨ। ਉਨਾਂ ਆਖਿਆ ਕਿ ਸਰਕਾਰ ਵੱਲੋਂ ਜਥਾ ਭੇਜਣ ਤੋਂ ਰੋਕਣ ਲਈ ਸੁਰੱਖਿਆ ਤੇ ਕਰੋਨਾ ਦੇ ਦਿੱਤੇ ਗਏ ਕਾਰਨ ਬੇਤੁਕੇ ਹਨ। ਜਥੇ ਨੂੰ ਸੁਰੱਖਿਆ ਮੁਹੱਈਆ ਕਰਨਾ ਪਾਕਿਸਤਾਨ ਸਰਕਾਰ ਦਾ ਕੰਮ ਹੈ ਅਤੇ ਹਰ ਵਾਰ ਹੀ ਪਾਕਿਸਤਾਨ ਸਰਕਾਰ ਸਿੱਖ ਸ਼ਰਧਾਲੂਆਂ ਨੂੰ ਬਿਹਤਰ ਸੁਰੱਖਿਆ ਮੁਹੱਈਆ ਕਰਦੀ ਹੈ। ਪਾਕਿਸਤਾਨ ਵਿਚ ਕਰੋਨਾ ਹੋਣ ਦੇ ਦਿੱਤੇ ਕਾਰਨਾਂ ਬਾਰੇ ਉਨਾਂ ਕਿਹਾ ਕਿ ਮਾਰਚ ਵਿਚ ਕੁੰਭ ਦਾ ਮੇਲਾ ਲੱਗ ਰਿਹਾ ਹੈ, ਜਿੱਥੇ ਲੱਖਾਂ ਸ਼ਰਧਾਲੂ ਆਉਣਗੇ। ਕੇਂਦਰ ਸਰਕਾਰ ਨੇ ਇਸ ਕੁੰਭ ਮੇਲੇ ਦੀ ਪ੍ਰਵਾਨਗੀ ਦਿੱਤੀ ਹੈ। ਇਸੇ ਤਰਾਂ ਬੰਗਾਲ ਵਿਚ ਚੋਣਾਂ ਹੋ ਰਹੀਆਂ ਹਨ, ਜਿੱਥੇ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋਣਗੇ। ਉਨਾਂ ਸਰਕਾਰ ਨੂੰ ਪੁੱਛਿਆ ਕਿ ਕੀ ਇਨਾਂ ਥਾਵਾਂ 'ਤੇ ਕਰੋਨਾ ਨਹੀਂ ਫੈਲੇਗਾ। ਉਨਾਂ ਆਖਿਆ ਕਿ ਕੁਝ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਜਥਾ ਭੇਜਣ ਦੇ ਮਾਮਲੇ ਵਿਚ ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਵੀ ਨਾਂਹ-ਪੱਖੀ ਵਿਚਾਰ ਦਿੱਤੇ ਗਏ ਹਨ। ਉਨਾਂ ਸਮੂਹ ਧਰਮਾਂ ਦੇ ਆਗੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖਾਂ ਨਾਲ ਹੋ ਰਹੇ ਇਸ ਧੱਕੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ। ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਵੀ ਆਪੋ-ਆਪਣੇ ਮੁਲਕਾਂ ਵਿਚ ਇਸ ਖ਼ਿਲਾਫ਼ ਆਵਾਜ਼ ਬੁਲੰਦ ਕਰਨ। ਉਨਾਂ ਕਿਹਾ ਕਿ ਸਮਾਗਮਾਂ 'ਚ ਅੰਮ੍ਰਿਤ ਸੰਚਾਰ ਕਰਵਾਇਆ ਜਾਵੇ ਅਤੇ ਕੇਂਦਰ ਸਰਕਾਰ ਵੱਲੋਂ ਜਥਾ ਭੇਜਣ 'ਤੇ ਲਾਈ ਗਈ ਰੋਕ ਦਾ ਉਚੇਚਾ ਜ਼ਿਕਰ ਕੀਤਾ ਜਾਵੇ। ਉਨਾਂ ਸਮਾਗਮਾਂ ਦੀ ਰਿਪੋਰਟ ਅਕਾਲ ਤਖ਼ਤ ਨੂੰ ਭੇਜਣ ਲਈ ਕਿਹਾ ਹੈ। ਇਸ ਮੌਕੇ ਸਾਕੇ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਿਰੋਪੇ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

**ਸ਼੍ਰੋਮਣੀ ਕਮੇਟੀ ਵੱਲੋਂ ਸਮਾਗਮ**

ਗੁਰਦੁਆਰਾ ਨਨਕਾਣਾ ਸਾਹਿਬ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਸੌ ਸਾਲ ਪਹਿਲਾਂ ਵਾਪਰੇ ਸਾਕੇ ਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਬੀਤੇ ਦਿਨੀਂ ਪਿੰਡ ਗੋਧਰਪੁਰ ਵਿੱਚ ਕਰਵਾਇਆ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਗਏ ਸਮਾਗਮ ਦੇ ਆਖ਼ਰੀ ਦਿਨ ਸਾਕੇ ਨਾਲ ਸਬੰਧਤ ਸ਼ਹੀਦਾਂ ਦੇ 32 ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਵੱਖ ਵੱਖ ਸੰਪਰਦਾਵਾਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ।

ਬੀਬੀ ਜਗੀਰ ਕੌਰ ਨੇ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦ ਭਾਈ ਲਛਮਣ ਸਿੰਘ ਧਾਰੋਵਾਲੀ ਦੇ ਨਗਰ ਗੋਧਰਪੁਰ ਵਿੱਚ ਗੁਰਦੁਆਰੇ ਲਈ ਲੰਗਰ ਹਾਲ ਅਤੇ ਲਾਇਬ੍ਰੇਰੀ ਸਥਾਪਤ ਕਰਨ ਦਾ ਐਲਾਨ ਕੀਤਾ।

**ਵੱਖ-ਵੱਖ ਆਗੂਆਂ ਵੱਲੋਂ ਨਿਖੇਧੀ**

ਸੁਖਬੀਰ ਬਾਦਲ ਨੇ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨਾਂ ਕੇਂਦਰ ਵੱਲੋਂ ਸਿੱਖ ਸੰਗਤ ਨੂੰ ਪਾਕਿਸਤਾਨ ਜਾਣ ਤੋਂ ਰੋਕਣ ਦੇ ਲਏ ਗਏ ਫ਼ੈਸਲੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਆਖਿਆ ਕਿ ਇਸ ਮੁੱਦੇ 'ਤੇ ਪੰਜਾਬ ਦੇ ਮੁੱਖ ਮੰਤਰੀ ਦਾ ਚੁੱਪ ਰਹਿਣਾ ਵੱਡੇ ਸਵਾਲ ਖੜੇ ਕਰਦਾ ਹੈ।

ਅਕਾਲੀ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੇ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਸਿੱਖਾਂ ਨੂੰ ਉਨਾਂ ਦੇ ਧਰਮ ਅਸਥਾਨ 'ਤੇ ਜਾਣ ਤੋਂ ਰੋਕਣਾ ਜਾਇਜ਼ ਨਹੀਂ ਹੈ।

ਸਮੂਹ ਨਿਹੰਗ ਸਿੰਘ ਜਥੇਬੰਦੀਆਂ ਦੇ ਮੁੱਖ ਬੁਲਾਰੇ ਤੇ ਮਿਸਲ ਸ਼ਹੀਦਾਂ ਤਰਨਾ ਦਲ ਹਰੀਆ ਵੇਲਾਂ ਦੇ ਮੁਖੀ ਜਥੇਦਾਰ ਸੰਤ ਨਿਹਾਲ ਸਿੰਘ ਨੇ ਜਥੇਬੰਦੀ ਦੇ ਹੈੱਡਕੁਆਟਰ ਗੁਰਦੁਆਰਾ ਹਰੀਆਂ ਵੇਲਾਂ ਪਾਤਿਸ਼ਾਹੀ ਸੱਤਵੀਂ ਵਿਖੇ ਗੱਲਬਾਤ ਕਰਦਿਆਂ ਕੇਂਦਰ ਸਰਕਾਰ ਦੀ ਨਿਖੇਧੀ ਕੀਤੀ ।

ਅਕਾਲੀ ਦਲ (ਡੈਮੋਕ੍ਰੈਟਿਕ) ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਕੋਰੋਨਾ ਦੇ ਬਹਾਨੇ ਭਾਰਤ ਸਰਕਾਰ ਵੱਲੋਂ ਸਿੱਖ ਜਥੇ 'ਤੇ ਲਗਾਈ ਗਈ ਪਾਬੰਦੀ ਕਾਰਨ ਸਿੱਖ ਸ਼ਰਧਾਲੂਆਂ 'ਚ ਭਾਰੀ ਰੋਸ ਹੈ ।

## ਕੇਂਦਰ ਨੇ 'ਬੇਗ਼ਮਪੁਰਾ ਐਕਸਪ੍ਰੈੱਸ' ਨੂੰ ਵੀ ਲਾਈਆਂ ਬਰੇਕਾਂ



**ਜਲੰਧਰ/ਏ.ਟੀ.ਨਿਊਜ਼:** ਸਾਕਾ ਨਨਕਾਣਾ ਸਾਹਿਬ ਦੀ 100ਵੀਂ ਵਰੇਗੰਢ ਮਨਾਉਣ ਲਈ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਪ੍ਰਵਾਨਗੀ ਨਾ ਦੇਣ ਦਾ ਮਾਮਲਾ ਅਜੇ ਠੰਢਾ ਹੀ ਨਹੀਂ ਸੀ ਪਿਆ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਜਾਣ ਵਾਲੀ 'ਬੇਗ਼ਮਪੁਰਾ ਐਕਸਪ੍ਰੈੱਸ' ਨੂੰ ਵੀ ਕਰੋਨਾ ਦੇ ਬਹਾਨੇ ਰੋਕ ਦਿੱਤਾ ਗਿਆ ਹੈ। ਡੇਰਾ ਸੱਚਖੰਡ ਬੱਲਾਂ ਵੱਲੋਂ ਭਗਤ ਰਵਿਦਾਸ ਜੀ ਦੇ ਜਨਮ ਸਥਾਨ ਕਾਸ਼ੀ ਦੇ ਦਰਸ਼ਨਾਂ ਲਈ ਭੇਜੀ ਜਾਂਦੀ 'ਬੇਗ਼ਮਪੁਰਾ ਐਕਸਪ੍ਰੈੱਸ' ਨੂੰ ਕੇਂਦਰ ਸਰਕਾਰ ਨੇ ਇਸ ਸਾਲ ਵੀ ਮਨਜ਼ੂਰੀ ਨਹੀਂ ਦਿੱਤੀ। ਬਹੁਜਨ ਸਮਾਜ ਫਰੰਟ ਪੰਜਾਬ ਦੇ ਆਗੂ ਸੁਖਵਿੰਦਰ ਸਿੰਘ ਕੋਟਲੀ ਨੇ ਇਸ ਦੀ ਨਿੰਦਾ ਕੀਤੀ ਹੈ। ਉਨਾਂ ਕਿਹਾ ਕਿ ਜਦੋਂ ਕੁੰਭ 'ਤੇ ਲੱਖਾਂ ਦੀ ਗਿਣਤੀ ਵਿਚ ਲੋਕ ਇਕੱਠੇ ਹੋਣਗੇ ਉਦੋਂ ਕਰੋਨਾ ਨਹੀਂ ਫੈਲੇਗਾ ? ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਨੇ ਜਲੰਧਰ ਤੋਂ ਕਾਸ਼ੀ ਜਾਣ ਵਾਲੀ ਸਪੈਸ਼ਲ ਰੇਲ ਗੱਡੀ ਨੂੰ ਕਰੋਨਾ ਦੇ ਚੱਲਦਿਆਂ ਮਨਜ਼ੂਰੀ ਨਹੀਂ ਦਿੱਤੀ। ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ 27 ਫਰਵਰੀ ਨੂੰ ਆ ਰਿਹਾ ਹੈ। ਹਰ ਸਾਲ ਜਲੰਧਰ ਤੋਂ ਵੱਡੀ ਗਿਣਤੀ 'ਚ ਸੰਗਤ 'ਬੇਗ਼ਮਪੁਰਾ ਐਕਸਪ੍ਰੈੱਸ' ਰਾਹੀਂ ਕਾਸ਼ੀ ਜਾਂਦੀਆਂ ਹਨ। ਡੇਰਾ ਸੱਚਖੰਡ ਬੱਲਾਂ ਦੇ ਮੁਖੀ ਸੰਤ ਨਰੰਜਣ ਦਾਸ ਦੀ ਅਗਵਾਈ ਹੇਠ 'ਬੇਗ਼ਮਪੁਰਾ ਐਕਸਪ੍ਰੈੱਸ' ਪਿਛਲੇ ਕਈ ਸਾਲਾਂ ਤੋਂ ਨਿਰੰਤਰ ਕਾਸ਼ੀ ਜਾ ਰਹੀ ਹੈ। ਡੇਰਾ ਸੱਚਖੰਡ ਬੱਲਾਂ ਦੇ ਟਰੱਸਟੀ ਸਤਪਾਲ ਵਿਰਦੀ ਨੇ ਦੱਸਿਆ ਕਿ ਕਰੋਨਾ ਤੋਂ ਪਹਿਲਾਂ ਪੰਜਾਬ ਵਿਚੋਂ ਕਾਸ਼ੀ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ 50 ਹਜ਼ਾਰ ਹੋ ਜਾਂਦੀ ਸੀ ਤੇ ਪੰਜਾਬ ਵਿਚੋਂ ਹਫ਼ਤੇ ਵਿਚ ਹੀ 20 ਦੇ ਕਰੀਬ ਰੇਲ ਗੱਡੀਆਂ ਬਨਾਰਸ ਨੂੰ ਜਾਂਦੀਆਂ ਸਨ। ਵਿਰਦੀ ਨੇ ਕਿਹਾ ਕਿ ਸੰਤ ਨਰੰਜਣ ਦਾਸ 21 ਫਰਵਰੀ ਨੂੰ ਹਵਾਈ ਜਹਾਜ਼ ਰਾਹੀਂ ਬਨਾਰਸ ਰਵਾਨਾ ਹੋਣਗੇ।

# ਨਨਕਾਣਾ ਸਾਹਿਬ ਜਾਣ ਵਾਲੇ ਜਥੇ ਨੂੰ ਆਖਰੀ ਮੌਕੇ ਰੋਕ ਕੇ ਸਿੱਖਾਂ ਨੂੰ ਜ਼ਲੀਲ ਕੀਤਾ ਗਿਆ !

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ 'ਤੇ ਰੋਕਾਂ ਲਾਉਣ ਤੋਂ ਬਾਅਦ ਹੁਣ ਭਾਰਤ ਸਰਕਾਰ ਨੇ ਨਨਕਾਣਾ ਸਾਹਿਬ ਜਾਣ ਵਾਲੇ ਸਿੱਖ ਜਥੇ ਨੂੰ ਪਾਕਿਸਤਾਨ ਵੱਲੋਂ ਵੀਜ਼ੇ ਦੇਣ ਦੇ ਬਾਵਜੂਦ ਗੁਰਦੁਆਰਾ ਨਨਕਾਣਾ ਸਾਹਿਬ ਜਾਣ ਤੋਂ ਰੋਕ ਦਿੱਤਾ ਹੈ। ਭਾਰਤ ਸਰਕਾਰ ਨੇ ਇਸ ਫ਼ੁਰਮਾਨ ਬਿਲਕੁਲ ਆਖਰੀ ਸਮੇਂ ਸੁਣਾਇਆ ਜਦੋਂ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਸ਼ਤਾਬਦੀ ਮਨਾਉਣ ਲਈ ਰਵਾਨਾ ਹੋਣ ਵਾਲਾ ਜਥਾ ਪੂਰੀ ਤਰਾਂ ਤਿਆਰੀ ਕਰਕੇ ਦਰਬਾਰ ਸਾਹਿਬ ਪਹੁੰਚ ਚੁੱਕਿਆ ਸੀ। ਭਾਰਤ ਸਰਕਾਰ ਦੇ ਇਸ ਫੈਸਲੇ ਨੇ ਸਮੁੱਚੇ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਵੱਡੀ ਸੱਟ ਮਾਰੀ ਹੈ।

**ਭਾਰਤ ਸਰਕਾਰ ਦੇ ਫ਼ੁਰਮਾਨ ਵਿਚ ਕੀ ਕਿਹਾ ਗਿਆ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 18 ਫਰਵਰੀ ਨੂੰ ਸਿੱਖ ਸੰਗਤਾਂ ਦਾ ਜਥਾ ਨਨਕਾਣਾ ਸਾਹਿਬ ਭੇਜਿਆ ਜਾਣਾ ਸੀ। ਇਸ ਲਈ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ ਅਤੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ 16 ਫਰਵਰੀ ਨੂੰ ਬਿਆਨ ਜਾਰੀ ਕੀਤਾ ਗਿਆ ਸੀ। ਇਹ ਬਿਆਨ ਇਸ ਤਰਾਂ ਸੀ, 'ਸ਼ਹੀਦੀ ਸਾਕੇ ਦੀ ਪਹਿਲੀ ਸ਼ਤਾਬਦੀ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ 18 ਫਰਵਰੀ ਨੂੰ ਪਾਕਿਸਤਾਨ ਲਈ ਰਵਾਨਾ ਹੋਵੇਗਾ। ਜਥੇ ਦੀ ਰਵਾਨਗੀ ਪੰਥਕ ਰਵਾਇਤਾਂ ਅਨੁਸਾਰ ਸ਼੍ਰੋਮਣੀ ਕਮੇਟੀ ਦਫਤਰ ਤੋਂ ਸਵੇਰੇ 9 ਵਜੇ ਹੋਵੇਗੀ। ਸ਼ਹੀਦੀ ਸਾਕੇ ਦੀ ਸ਼ਤਾਬਦੀ ਮੌਕੇ ਸ੍ਰੀ ਨਨਕਾਣਾ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਲਈ ਸ਼੍ਰੋਮਣੀ ਕਮੇਟੀ ਨੂੰ 505 ਸ਼ਰਧਾਲੂਆਂ ਦੇ ਵੀਜ਼ੇ ਮਿਲੇ ਹਨ। ਸ਼੍ਰੋਮਣੀ ਕਮੇਟੀ ਵੱਲੋਂ 629 ਸ਼ਰਧਾਲੂਆਂ ਦੇ ਪਾਸਪੋਰਟ ਦਿੱਲੀ ਸਥਿਤ ਪਾਕਿਸਤਾਨ ਦੂਤਾਵਾਸ ਪਾਸ ਭੇਜੇ ਗਏ ਸਨ, ਜਿਨਾਂ ਵਿੱਚੋਂ 124 ਨੂੰ ਵੀਜੇ ਨਹੀਂ ਪ੍ਰਾਪਤ ਹੋਏ। ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਜਿਨਾਂ ਸ਼ਰਧਾਲੂਆਂ ਨੂੰ ਵੀਜ਼ੇ ਮਿਲੇ ਹਨ, ਉਹ 18 ਫਰਵਰੀ ਨੂੰ ਪਾਕਿਸਤਾਨ ਜਾਣਗੇ ਅਤੇ 25 ਫਰਵਰੀ ਨੂੰ ਵਾਪਸ ਪਰਤਣਗੇ। ਉਨਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਥਾ ਭੇਜਣ ਦੀਆਂ ਤਿਆਰੀਆਂ ਮੁਕੰਮਲ ਹਨ ਅਤੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂ ਆਪਣੇ ਪਾਸਪੋਰਟ ਭਲਕੇ 17 ਫਰਵਰੀ ਨੂੰ ਸ਼੍ਰੋਮਣੀ ਕਮੇਟੀ ਤੋਂ ਪ੍ਰਾਪਤ ਕਰਨ। ਉਨਾਂ ਇਹ ਵੀ ਦੱਸਿਆ ਕਿ ਜਥੇ ਨਾਲ ਸ਼੍ਰੋਮਣੀ ਕਮੇਟੀ ਦੇ 20 ਦੇ ਕਰੀਬ ਮੈਂਬਰ ਵੀ ਜਾ ਰਹੇ ਹਨ।'

ਇਸ ਬਿਆਨ ਤੋਂ ਸਪੱਸ਼ਟ ਸੀ ਕਿ ਭਾਰਤ ਸਰਕਾਰ ਨੇ ਸਿੱਖ ਸੰਗਤਾਂ ਦੇ ਜਥੇ 'ਤੇ ਸਹੀ ਪਾ ਦਿੱਤੀ ਹੋਈ ਹੈ ਤੇ ਜਥੇ ਵਿਚ ਜਾਣ ਵਾਲੀਆਂ ਸੰਗਤਾਂ ਨਨਕਾਣਾ ਸਾਹਿਬ ਦੇ ਦਰਸ਼ਨਾਂ ਦੀ ਤਾਂਘ ਦਿਲ ਵਿਚ ਲਈ ਦਰਬਾਰ ਸਾਹਿਬ ਪਹੁੰਚ ਗਈਆਂ ਸਨ। ਪਰ 17 ਫਰਵਰੀ ਨੂੰ ਭਾਰਤ ਸਰਕਾਰ ਦੇ ਗ੍ਰਹਿ ਮਹਿਕਮੇ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਦੇ ਨਾਂ ਚਿੱਠੀ ਲਿਖ ਕੇ ਇਹ ਸੁਨੇਹਾ ਭੇਜ ਦਿੱਤਾ ਗਿਆ ਕਿ ਜਥੇ ਨੂੰ ਪਾਕਿਸਤਾਨ ਵਾਲੇ ਪਾਸੇ ਜਾਣ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਭਾਰਤ ਸਰਕਾਰ ਨੇ ਇਸ ਪ੍ਰਵਾਨਗੀ ਨੂੰ ਰੱਦ ਕਰਨ ਲਈ ਜਥੇ ਦੀ ਸੁਰੱਖਿਆ ਨੂੰ ਮਸਲਾ ਬਣਾਇਆ ਹੈ। ਗ੍ਰਹਿ ਵਿਭਾਗ ਦੇ ਜੁਆਇੰਟ ਡਾਇਰੈਕਟਰ ਅਵੀ ਪ੍ਰਕਾਸ਼ ਵੱਲੋਂ ਆਈ ਚਿੱਠੀ ਵਿਚ ਕਿਹਾ ਗਿਆ ਹੈ ਕਿ ਤਾਜ਼ਾ ਪ੍ਰਾਪਤ ਜਾਣਕਾਰੀਆਂ ਮੁਤਾਬਕ ਪਾਕਿਸਤਾਨ ਜਾਣ ਵਾਲੇ ਸਿੱਖ ਜਥੇ ਦੀ ਸੁਰੱਖਿਆ ਨੂੰ ਖਤਰਾ ਹੋ ਸਕਦਾ ਹੈ, ਇਸ ਲਈ ਪਾਕਿਸਤਾਨ ਜਾਣ ਦੀ ਪ੍ਰਵਾਨਗੀ ਰੱਦ ਕੀਤੀ ਜਾਂਦੀ ਹੈ ਦੂਜਾ ਬਹਾਨਾ ਕੋਵਿਡ ਮਹਾਂਮਾਰੀ ਨੂੰ ਬਣਾਇਆ ਗਿਆ ਹੈ। ਚਿੱਠੀ ਵਿਚ ਕਿਹਾ ਗਿਆ ਹੈ ਕਿ ਕੋਵਿਡ ਮਹਾਂਮਾਰੀ ਦੇ ਚਲਦਿਆਂ ਭਾਰਤ-ਪਾਕਿਸਤਾਨ ਕੌਮਾਂਤਰੀ ਸਰਹੱਦ ਦੀ ਰਾਹਦਾਰੀ ਬੰਦ ਹੈ ਜਿਸ ਕਾਰਨ ਜਥੇ ਨੂੰ ਪਾਕਿਸਤਾਨ ਨਹੀਂ ਭੇਜਿਆ ਜਾ ਸਕਦਾ।

**ਸ਼੍ਰੋਮਣੀ ਕਮੇਟੀ ਵੱਲੋਂ ਸਖਤ ਪ੍ਰਤੀਕਰਮ**

ਭਾਰਤ ਸਰਕਾਰ ਵੱਲੋਂ ਸਿੱਖ ਸੰਗਤਾਂ ਦੇ ਜਥੇ ਨੂੰ ਮੌਕੇ ਦੀ ਮੌਕੇ ਰੋਕ ਲੈਣ ਖਿਲਾਫ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖਤ ਪ੍ਰਤੀਕਰਮ ਦਿੱਤਾ ਹੈ। ਸ਼੍ਰੋਮਣੀ ਕਮੇਟੀ ਨੇ ਭਾਰਤ ਸਰਕਾਰ ਦੇ ਇਸ ਫੈਂਸਲੇ ਨੂੰ ਸਿੱਖ ਭਾਵਨਾਵਾਂ ਦਾ ਕਤਲ ਕਰਨ ਬਰਾਬਰ ਦੱਸਿਆ ਹੈ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਸਾਰੀਆਂ ਤਿਆਰੀਆਂ ਮੁਕੰਮਲ ਹੋਣ 'ਤੇ ਆਖ਼ਰੀ ਮੌਕੇ ਜਥੇ 'ਤੇ ਰੋਕ ਲਗਾਉਣੀ ਭਾਰਤ ਸਰਕਾਰ ਦੀ ਸਿੱਖ ਵਿਰੋਧੀ ਮਾਨਸਿਕਤਾ ਦਾ ਸਬੂਤ ਹੈ। ਉਨਾਂ ਕਿਹਾ ਕਿ 17 ਫਰਵਰੀ ਨੂੰ ਬਾਅਦ ਦੁਪਹਿਰ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਭੇਜੇ ਪੱਤਰ ਰਾਹੀਂ ਕਿਹਾ ਗਿਆ ਹੈ ਕਿ ਪਾਕਿਸਤਾਨ ਵਿਖੇ ਸੰਗਤਾਂ ਦੀ ਸੁਰੱਖਿਆ ਦਾ ਮਸਲਾ ਹੈ ਅਤੇ ਮਾਰਚ 2020 ਤੋਂ ਕੋਵਿਡ-19 ਦੇ ਚੱਲਦਿਆਂ ਭਾਰਤ ਪਾਕਿਸਤਾਨ ਕੌਮਾਂਤਰੀ ਸਰਹੱਦ ਵੀ ਮੁਅੱਤਲ ਚੱਲ ਰਹੀ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਇਹ ਤਰਕ ਕਿਸੇ ਵੀ ਤਰਾਂ ਜਾਇਜ਼ ਨਹੀਂ ਹੈ, ਕਿਉਂਕਿ ਲੰਘੇ ਨਵੰਬਰ ਮਹੀਨੇ ਵਿਚ ਸਿੱਖ ਸੰਗਤਾਂ ਦਾ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ



ਦੀ ਯਾਤਰਾ ਕਰਕੇ ਆਇਆ ਹੈ। ਜੇਕਰ ਉਸ ਵਕਤ ਕੋਈ ਖਤਰਾ ਨਹੀਂ ਸੀ ਤਾਂ ਹੁਣ ਖਤਰਾ ਕਿਵੇਂ ਪੈਦਾ ਹੋ ਗਿਆ। ਬੀਬੀ ਜਗੀਰ ਕੌਰ ਨੇ ਕਿਹਾ ਕਿ ਜੇਕਰ ਕੋਈ ਅਜਿਹੀ ਗੱਲ ਸੀ ਤਾਂ ਚੱਲ ਰਹੀ ਪ੍ਰਕਿਰਿਆ ਦੌਰਾਨ ਭਾਰਤ ਸਰਕਾਰ ਨੇ ਪਹਿਲਾਂ ਸਪੱਸ਼ਟ ਕਿਉਂ ਨਾ ਕੀਤਾ। ਉਨਾਂ ਇਹ ਵੀ ਕਿਹਾ ਕਿ ਹਰ ਯਾਤਰੀ ਦੀ ਭਾਰਤ ਅਤੇ ਸੂਬਾ ਸਰਕਾਰ ਦੀਆਂ ਏਜੰਸੀਆਂ ਵੱਲੋਂ ਜਾਂਚ ਰਿਪੋਰਟ ਮਗਰੋਂ ਹੀ ਪਾਕਿਸਤਾਨ ਦੂਤਾਵਾਸ ਵੱਲੋਂ ਵੀਜ਼ੇ ਜਾਰੀ ਹੋਏ ਹਨ। ਉਨਾਂ ਕਿਹਾ ਕਿ ਹੁਣ ਜਦੋਂ ਤਿਆਰੀਆਂ ਮੁਕੰਮਲ ਹਨ ਅਤੇ ਸੰਗਤਾਂ ਨੂੰ ਪਾਸਪੋਰਟ ਵੀ ਵੰਡ ਦਿੱਤੇ ਗਏ ਹਨ ਤਾਂ ਜਥੇ 'ਤੇ ਰੋਕ ਲਗਾਉਣੀ ਹੈਰਾਨੀਜਨਕ ਹੈ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਪਾਕਿਸਤਾਨ ਵਿਖੇ ਸ਼ਤਾਬਦੀ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਤੌਰ 'ਤੇ ਸਾਰੇ ਪ੍ਰਬੰਧ ਕਰ ਲਏ ਗਏ ਸਨ। ਕੌਮਾਂਤਰੀ ਸਰਹੱਦ ਤੋਂ ਸ੍ਰੀ ਨਨਕਾਣਾ ਸਾਹਿਬ ਤੱਕ ਅਤੇ ਹੋਰ ਗੁਰਦੁਆਰਾ ਸਾਹਿਬਾਨ ਦੇ ਸੰਗਤਾਂ ਨੂੰ ਦਰਸ਼ਨ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਨੇ ਬੱਸਾਂ ਦਾ ਵੀ ਪ੍ਰਬੰਧ ਕੀਤਾ ਸੀ। ਇਸ ਤੋਂ ਇਲਾਵਾ ਧਾਰਮਿਕ ਸਮਾਗਮਾਂ ਦੇ ਨਾਲ-ਨਾਲ ਲੰਗਰ ਅਤੇ ਹੋਰ ਪ੍ਰਬੰਧ ਵੀ ਕੀਤੇ ਗਏ ਸਨ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸਿੱਖ ਧਰਮ ਦੇ ਇਤਿਹਾਸ ਅੰਦਰ ਗੁਰਦੁਆਰਾ ਸੁਧਾਰ ਲਹਿਰ ਤਹਿਤ ਵਾਪਰੇ ਸਾਕੇ ਦੀ ਇਤਿਹਾਸਕ ਸ਼ਤਾਬਦੀ ਮੌਕੇ ਸ਼ਰਧਾਲੂਆਂ ਨੂੰ ਰੋਕਣਾ ਸਿੱਖ ਵਿਰੋਧੀ ਫੈਸਲਾ ਹੈ, ਜਿਸ ਨਾਲ ਸਮੁੱਚੀਆਂ ਸੰਗਤਾਂ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪੁੱਜੀ ਹੈ।

**ਸਿੱਖਾਂ ਦੀ ਧਾਰਮਿਕ ਆਸਥਾ 'ਤੇ ਹਮਲਾ**

ਭਾਰਤ ਸਰਕਾਰ ਦੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਨੇ ਸਿੱਖ ਜਥੇ 'ਤੇ ਰੋਕ ਲਗਾ ਕੇ ਸਿੱਖਾਂ ਦੀ ਧਾਰਮਿਕ ਆਸਥਾ 'ਤੇ ਹਮਲਾ ਕੀਤਾ ਹੈ।

ਕਰਤਾਰਪੁਰ ਸਾਹਿਬ ਦਾ ਲਾਂਘਾ ਵੀ ਨਹੀਂ ਖੋਲ ਰਹੀ ਭਾਰਤ ਸਰਕਾਰ

ਸਿੱਖ ਸੰਗਤਾਂ ਦੀਆਂ ਦਹਾਕਿਆਂ ਦੀਆਂ ਅਰਦਾਸਾਂ ਤੋਂ ਬਾਅਦ ਖੁੱਲੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਵੀ ਭਾਰਤ ਸਰਕਾਰ ਨੇ ਕੋਵਿਡ ਦਾ ਹਵਾਲਾ ਦੇ ਕੇ ਬੰਦ ਕਰ ਰੱਖਿਆ ਹੈ। ਹਾਲਾਂਕਿ ਪਾਕਿਸਤਾਨ ਸਰਕਾਰ ਵੱਲੋਂ ਲਾਂਘਾ ਖੋਲਣ ਦਾ ਐਲਾਨ ਕਰ ਦਿੱਤਾ ਗਿਆ ਹੈ ਪਰ ਭਾਰਤ ਆਪਣੇ ਪਾਸਿਓਂ ਲਾਂਘਾ ਨਹੀਂ ਖੋਲ ਰਿਹਾ। ਜ਼ਿਕਰਯੋਗ ਹੈ ਕਿ ਕੋਵਿਡ ਦੇ ਸਮੇਂ ਤੋਂ ਬਾਅਦ ਹੁਣ ਦੁਨੀਆ ਭਰ ਵਿਚ ਆਵਾਜਾਈ ਸ਼ੁਰੂ ਹੋ ਚੁੱਕੀ ਹੈ ਤੇ ਭਾਰਤ ਵਿਚ ਵੀ ਸਭ ਤਰਾਂ ਦੀਆਂ ਰੋਕਾਂ ਲਗਭਗ ਹੱਟ ਚੁੱਕੀਆਂ ਹਨ, ਪਰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜੇ ਮਸਲਿਆਂ 'ਤੇ ਭਾਰਤ ਸਰਕਾਰ ਕੋਵਿਡ ਦੇ ਹਵਾਲੇ ਨਾਲ ਲਗਾਤਾਰ ਰੋਕਾਂ ਲਾ ਰਹੀ ਹੈ।

**ਕਿਸਾਨੀ ਸੰਘਰਸ਼ ਵਿਚ ਸਿੱਖਾਂ ਵੱਲੋਂ ਦਿੱਤੀ ਜਾ ਰਹੀ ਚੁਣੌਤੀ ਦਾ ਅਸਰ**

ਭਾਰਤ ਸਰਕਾਰ ਵੱਲੋਂ ਬਣਾਏ ਗਏ ਵਿਵਾਦਤ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨੀ ਸੰਘਰਸ਼ ਨੂੰ ਸਿੱਖਾਂ ਵੱਲੋਂ ਹੀ ਮਘਾਇਆ ਗਿਆ ਹੈ ਅਤੇ ਹੁਣ ਇਹ ਸੰਘਰਸ਼ ਹੋਰ ਭਾਈਚਾਰਿਆਂ ਵਿਚ ਵੀ ਲਗਾਤਾਰ ਵਧਦਾ ਜਾ ਰਿਹਾ ਹੈ। ਮੋਦੀ ਸਰਕਾਰ ਦੇ ਹੁਣ ਤਕ ਦੇ ਕਾਰਜਕਾਲ ਵਿਚ ਉਸ ਨੂੰ ਸਭ ਤੋਂ ਵੱਡੀ ਚੁਣੌਤੀ ਸਿੱਖਾਂ ਤੋਂ ਹੀ ਮਿਲ ਰਹੀ ਹੈ ਅਤੇ ਇਸ ਤਾਜ਼ਾ ਫੈਸਲੇ ਨੂੰ ਇਸ ਸੰਘਰਸ਼ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ।

# ਕੀ ਬਿਰਧ ਆਸ਼ਰਮਾਂ ਵਿੱਚ ਬਜ਼ੁਰਗਾਂ ਦੀ ਗਿਣਤੀ ਦਾ ਵਾਧਾ ਡਿਜ਼ੀਟਲ ਇੰਡੀਆ ਹੈ !



**ਇਕਬਾਲ ਸਿੰਘ ਬਰਾੜ**
**98145-00156**

ਡਿਜੀਟਲ ਇੰਡੀਆ, ਡਿਜ਼ੀਟਲ ਇੰਡੀਆ ਕੀ ਹੈ ? ਦੇਸ਼ ਅਜ਼ਾਦ ਹੋਣ ਤੋਂ ਲੈ ਕੇ ਹੁਣ ਤੱਕ ਵੱਖ ਵੱਖ ਪਾਰਟੀਆਂ ਦੀਆਂ ਜਿੰਨੀਆਂ ਵੀ ਸਰਕਾਰਾਂ ਬਣੀਆਂ ਉਨਾਂ ਵੱਲੋਂ ਦੇਸ਼ ਨੂੰ ਡਿਜ਼ੀਟਲ ਬਣਾਉਣ ਦੇ ਨਾਮ ਤੇ ਵੱਖ-ਵੱਖ ਤਰਾਂ ਨਾਲ ਲੋਕਾਂ ਨੂੰ ਭਰਮਾ ਕੇ ਵੱਡੇ ਵੱਡੇ ਸਬਜ਼ਬਾਗ ਵਿਖਾ ਕੇ ਦੇਸ ਨੂੰ ਤਰੱਕੀ ਦੀ ਬਜਾਏ ਹਰ ਤਰਾਂ ਨਾਲ ਵੇਚਣ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ । ਪਰ ਹੁਣ ਲੋਕਾਂ ਦੇ ਸਮਝਦਾਰ ਹੋਣ ਦੇ ਬਾਵਜੂਦ ਵੀ ਸਮੇਂ ਸਮੇਂ ਦੀਆਂ ਸਰਕਾਰਾਂ ਆਪਣੀਆਂ ਉਹੀ ਪੁਰਾਣੀ ਅਨਪੜਤਾ ਵਾਲੀਆਂ ਚਾਲਾਂ ਚੱਲ ਕੇ ਦੇਸ ਨੂੰ ਕਾਗਜ਼ਾਂ ਵਿੱਚ ਹੀ ਤਰੱਕੀ ਦੇ ਰਾਹ ਤੇ ਦਿਖਾਉਂਦੇ ਹੋਏ ਡਿਜ਼ੀਟਲ ਇੰਡੀਆ ਦਾ ਨਾਮ ਦਿੰਦੇ ਆਮ ਦੇਖੇ ਜਾਂਦੇ ਹਨ। ਕੀ ਹਰ ਪੰਜ ਸਾਲ ਬਾਅਦ ਪਿੰਡਾਂ ਅਤੇ ਸ਼ਹਿਰਾਂ ਵਿੱਚ ਗਲੀਆਂ ਨਾਲੀਆਂ ਨੂੰ ਪੱਟ ਕੇ ਦੁਬਾਰਾ ਬਣਾਉਣ ਨੂੰ, ਕੀ ਹਰ ਰੋਜ਼ ਮਾਸੂਮ ਕੁੜੀਆਂ ਨਾਲ ਹੁੰਦੇ ਬਲਾਤਕਾਰ ਕਰਕੇ, ਕੀ ਹਰ ਰੋਜ਼ ਵੱਧ ਰਹੀ ਭਰੂਣ ਹੱਤਿਆ ਕਰਕੇ, ਕੀ ਲੜਕੀਆਂ ਉੱਪਰ ਹੁੰਦੇ ਤੇਜ਼ਾਬੀ ਹਮਲੇ ਕਰਕੇ, ਕੀ ਹਰ ਰੋਜ਼ ਦਾਜ ਦੀ ਬਲੀ ਚੜ ਰਹੀਆਂ ਔਰਤਾਂ ਕਰਕੇ, ਕੀ ਹਰ ਰੋਜ਼ ਵੱਧ ਰਹੀ ਨਸ਼ੇ ਦੀ ਤਸਕਰੀ ਕਰਕੇ, ਕੀ ਹਰ ਰੋਜ਼ ਥਾਣੇ-ਕਚਹਿਰੀਆਂ ਵਿਚ ਇਕ ਦੂਸਰੇ ਖ਼ਿਲਾਫ਼ ਵੱਧ ਰਹੇ ਕੇਸਾਂ ਕਰਕੇ, ਰਿਸ਼ਵਤਖ਼ੋਰੀ ਕਰਕੇ, ਟ੍ਰੈਫ਼ਿਕ ਦਾ ਪੂਰਾ ਪ੍ਰਬੰਧ ਨਾ ਹੋਣ ਕਰਕੇ, ਕਈ ਥਾਵਾਂ ਤੇ ਸਰਕਾਰੀ ਇਮਾਰਤਾਂ ਖੰਡਰ ਬਣ ਰਹੀਆਂ ਹੋਣ ਕਰਕੇ, ਸੜਕਾਂ ਦੇ ਐਕਸੀਡੈਂਟ ਦਾ ਕਾਰਨ ਬਣ ਰਹੇ ਅਵਾਰਾ ਪਸ਼ੂਆਂ ਦਾ ਕੋਈ ਖ਼ਾਸ ਪ੍ਰਬੰਧ ਨਾ ਹੋਣ ਕਰਕੇ, ਵੋਟ ਰਾਜ ਦੇ ਕਾਰਨ ਲੋਕਾਂ ਵਿਚ ਪਈ ਦੋਫਾੜ ਕਰਕੇ, ਸਰਕਾਰੀ ਦਫ਼ਤਰਾਂ ਵਿਚ ਅਨਪੜ ਲੋਕਾਂ ਦੀ ਕੋਈ ਖ਼ਾਸ ਸੁਣਵਾਈ ਨਾ ਹੋਣ ਕਰਕੇ, ਸਰਕਾਰੀ ਸਕੂਲਾਂ ਵਿਚ ਟੀਚਰਾਂ ਦੀ ਘਾਟ ਹੋਣ ਕਰਕੇ, ਹਸਪਤਾਲਾਂ ਵਿਚ ਸਰਕਾਰੀ ਡਾਕਟਰ ਜਾਂ ਹੋਰ ਅਸਾਮੀਆਂ ਖ਼ਾਲੀ ਹੋਣ ਕਰਕੇ, ਬੈਂਕਾਂ ਵਿਚ ਸਟਾਫ਼ ਪੂਰਾ ਨਾ ਹੋਣ ਕਰਕੇ, ਲੋਕਾਂ ਉੱਪਰ ਵੱਧ ਰਹੇ ਟੈਕਸਾਂ ਕਰਕੇ ਅਤੇ ਕੀ ਪਿਛਲੇ 10-15 ਸਾਲਾਂ ਤੋ ਰੱਖੇਂ ਨੀਂਹ ਪੱਥਰਾਂ ਦੀ ਅੱਜ ਤੱਕ ਕੋਈ ਸਾਰ ਨਾ ਲਈ ਹੋਣ ਕਰਕੇ, ਇਲੈਕਸ਼ਨਾਂ ਜਾਂ ਇਤਿਹਾਸਕ ਸਥਾਨਾਂ 'ਤੇ ਕਾਨਫ਼ਰੰਸਾਂ ਸਮੇਂ ਹੁੰਦੀ ਇਕ ਦੂਸਰੇ ਦੇ ਖ਼ਿਲਾਫ਼ ਦੂਸ਼ਣਬਾਜ਼ੀ ਕਰਕੇ, ਹਰ ਰੋਜ਼ ਵਧ ਰਹੀ ਬੇਰੁਜ਼ਗਾਰੀ ਕਰਕੇ, ਰੁਜ਼ਗਾਰ ਨਾ ਮਿਲਣ ਕਰਕੇ ਮਜਬੂਰੀ ਵੱਧ ਹੋਰਨਾਂ ਦੇਸ਼ਾਂ ਵੱਲ ਕੂਚ ਕਰ ਰਹੇ ਨੌਜਵਾਨਾਂ ਦੀ ਸੰਖਿਆ ਵਧਣ ਕਰਕੇ ਅਸੀਂ ਦੇਸ਼ ਨੂੰ ਡਿਜ਼ੀਟਲ ਇੰਡੀਆ ਮੰਨ ਸਕਦੇ ਹਾਂ ਅਤੇ ਇਸ ਸਭ ਤੋਂ ਇਲਾਵਾ ਇਕ ਗੰਭੀਰ ਮੁੱਦਾ ਹੈ ਮਾਤਾ-ਪਿਤਾ ਦੀ ਸਾਂਭ-ਸੰਭਾਲ ਦਾ ਜਿਸ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ :-

ਜੇਕਰ ਆਪਾਂ ਥੋੜਾ ਪਿਛਲੇ ਸਮੇਂ ਵੱਲ ਝਾਤ ਮਾਰੀਏ ਤਾਂ ਲੋਕ ਬਹੁਤ ਹੀ ਪਿਆਰ, ਸਤਿਕਾਰ ਅਤੇ ਆਗਿਆਕਾਰ ਹੋ ਕੇ ਖ਼ੁਸ਼ੀਆਂ ਭਰਿਆ ਜੀਵਨ ਬਤੀਤ ਕਰਦੇ ਸਨ। ਬੱਚੇ ਆਪਣੇ ਮਾਤਾ-ਪਿਤਾ ਦੀ ਆਗਿਆ ਦਾ ਪਾਲਣ ਕਰਕੇ ਉਨਾਂ ਦਾ ਇਲਾਕੇ ਵਿੱਚ ਸਿਰ ਉੱਚਾ ਰੱਖਣ ਦਾ ਪੂਰਾ ਯਤਨ ਕਰਦੇ ਸਨ । ਇਸ ਤਰਾਂ ਮਾਤਾ ਪਿਤਾ ਵੀ ਬਜ਼ੁਰਗ ਹੋਣ ਤੋ ਇਲਾਵਾ ਮਰਦੇ ਦਮ ਤੱਕ ਆਪਣੇ ਬੱਚਿਆ ਅੱਗੇ ਲੱਗ ਕੇ ਕੰਮ ਕਰਨ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡਦੇ। ਉਸ ਸਮੇਂ ਬਜ਼ੁਰਗਾਂ ਨੂੰ ਦੇਸ਼ ਦਾ ਸਰਮਾਇਆ ਅਤੇ ਘਰ ਦਾ ਜਿੰਦਰਾ ਮੰਨਿਆ ਜਾਂਦਾ ਸੀ । ਪਰਿਵਾਰ ਦੇ ਸਾਰੇ ਮੈਂਬਰ ਇਕ ਤੋਂ ਇਕ ਵੱਧ ਕੇ ਬਜ਼ੁਰਗ ਮਾਤਾ-ਪਿਤਾ ਦੀ ਸੰਭਾਲ ਦਾ ਕੰਮ ਆਪਣੇ ਜ਼ਿੰਮੇ ਲੈ ਕੇ ਖ਼ੁਸ਼ੀ ਮਹਿਸੂਸ ਕਰਦੇ ਸਨ ।







ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਉਹੀ ਬਜ਼ੁਰਗਾਂ ਨੂੰ ਅੱਜ ਕੱਲ ਦੇਸ਼ ਦਾ ਸਰਮਾਇਆ ਜਾਂ ਘਰ ਦਾ ਜਿੰਦਰਾ ਮੰਨਣ ਦੀ ਬਜਾਏ ਘਰ ਦੀ ਸ਼ਾਨ ਦੇ ਖ਼ਿਲਾਫ਼ ਮੰਨਿਆ ਜਾਣ ਵਾਲਾ ਕੁੱਝ ਕੁ ਵਿਅਕਤੀਆਂ ਨੂੰ ਛੱਡ ਕੇ ਬਾਕੀ ਲੋਕਾਂ ਉੱਪਰ ਭੂਤ ਸਵਾਰ ਹੋਇਆ ਪਿਆ ਹੈ । ਜਿਸ ਕਾਰਨ ਹਰ ਦਿਨ ਬਿਰਧ ਆਸ਼ਰਮਾਂ ਅਤੇ ਆਸ਼ਰਮਾਂ ਵਿਚ ਰਹਿਣ ਵਾਲੇ ਬਜ਼ੁਰਗਾ ਦੀ ਗਿਣਤੀ ਵਧ ਰਹੀ ਹੈ। ਪਰ ਜੇਕਰ ਇਨਾਂ ਆਸ਼ਰਮਾਂ ਵਿਚ ਵਧ ਰਹੇ ਬਜ਼ੁਰਗਾਂ ਦੀ ਦਾਸਤਾਨ ਸੁਣੀਏ ਤਾਂ ਅੱਖਾਂ ਵਿਚੋਂ ਆਪ ਮੁਹਾਰੇ ਅੱਥਰੂ ਵਹਿ ਜਾਂਦੇ ਹਨ ਅਤੇ ਇਹ ਅੱਥਰੂ ਉਸ ਸਮੇਂ ਹਰ ਇਕ ਵਿਅਕਤੀ ਨੂੰ ਅਜਿਹਾ ਸੋਚਣ ਲਈ ਮਜਬੂਰ ਕਰ ਦਿੰਦੇ ਹਨ ਕਿ ਕੀ ਇਸ ਰਾਜ ਵਿਚ ਕੋਈ ਅਜਿਹਾ ਕਾਨੂੰਨ ਨਹੀਂ ਬਣ ਸਕਦਾ ਜੋ ਇਨਾਂ ਬਜ਼ੁਰਗਾਂ ਨੂੰ ਆਸ਼ਰਮਾਂ ਵਿਚ ਰੋਲਣ ਅਤੇ ਆਪਣੇ ਪਰਿਵਾਰ ਦੇ ਵਿਛੋੜੇ ਤੋਂ ਰੋਕ ਸਕੇ । ਤਾਂ ਜੋ ਹਰੇਕ ਬਜ਼ੁਰਗ ਜੋ ਜਵਾਨੀ ਤੋਂ ਲੈ ਕੇ ਬੁਢਾਪੇ ਤੱਕ ਆਪਣੇ ਧੀਆਂ-ਪੁੱਤਰਾਂ ਲਈ ਸਿਰ ਤੋੜ ਯਤਨ ਕਰਕੇ ਕਮਾਉਣ ਵਿਚ ਲੱਗਾ ਰਿਹਾ ਹੈ। ਅੱਜ ਉਹੀ ਬਜ਼ੁਰਗ ਆਪਣੇ ਢਿੱਡ ਭਰਨ ਲਈ ਰੋਟੀ ਤੋਂ ਵੀ ਮੁਥਾਜ ਹੈ, ਬਿਰਧ ਆਸ਼ਰਮ ਵਿਚ ਜਾਣ ਲਈ ਮਜ਼ਬੂਰ ਹੈ, ਆਪਣੇ ਪਰਿਵਾਰ ਵਿਚ ਸਨਮਾਨਯੋਗ ਥਾਂ ਪ੍ਰਾਪਤ ਕਰਕੇ ਆਪਣਾ ਬੁਢਾਪਾ ਜੀਵਨ ਖ਼ੁਸ਼ੀਆਂ ਭਰਿਆ ਬਤੀਤ ਕਰਨ ਦੀ ਥਾਂ ਬੜੀ ਨਿਰਾਸ਼ਾ ਭਰਿਆ ਜੀਵਨ ਬਤੀਤ ਕਰਨ ਲਈ ਮਜਬੂਰ ਹੋ ਜਾਂਦੇ ਹਨ ।

ਅੰਤ ਵਿਚ ਮੈਂ ਇਹੀ ਬੇਨਤੀ ਕਰਨੀ ਚਾਹਾਂਗਾਂ ਕਿ ਸਾਡੀਆਂ ਸਰਕਾਰਾਂ ਨੂੰ ਵੱਡੇ ਵੱਡੇ ਸਬਜ਼ਬਾਗ ਦਿਖਾਉਣ ਦੀ ਬਜਾਏ ਸਭ ਤੋਂ ਪਹਿਲਾਂ ਬਿਰਧ ਆਸ਼ਰਮਾਂ ਅਤੇ ਆਸ਼ਰਮਾਂ ਵਿੱਚ ਵਧ ਰਹੀ ਬਜ਼ੁਰਗਾਂ ਦੀ ਗਿਣਤੀ ਨੂੰ ਦੇਖਦੇ ਹੋਏ ਅਜਿਹਾ ਕਾਨੂੰਨ ਬਣਾਉਣਾ ਚਾਹੀਦਾ ਹੈ ਜਿਸ ਨਾਲ ਹਰੇਕ ਪਰਿਵਾਰ ਆਪਣੇ ਬਜ਼ੁਰਗ ਦੀ ਸੰਭਾਲ ਨੂੰ ਯਕੀਨੀ ਬਣਾਵੇ ਅਤੇ ਹਰੇਕ ਵਿਅਕਤੀ ਆਪਣੇ ਬਜ਼ੁਰਗ ਦੀ ਸੰਭਾਲ ਕਰਦੇ ਹੋਏ ਮਾਨ ਮਹਿਸੂਸ ਕਰ ਸਕੇ । ਇਸ ਸਭ ਨਾਲ ਇਕ ਤਾਂ ਪਰਿਵਾਰਾਂ ਵਿਚ ਬਜ਼ੁਰਗ ਸੇਵਾ ਦੀ ਰੁਚੀ ਵਧੇਗੀ ਅਤੇ ਦੂਸਰਾ ਬਿਰਧ ਆਸ਼ਰਮਾਂ ਉੱਪਰ ਆ ਰਿਹਾ ਖ਼ਰਚ ਵੀ ਘਟੇਗਾ ਅਤੇ ਤੀਸਰਾ ਇਸ ਨਾਲ ਸਾਡੇ ਦੇਸ਼ ਦੀ ਸ਼ਾਨ ਨੂੰ ਵੀ ਚਾਰ ਚੰਨ ਲੱਗਣਗੇ ਅਤੇ ਬਜ਼ੁਰਗ ਵੀ ਡਿਜ਼ੀਟਲ ਇੰਡੀਆ ਦਾ ਆਨੰਦ ਮਾਣ ਸਕਣਗੇ ।

# ਵਾਈਟ ਹਾਊਸ ਵਿਚ ਕੋਰੋਨਾ ਕਾਰਨ ਮਾਰੇ ਗਏ 5 ਲੱਖ ਤੋਂ ਵੱਧ ਅਮਰੀਕੀਆਂ ਨੂੰ ਮੋਨ ਧਾਰ ਕੇ ਕੀਤਾ ਯਾਦ

## ਪਹਿਲੇ, ਦੂਜੀ ਤੇ ਵੀਅਤਨਾਮ ਜੰਗ ਨਾਲੋਂ ਵੱਧ ਲੋਕ ਕੋਰੋਨਾ ਨਾਲ ਮਰੇ-ਜੋਅ ਬਾਈਡਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਅਮਰੀਕਾ ਵਿਚ ਕੋਵਿਡ-19 ਕਾਰਨ ਮੌਤਾਂ ਦੀ ਗਿਣਤੀ 5 ਲੱਖ ਤੋਂ ਟੱਪ ਜਾਣ ਮੌਕੇ ਵਾਈਟ ਹਾਊਸ ਵਿਖੇ ਮ੍ਰਿਤਕਾਂ ਦੀ ਯਾਦ ਵਿਚ 500 ਮੋਮਬੱਤੀਆਂ ਜਗਾਈਆਂ ਗਈਆਂ ਤੇ ਮੋਨ ਧਾਰ ਕੇ ਵਿਛੜ ਗਏ ਅਮਰੀਕੀਆਂ ਨੂੰ ਯਾਦ ਕੀਤਾ ਗਿਆ। ਰਾਸ਼ਟਰਪਤੀ ਜੋਅ ਬਾਈਡਨ, ਫਸਟ ਲੇਡੀ ਜਿਲ ਬਾਈਡਨ, ਉਪ ਰਾਸ਼ਟਰਪਤੀ ਕਮਲਾ ਹੈਰਿਸ ਤੇ ਹੋਰ ਅਧਿਕਾਰੀ ਇਸ ਮੌਕੇ ਮੌਜੂਦ ਸਨ। ਮ੍ਰਿਤਕਾਂ ਨੂੰ ਸ਼ਰਧਾਂਜਲੀ ਦੇਣ ਤੋਂ ਪਹਿਲਾਂ ਵਾਈਟ ਹਾਊਸ ਦੇ ਕਰਾਸ ਹਾਲ ਵਿਚ ਰਾਸ਼ਟਰਪਤੀ ਨੇ ਕਿਹਾ ਕਿ ਅੱਜ ਅਸੀਂ ਮੌਤਾਂ ਦਾ ਦਿੱਲ ਨੂੰ ਤੋੜ ਦੇਣ ਵਾਲਾ ਅੰਕੜਾ 500,071 ਛੂਹ ਲਿਆ ਹੈ। ਉਨਾਂ ਕਿਹਾ ਕਿ ਮਹਾਂਮਾਰੀ ਦੇ ਇਕ ਸਾਲ ਦੇ ਸਮੇ ਵਿਚ ਏਨੇ ਅਮਰੀਕੀਆਂ ਦੀਆਂ ਜਾਨਾਂ ਗਈਆਂ ਹਨ ਜਿੰਨੀਆਂ ਜਾਨਾਂ ਪਹਿਲੀ ਵਿਸ਼ਵ ਜੰਗ, ਦੂਸਰੀ ਵਿਸ਼ਵ ਜੰਗ ਤੇ ਵਿਅਤਨਾਮ ਦੀ ਜੰਗ ਵਿਚ ਵੀ ਨਹੀਂ ਹੋਈਆਂ ਸਨ। ਇਹ ਮੌਤਾਂ ਧਰਤੀ ਉਪਰ ਹੋਰ ਕਿਸੇ ਵੀ ਦੇਸ਼ ਨਾਲੋਂ ਵੱਧ ਹਨ। ਉਨਾਂ ਕਿਹਾ ਕਿ ਮਾਰੇ ਗਏ ਸੱਕੇ ਸਬੰਧੀਆਂ ਦਾ ਦੁੱਖ ਬਹੁਤ ਗਹਿਰਾ ਹੁੰਦਾ ਹੈ। ਮੈਨੂੰ ਇਕ ਔਰਤ ਦਾ ਪੱਤਰ ਮਿਲਿਆ ਹੈ ਜਿਸ ਦਾ ਪਿਤਾ ਪਿਛਲੇ ਈਸਟਰ 'ਤੇ ਕੋਵਿਡ-19 ਕਾਰਨ ਮਾਰਿਆ ਗਿਆ ਸੀ। ਉਸ ਨੇ ਲਿਖਿਆ ਹੈ ਕਿ ਕੋਰੋਨਾ ਮਹਾਂਮਾਰੀ ਕਾਰਨ ਉਹ ਤੇ ਉਸ ਦਾ ਪਰਿਵਾਰ ਵਿਛੜ ਗਏ ਆਪਣੇ ਪਿਆਰੇ ਪਰਿਵਾਰਕ ਮੈਂਬਰ ਨੂੰ ਚੰਗੀ ਤਰਾਂ ਅੰਤਿਮ ਵਿਦਾਇਗੀ ਵੀ ਨਹੀਂ ਦੇ ਸਕੇ। ਇਹ ਇਕ ਉਦਾਹਰਣ ਹੈ ਬਹੁਤ ਸਾਰੇ ਹੋਰ ਲੋਕਾਂ ਨੂੰ ਵੀ ਅਜਿਹੀ ਸਥਿੱਤੀ ਦਾ ਸਾਹਮਣਾ ਕਰਨਾ ਪਿਆ ਹੈ, ਜੋ ਬਹੁਤ ਦੁੱਖਦਾਈ ਹੈ। ਇਸ ਮੌਕੇ ਵਾਈਟ ਹਾਊਸ ਵਿਚ ਰਾਸ਼ਟਰੀ ਝੰਡਾ ਅੱਧਾ ਝੁਕਾ ਦਿੱਤਾ ਗਿਆ।

ਸਭ ਤੋਂ ਵੱਧ ਮੌਤਾਂ ਕੈਲੀਫੋਰਨੀਆ ਵਿਚ ਹੋਈਆਂ-ਅਮਰੀਕਾ ਵਿਚ ਕੋਰੋਨਾ ਮਹਾਂਮਾਰੀ ਕਾਰਨ ਮੌਤਾਂ ਦੀ ਗਿਣਤੀ 5,12,590 ਹੋ ਗਈ ਹੈ। ਸਭ ਤੋਂ ਵੱਧ ਮੌਤਾਂ ਪੰਜਾਬੀਆਂ ਦੇ ਗੜ੍ਹ ਵਾਲੇ ਰਾਜ ਕੈਲੀਫੋਰਨੀਆ ਵਿਚ 49,561 ਹੋਈਆਂ ਹਨ। ਦੂਸਰਾ ਸਥਾਨ ਨਿਊਯਾਰਕ ਦਾ ਹੈ ਜਿਥੇ 47134 ਮੌਤਾਂ ਹੋਈਆਂ ਹਨ। ਤੀਸਰੇ ਸਥਾਨ 'ਤੇ ਟੈਕਸਾਸ ਹੈ ਜਿਥੇ ਹੁਣ ਤੱਕ 42562 ਅਮਰੀਕੀ ਮਾਰੇ ਜਾ ਚੁੱਕੇ ਹਨ।

# ਕਦੀ ਸੋਚਿਆ ਵੀ ਨਹੀਂ ਸੀ ਜਿਥੇ ਮੈਂ ਜੰਮੀ ਪਲੀ ਉਹ ਖੇਤਰ ਨਸਲਵਾਦੀ ਹੈ-ਜੀਨੀ ਮੇ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਜਿਥੇ ਮੈਂ ਜੰਮੀ ਪਲੀ, ਉਹ ਖੇਤਰ ਵੀ ਨਸਲਵਾਦੀ ਹੋਵੇਗਾ, ਇਹ ਮੈਂ ਕਦੀ ਸੋਚਿਆ ਵੀ ਨਹੀਂ ਸੀ। ਇਹ ਕਹਿਣਾ ਹੈ ਪ੍ਰਸਿੱਧ ਟੀ.ਵੀ ਸਖਸ਼ੀਅਤ ਜੀਨੀ ਮੇ ਦਾ। ਬੇ ਏਰੀਆ ਕੈਲੀਫੋਰਨੀਆ ਵਿਚ ਜੰਮੀ ਪਲੀ 42 ਸਾਲਾ ਜੀਨੀ ਮੇ ਦਾ ਮੰਨਣਾ ਹੈ ਕਿ ਕੁਝ ਬੁਰੇ ਲੋਕਾਂ ਕਾਰਨ ਨਸਲਵਾਦੀ ਘਟਨਾਵਾਂ ਵਾਪਰਦੀਆਂ ਹਨ। ਉਹ ਯਾਦ ਕਰਦੀ ਹੈ ਉਹ ਸਮਾਂ ਜਦੋਂ ਉਸ ਦੀ ਚਾਚੀ ਤੇ ਚਾਚਾ ਆਪਣੇ ਪਰਿਵਾਰ ਸਮੇਤ ਵੀਅਤਨਾਮ ਨੂੰ ਛੱਡ ਕੇ ਉਨਾਂ ਕੋਲ ਰਹਿਣ ਲਈ ਆਏ ਸਨ ਤਾਂ ਉਨਾਂ ਦੀ ਕਾਰ ਤੇ ਘਰ ਦੀ ਕੰਧ ਉਪਰ ਨਸਲਵਾਦੀ ਟਿਪਣੀਆਂ ਉਕਰ ਦਿੱਤੀਆਂ ਗਈਆਂ ਸਨ ਪ੍ਰੰਤੂ ਸਮੁੱਚੇ ਰੂਪ ਵਿਚ ਸਾਡੇ ਆਂਢ ਗੁਆਂਢ ਵਾਲੇ ਲੋਕ ਅਮਨ ਪਸੰਦ ਸਨ। ਮੇ ਦਾ ਕਹਿਣਾ ਹੈ ਕਿ 'ਮੈਂ ਨਸਲੀ ਘਟਨਾਵਾਂ ਤੋਂ ਬੇਹੱਦ ਪ੍ਰਸ਼ਾਨ ਤੇ ਦੁਖੀ ਹਾਂ, ਸਾਡੇ ਕਾਲੇ ਭਰਾਵਾਂ ਤੇ ਭੈਣਾਂ ਨਾਲ ਜੋ ਹੋ ਰਿਹਾ ਹੈ, ਉਸ ਨੂੰ ਕਿਸ ਤਰਾਂ ਸਹਿਣ ਕੀਤਾ ਜਾ ਸਕਦਾ ਹੈ। ਬਹੁਤ ਥੋੜੇ ਲੋਕ ਹਨ ਜੋ ਸਾਡੇ ਸਭਿਆਚਾਰ ਨੂੰ ਨਹੀਂ ਸਮਝਦੇ, ਉਹ ਇਹ ਵੀ ਨਹੀਂ ਸਮਝਦੇ ਕਿ ਅਸੀਂ ਇਥੇ ਕਿਉਂ ਹਾਂ।' ਮੇ ਨਸਲੀ ਹਮਲਿਆਂ ਵਿਰੁੱਧ ਨਿਰੰਤਰ ਸੋਸ਼ਲ ਮੀਡੀਆ, ਆਪਣੇ ਟਾਕ ਸ਼ੋਅ ਤੇ ਇੰਟਰਵਿਊ ਵਿਚ ਆਵਾਜ਼ ਉਠਾਉਂਦੀ ਆ ਰਹੀ ਹੈ। ਇਸ ਟੀ ਵੀ ਸ਼ਖਸ਼ੀਅਤ ਦੇ ਇਨਸਟਾਗ੍ਰਾਮ ਉਪਰ 24 ਲੱਖ ਪ੍ਰਸ਼ੰਸਕ ਹਨ ਤੇ ਯੂ ਟਿਊਬ ਚੈਨਲ 'ਤੇ 6,32,000 ਤੇ ਟਵਿਟਰ ਉਪਰ 2,60,000 ਪ੍ਰਸ਼ੰਸਕ ਹਨ। ਮੇ ਦਾ ਕਹਿਣਾ ਹੈ ਕਿ ਨਸਲਵਾਦ ਇਕ ਅਜਿਹਾ ਵਰਤਾਰਾ ਹੈ ਜੋ ਹਰ ਇਕ ਲਈ ਚਿੰਤਾ ਦਾ ਕਾਰਨ ਹੋਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਕਾਂਗਰਸ ਵਿਚ ਏਸ਼ੀਅਨ ਪੈਸੀਫਿਕ ਅਮਰੀਕਨ ਕੌਕਸ ਦੀ ਚੇਅਰਪਰਸਨ ਰਿਪਬਲੀਕਨ ਆਗੂ ਜੂਡੀ ਚੂ ਤੇ ਹੋਰ ਕਈ ਸੰਸਦ ਮੈਂਬਰਾਂ ਨੇ ਇਕ ਵਰਚੂਅਲ ਪ੍ਰੈਸ ਕਾਨਫਰੰਸ ਵਿਚ ਏਸ਼ੀਅਨ ਮੂਲ ਦੇ ਅਮਰੀਕੀ ਨਾਗਰਿਕਾਂ ਉਪਰ ਵਧ ਰਹੇ ਹਮਲਿਆਂ 'ਤੇ ਚਿੰਤਾ ਪ੍ਰਗਟਾਈ ਸੀ। ਚੂ ਨੇ ਇਕ 84 ਸਾਲ ਦੇ ਥਾਈ ਮੂਲ ਦੇ ਅਮਰੀਕੀ ਨਾਗਰਿਕ ਵਿਚਾ ਰਤਨਾਪਕਡੀ ਦੀ ਹੱਤਿਆ ਸਮੇਤ ਓਕਲੈਂਡ ਤੇ ਕੈਲੀਫੋਰਨੀਆ ਵਿਚ ਸੀਨੀਅਰ ਨਾਗਰਿਕਾਂ ਵਿਰੁੱਧ ਵਧੀ ਹਿੰਸਾ ਦਾ ਜ਼ਿਕਰ ਕੀਤਾ ਸੀ।

# ਯੂ.ਕੇ. ਦੇ ਸਿੱਖ ਫੂਡ ਬੈਂਕ ਨੇ ਕੋਰੋਨਾ ਮਹਾਂਮਾਰੀ ਦੌਰਾਨ ਲੋਕਾਂ ਦੀ ਕੀਤੀ ਮਦਦ

**ਲੰਡਨ/ਏ.ਟੀ.ਨਿਊਜ਼:** ਸਿੱਖ ਭਾਈਚਾਰੇ ਵੱਲੋਂ ਚਲਾਏ ਜਾਂਦੇ ਪੌਪ-ਅਪ ਫੂਡ ਬੈਂਕ ਦੇ ਇੱਕ ਵਲੰਟੀਅਰ ਦਾ ਕਹਿਣਾ ਹੈ ਕਿ ਆਪਣੇ ਸ਼ਹਿਰਾਂ ਵਿੱਚ ਕਰੋਨਾ ਪੀੜਤ ਲੋਕਾਂ ਦੀ 'ਵਧਦੀ ਗਿਣਤੀ' ਦੀ ਮਦਦ ਕਰਨ ਦੀ 'ਵੱਡੀ ਲੋੜ' ਹੈ।

ਰਾਜ ਬਾਸਨ, ਨੌਰਥੈਮਪਟਨ ਦੇ ਗੁਰਦੁਆਰੇ ਤੋਂ ਮਹੀਨਾਵਾਰ ਸੇਵਾ ਚਲਾਉਣ ਵਿੱਚ ਮਦਦ ਕਰਦੇ ਹਨ, ਜਿਸ ਦੀ ਸਥਾਪਨਾ ਉਦੋਂ ਕੀਤੀ ਗਈ ਜਦੋਂ ਸ਼ਹਿਰ ਦਾ ਨਾਈਟ ਸੈਲਟਰ ਕੋਵਿਡ ਮਹਾਂਮਾਰੀ ਕਾਰਨ ਬੰਦ ਹੋ ਗਿਆ ਸੀ।

ਪਿਛਲੇ ਸਾਲ ਲਗਭਗ 30 ਲੋਕ ਹਰ ਮਹੀਨੇ ਸ਼ਾਮਲ ਹੁੰਦੇ ਰਹੇ, ਪਰ ਇਹ ਗਿਣਤੀ ਹੁਣ ਵੱਧ ਕੇ 80 ਹੋ ਗਈ ਹੈ। ਉਨਾਂ ਨੇ ਕਿਹਾ ਕਿ ਬਹੁਤ ਸਾਰੇ ਲੋੜਵੰਦਾਂ ਨੂੰ ਦੇਖ ਕੇ ਕਾਫੀ ਨਿਰਾਸ਼ਾ ਹੁੰਦੀ ਸੀ ਪਰ ਜੇਕਰ ਕੋਈ ਫੂਡ ਬੈਂਕ ਨਾ ਹੁੰਦਾ ਤਾਂ ਇਹਨਾਂ ਦੀ ਹਾਲਤ ਬਹੁਤ ਤਰਸਯੋਗ ਹੁੰਦੀ।'

**ਕਿਵੇਂ ਹੋਈ ਫੂਡ ਬੈਂਕ ਦੀ ਸ਼ੁਰੂਆਤ**

ਕ੍ਰੋਮਵੈੱਲ ਸਟ੍ਰੀਟ 'ਤੇ ਸਥਿਤ ਗੁਰਦੁਆਰਾ ਸਾਹਿਬ ਨੇ ਟੀ.ਵੀ ਪ੍ਰਸਾਰਕ ਅਤੇ ਵਿੱਤੀ ਮਾਹਰ ਮਾਰਟਿਨ ਲੂਈਸ ਵੱਲੋਂ ਬਣਾਏ ਗਏ ਕੋਰੋਨਾ ਵਾਇਰਸ ਫੰਡ ਵਿੱਚੋਂ 10,000 ਡਾਲਰ ਮਿਲਣ ਤੋਂ ਬਾਅਦ ਫੂਡ ਬੈਂਕ ਸਥਾਪਤ ਕੀਤਾ। ਇਹ ਜੁਲਾਈ ਵਿੱਚ ਸ਼ੁਰੂ ਹੋਇਆ ਸੀ ਅਤੇ ਉਦੋਂ ਤੋਂ ਹੀ ਸੈਂਕੜੇ ਲੋਕਾਂ ਨੂੰ ਖਾਣਾ, ਪਖਾਨਾ ਅਤੇ ਸਫਾਈ ਦੇ ਉਤਪਾਦਾਂ ਵਿੱਚ ਮਦਦ ਕਰ ਰਿਹਾ ਹੈ।

ਇਹ ਪੈਸਾ ਵਿੱਤੀ ਤੌਰ 'ਤੇ ਕਮਜ਼ੋਰ ਪਰਿਵਾਰਾਂ ਲਈ ਸਥਾਨਕ ਪ੍ਰਾਇਮਰੀ ਸਕੂਲ ਮੁਹੱਈਆ ਕਰਾਉਣ ਅਤੇ ਹਰ ਮੰਗਲਵਾਰ ਬੇਘਰ ਲੋਕਾਂ ਲਈ ਖਾਣਾ ਤਿਆਰ ਕਰਨ ਲਈ ਵੀ ਵਰਤਿਆ ਗਿਆ ਹੈ।

ਰਾਜ ਬਾਸਨ ਨੇ ਕਿਹਾ, 'ਇਸ ਹਾਲਤ ਵਿੱਚ ਲੋਕਾਂ ਦੀ ਵੱਧ ਰਹੀ ਗਿਣਤੀ ਨੂੰ ਦੇਖਕੇ ਦੁਖ ਹੁੰਦਾ ਹੈ। ਅਸੀਂ ਜਿਨਾਂ ਲੋਕਾਂ ਦੀ ਮਦਦ ਕਰ ਰਹੇ ਹਾਂ, ਉਨਾਂ ਦਾ ਹੁੰਗਾਰਾ, ਮੁਸਕਰਾਹਟ ਅਤੇ ਧੰਨਵਾਦੀ ਰਵੱਈਆ ਦੇਖ ਕੇ ਖੁਸ਼ ਹਾਂ। ਕੁਝ ਕਹਾਣੀਆਂ ਬਹੁਤ ਦਿਲਖਿੱਚਵੀਆਂ ਹਨ। ਕੁਝ ਲੋਕ ਡਿਪ੍ਰੈਸ਼ਨ ਤੋਂ ਬਾਹਰ ਆ ਗਏ ਹਨ ਅਤੇ ਨੌਕਰੀ ਲੱਭ ਲਈ ਹੈ। ਸਾਨੂੰ ਇਹ ਦੱਸਣ ਲਈ ਇੱਕ ਨੋਟ ਵੀ ਭੇਜਦੇ ਹਨ ਕਿ 'ਸਾਨੂੰ ਖਾਣੇ ਦੀ ਹੋਰ ਜ਼ਰੂਰਤ ਨਹੀਂ ਹੈ ਅਤੇ ਇਸ ਲਈ ਧੰਨਵਾਦੀ ਹਾਂ ਕਿ ਤੁਸੀਂ ਸਾਡੀ ਸਹਾਇਤਾ ਕੀਤੀ।'

ਇੰਦਰਜੀਤ ਕੌਰ ਜੁਟਲਾ ਨੇ ਕਿਹਾ, 'ਜਦੋਂ ਸਾਨੂੰ ਇਹ ਮਿਲਿਆ ਤਾਂ ਸਾਨੂੰ ਬਹੁਤ ਖੁਸ਼ੀ ਮਿਲੀ ਸੀ। ਪੂਰੇ ਪ੍ਰੋਜੈਕਟ ਨੇ ਸਾਨੂੰ ਇੱਕ ਭਾਈਚਾਰੇ ਵਜੋਂ ਇਕੱਠੇ ਕੀਤਾ ਹੈ।'





ਸਿੱਖ ਭਾਈਚਾਰੇ ਨੇ ਸੈਂਕੜੇ ਬਿਲਿੰਗ ਐਕੁਆਡਰੋਮ ਨਿਵਾਸੀਆਂ ਲਈ ਭੋਜਨ ਮੁਹੱਈਆ ਕਰਵਾਇਆ ਜੋ ਕ੍ਰਿਸਮਿਸ ਮੌਕੇ ਹੜ ਤੋਂ ਪ੍ਰਭਾਵਿਤ ਹੋਏ ਸਨ।

ਆਪਣੇ ਫੰਡਾਂ ਰਾਹੀਂ ਹਰ ਸ਼ੁੱਕਰਵਾਰ ਨੂੰ 'ਕਰੀ' ਵੀ ਦਿੱਤੀ ਜਾਂਦੀ ਸੀ ਅਤੇ ਸੈਂਕੜੇ ਸਥਾਨਕ ਲੋਕਾਂ ਦੀ ਮਦਦ ਕੀਤੀ, ਜਿਨਾਂ ਨੂੰ ਕ੍ਰਿਸਮਿਸ ਦੀ ਸ਼ਾਮ ਨੂੰ ਘਰਾਂ 'ਚੋਂ ਬਾਹਰ ਕੱਢ ਦਿੱਤਾ ਗਿਆ ਸੀ। ਮੈਟ ਕੈਂਪ ਨੇ ਕਿਹਾ ਕਿ ਉਨਾਂ ਨੇ ਬਿਲਿੰਗ ਐਕੁਆਡ੍ਰੋਮ ਵਿਖੇ ਬਚਾਏ ਜਾਣ ਤੋਂ ਬਾਅਦ ਮਦਦ ਲਈ ਇੱਕ ਆਨਲਾਈਨ ਅਪੀਲ ਕੀਤੀ। ਉਨਾਂ ਕਿਹਾ, 'ਸਿੱਖ ਭਾਈਚਾਰਾ ਤੁਰੰਤ ਬਾਹਰ ਪਹੁੰਚਿਆ ਅਤੇ ਤਿੰਨ ਘੰਟੇ ਦੇ ਅੰਦਰ-ਅੰਦਰ ਲੋੜਵੰਦਾਂ ਨੂੰ 500 ਗਰਮ ਖਾਣੇ ਦਿੱਤੇ।

# ਸੈਕਰਾਮੈਂਟੋ 'ਚ ਮਾਰੇ ਗਏ ਨੌਜੁਆਨ ਦੇ ਕਾਤਲਾਂ ਦੀ ਭਾਲ ਲਈ ਪੁਲਿਸ ਵਲੋਂ ਲੋਕਾਂ ਨੂੰ ਅਪੀਲ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) :** ਕੈਲੀਫੋਰਨੀਆ ਦੇ ਸੈਕਰਾਮੈਂਟੋ ਸ਼ਹਿਰ ਦੇ 7/11 ਸਟੋਰ 'ਤੇ ਪੰਜਾਬੀ ਕੈਸ਼ੀਅਰ ਦੀ ਲੁੱਟ ਖੋਹ ਦੌਰਾਨ ਹੋਈ ਮੌਤ ਬਾਅਦ ਸੈਕਰਾਮੈਂਟੋ ਪੁਲਿਸ ਨੇ ਦੋਸ਼ੀਆਂ ਤੱਕ ਪੁੱਜਣ ਲਈ ਲੋਕਾਂ ਨੂੰ ਮਦਦ ਕਰਨ ਦੀ ਅਪੀਲ ਕੀਤੀ ਹੈ। ਇਸ ਲਈ ਪੁਲਿਸ ਨੇ ਜਾਣਕਾਰੀ ਦੇਣ ਲਈ ਫੋਨ ਨੰਬਰ ਵੀ ਜਾਰੀ ਕਿਤੇ ਹਨ ਜੋ ਸੈਕਰਾਮੈਂਟੋ ਪੁਲਿਸ ਨੂੰ (916) 808-5471 ਜਾਂ ਸੈਕਰਾਮੈਂਟੋ ਵੈਲੀ ਕਰਾਈਮ ਸਟੋਪਰ (916) 443- 4357 'ਤੇ ਇਤਲਾਹ ਦਿੱਤੀ ਜਾ ਸਕਦੀ ਹੈ। ਇਹ ਘਟਨਾ ਬੀਤੀ ਦਿਨ ਸਾਊਥਲੈਂਡ ਪਾਰਕ ਏਰੀਏ ਵਿੱਚ ਸਵੇਰੇ 7/11 ਸਟੋਰ 'ਤੇ ਵਾਪਰੀ। ਮਰਨ ਵਾਲਾ ਕੈਸ਼ੀਅਰ 31 ਸਾਲਾ ਗੁਰਪ੍ਰੀਤ ਸਿੰਘ ਪੰਜਾਬ ਦੇ ਖੰਨਾ ਵਿੱਚਲੇ ਪਿੰਡ ਚਕੋਹੀ ਦਾ ਹੈ। ਜਾਣਕਾਰੀ ਮੁਤਾਬਿਕ ਸੋਮਵਾਰ ਸਵੇਰੇ 3: 23 ਵਜੇ, ਸੈਕਰਾਮੈਂਟੋ ਪੁਲਿਸ ਨੂੰ ਜਾਣਕਾਰੀ ਇੱਕ ਗਾਹਕ ਵੱਲੋਂ ਦਿੱਤੀ ਗਈ। ਇਹ ਸਟੋਰ ਸੈਕਰਾਮੈਂਟੋ ਦੇ 43 ਐਵੀਨਿਊ ਦੇ 1100 ਬਲਾਕ ਵਿੱਚ ਪੈਂਦਾ ਹੈ। ਜਦੋਂ ਗਾਹਕ ਸਟੋਰ ਵਿੱਚ ਵੜਿਆ ਤਾਂ ਉਸਨੇ ਕੈਸ਼ੀਅਰ ਗੁਰਪ੍ਰੀਤ ਸਿੰਘ ਨੂੰ ਗੰਭੀਰ ਜਖਮੀ ਹਾਲਤ ਵਿੱਚ ਫਰਸ਼ ਤੇ ਡਿੱਗੇ ਨੂੰ ਵੇਖਿਆ ਅਤੇ ਤੁਰੰਤ ਪੁਲਿਸ ਨੂੰ ਇਸ ਬਾਰੇ ਜਾਣਕਾਰੀ ਦਿੱਤੀ। ਸੈਕਰਾਮੈਂਟੋ ਫਾਇਰ ਡਿਪਾਰਟਮੈਂਟ ਦੇ ਪੈਰਾਮੈਡਿਕਸ ਗੁਰਪ੍ਰੀਤ ਸਿੰਘ ਨੂੰ ਗੰਭੀਰ ਹਾਲਤ ਵਿੱਚ ਸਥਾਨਕ ਹਸਪਤਾਲ ਲੈ ਗਏ ਜਿੱਥੇ ਬਾਅਦ ਵਿਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਘਟਨਾ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ। ਰੋਜ਼ ਦੇ ਗਾਹਕਾਂ ਨੇ ਗੁਰਪ੍ਰੀਤ ਸਿੰਘ ਨੂੰ ਯਾਦ ਕਰਦਿਆਂ ਸਟੋਰ 7/11 ਸਟੋਰ ਦੇ ਦਰਵਾਜੇ ਅੱਗੇ ਫੁੱਲ ਰੱਖ ਸੇਜ਼ਲ ਅੱਖਾਂ ਨਾਲ ਯਾਦ ਕੀਤਾ। ਗੁਰਪ੍ਰੀਤ ਸਿੰਘ ਦੀ ਯਾਦ ਵਿੱਚ 7/11 ਸਟੋਰ ਮਾਲਕ ਨੇ ਇੱਕ ਦਿਨ ਲਈ ਆਪਣਾ ਸਟੋਰ ਬੰਦ ਰੱਖਿਆ। ਗੁਰਪ੍ਰੀਤ ਸਿੰਘ ਆਪਣੇ ਪਿੱਛੇ ਪੰਜ ਸਾਲਾ ਬੇਟੀ ਤੇ ਪਤਨੀ ਛੱਡ ਗਏ ਨੇ, ਜਿਹੜੇ ਕਿ ਇੰਡੀਆ ਵਿੱਚ ਰਹਿ ਰਹੇ ਹਨ। ਸੂਤਰਾਂ ਮੁਤਾਬਕ ਗੁਰਪ੍ਰੀਤ ਸਿੰਘ ਮਹਿਜ ਦੋ ਸਾਲ ਪਹਿਲਾਂ ਹੀ ਰੋਜ਼ੀ ਰੋਟੀ ਕਮਾਉਣ ਲਈ ਅਮਰੀਕਾ ਆਇਆ ਸੀ। ਸਥਾਨਕ ਪੰਜਾਬੀ ਭਾਈਚਾਰੇ ਵਿੱਚ ਇਸ ਘਟਨਾ ਦਾ ਜਿੱਥੇ ਸਖ਼ਤ ਰੋਸ ਹੈ ਉੱਥੇ ਪੰਜਾਬ ਵਿਚ ਉਸਦੇ ਪਰਿਵਾਰ ਲਈ ਮਦਦ ਦੀ ਵੀ ਅਪੀਲ ਕੀਤੀ ਹੈ। ਇਹੋ ਜਿਹੀ ਹੀ ਘਟਨਾ ਪਿਛਲੇ ਸਾਲ ਫਲੋਰਨ ਰੋਡ ਸੈਕਰਾਮੈਂਟੋ ਤੇ ਸ਼ੈਵਰੋਨ ਗੈਸ ਸਟੇਸ਼ਨ ਤੇ ਪੰਜਾਬ ਤੋਂ ਇੱਕ ਨਵੇਂ ਆਏ ਪੰਜਾਬੀ ਨਾਲ ਹੋਈ ਜਿਸ ਨੂੰ ਕਿਸੇ ਅਣਪਛਾਤੇ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ।

# ਸਰਕਾਰ ਦੇ ਗ਼ਲਤ ਵਤੀਰੇ ਦਾ ਇੱਕ ਹੋਰ ਸਬੂਤ ਵਧਦੀ ਮਹਿੰਗਾਈ

**ਹਰਕੀਰਤ ਕੌਰ**
**9779118066**

ਉਸ ਸਮੇਂ ਜਦੋਂ ਦੇਸ਼ ਭਰ ਵਿੱਚ ਪਹਿਲਾਂ ਹੀ ਬੇਚੈਨੀ ਹੋਵੇ ਅਤੇ ਅਵਿਸ਼ਵਾਸ ਦਾ ਮਾਹੌਲ ਪੈਦਾ ਹੋਇਆ ਹੋਵੇ, ਥਾਂ ਪੁਰ ਥਾਂ ਧਰਨੇ ਤੇ ਮੁਜ਼ਾਹਰੇ ਕੀਤੇ ਜਾ ਰਹੇ ਹੋਣ, ਅਜਿਹੇ ਮਾਹੌਲ ਵਿੱਚ ਅਜਿਹੀਆਂ ਲੀਹਾਂ ਤੇ ਕੀਤੇ ਜਾਣ ਵਾਲੇ ਨਵੇਂ ਐਲਾਨ, ਵਧਦੀਆਂ ਕੀਮਤਾਂ ਉਸ ਮਾਹੌਲ ਨੂੰ ਹੋਰ ਵੀ ਗੁੰਝਲਦਾਰ ਬਣਾਉਣ ਵਿੱਚ ਸਹਾਈ ਹੁੰਦੇ ਹਨ।

ਭਾਰਤ ਵਿੱਚ ਬੀਤੇ ਦਿਨੀਂ ਤੇਲ ਦੀਆਂ ਵਧੀਆਂ ਕੀਮਤਾਂ ਨੇ ਹਰ ਆਮ ਨਾਗਰਿਕ ਦੀਆਂ ਮੁਸ਼ਕਿਲਾਂ ਵਿੱਚ ਵਾਧਾ ਕੀਤਾ ਹੈ। ਭਾਰਤ ਵਾਸੀਆਂ ਦੇ ਸਕੂਨ ਚੈਨ ਲੁੱਟ ਹਾਲੇ ਵੀ ਪਤਾ ਨਹੀਂ ਕਿਸ ਮੂੰਹ ਨਾਲ ਔਖੇ ਦਿਨ ਆਇਗੇ ਦਾ ਲਾਰਾ ਲਾ ਰਹੀ ਹੈ। ਵਧਦੀ ਮਹਿੰਗਾਈ ਨੇ ਆਮ ਨਾਗਰਿਕ ਦੇ ਨੱਕ ਵਿੱਚ ਦਮ ਕੀਤਾ ਹੋਇਆ ਹੈ। ਚਾਹੇ ਇਸ ਪਿੱਛੇ ਸਰਕਾਰ ਦੀ ਨੀਅਤ ਕੁਝ ਵੀ ਰਹੀ ਹੋਵੇ ਪਰ ਅਜਿਹੇ ਵਿਵਹਾਰ ਉੱਤੇ ਉਂਗਲਾਂ ਉੱਠਣੀਆਂ ਕੁਦਰਤੀ ਹਨ। ਸਰਕਾਰਾਂ ਆਪਣਾ ਖਰਚਾ ਘੱਟ ਕਰਨ ਨੂੰ ਤਿਆਰ ਨਹੀਂ, ਪਰ ਆਮ ਨਾਗਰਿਕਾਂ ਦੀਆਂ ਰੋਜ਼ਮਰਾ ਦੀਆਂ ਵਸਤੂਆਂ ਦੇ ਭਾਅ ਅਸਮਾਨੀ ਚੜਾ ਦਿੱਤੇ ਹਨ। ਦੇਸ਼ ਦੇ ਹਾਕਮ ਦੇ ਵਿਦੇਸ਼ਾਂ ਦੇ ਦੌਰਿਆਂ ਉੱਪਰ ਖ਼ਰਚਿਆਂ ਜਾਣ ਵਾਲਾ ਪੈਸਾ ਕਿਸੇ ਹੋਰ ਜਗਾ ਵੀ ਵਰਤਿਆ ਜਾ ਸਕਦਾ ਹੈ। ਸਰਕਾਰਾਂ ਲੋਕਾਂ ਦੀ ਭਲਾਈ ਲਈ ਬਣਾਈਆਂ ਜਾਂਦੀਆਂ ਹਨ, ਤਾਂ ਜੋ ਲੋਕ ਸਰਕਾਰਾਂ ਦੀ ਮਦਦ ਨਾਲ ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਦਾ ਹੱਲ ਕੱਢ ਸਕਣ। ਪਰ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਫ਼ਸਲ ਨੂੰ ਕੌਣ ਬਚਾਵੇਗਾ। ਭਾਰਤ ਦੇ ਲੋਕਾਂ ਦੀ ਹਾਲਤ ਵੀ ਕੁਝ ਅਜਿਹੀ ਹੋ ਚੁੱਕੀ ਹੈ, ਜਿੱਥੇ ਦੇਸ਼ ਦੇ ਲੋਕਾਂ ਦੀਆਂ ਮੁਸੀਬਤਾਂ ਦਾ ਨਿਪਟਾਰਾ ਕਰਨ ਦੀ ਬਜਾਏ ਸਰਕਾਰ ਲੋਕਾਂ ਦਾ ਖ਼ੂਨ ਪੀਣ ਉੱਪਰ ਤੁਲੀ ਹੋਈ ਹੈ। ਨਾਗਰਿਕਤਾ ਸੋਧ ਬਿੱਲ, ਨੋਟਬੰਦੀ, ਕਿਸਾਨੀ ਬਿੱਲ ਹੁਣ ਵਧਦੀ ਮਹਿੰਗਾਈ ਨੇ ਭਾਰਤ ਦੇ ਲੋਕਤੰਤਰ ਦੀ ਪੱਤ ਲੀਰੋ-ਲੀਰ ਕੀਤੀ ਹੈ।

ਮੈਂ ਕਈ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਦੀ ਮਨ ਕੀ ਬਾਤ ਸੁਣ ਕੇ ਹੈਰਾਨ ਹੁੰਦੀ ਹਾਂ ਕਿ ਪ੍ਰਧਾਨ ਮੰਤਰੀ ਸਾਹਿਬ ਕਿੰਨੀ ਦਲੇਰੀ ਨਾਲ ਆਪਣੇ ਆਪ ਨੂੰ ਅਜ਼ਾਦ ਭਾਰਤ ਦਾ ਸਭ ਤੋਂ ਕਾਮਯਾਬ ਪ੍ਰਧਾਨ ਮੰਤਰੀ ਹੋਣ ਦਾ ਦਾਅਵਾ ਕਰਦੇ ਹਨ। ਹਾਲਾਂਕਿ ਆਪਣੇ ਹੱਕਾਂ ਲਈ ਸੜਕਾਂ ਤੇ ਰੁਲਦਾ ਕਿਸਾਨ, ਮਹਿੰਗਾਈ ਕਾਰਨ ਹੋ ਰਹੀਆਂ ਖ਼ੁਦਕੁਸ਼ੀਆਂ, ਰਾਜਨੀਤੀ ਦੇ ਨਾਮ ਉੱਤੇ ਹੁੰਦੀ ਗੁੰਡਾਗਰਦੀ ਦਾ ਸਾਫ਼ ਚਿੱਠਾ ਸਭ ਦੇ ਸਾਹਮਣੇ ਹੈ।

ਕੰਨਾਂ ਤੋਂ ਬੋਲ਼ੀ ਅਤੇ ਅੱਖਾਂ ਤੋਂ ਅੰਨੀ ਸਰਕਾਰ ਨੂੰ ਦੇਸ਼ ਦੇ ਵਿਲਕਦੇ ਹੋਏ ਨਾਗਰਿਕ ਦਿਖਾਈ ਨਹੀਂ ਦੇ ਰਹੇ। ਅਸੀਂ ਸਰਕਾਰ ਦੇ ਇਸ ਵਰਤਾਰੇ ਅਤੇ ਆਏ ਦਿਨ ਲਏ ਨਵੇਂ ਫ਼ੈਸਲਿਆਂ ਨੂੰ ਸਿਆਣਾ ਕਦਮ ਨਹੀਂ ਸਮਝਦੇ। ਕਿਉਂਕਿ ਸਰਕਾਰ ਦੁਆਰਾ ਲਏ ਜਾ ਰਹੇ ਅਜਿਹੇ ਫ਼ੈਸਲੇ ਜਾਂ ਵਸਤੂਆਂ ਦੀ ਕੀਮਤਾਂ ਵਿੱਚ ਕੀਤੀਆਂ ਤਬਦੀਲੀਆਂ ਪਹਿਲਾਂ ਤੋਂ ਅਸ਼ਾਂਤ ਹੋਏ ਮਾਹੌਲ ਨੂੰ ਹੋਰ ਖ਼ਰਾਬ ਕਰਨਗੀਆਂ। ਸਰਕਾਰ ਨੂੰ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਆਪਣੇ ਦੇਸ਼ ਦੇ ਨਾਗਰਿਕਾਂ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ।

# ਜਾਣੋ ਕਿਉਂ ਕੀਤਾ ਫੇਸਬੁੱਕ ਨੇ ਅਸਟ੍ਰੇਲੀਆ ਦੇ ਮੀਡੀਆ ਅਦਾਰਿਆਂ ਨੂੰ ਬੰਦ ?

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸੋਸਲ ਨੈੱਟਵਰਕਿੰਗ ਸਾਈਟ ਫੇਸਬੁੱਕ ਨੇ ਬੀਤੇ ਬੁੱਧਵਾਰ ਆਸਟ੍ਰੇਲੀਆ ਦੇ ਮੀਡੀਆ ਅਦਾਰਿਆਂ ਵੱਲੋਂ ਕਿਸੇ ਵੀ ਤਰਾਂ ਦੀ ਖਬਰ ਪਾਉਣ ’ਤੇ ਰੋਕ ਲਾ ਦਿੱਤੀ ਹੈ। ਸਿੱਟੇ ਵਜੋਂ, ਮੁਤਾਬਿਕ, ਅਸਟ੍ਰੇਲੀਆ ਦੇ ਇੰਟਰਨੈੱਟ ਟ੍ਰੈਫਿਕ ਤੇ ਤੀਹ ਪ੍ਰਤੀਸ਼ਤ ਤੱਕ ਦੀ ਗਿਰਾਵਟ ਦਰਜ ਕੀਤੀ ਗਈ। ਅਦਾਰੇ ਵੱਲੋਂ ਚਿਤਾਵਨੀ ਵੀ ਦਿੱਤੀ ਗਈ ਕਿ ਜੇਕਰ ਇਹ ਜਾਰੀ ਰਹਿੰਦਾ ਹੈ ਤਾਂ ਰਾਸ਼ਟਰੀ ਖਬਰ ਬਜ਼ਾਰ ਤੇ ਬਹੁਤ ਬੁਰਾ ਪ੍ਰਭਾਵ ਪਵੇਗਾ, ਜਿਸਦੇ ਰੁਝਾਨ ਆਉਣ ਵਾਲੇ ਦਿਨਾਂ ਵਿੱਚ ਜਲਦੀ ਹੀ ਦੇਖਣ ਨੂੰ ਮਿਲਣਗੇ।

ਜਕਿਰਯੋਗ ਹੈ ਕਿ ਯੂਨੀਵਰਸਿਟੀ ਆਫ ਕਨਬੇਰਾ ਦੀ ਰਿਪੋਰਟ ਮੁਤਾਬਕ 21% ਅਸਟ੍ਰੇਲੀਆਈ ਸੋਸ਼ਲ ਮੀਡੀਆ ਤੇ ਖਬਰਾਂ ਲਈ ਨਿਰਭਰ ਹਨ, ਜਿਹਨਾਂ ਵਿੱਚੋਂ 38% ਸਿਰਫ ਫੇਸਬੁੱਕ ਦੇ ਹੀ ਹਿੱਸੇ ਆਉਂਦੇ ਹਨ।

ਅਸਲ ਵਿੱਚ ਫੇਸਬੁੱਕ ਵੱਲੋਂ ਇਹ ਕਦਮ ਅਸਟ੍ਰੇਲੀਆਈ ਸਰਕਾਰ ਵੱਲੋਂ ਪਾਸ ਕੀਤੇ ਜਾ ਰਹੇ ਨਵੇਂ ਕਾਨੂੰਨਾਂ ਨਾਲ ਅਸਹਿਮਤੀ ਦੇ ਚੱਲਦਿਆਂ ਚੁਕਿਆ ਗਿਆ, ਜਿਸਦੀ ਨਿੰਦਾ ਕਰਦਿਆਂ ਪ੍ਰਧਾਨ ਮੰਤਰੀ ਸਕੌਟ ਮੌਰਿਸਨ ਨੇ ਇਸ ਨੂੰ ‘ਧਮਕੀ ਭਰਿਆ ਵਤੀਰਾ’ ਕਰਾਰ ਦਿੱਤਾ ਹੈ।

**ਕੀ ਹਨ ਇਹ ਨਵੇਂ ਕਾਨੂੰਨ ਤੇ ਕੀ ਹੈ ਵਿਵਾਦ ਦੀ ਵਜਾ ?**

ਜੁਲਾਈ 2017 ਵਿੱਚ, ਆਸਟ੍ਰੇਲੀਆਈ ਖਬਰ ਬਾਜ਼ਾਰ ਵਿੱਚ ਮੁਕਾਬਲੇਬਾਜ਼ੀ ਦਰੁਸਤ ਕਰਨ ਲਈ ਕੁੱਝ ਨਿਯਮ ਬਣਾਉਣ ਦੀ ਸਿਫਾਰਸ਼ ਸਰਕਾਰ ਨੂੰ ਕੀਤੀ ਗਈ, ਜਿਨਾਂ ਦੇ ਆਧਾਰ ’ਤੇ ਆਨਲਾਈਨ ਮੀਡੀਆ ਅਦਾਰੇ ਕਰਾਰਨਾਮੇ ਦਰਜ ਕਰਾ ਸਕਣ।

ਜਿਸ ਤੇ ਪਹਿਲਕਦਮੀ ਕਰਦਿਆਂ **Australian’s competition and consumer commission** (1333) ਨੇ ਫੇਸਬੁੱਕ ’ਤੇ ਗੂਗਲ ਵਰਗੇ ਆਨਲਾਈਨ ਮੰਚਾਂ ਤੋਂ ਖਬਰ ਬਜ਼ਾਰ ਨੂੰ ਹੋ ਰਹੇ ਨੁਕਸਾਨਾਂ ਦੀ ਜਾਂਚ ਕਰਨ ਦੀ ਗੱਲ ਕਹੀ।

ਦਸੰਬਰ 2019 ਵਿੱਚ ਆਸਟ੍ਰੇਲੀਆਈ ਸਰਕਾਰ ਨੇ ਸ੍ਵੈ-ਇੱਛਤ ਕਰਾਰਨਾਮਿਆਂ ਲਈ ਖਰੜਾ ਤਿਆਰ ਕਰਨ ਦੀ ਹਦਾਇਤ (1333) ਨੂੰ ਦਿੱਤੀ। ਪਰ ਜਦ ਅਦਾਰਿਆਂ ਦਾ ਇਸ ਸਵੈ-ਇੱਛਤ ਕਰਾਰਾਂ ਲਈ ਸਹਿਯੋਗ ਨਾ ਮਿਲਿਆ ਤਾਂ ਸਰਕਾਰ ਨੇ ਅਜਿਹੇ ਨਿਯਮਾਂ ਦਾ ਖਰੜਾ ਤਿਆਰ ਕਰਨ ਦੀ ਗੱਲ ਕਹੀ, ਜਿਨਾਂ ਨੂੰ ਮੰਨਣਾ ਲਾਜ਼ਮੀ ਹੋਵੇਗਾ।

ਜੁਲਾਈ 2020 ਵਿੱਚ (1333) ਨੇ ਖਰੜਾ ਤਿਆਰ ਕਰਕੇ ਸਰਕਾਰ ਕੋਲ ਦਰਜ ਕਰਵਾ ਦਿੱਤਾ। ਖਜ਼ਾਨਾ ਮੰਤਰੀ ਨੇ ਬਿਆਨ ਦਿੱਤਾ ਕਿ ਫੇਸਬੁੱਕ, ਗੂਗਲ ਵਰਗੇ ਅਦਾਰਿਆਂ ਕੋਲੋਂ ਇਹਨਾਂ ਕਾਨੂੰਨਾਂ ਹੇਠ ਆਨਲਾਈਨ ਖੇਤਰੀ ਮੀਡੀਆ ਅਦਾਰਿਆਂ ਨੂੰ ਭੁਗਤਾਨ ਕਰਨ ਲਈ ਮਜਬੂਰ ਕਰਾਂਗੇ, ਜਿਸਦੀ ਗੂਗਲ ਵੱਲੋਂ ਆਲੋਚਨਾ ਕੀਤੀ ਗਈ।

ਫੇਸਬੁੱਕ ਨੇ ਪ੍ਰਤੀਕਰਮ ਕਰਦਿਆਂ ਪਹਿਲੀ ਵਾਰ ਸਤੰਬਰ 2020 ਵਿੱਚ ਆਸਟ੍ਰੇਲੀਆ ਤੋਂ ਅਪਲੋਡ ਹੁੰਦੀਆਂ ਖਬਰਾਂ ਤੇ ਪਾਬੰਦੀ ਦੀ ਧਮਕੀ ਦਿੱਤੀ। ਇਸਦੇ ਬਾਵਜੂਦ ਦਸੰਬਰ 2020 ਵਿੱਚ ਨਵੇਂ ਨਿਯਮਾਂ ਦਾ ਖਰੜਾ, **The News**



**Media Bargaining Bill** ਦੇ ਰੂਪ ਵਿੱਚ ਕਾਨੂੰਨ ਬਣਾਉਣ ਲਈ ਪੇਸ ਕਰ ਦਿੱਤਾ ਗਿਆ, ਜਿਸ ਵਿੱਚ ਫੇਸਬੁੱਕ, ਗੂਗਲ ਵਰਗੀਆਂ ਸੰਸਥਾਵਾਂ ਉੱਪਰ, ਖਬਰ ਸਮੱਗਰੀ ਪਬਲਿਸ਼ ਕਰਨ ਬਦਲੇ, ਖੇਤਰੀ ਅਦਾਰਿਆਂ ਨੂੰ ਭੁਗਤਾਨ ਕਰਨਾ ਲਾਜ਼ਮੀ ਕੀਤਾ ਜਾਣਾ ਸੀ।

ਗੂਗਲ ਨੇ ਗਾਹਕਾਂ ਦੀ ਨਿੱਜਤਾ ਅਤੇ ਆਪਣੀਆਂ ਮੁਫਤ ਸੇਵਾਵਾਂ ਦਾ ਹਵਾਲਾ ਦਿੰਦਿਆਂ ਅਸਟ੍ਰੇਲੀਆ ਵਿੱਚ ਸਰਚ ਇੰਜਨ ਬੰਦ ਕਰਨ ਦੀ ਧਮਕੀ ਦਿੱਤੀ,ਪਰ ਫਰਵਰੀ 2021 ਵਿੱਚ ਪਿੱਛੇ ਹਟਦਿਆਂ **News corp** ਅਤੇ ਹੋਰ ਮੀਡੀਆ ਅਦਾਰਿਆਂ ਨਾਲ ਸਮੱਗਰੀ ਬਦਲੇ ਭੁਗਤਾਨ ਕਰਨ ਦਾ ਸਮਝੌਤਾ ਕਰ ਲਿਆ। ਮਾਈਕਰੋਸਾਫਟ ਨੇ ਵੀ ਇਨਾਂ ਕਾਨੂੰਨਾਂ ਦਾ ਸਮਰੱਥਨ ਕਰ ਦਿੱਤਾ।

ਕਾਨੂੰਨਾਂ ਦੇ ਖਰੜੇ ਨੂੰ **House of representatives** ਨੇ ਪਾਸ ਕਰ ਦਿੱਤਾ ਹੈ, ਬਸ **Senate** ਦੀ ਮਨਜੂਰੀ ਬਾਕੀ ਹੈ,ਪਰ ਫੇਸਬੁੱਕ ਆਪਣੇ ਰੁਖ ਤੇ ਅੜੀ ਹੋਈ ਹੈ। ਨਤੀਜਨ, ਬੀਤੇ ਬੁੱਧਵਾਰ ਫੇਸਬੁੱਕ ਨੇ ਅਸਟ੍ਰੇਲੀਆਈ ਆਨਲਾਈਨ ਮੀਡੀਆ ਅਦਾਰਿਆਂ ਤੇ ਸਮੱਗਰੀ ਅਪਲੋਡ ਕਰਨ ਤੇ ਪੂਰਨ ਪਾਬੰਦੀ ਲਾ ਦਿੱਤੀ ਹੈ।

**ਕੀ ਰਹੀ ਆਗੂਆਂ ਦੀ ਪ੍ਰਤੀਕਿਰਿਆ ?**

ਅਸਟ੍ਰੇਲੀਆਈ ਖਜਾਨਾ ਮੰਤਰੀ ਦਾ ਕਹਿਣਾ ਹੈ ਕਿ ਫੇਸਬੁੱਕ ਦੇ ਸੀ.ਈ.ਓ. ਮਾਰਕ ਜੁਕਰਬਰਗ ਨਾਲ ਗੱਲਬਾਤ ਦੇ ਰਾਹ ਖੁੱਲੇ ਹਨ, ਪਰ ਹਫਤੇ ਦੇ ਅਖੀਰ ਤੱਕ ਕਾਨੂੰਨਾਂ ਦਾ ਪਾਸ ਹੋਣਾ ਤੈਅ ਹੈ।

ਆਸਟ੍ਰੇਲੀਅਨ ਪ੍ਰਧਾਨ ਮੰਤਰੀ ਸਕੌਟ ਮੌਰਿਸਨ ਨੇ ਕਿਹਾ ਕਿ ਜਸਟਿਨ ਟਰੂਡੋ ਤੇ ਨਰਿੰਦਰ ਮੋਦੀ ਵਰਗੇ ਨੇਤਾਵਾਂ ਨਾਲ ਉਹਨਾਂ ਦੀ ਗੱਲ ਹੋਈ ਹੈ, ਫੇਸਬੁੱਕ ਦੇ ਰਵੱਈਏ ਤੇ ਸੰਸਾਰ ਦੇ ਨੇਤਾ, ਅਸਟ੍ਰੇਲੀਆਈ ਸਰਕਾਰ ਦੇ ਹੱਕ ਵਿੱਚ ਹਨ।

ਕੈਨੇਡਾਈ ਮੰਤਰੀ ਸਟੀਵਨ ਗਿਲਬੀਲਟ ਨੇ ਵੀ ਆਉਣ ਵਾਲੇ ਮਹੀਨਿਆਂ ‘ਚ ਓਟਾਵਾ ਅੰਦਰ ਅਜਿਹੇ ਕਾਨੂੰਨ ਬਣਾਉਣ ਦੀ ਗੱਲ ਕਹੀ ਅਤੇ ਇਸਨੂੰ ਤਕਨੀਕੀ ਅਦਾਰਿਆਂ ਦੁਆਰਾ ਬਜਾਰਾਂ ਤੇ ਹੋ ਰਹੇ ਕਬਜਿਆਂ ਖਿਲਾਫ ਜੰਗ ਕਰਾਰ ਦਿੱਤਾ।

# ਨਿਊਯਾਰਕ ਦੇ ਟਾਈਮਸ ਸਕਵਾਇਰ ਪੁੱਜਣ ਵਾਲੀ ਪਹਿਲੀ ਪੰਜਾਬਣ ਸੈਲੀਬ੍ਰਿਟੀ ਬਣੀ ਹਿਮਾਂਸ਼ੀ ਖੁਰਾਨਾ

**ਮੁੰਬਈ/ਏ.ਟੀ.ਨਿਊਜ਼:** ਪੰਜਾਬੀ ਸਿੰਗਰ ਅਤੇ ਸਾਬਕਾ ਬਿੱਗ ਬੌਸ ਮੁਕਾਬਲੇਬਾਜ਼ ਹਿਮਾਂਸ਼ੀ ਖੁਰਾਨਾ ਨੇ ਇਕ ਨਵਾਂ ਰਿਕਾਰਡ ਬਣਾਇਆ ਹੈ, ਜਿਸ ਨੂੰ ਸੁਣ ਕੇ ਉਨਾਂ ਦੇ ਪ੍ਰਸੰਸਕ ਕਾਫ਼ੀ ਖ਼ੁਸ਼ ਹਨ। ਹਿਮਾਂਸ਼ੀ ਨਿਊਯਾਰਕ ਸਿਟੀ ਦੇ ਆਈਕੋਨਿਕ ਟਾਈਮਜ਼ ਸਕਵਾਇਰ ਦੇ ਬਿਲਬੋਰਡ ’ਤੇ ਦਿਖਣ ਵਾਲੀ ਪਹਿਲੀ ਪੰਜਾਬਣ ਸੈਲੀਬ੍ਰਿਟੀ ਬਣ ਗਈ ਹੈ।




ਦਰਅਸਲ ਹਿਮਾਂਸ਼ੀ ਦਾ ਨਵਾਂ ਪੰਜਾਬੀ ਗਾਣਾ ‘ਸੂਰਮਾ ਬੋਲੇ’ ਰਿਲੀਜ਼ ਹੋ ਗਿਆ ਹੈ। ਇਹ ਗਾਣਾ ਬਰੈਂਡ ਬੀ ਨਾਮ ਦੇ ਯੂ-ਟਿਊਬ ਚੈਨਲ ’ਤੇ ਰਿਲੀਜ਼ ਹੋਇਆ ਹੈ। ਗਾਣਾ ਗਾਉਣ ਦੇ ਨਾਲ ਹੀ ਹਿਮਾਂਸ਼ੀ ਨੇ ਇਸ ’ਤੇ ਪੇਸ਼ਕਾਰੀ ਵੀ ਦਿੱਤੀ ਹੈ। ਇਸ ਗਾਣੇ ਨੂੰ ਨਿਊਯਾਰਕ ਦੇ ਟਾਈਮਜ਼ ਸਕਵਾਇਰ ਦੇ ਬਿੱਲ ਬੋਰਡ ਵਿਚ ਜਗਾ ਮਿਲ ਗਈ ਹੈ ਅਤੇ ਇਸ ਦੇ ਨਾਲ ਹੀ ਹਿਮਾਂਸ਼ੀ ਅਜਿਹਾ ਕਰਨ ਵਾਲੀ ਪਹਿਲੀ ਪੰਜਾਬਣ ਬਣ ਗਈ ਹੈ।

**ਹਿਮਾਂਸ਼ੀ ਦੇ ਇਸ ਮੁਕਾਮ ’ਤੇ ਪਹੁੰਚਣ ’ਤੇ ਉਨਾਂ ਦੇ ਪ੍ਰਸੰਸਕ ਬੇਹੱਦ ਖ਼ੁਸ਼ ਹਨ**

ਦੱਸ ਦੇਈਏ ਕਿ ਹਿਮਾਂਸ਼ੀ ਪੰਜਾਬੀ ਇੰਡਸਟਰੀ ਦਾ ਮਸ਼ਹੂਰ ਚਿਹਰਾ ਹੈ। ਹਾਲਾਂਕਿ ਉਹ ਉਸ ਸਮੇਂ ਜ਼ਿਆਦਾ ਲਾਈਮ ਲਾਈਟ ਵਿਚ ਆ ਗਈ, ਜਦੋਂ ਉਹ ਬਿਗ ਬੌਸ ਦੇ 13ਵੇਂ ਸੀਜ਼ਨ ਵਿਚ ਮੁਕਾਬਲੇਬਾਜ਼ ਬਣ ਕੇ ਪਹੁੰਚੀ। ਇੱਥੇ ਆਸਿਮ ਰਿਆਜ ਨਾਲ ਉਨਾਂ ਦੀ ਕੈਮਿਸਟਰੀ ਨੂੰ ਕਾਫ਼ੀ ਪਸੰਦ ਕੀਤਾ ਗਿਆ ਹੈ।

# ਦਿੱਲੀ ਵੱਲ ਵਹੀਰਾਂ ਘੱਤਣ ਲਈ ਪੰਜਾਬ ਦੇ ਜੰਮਿਆਂ ਨੂੰ ਲਲਕਾਰ ਹੈ ਪੰਮਾ ਲਸਾੜੀਆ ਦਾ ਗੀਤ ‘ਨਾਜਰਾ’

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਗਾਇਕ ਪੰਮਾ ਲਸਾੜੀਆ ਬਰਤਾਨੀਆ ਵਿੱਚ ਮਹਿਜ਼ ਗਾਇਕ ਹੀ ਨਹੀਂ ਬਲਕਿ ਬਤੌਰ ਰੇਡੀਓ ਪੇਸ਼ਕਾਰ ਵੀ ਸੇਵਾਵਾਂ ਨਿਭਾਉਂਦਾ ਆ ਰਿਹਾ ਹੈ। ਲੰਮਾ ਸਮਾਂ ਇਟਲੀ ਨੂੰ ਕਰਮਭੂਮੀ ਬਣਾਉਣ ਉਪਰੰਤ ਪੰਮਾ ਲਸਾੜੀਆ ਨੇ ਬਰਤਾਨੀਆ ਆਣ ਬਸੇਰਾ ਕੀਤਾ। ਇੱਥੇ ਆ ਕੇ ਵੀ ਉਸਨੇ ਆਪਣੇ ਅੰਦਰਲੇ ਗਾਇਕ ਨੂੰ ਜੀਵਤ ਰੱਖਿਆ ਹੋਇਆ ਹੈ। ਦਿੱਲੀ ਕਿਸਾਨ ਅੰਦੋਲਨ ਵਿੱਚ ਯੋਗਦਾਨ ਵਜੋਂ ਉਹ ਆਪਣੇ ਗੀਤ ‘ਨਾਜਰਾ’ ਨਾਲ ਹਾਜ਼ਰੀ ਭਰਨ ਬਹੁੜਿਆ ਹੈ। ਇਸ ਗੀਤ ਨੂੰ ਸ੍ਰੋਤਿਆਂ, ਦਰਸ਼ਕਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ ਹੈ ‘ਜੀਵਨ ਰਿਕਾਰਡਜ ਯੂ.ਕੇ.’ ਨੇ ਤੇ ਇਸ ਗੀਤ ਨੂੰ ਸ਼ਬਦਾਂ ਦੀ ਗਾਨੀ ’ਚ ਪ੍ਰੋਇਆ ਹੈ ਰਣਜੀਤ ਸਿੰਘ ਮਠਾੜੂ ਨੇ। ਇੰਦ ਜੱਸੀ ਵੱਲੋਂ ਸੰਗੀਤਕ ਧੁਨਾਂ ਤਿਆਰ ਕੀਤੀਆਂ ਗਈਆਂ ਹਨ ਤੇ ਵੀਡੀਓ ਫ਼ਿਲਮਾਂਕਣ ਐੱਚ ਐੱਸ ਬਿੱਲਾ ਦਾ ਹੈ। ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਪੰਮਾ ਲਸਾੜੀਆ ਨੇ ਕਿਹਾ ਕਿ ਕਿਸਾਨ ਅੰਦੋਲਨ ਹਰ ਉਸ ਸ਼ਖ਼ਸ ਦਾ ਸਾਥ ਲੋੜਦਾ ਹੈ, ਜੋ ਅੰਨ ਖਾ ਕੇ ਜੀਅ ਰਿਹਾ ਹੈ। ਮੈਂ ਗਾਇਕ ਬਾਅਦ ਵਿੱਚ ਹਾਂ, ਪੰਜਾਬ ਦੀ ਧਰਤੀ ਦਾ ਪੁੱਤਰ ਪਹਿਲਾਂ ਹਾਂ। ‘ਨਾਜਰਾ’ ਗੀਤ ਪੰਜਾਬ ਦੇ ਹਰ ਪੁੱਤਰ-ਧੀ ਨੂੰ ਦਿੱਲੀ ਵੱਲ ਕੂਚ ਕਰਨ ਦਾ ਸੁਨੇਹਾ ਹੈ, ਹੋਕਾ ਹੈ।

# ਮਿਆਂਮਾਰ ਵਿਚ ਕਿਉਂ ਹੋ ਰਹੇ ਹਨ ਪ੍ਰਦਰਸ਼ਨ ?

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਮਿਆਂਮਾਰ ਵਿੱਚ ਚਲ ਰਹੇ ਸੱਤਾ-ਧਿਰ ਵਿਰੋਧੀ ਅੰਦੋਲਨ ਦੌਰਾਨ ਗੋਲੀ ਲੱਗਣ ਕਾਰਨ ਅੱਜ ਵੀਹ ਸਾਲਾ ਕੁੜੀ ‘ਮਿਆ ਥੀ ਥੀ ਖੇਂਗ’ ਦੀ ਮੌਤ ਹੋ ਗਈ ਹੈ। ਜ਼ਿਕਰਯੋਗ ਹੈ ਕਿ ਪੁਲਿਸ ਵੱਲੋਂ ਅੰਦੋਲਨਕਾਰੀਆਂ ਤੇ ਲਾਠੀਚਾਰਜ, ਵਾਟਰ ਕੈਨਨ, ਪਲਾਸਟਿਕ ਦੀਆਂ ਗੋਲੀਆਂ ਤੇ ਸਿੱਧੀ ਗੋਲੀਬਾਰੀ ਦੀ ਵਰਤੋਂ ਕੀਤੀ ਗਈ। ਇਸੇ ਦੌਰਾਨ ਇੱਕ ਗੋਲੀ ਮਿਆ ਦੇ ਮੋਟਰਸਾਈਕਲ ਹੈਲਮਟ ਨੂੰ ਚੀਰਦੀ ਹੋਈ ਸਿਰ ਵਿੱਚ ਲੱਗੀ। ਵੈਂਟੀਲੇਟਰ ਤੇ ਜੇਰੇ ਇਲਾਜ ਰਹਿਣ ਤੋਂ ਬਾਅਦ ਨੌਜਵਾਨ ਲੜਕੀ ਦੀ ਮੌਤ ਹੋ ਗਈ। ਪ੍ਰਦਰਸ਼ਨਕਾਰੀਆਂ ਵੱਲੋਂ ਉਸ ਨੂੰ ਪਹਿਲੀ ਸ਼ਹੀਦ ਕਰਾਰ ਦਿੱਤਾ ਗਿਆ।

**ਕੀ ਹੈ ਪ੍ਰਦਰਸ਼ਨਾਂ ਦਾ ਕਾਰਨ ?**

ਇਤਿਹਾਸਕ ਕਾਰਨ- ਮਿਆਂਮਾਰ ਵਿੱਚ ਹਿੰਸਾ ਤੇ ਰਾਜਸੀ ਗੜਬੜੀ ਕੋਈ ਨਵੀਂ ਗੱਲ ਨਹੀਂ ਹੈ। ਜ਼ਿਕਰਯੋਗ ਹੈ ਕਿ ਮਿਆਂਮਾਰ (ਬਰਮਾ), 1948 ਵਿੱਚ ਬ੍ਰਿਟਿਸ ਹਕੂਮਤ ਤੋਂ ਅਜਾਦ ਹੋਇਆ, ਪਰ ਫਿਰ 1962 ਤੋਂ 2011 ਤੱਕ ਹਥਿਆਰਬੰਦ ਸੈਨਿਕ ਦਲਾਂ ਦਾ ਰਾਜ ਰਿਹਾ, ਜਿਸ ਵਿੱਚ ‘ਤਤਮਾਦਾ’ ਮੁੱਖ ਨਾਮ ਹੈ।

‘ਨੈਸ਼ਨਲ ਲੀਗ ਫਾਰ ਡੈਮੋਕ੍ਰੇਸੀ’ ਦੀ ਨੇਤਾ ‘ਅੰਗ ਸਾਨ ਸੂ ਕਾਈ’ ਨੇ ਲੋਕਤੰਤਰ ਦੀ ਸਥਾਪਨਾ ਲਈ ਸੰਘਰਸ਼ ਸ਼ੁਰੂ ਕੀਤਾ ਸੀ, ਜਿਸ ਕਰਕੇ ਉਹ 1989 ਤੋਂ 2010 ਦੇ ਵਕਫੇ ਦੌਰਾਨ ਤਕਰੀਬਨ ਪੰਦਰਾਂ ਸਾਲ ਨਜ਼ਰਬੰਦ ਰਹੀ। ਇਸੇ ਦੌਰਾਨ ਉਸ ਨੂੰ ‘ਨੋਬਲ ਪੁਰਸਕਾਰ’ ਨਾਲ ਸਨਮਾਨਿਆ ਗਿਆ। ਅਖੀਰ 2011 ਵਿੱਚ ਫੌਜੀ ਰਾਜ ਖਤਮ ਹੋਇਆ ਤੇ 2015 ਵਿੱਚ ਪਹਿਲੀ ਵਾਰ ਆਪਣੀ ਪਾਰਟੀ ਨਾਲ ਸੂ ਕਾਈ ਨੇ ਚੋਣਾਂ ਜਿੱਤੀਆਂ।

ਮੌਜੂਦਾ ਸਥਿਤੀ-ਚੋਣਾਂ ਵਿੱਚ ਇਸ ਸਾਲ ਇੱਕ ਵਾਰ ਫਿਰ ‘ਨੈਸ਼ਨਲ ਲੀਗ ਫਾਰ ਡੈਮੋਕ੍ਰੇਸੀ’ ਨੇ ਧਮਾਕੇਦਾਰ ਜਿੱਤ ਦਰਜ ਕੀਤੀ। ਸੈਨਾ ਗੁੱਟ ਤਤਮਾਦਾ ਨੂੰ ਵਿਰੋਧੀ ਧਿਰ ’ਚ ਬੈਠਣਾ ਮਨਜੂਰ ਨਾ ਹੋਇਆ ਤਾਂ ਉਹਨਾਂ ਨੇ ਇੱਕ ਫਰਵਰੀ ਨੂੰ ਚੋਣਾਂ ਵਿੱਚ ਧੋਖਾ-ਧੜੀ ਦਾ ਇਲਜਾਮ ਲਾ ਕੇ ਸਮੁੱਚਾ ਰਾਜ-ਪ੍ਰਬੰਧ ਆਪਣੇ ਹੱਥ ਲੈ ਲਿਆ। ਸੂ ਕਾਈ ਸਮੇਤ ਉਨਾਂ ਦੀ ਪਾਰਟੀ ਦੇ ਸਭ ਮਹੱਤਵਪੂਰਨ ਆਗੂਆਂ ਨੂੰ ਹਿਰਾਸਤ ’ਚ ਲੈ ਲਿਆ ਗਿਆ। ਸਿੱਟੇ ਵਜੋਂ ਲੋਕਾਂ ਦਾ ਗੁੱਸਾ ਤਾਨਾਸ਼ਾਹੀ ਖਿਲਾਫ ਭੜਕ ਕੇ ਅੰਦੋਲਨ ਦਾ ਰੂਪ ਲੈ ਗਿਆ।

ਤਤਮਾਦਾ ਦਾ ਕਮਾਂਡਰ ਇਨ ਚੀਫ ‘ਮਿਨ ਅੰਗ ਹਲਾਯਿੰਗ’ ਇਸ ਸਮੇਂ ਰਾਜ ਦੇ ਕਾਰਜਕਾਰੀ ਮੁਖੀ ਦੀ ਭੂਮਿਕਾ ਵਿਚ ਹੈ। ਉਸਨੇ ਸਫਾਈ ਦਿੰਦਿਆਂ ਬੋਲਿਆ ਹੈ ਕਿ ਇਹ ਸਭ ਲੋਕਾਂ ਲਈ ਹੀ ਕੀਤਾ ਜਾ ਰਿਹਾ। ਸੂ ਕਾਈ ਦੀ ਗ੍ਰਿਫਤਾਰੀ ਨਜ਼ਾਇਜ ਵਾਕੀ-ਟਾਕੀ ਸੈੱਟ ਆਯਾਤ ਕਰਨ ਅਤੇ ਕੋਲ ਰੱਖਣ ਦੇ ਦੋਸ਼ਾਂ ਹੇਠ ਕੀਤੀ ਗਈ ਹੈ। ਜਿਵੇਂ ਹੀ ਐਮਰਜੈਂਸੀ ਦੀ ਸਥਿਤੀ ਖਤਮ ਹੁੰਦੀ ਹੈ, ਇੱਕ ‘ਅਨੁਸਾਸ਼ਿਤ ਅਤੇ ਸੱਚਾ ਲੋਕਤੰਤਰ’ ਸਥਾਪਤ ਕੀਤਾ ਜਾਵੇਗਾ।

Buying or Selling home in Sacramento??
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।
MOBILE 916-513-8094




*Put my knowledge, Service, experience and professionalism to work for you.*

Buying or selling home in Sacramento?

Call 916-513-8094 for free consultation (PUNJABI/ENGLISH/HINDI)

ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE. 916-513-8094. OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
9355 E. Stockton Blvd. suite 170, Elk Grove, CA 95864



VISHAL KAPOOR
Realtor®
DRE#02087894

# ਬੁੱਢਿਆਂ ਨਾਲੋਂ ਜੁਆਕ ਚੰਗੇ ਜਿਹਨਾਂ ਨਿਸਾਨ ਸਾਹਿਬ ਤੋਂ ਪਾਸਾ ਨਹੀਂ ਵੱਟਿਆ - ਮਹਿਰਾਜ ਰੈਲੀ

## ਮਹਿਰਾਜ ਪਿੰਡ ਨੂੰ ਬਖਸ਼ਿਸ ਹੈ। ਇਸਨੂੰ ਛੇਵੇਂ ਗੁਰੂ ਹਰਿਗੋਬਿੰਦ ਜੀ ਨੇ ਵਸਾਇਆ (ਮੋੜ੍ਹੀ ਗੱਡੀ) ਸੀ

ਮਹਿਰਾਜ ਦੀ ਰੈਲੀ ਸਦੀਵੀ ਸਮੇ ਲਈ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਅੰਕਤ ਹੋ ਗਈ । ਇਹ ਗੱਲ ਆਮ ਹੀ ਆਖੀ ਜਾਂਦੀ ਹੈ ਕਿ ਜਿੱਥੇ ਗੁਰੂ ਦੀ ਬਖਸ਼ਿਸ਼ ਹੋ ਜਾਵੇ ਉੱਥੇ ਰਹਿਮਤਾਂ ਦੀ ਬੁਛਾੜ ਕਦੋਂ ਅਤੇ ਕਿਵੇਂ ਵਰਸ ਜਾਵੇ ਇਹ ਆਉਣ ਵਾਲਾ ਸਮਾਂ ਹੀ ਦੱਸਦਾ ਹੈ । ਮਹਿਰਾਜ ਪਿੰਡ ਜਿਸ ਨੂੰ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਵਸਾਇਆ (ਮੋੜ੍ਹੀ ਗੱਡੀ) ਸੀ ਇਸ ਨੂੰ ਵੀ ਗੁਰੂ ਦੀ ਬਖਸ਼ਿਸ਼ ਪ੍ਰਾਪਤ ਹੋਈ ਕੀ ਇਸ ਸਥਾਨ ਤੇ ਇਕ ਹੋਰ ਜੁਝਾਰੂ ਇਤਿਹਾਸ ਸਿਰਜਿਆ ਗਿਆ ਜਿਸ ਦਾ ਸਿਹਰਾ ਲੱਖਾ ਸਿਧਾਣਾ ਨੂੰ ਜਾਂਦਾ ਹੈ ।ਦਿੱਲੀ ਪੁਲੀਸ ਨੇ ਲੱਖਾ ਸਿਧਾਣਾ ਉਤੇ ਇਕ ਲੱਖ ਰੁਪਏ ਦਾ ਇਨਾਮ ਰੱਖਿਆ ਹੈ ਜੋ ਉਸ ਦਾ ਪਤਾ ਦੇਵੇਗਾ ,ਪਰ ਇਹ ਸੂਰਮਾ ਸ਼ਰ੍ਹੇਆਮ ਮਹਿਰਾਜ ਦੀ ਰੈਲੀ ਵਿਚ ਆਪਣੇ ਨੌਜਵਾਨ ਭਰਾਵਾਂ ਅਤੇ ਬਜੁਰਗਾਂ ਨੂੰ ਸੰਬੋਧਿਤ ਕਰ ਕੇ ਗਿਆ ,ਜਿਸ ਵਿੱਚ ਉਸ ਨੇ ਸਪਸ਼ਟ ਤੌਰ ਤੇ ਕਿਹਾ ਕਿ ਇਨ੍ਹਾਂ ਕਾਲੇ ਬਿੱਲਾਂ ਨੂੰ ਰੱਦ ਕਰਵਾਏ ਬਿਨਾਂ ਅੰਦੋਲਨ ਖਤਮ ਨਹੀਂ ਕੀਤਾ ਜਾਵੇਗਾ ਇਸ ਦੇ ਨਾਲ ਹੀ ਲੱਖਾ ਸਿਧਾਣਾ ਨੇ ਆਪਣੇ ਆਖਿਆ ਕਿ ਬੇਸ਼ੱਕ ਕਿਸਾਨੀ ਆਗੂਆਂ ਨੇ ਸਾਡੇ ਵੱਲੋਂ ਮੁੱਖ ਮੋੜ ਲਿਆ ਹੈ ਪਰ ਜੇਕਰ ਸਰਕਾਰ ਇਨ੍ਹਾਂ ਕਿਸਾਨੀ ਆਗੂਆਂ ਤੇ ਕਿਸੇ ਤਰ੍ਹਾਂ ਦਾ ਤਸ਼ੱਦਦ ਜਾਂ ਅੱਤਿਆਚਾਰ ਕਰਦੀ ਹੈ ਤਾਂ ਉਹ ਇਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨਗੇ । ਲੱਖਾ ਸਿਧਾਣਾ ਦੇ ਅਜਿਹੇ ਬੋਲ ਕਿਸਾਨੀ ਅੰਦੋਲਨ ਵਿਚ ਪਏ ਦੋ ਪਾੜ ਨੂੰ ਇਕ ਕਰਨ ਲਈ ਅਹਿਮ ਭੂਮਿਕਾ ਨਿਭਾ ਰਹੇ ਹਨ ।

ਇਸ ਰੈਲੀ ਦਾ ਇਕੱਠ ਮਹਾਂ ਪੰਚਾਇਤਾਂ ਵਿਚ ਹੋਣ ਵਾਲੇ ਇਕੱਠ ਤੋਂ ਕਿਤੇ ਵਧੇਰੇ ਸੀ, ਕਿਉਂਕਿ ਇਸ ਵਿੱਚ ਬਜੁਰਗਾਂ ਤੋਂ ਇਲਾਵਾ ਨੌਜਵਾਨਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ ਇਸ ਦੇ ਨਾਲ ਹੀ ਦਲਿਤ ਭਾਈਚਾਰੇ ਦੇ ਲੋਕ ਇਸ ਵਿੱਚ ਹੁੰਮ ਹੁਮਾ ਕੇ ਪੁੱਜੇ ਸਨ । ਇਸ ਰੈਲੀ ਵਿਚ ਨੌਜਵਾਨਾਂ ਦਾ ਇਕ ਅਜਿਹਾ ਸੈਲਾਬ ਆਇਆ ਸੀ ਜਿਸ ਨੇ ਸਪੱਸ਼ਟ ਤੌਰ ਤੇ ਇਹ ਕਹਿ ਦਿੱਤਾ ਕਿ ਨੌਜਵਾਨ ਪੀੜ੍ਹੀ ਦੀਪ ਸਿੱਧੂ ਅਤੇ ਲੱਖਾ ਸਿਧਾਣਾ ਦੇ ਨਾਲ ਹਨ। ਇਤਿਹਾਸ ਦੇ ਨਜ਼ਰੀਏ ਤੋਂ ਜੇਕਰ ਅਸੀਂ ਅੱਜ ਦੇ ਦੌਰ ਦੀ ਗੱਲ ਕਰੀਏ ਤਾਂ ਸਾਡੇ ਸਾਹਮਣੇ ਉਹ ਦੋ ਹੀ ਚਿਹਰੇ ਸਾਫ ਤੌਰ ਤੇ ਨਜ਼ਰ ਆ ਜਾਂਦੇ ਹਨ ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਭ ਤੋਂ ਵੱਡੀ ਭੂਮਿਕਾ ਨਿਭਾਈ ਸੀ ਉਹ ਸੀ ਭਗਤ ਸਿੰਘ ਅਤੇ ਬਾਪੂ ਗਾਂਧੀ, ਪਰ ਇਤਿਹਾਸ ਦੀ ਤਰ੍ਹਾਂ ਹੀ ਅੱਜ ਵੀ ਨੌਜਵਾਨੀ ਪੀੜ੍ਹੀ ਖੁੱਲ੍ਹ ਕੇ ਲੱਖਾ ਸਿਧਾਣਾ ਅਤੇ ਦੀਪ ਸਿੱਧੂ ਦੀ ਹਮਾਇਤ ਕਰ ਰਹੇ ਹਨ ਇਸ ਦੇ ਨਾਲ ਹੀ ਜੇਲ੍ਹਾਂ ਵਿਚ ਬੰਦ ਆਪਣੇ ਨੌਜਵਾਨ ਭਰਾਵਾਂ ਨੂੰ ਰਿਹਾਅ ਕਰਵਾਉਣ ਲਈ ਪੰਜਾਬ ਸਰਕਾਰ ਨੂੰ ਸਿੱਧੇ ਸ਼ਬਦਾਂ ਵਿੱਚ ਆਖ ਦਿੱਤਾ ਹੈ ਕਿ ਜੇਕਰ ਦਿੱਲੀ ਪੁਲੀਸ ਕੋਈ ਵੀ ਅਜਿਹਾ ਕੰਮ ਕਰਦੀ ਹੈ ਜਿਸ ਨਾਲ ਸਾਡੀ ਨੌਜਵਾਨੀ ਪੀੜ੍ਹੀ ਨੂੰ ਖਤਰਾ ਮਹਿਸੂਸ ਹੁੰਦਾ ਹੈ ਤਾਂ ਇਹ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੈ ਕਿ ਉਹ ਆਪਣੀ ਇਸ ਨੌਜਵਾਨੀ ਪੀੜ੍ਹੀ ਨੂੰ ਕਿਵੇਂ ਬਚਾਵੇ ।

ਬੇਸ਼ੱਕ ਅਜਿਹੀ ਸਥਿਤੀ ਨੂੰ ਲੈ ਕੇ ਪੰਜਾਬ ਵਿੱਚ ਸਿਆਸਤ ਲਗਾਤਾਰ ਆਪਣਾ ਨਵਾਂ ਰੂਪ ਧਾਰਨ ਕਰ ਰਹੀ ਹੈ ਪਰ ਇਹ ਸਪੱਸ਼ਟ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਨੌਜਵਾਨ ਦੀ ਸ਼ਕਤੀ ਲੱਖਾ ਸਿਧਾਣਾ ਅਤੇ ਦੀਪ ਸਿੱਧੂ ਦਾ ਪੱਖ ਪੂਰਦੀ ਹੈ











## ਅੱਖੀਂ ਵੇਖਿਆ ਨਨਕਾਣਾ ਸਾਕਾ

ਉੱਥੇ ਜੱਥੇਦਾਰ ਕਰਤਾਰ ਸਿੰਘ ਝੱਬਰ, ਜਿਨਾਂ ਨੇ ਚਾਬੀਆਂ ਪ੍ਰਾਪਤ ਕੀਤੀਆਂ ਸੀ, ਨੇ ਕਿਹਾ, "ਇਸ ਘਟਨਾ ਨੇ ਸਿੱਖਾਂ ਨੂੰ ਨੀਂਦਰ ਵਿੱਚੋਂ ਜਗਾ ਦਿੱਤਾ ਹੈ। ਹੁਣ ਸਵਰਾਜ ਵੱਲ ਤੁਰਨ ਲਈ ਸਿੱਖਾਂ ਨੂੰ ਤਿਆਰ ਹੋ ਜਾਣਾ ਚਾਹੀਦਾ ਹੈ। ਇਤਿਹਾਸ ਦੁਹਰਾਉਂਦਾ ਜ਼ਰੂਰ ਹੈ। ਪਹਿਲਾਂ ਵੀ ਸਿੰਘਾਂ ਦਾ ਕਤਲੇਆਮ ਹੋਇਆ ਸੀ। ਜੇ ਅੱਗੋਂ ਹੋਰ ਹੋਣ ਤੋਂ ਰੋਕਣਾ ਹੈ ਤਾਂ ਤਿਆਰ-ਬਰ-ਤਿਆਰ ਰਹਿਣਾ ਪੈਣਾ ਹੈ। ਹਰ ਸਦੀ ਬਲੀ ਨਹੀਂ ਦੇਣੀ। ਇਸੇ ਲਈ ਢਿੱਲੇ ਨਹੀਂ ਪੈਣਾ। ਜੇ ਢਿੱਲੇ ਪੈਂਦੇ ਰਹੇ ਤਾਂ ਹੱਕ ਹਮੇਸ਼ਾ ਖੋਹੇ ਜਾਂਦੇ ਰਹਿਣਗੇ ਤੇ ਕੌਮ ਗ਼ੁਲਾਮ ਬਣਾ ਲਈ ਜਾਏਗੀ।'

21. ਮੌਲਾਨਾ ਸ਼ੌਕਤ ਅਲੀ ਨੇ ਵੀ ਦੀਵਾਨ ਵਿਚ ਕਿਹਾ, 'ਇਸ ਸਰਕਾਰ ਤੋਂ ਇਨਸਾਫ਼ ਦੀ ਆਸ ਰੱਖਣੀ ਫਿਜ਼ੂਲ ਹੈ। ਲੱਖ ਲਾਅਣਤ ਉਨਾਂ ਪਠਾਣਾਂ ਦੇ, ਜਿਨਾਂ ਨੇ ਮਹੰਤ ਦਾ ਸਾਥ ਦਿੱਤਾ।'

22. ਮਹਾਤਮਾ ਗਾਂਧੀ ਵੀ ਇਸ ਦੀਵਾਨ ਵਿਚ ਬੋਲੇ, "ਨਨਕਾਣੇ ਦੀ ਖ਼ਬਰ ਨੇ ਚਕਰਾ ਦਿੱਤਾ ਹੈ। ਜੇ ਆਪ ਨਾ ਆਉਂਦਾ ਤਾਂ ਕਦੇ ਵੀ ਵਿਸ਼ਵਾਸ ਨਾ ਕਰਦਾ ਕਿ ਏਨਾ ਜ਼ੁਲਮ ਵੀ ਹੋ ਸਕਦਾ ਹੈ। ਸਿੱਖਾਂ ਦਾ ਸ਼ਾਂਤਮਈ ਢੰਗ ਨਾਲ ਸਭ ਕੁੱਝ ਜਰਨਾ 'ਰਾਸ਼ਟਰੀ ਬਹਾਦਰੀ ਦਾ ਅਮਲ' ਮੰਨਿਆ ਜਾਣਾ ਚਾਹੀਦਾ ਹੈ। ਸਰਕਾਰੀ ਅਧਿਕਾਰੀਆਂ ਦੀ ਸ਼ੈਅ ਉੱਤੇ ਹੋਏ ਇਨਾਂ ਕਤਲਾਂ ਲਈ ਮੈਂ ਇਸ ਰਾਜ ਨੂੰ ਸ਼ੈਤਾਨ ਦੀ ਸਲਤਨਤ ਮੰਨਦਾ ਹਾਂ। ਇਹ ਡਾਇਰਵਾਦ ਦਾ ਦੂਜਾ ਰੂਪ ਹੈ ਪਰ ਜਲਿਆਂਵਾਲਾ ਬਾਗ਼ ਦੇ ਕਤਲਾਂ ਨਾਲੋਂ ਕਿਤੇ ਵੱਧ ਕਰੂਰ ਤੇ ਜਾਬਰਾਨਾ!'

23. ਮਿਸਟਰ ਕਿੰਗ ਦੀ ਰਿਪੋਰਟ ਨੇ ਸਪਸ਼ਟ ਕੀਤਾ ਕਿ ਮਹੰਤ ਬਾਰੇ ਸਭ ਕੁੱਝ ਪਹਿਲਾਂ ਤੋਂ ਹੀ ਸਰਕਾਰ ਨੂੰ ਪਤਾ ਸੀ। ਇਹ ਸਰਕਾਰੀ ਪੱਧਰ ਉੱਤੇ ਗ਼ਲਤ ਖ਼ਬਰ ਫੈਲਾਈ ਗਈ ਸੀ ਕਿ ਅਕਾਲੀ ਨਨਕਾਣਾ ਸਾਹਿਬ ਉੱਤੇ ਹਮਲਾ ਕਰਨ ਆ ਰਹੇ ਸਨ।

24. ਇਕ ਸਰਕਾਰੀ ਅਖ਼ਬਾਰ ਨੇ ਨਵੰਬਰ 1920 ਵਿਚ ਲੇਖ ਲਿਖਿਆ, ਜਿਸ ਵਿਚ ਰਿਪੋਰਟ ਛਾਪੀ-ਸਲਾਨਾ ਮੇਲੇ ਦੇ ਮੌਕੇ ਨਨਕਾਣੇ ਦੇ ਗੁਰਦੁਆਰੇ ਉੱਤੇ 'ਅਤਿਵਾਦੀਆਂ' ਵੱਲੋਂ ਵੱਡੇ ਧਾਵੇ ਵਾਸਤੇ ਜੋ ਰਾਹ ਅਪਣਾਇਆ ਗਿਆ ਸੀ, ਉਸ ਤੋਂ ਬਚਾਓ ਵਾਸਤੇ ਥੋੜੀ ਬਹੁਤ ਮਹੰਤਾਂ ਨੇ ਤਿਆਰੀ ਕੀਤੀ ਸੀ ਜਿਸ ਸਦਕਾ ਵੱਡਾ ਹਾਦਸਾ ਹੋਣ ਤੋਂ ਬਚਾਓ ਹੋ ਗਿਆ ਤੇ ਸਭ ਅਮਨ ਅਮਾਨ ਨਾਲ ਲੰਘ ਗਿਆ।

25. ਬਾਅਦ ਵਿਚ ਲੱਭੇ ਪੁਲਿਸ ਮਹਿਕਮੇ ਦੇ ਕਾਗਜ਼ਾਂ ਵਿਚ ਦਰਜ ਕੀਤਾ ਮਿਲਿਆ ਕਿ ਮਹੰਤ ਮੰਨਿਆ ਸੀ, ਉਸ ਨੇ ਸਭ ਸਰਕਾਰੀ ਸ਼ੈਅ ਉੱਤੇ ਕੀਤਾ ਸੀ।

26. ਗਵਾਹਾਂ ਦੇ ਦਰਜ ਬਿਆਨਾਂ ਅਨੁਸਾਰ ਸਰਕਾਰ ਨੇ ਇਸ ਮਾਮਲੇ ਵਿਚ ਦੋਗਲੀ ਨੀਤੀ ਖੇਡੀ ਸੀ ਕਿਉਂਕਿ ਅਧਿਕਾਰੀ ਸਿੱਖਾਂ ਦੀ ਪ੍ਰਫੁਲਿਤ ਹੋ ਰਹੀ ਅਕਾਲੀ ਲਹਿਰ ਨੂੰ ਮਹੰਤਾਂ ਰਾਹੀਂ ਕੁਚਲਣਾ ਚਾਹੁੰਦੇ ਸਨ ਤੇ ਦੂਜੇ ਪਾਸੇ ਸਿੱਖਾਂ ਦੀਆਂ ਨਜ਼ਰਾਂ ਵਿਚ ਵੀ ਉੱਚੇ ਸੁੱਚੇ ਬਣੇ ਰਹਿਣਾ ਚਾਹੁੰਦੇ ਸਨ।

27. ਬਾਬਾ ਕਰਤਾਰ ਸਿੰਘ ਬੇਦੀ ਸਪੁੱਤਰ ਬਾਬਾ ਸਰ ਖੇਮ ਸਿੰਘ ਬੇਦੀ ਮਿੰਟਗੁਮਰੀ ਦਾ ਵੱਡਾ ਜਾਗੀਰਦਾਰ ਮੰਨਿਆ ਜਾਂਦਾ ਸੀ ਤੇ ਦਰਜ ਇਤਿਹਾਸ ਅਨੁਸਾਰ ਮਹੰਤ ਨਰਾਇਣ ਦਾ ਗੂੜਾ ਮਿੱਤਰ ਤਾਂ ਹੈ ਹੀ ਸੀ, ਅੰਗਰੇਜ਼ ਅਫ਼ਸਰਾਂ ਵਿਚ ਵੀ ਬੜਾ ਰਸੂਖ਼ ਵਾਲਾ ਸੀ। ਉਹ ਮਹੰਤਾਂ ਦੀ ਹਰ ਮੀਟਿੰਗ ਵਿਚ ਸ਼ਾਮਲ ਹੁੰਦਾ ਰਿਹਾ ਸੀ। ਅਕਾਲੀਆਂ ਵੱਲੋਂ ਉਸਨੂੰ ਤਨਖ਼ਾਹੀਆ ਘੋਸ਼ਤ ਕੀਤਾ ਗਿਆ ਸੀ। ਬਦਲਦੇ ਆਸਾਰ ਵੇਖ ਸੰਨ 1923 ਦੇ ਅਖ਼ੀਰ ਵਿਚ ਬੇਦੀ ਤਨਖ਼ਾਹ ਬਖ਼ਸ਼ਵਾ ਕੇ ਅਕਾਲੀਆਂ ਤੇ ਸਿੱਖਾਂ ਦਾ ਉੱਘਾ ਧਾਰਮਿਕ ਆਗੂ ਹੋ ਨਿਬੜਿਆ। ਇਸ ਸੱਜਣ ਦੀ ਭੂਮਿਕਾ ਉੱਤੇ ਇਤਿਹਾਸਕਾਰਾਂ ਨੇ ਕਿੰਤੂ ਪ੍ਰੰਤੂ ਕੀਤਾ!

ਇਨਾਂ ਇਤਿਹਾਸਕ ਤੱਥਾਂ ਨੂੰ ਜਾਨਣ ਬਾਅਦ ਸਿਰਫ਼ ਅਗਲੇ ਸਵਾਲਾਂ ਵੱਲ ਗ਼ੌਰ ਕਰਨ ਦੀ ਲੋੜ ਹੈ :-

1. ਕੀ ਉਸ ਸਮੇਂ ਗੁਰਦੁਆਰਿਆਂ ਅੰਦਰ ਹੁੰਦੀਆਂ ਬੇਅਦਬੀਆਂ, ਬੇਈਮਾਨੀਆਂ ਅਤੇ ਲੋਕਾਂ ਵੱਲੋਂ ਸ਼ਰਧਾ ਨਾਲ ਟੇਕੇ ਪੈਸੇ ਦੀ ਦੁਰਵਰਤੋਂ ਰੋਕਣ ਲਈ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਜ ਸਹੀ ਰਾਹ ਤੁਰ ਰਹੀ ਹੈ? ਕੀ ਹੁਣ ਕੋਈ ਸਰਕਾਰੀ ਅਦਾਰਾ ਉਸ ਉੱਤੇ ਆਪਣੀ ਚੌਧਰ ਤਾਂ ਨਹੀਂ ਜਮਾ ਰਿਹਾ?

2. ਕੋਈ ਬੁੱਧੀਜੀਵੀ ਸਿੱਖ ਆਗੂ, ਕਮੇਟੀ ਜਾਂ ਜੱਥੇਬੰਦੀ ਅੱਜ ਪੰਥ ਲਈ ਫ਼ੈਸਲੇ ਲੈਣ ਯੋਗ ਹੈ ਜੋ ਅਗਵਾਈ ਕਰ ਕੇ ਨੌਜਵਾਨਾਂ ਨੂੰ ਸਹੀ ਰਾਹ ਵਿਖਾ ਸਕੇ?

3. ਕੀ ਅੱਜ ਸਿੱਖ ਨੌਜਵਾਨਾਂ ਨੂੰ ਰੋਲ ਮਾਡਲ ਲਈ ਗੈਂਗਸਟਰ ਤਾਂ ਨਹੀਂ ਦਿਸਣ ਲੱਗ ਪਏ?

4. ਕੀ ਹੁਣ ਸਿੱਖ ਨੌਜਵਾਨਾਂ ਦੀ ਜ਼ਿੰਦਗੀ ਵਿਚ ਭੜਕਾਹਟ ਤਾਂ ਨਹੀਂ ਆ ਗਈ? ਕੀ ਅਮੀਰੀ ਗ਼ਰੀਬੀ ਵਿਚ ਪਾੜ ਵੱਧ ਤਾਂ ਨਹੀਂ ਹੋ ਗਿਆ? ਕੀ ਇਖ਼ਲਾਕੀ ਗਿਰਾਵਟ ਤਾਂ ਨਹੀਂ ਦਿਸ ਰਹੀ?

5. ਕੀ ਬਹਾਦਰ ਕੌਮ ਦਾ ਮਾਣਮੱਤਾ ਇਤਿਹਾਸ ਹੌਲੀ-ਹੌਲੀ ਗ਼ਾਇਬ ਤਾਂ ਨਹੀਂ ਹੋਣਾ ਸ਼ੁਰੂ ਹੋ ਗਿਆ?

6. ਕੀ ਨਨਕਾਣਾ ਸਾਹਿਬ ਵਿਚ ਬਰਪਾਏ ਕਹਿਰ ਵਾਂਗ ਫਿਰ ਬੇਕਸੂਰ ਸਿੱਖਾਂ ਉੱਤੇ ਹੱਲੇ ਹੋਣੇ ਜਾਰੀ ਹਨ? ਕੀ ਗੱਡਿਆਂ ਵਿਚ ਸਿਰ ਭਰ ਦੇ ਲਿਜਾਉਣ ਤੋਂ ਗਲੇ ਦੁਆਲੇ ਬਲਦੇ ਟਾਇਰ ਪਾ ਕੇ ਸਾੜਨ ਤੱਕ ਦੇ ਸਫ਼ਰ ਵਿਚ ਕੁੱਝ ਫਰਕ ਪਿਆ ਦਿਸਦਾ ਹੈ?

7. ਕੀ ਅੱਜ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤਾਂ ਨਹੀਂ ਕੀਤੀ ਜਾ ਰਹੀ?

8. ਕੀ ਅੱਜ ਸਰਹੱਦ ਉੱਤੇ ਸ਼ਹੀਦ ਹੋਣ ਵੇਲੇ ਉਚਾਰੇ ਬੋਲੇ ਸੋ ਨਿਹਾਲ ਤੇ ਗੁਰਦੁਆਰੇ ਵਿਚ ਉਹੀ ਉਚਾਰਨ ਵਿਚ ਫਰਕ ਮੰਨਦਿਆਂ ਕਿਸੇ ਸਿੱਖ ਨੂੰ ਅਤਿਵਾਦੀ ਤਾਂ ਨਹੀਂ ਕਿਹਾ ਜਾ ਰਿਹਾ?

9. ਕੀ ਹੁਣ ਸਰਕਾਰੀ ਏਜੰਸੀਆਂ ਫਿਰਕੂਪੁਣੇ ਦਾ ਰਾਗ ਤਾਂ ਨਹੀਂ ਅਲਾਪ ਰਹੀਆਂ?

10. ਕੀ ਹੁਣ ਸਰਕਾਰੀ ਅਖ਼ਬਾਰਾਂ ਰਾਹੀਂ ਕੂੜ ਪ੍ਰਚਾਰ ਵਿਚ ਕਮੀ ਆਈ ਹੈ?

11. ਕੀ ਹੁਣ 'ਕਿਰਤ' ਤੋਂ ਪਰਾਂ ਕਰ ਕੇ ਹੌਲੀ-ਹੌਲੀ ਗੁਰੂਆਂ ਦੀ ਧਰਤੀ ਤੋਂ ਸਿੱਖ ਨੌਜਵਾਨਾਂ ਨੂੰ ਪਰਾਂ ਧੱਕ ਕੇ ਇਸ ਧਰਤੀ ਨੂੰ ਖੋਹਣ ਜਾਂ ਹੋਰ ਸੁੰਗੇੜਨ ਦਾ ਜਤਨ ਤਾਂ ਨਹੀਂ ਕੀਤਾ ਜਾ ਰਿਹਾ?

12. ਕੀ ਗੁਰੂ ਗ੍ਰੰਥ ਸਾਹਿਬ ਵਿਚਲੀ ਸੋਚ ਪਿਛਾਂਹ ਧੱਕ ਕੇ ਕਰਾਮਾਤਾਂ ਦੇ ਚੱਕਰਵਿਊ ਵਿਚ ਫਸਾ ਕੇ ਕਮਜ਼ੋਰ ਮਨ ਵਾਲੀ ਪੁਸ਼ਤ ਤਾਂ ਨਹੀਂ ਤਿਆਰ ਕੀਤੀ ਜਾ ਰਹੀ?

13. ਕੀ ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਅੱਗੋਂ ਸਿੱਖਾਂ ਦਾ ਘਾਣ ਨਹੀਂ ਹੋਵੇਗਾ? ਕੀ ਹਰ ਵਾਰ ਡੂੰਘੀ ਨੀਂਦਰ ਤੋਂ ਜਾਗਣ ਲਈ ਬਲੀਦਾਨ ਹੀ ਦੇਣਾ ਪਵੇਗਾ?

14. ਕੀ ਸਿੱਖਾਂ ਦੀ ਅਣਖ਼ ਮਾਰਨ ਦੇ ਜਤਨ ਤਾਂ ਨਹੀਂ ਕੀਤੇ ਜਾ ਰਹੇ?

15. ਇਤਿਹਾਸ ਵਿਚ ਦਰਜ ਹੈ ਕਿ ਸਿੱਖਾਂ ਉੱਤੇ ਹੋਏ ਹਰ ਅਣਮਨੁੱਖੀ ਤਸ਼ੱਦਦ ਬਾਅਦ ਇੱਕੋ ਗੱਲ ਉਭਰੀ-ਯੋਗ ਸਿੱਖ ਆਗੂ ਦੀ ਲੋੜ ਹੈ ਜੋ ਸਭ ਨੂੰ ਇਕੱਠਾ ਕਰ ਕੇ ਰਾਜਸੀ ਤਾਕਤ ਬਣਨ ਵੱਲ ਤੋਰੇ ਤਾਂ ਜੋ ਆਉਣ ਵਾਲੀਆਂ ਪੀੜੀਆਂ ਨੂੰ ਇਤਿਹਾਸਕ ਤੱਥਾਂ ਤੋਂ ਸੇਧ ਲੈ ਕੇ ਅੱਗੋਂ ਧੋਖਾ ਖਾਣ ਤੋਂ ਬਚਾਇਆ ਜਾ ਸਕੇ ਤੇ ਸਿੱਖ ਨਸਲਕੁਸ਼ੀ ਹੋਣੀ ਬੰਦ ਹੋਵੇ! ਕੀ ਇਸ ਪਾਸੇ ਕਦੇ ਧਿਆਨ ਦਿੱਤਾ ਗਿਆ?

ਆਖ਼ਰੀ ਸਵਾਲ ਇਹ ਹੈ ਕਿ ਆਖ਼ਰ ਕਿੰਨੀਆਂ ਹੋਰ ਬੇਦੋਸੀਆਂ ਪੁਸ਼ਤਾਂ ਕਹਿਰ ਦੇ ਵਾ-ਵਰੋਲੇ ਝੱਲਣਗੀਆਂ ਪਰ ਫਿਰ ਵੀ ਅਤਿਵਾਦੀ ਹੀ ਅਖਵਾਉਂਦੀਆਂ ਰਹਿਣਗੀਆਂ?

ਸਬਰ ਤੇ ਸੰਤੋਖ ਨਾਲ ਲਬਰੇਜ਼ ਸਿੱਖ ਅੱਜ ਵੀ ਦੁਨੀਆ ਦੇ ਹਰ ਭੁੱਖੇ ਤੇ ਲੋੜਵੰਦ ਨੂੰ ਰਜਾਉਣ ਵਿਚ ਰੁੱਝੇ ਹਨ ਤੇ ਹੁਣ ਵੀ ਹਕੂਮਤ ਵੱਲੋਂ ਰਾਹਾਂ ਵਿਚ ਕਿੱਲਾਂ ਦੇ ਸਾਹਮਣੇ ਫੁੱਲ ਉਗਾ ਕੇ ਆਪਣੇ ਲਹੂ ਨਾਲ ਸਿੰਜ ਕੇ ਪਿਆਰ ਜਤਾ ਰਹੇ ਹਨ ਪਰ ਸਰਕਾਰੀ ਏਜੰਸੀਆਂ ਤੇ ਅਖ਼ਬਾਰਾਂ ਵੱਲੋਂ ਬਾਗ਼ੀ ਹੀ ਐਲਾਨੇ ਜਾ ਰਹੇ ਹਨ!

ਆਖ਼ਰ ਕਿੰਨੀ ਦੇਰ ਹੋਰ ਡਾਇਰ, ਨਰਾਇਣੇ ਤੇ ਬਲਦੇ ਟਾਇਰ ਸਿੱਖਾਂ ਦੀ ਸਰਦਾਰੀ ਨੂੰ ਲਲਕਾਰਦੇ ਰਹਿਣਗੇ?

ਹਾਲੇ ਵੀ ਸਮਾਂ ਹੈ! ਯੋਗ ਅਗਵਾਈ ਵਾਲੀ ਸਿਆਸੀ ਤਾਕਤ ਬਣਨ ਵੱਲ ਧਿਆਨ ਕਰੀਏ, ਨਹੀਂ ਤਾਂ ਕੋਈ ਹੋਰ ਕਹਿਰੀ ਸਾਕਾ ਫਿਰ ਢਾਹ ਲਾਵੇਗਾ!

**ਕਿਉਂ ਤੇਗ਼ ਨੂੰ ਤੇਗ਼ ਵਿਖਾਉਂਦਾ ਏ ?**
**ਇਹ ਤੇਗ਼ ਨਹੀਂ ਤੇਗ਼ ਤੋਂ ਡਰਨ ਵਾਲਾ।**
**ਵਿੱਚੋਂ ਤੇਗ਼ ਦੇ ਖ਼ਾਲਸਾ ਹੋਊ ਪੈਦਾ**
**ਨਿਸ਼ਾਨ ਜ਼ੁਲਮ ਦਾ ਖ਼ਤਮ ਜੋ ਕਰਨ ਵਾਲਾ।**
**ਤੇਗ਼, ਤੇਗ਼ ਦੇ ਧਨੀ ਦਾ ਹੈ ਪੁੱਤਰ,**
**ਮੀਰੀ ਪੀਰੀ ਦੀ ਤੇਗ਼ ਜੋ ਫੜਨ ਵਾਲਾ।**
**ਪੰਜਵੇਂ ਪਾਤਸ਼ਾਹ ਖ਼ੂਨ ਨਾਲ ਸਿੰਜਿਆ ਜੋ,**
**ਸਿੱਖੀ ਬੂਟਾ ਨਹੀਂ ਤੇਗ਼ ਨਾਲ ਝੜਨ ਵਾਲਾ।**

## ਕਸ਼ਮੀਰ ਵਿੱਚ ਵੱਧਦੀ ਹਿੰਸਾ...

ਸਨੀਵਾਰ ਨੂੰ ਕਸ਼ਮੀਰ ਪੁਲਿਸ ਦੇ ਉੱਚ ਅਧਿਕਾਰੀ ਵਿਜੇ ਕੁਮਾਰ ਨੇ ਹੋਰ ਅਫਸਰਾਂ ਨਾਲ ਇੱਕ ਮੀਟਿੰਗ ਰੱਖੀ। ਆਪਣਾ ਰਸਮੀ ਬਿਆਨ ਜਾਰੀ ਕਰਦਿਆਂ ਪੁਲਿਸ ਨੇ ਕਿਹਾ ਕਿ ਸੁਰੱਖਿਆ ਪ੍ਰਬੰਧਾਂ ਨੂੰ ਦੂਹਰਾ ਕੀਤਾ ਜਾ ਰਿਹਾ ਹੈ ਅਤੇ "ਰਾਸਟਰ- ਵਿਰੋਧੀ ਤੱਤਾਂ ਦੀਆਂ ਸਰਗਰਮੀਆਂ ਤੇ ਨਜਰ" ਨੂੰ ਹੋਰ ਤੇਜ ਕੀਤਾ ਜਾਵੇਗਾ।

ਪੱਤਰਕਾਰਾਂ ਨਾਲ ਗੱਲ ਕਰਦਿਆਂ ਸ੍ਰੀ ਕੁਮਾਰ ਨੇ ਮੁੱਖ-ਧਾਰਾ ਦੇ ਆਗੂਆਂ ਵੱਲੋਂ 'ਨੌਜਵਾਨਾਂ ਨੂੰ ਭੜਕਾਉਣ' ਕਰਕੇ ਚਿਤਾਵਨੀ ਦਿੰਦਿਆਂ ਕਿਹਾ, "ਕੋਈ ਕਿੰਨਾ ਵੀ ਵੱਡਾ ਆਗੂ ਕਿਉਂ ਨਾ ਹੋਵੇ, ਅਸੀਂ ਫਾਈਲਾਂ ਤਿਆਰ ਕੀਤੀਆਂ ਨੇ, ਹਰ ਸਰਗਰਮੀ 'ਤੇ ਸਾਡੀ ਨਜਰ ਹੈ। ਜੇਕਰ ਕੋਈ ਵੀ ਵੱਖਵਾਦੀ ਨਾਹਰਾ ਜਾਂ ਗੱਲਬਾਤ ਸਾਹਮਣੇ ਆਉਂਦੀ ਹੈ ਤਾਂ ਐਕਟ ਮੜ੍ਹ ਦਿੱਤਾ ਜਾਵੇਗਾ।" ਇਹ ਉਹਨਾਂ ਦਾ ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਵੱਲ ਇਸਾਰਾ ਸੀ।

ਦਿਨੋਂ ਦਿਨ ਬਦਤਰ ਹੁੰਦੇ ਸੁਰੱਖਿਆ ਹਾਲਾਤ ਪਿਛਲੇ ਇੱਕ ਸਾਲ ਵਿੱਚ ਸ੍ਰੀਨਗਰ ਸਹਿਰ ਵਿੱਚ ਸੁਰੱਖਿਆ ਹਾਲਾਤ ਬਦਤਰ ਹੋ ਗਏ ਹਨ। ਖਓਸਹਮਰਿੰਸ਼ੀਠ ਅਨੁਸਾਰ, "ਜਨਵਰੀ 2020 ਤੋਂ ਲੈ ਕੇ ਫਰਵਰੀ 20 21 ਤੱਕ ਕਸਮੀਰ ਵਿੱਚ 10 ਹਥਿਆਰਬੰਦ ਝੜਪਾਂ ਅਤੇ 24 ਹਮਲੇ ਹੋ ਚੁੱਕੇ ਹਨ। ਇਸੇ ਸਮੇਂ ਦੌਰਾਨ ਨੌਂ ਸੈਨਿਕ ਅਤੇ ਚਾਰ ਆਮ ਨਾਗਰਿਕ ਮਾਰੇ ਜਾ ਚੁੱਕੇ ਹਨ ਅਤੇ ਨਾਲ ਹੀ ਸੱਤ ਨੌਜਵਾਨਾਂ ਨੂੰ ਰੰਗਰੂਟੀ ਲਈ ਮਿਲੀਟੈਂਟਾਂ ਵੱਲੋਂ ਚੁੱਕਿਆ ਗਿਆ।

ਹਾਲਾਂਕਿ ਮਾਹਿਰ ਇਸਨੂੰ ਕੋਈ 'ਲਹਿਰ' ਕਹਿਣ ਤੋਂ ਗੁਰੇਜ ਕਰ ਰਹੇ ਹਨ। ਉਹ ਇਹਨਾਂ ਘਟਨਾਵਾਂ ਨੂੰ ਮਿਲੀਟੈਂਸੀ ਦੇ ਘੱਟ ਜਾਣ ਦੇ ਰੁਝਾਨਾਂ ਵਿੱਚ ਹੀ ਨਿੱਕੀ ਉਥਲ-ਪੁਥਲ ਦੱਸ ਰਹੇ ਹਨ।

"ਇਹ ਇੱਕਾ-ਦੁੱਕਾ ਘਟਨਾਵਾਂ ਨੇ, ਸਮੁੱਚਾ ਰੁਝਾਨ ਦੇਖੀਏ ਤਾਂ ਮਿਲੀਟੈਂਟ ਸਰਗਰਮੀ ਲਗਾਤਾਰ ਘੱਟ ਰਹੀ ਹੈ" ਅੱਤਵਾਦ ਮਾਹਿਰ ਅਤੇ ਛੌਨਸਟਟ੍ਰਿਟਇ ਿਡ ਚੌਨਡਲਚਿਟ ਮਓਨਓਗਇਮਇਨਟ, ਨਵੀਂ ਦਿੱਲੀ ਦੇ ਡਾਇਰੈਕਟਰ, ਅਜੇ ਸਾਹਨੀ ਨੇ ਇਹਨਾਂ ਸਬਦਾਂ ਨਾਲ ਪ੍ਰਤੀਕਿਰਿਆ ਦਿੱਤੀ।

ਇਸਦੇ ਬਾਵਜੂਦ ਕੇਂਦਰੀ ਰਿਜਰਵ ਪੁਲਿਸ ਫੋਰਸ ਦੇ ਡਾਇਰੈਕਟਰ ਜਨਰਲ, ਏ.ਪੀ. ਮਹੇਸਵਰੀ ਦੇ ਦਿੱਤੇ ਡਾਟੇ ਅਨੁਸਾਰ, ਘਰੇਲੂ ਮੰਤਰਾਲੇ ਦੀ ਇੱਕ ਰਿਪੋਰਟ ਦੇ ਹਵਾਲੇ ਨਾਲ ਦਿਖਾਇਆ ਕਿ ਸਾਲ 2020 ਵੀ ਇੱਕ ਹਿੰਸਾ ਭਰਿਆ ਸਾਲ ਰਿਹਾ। ਜਿਸ ਵਿੱਚ 2019 ਦੇ 103, 2019 ਦੇ 77 ਦੇ ਮੁਕਾਬਲਤਨ 2020 ਵਿੱਚ ਲੜਾਕਿਆਂ ਅਤੇ ਫੌਜ ਵਿਚਾਲੇ ਹਥਿਆਰ-ਬੰਦ ਮੁੱਠ-ਭੇੜਾਂ ਦੀ ਗਿਣਤੀ 111 ਰਹੀ ਹੈ। ਗ੍ਰਨੇਡ ਦੁਆਰਾ ਹਮਲਿਆਂ ਦੀ ਗਿਣਤੀ ਵੀ 2020 (37) ਵਿੱਚ , 2019 (16) ਅਤੇ 2018 (27) ਦੇ ਮੁਕਾਬਲੇ ਵੱਧ ਰਹੀ।

ਨਜਰ ਨੇ 'ਦਿ ਵਾਇਰ' ਨੂੰ ਦੱਸਿਆ ਕਿ 21 ਫਰਵਰੀ ਨੂੰ ਐਸ.ਪੀ ਅਤੇ ਐਸ.ਐਸ.ਪੀ. ਰੈਂਕ ਦੇ ਅਧਿਕਾਰੀ ਉਸ ਦੇ ਘਰ ਆਏ ਸਨ। ਨੇੜਲੇ ਪੁਲਿਸ ਸਟੇਸਨ ਦਾ ਅਧਿਕਾਰੀ ਉਹਨਾਂ ਤੋਂ ਪਹਿਲਾਂ ਘਰੇ ਆ ਚੁੱਕਿਆ ਸੀ।

"ਮੇਰਾ ਪੁੱਤਰ ਘਰੇ ਇੱਕ ਮਹੀਨੇ ਬਾਅਦ ਮੁਰਦਾ ਹਾਲਤ ਵਿੱਚ ਆਇਆ ਸੀ। ਉਹ ਬਰਫ ਵਾਂਗ ਚਿੱਟਾ ਹੋ ਚੁੱਕਾ ਸੀ ਜਦੋਂ ਮੈਂ ਉਸਨੂੰ ਆਪਣੀਆਂ ਬਾਹਾਂ 'ਚ ਲਿਆ। ਇੰਝ ਲੱਗਦਾ ਸੀ ਕਿ ਉਸ ਅੰਦਰ ਲਹੂ ਦੀ ਇੱਕ ਬੂੰਦ ਨਹੀਂ ਬਚੀ। ਮੈਨੂੰ ਲੱਗਦਾ ਹੈ ਕਿ ਜੇਕਰ ਉਹ ਸਮੇਂ ਸਿਰ ਹਸਪਤਾਲ ਪਹੁੰਚ ਜਾਂਦਾ ਤਾਂ ਉਹ ਬਚ ਸਕਦਾ ਸੀ।" ਨਜਰ ਨੇ ਬਿਆਨ ਕੀਤਾ।

ਦੂਸਰੇ ਕਮਰੇ ਵਿੱਚ ਅਫਸੋਸ ਕਰਨ ਆਈਆਂ ਔਰਤਾਂ ਦੇ ਸਿਸਕਣ ਦੀ ਆਵਾਜ ਨੇ ਗੱਲਬਾਤ ਰੋਕ ਦਿੱਤੀ। "ਚੰਗਾ ਹੁੰਦਾ ਜੇ ਉਹ ਮਜਦੂਰੀ ਹੀ ਕਰ ਲੈਂਦਾ" ਹੰਝੂ ਭਿੱਜੀਆਂ ਅੱਖਾਂ ਨਾਲ ਘਰੋਂ ਬਾਹਰ ਨਿਕਲਦਿਆਂ ਇੱਕ ਔਰਤ ਨੇ ਫੁਸਫੁਸਾਇਆ।

ਇੱਕ ਹੋਰ ਪਰਿਵਾਰ

ਲਗਭਗ 45 ਕਿ.ਮੀ. ਦੂਰ, ਸ਼ੋਪੀਆਂ ਦਾ ਚੱਕ ਸੰਗਰਾਮ ਪਿੰਡ, ਮੁਦਾਸਿਰ ਅਹਿਮਦ ਵਾਗੇ (26) ਦਾ ਪਰਿਵਾਰ ਵੀ ਸੋਕ ਵਿੱਚ ਡੁੱਬਿਆ ਹੋਇਆ ਸੀ। ਮੁਦਾਸਿਰ ਸ਼ੋਪੀਆਂ ਹਮਲੇ ਵਿੱਚ ਮਾਰੇ ਗਏ ਤਿੰਨ ਲੜਾਕਿਆਂ ਵਿੱਚੋਂ ਇੱਕ ਸੀ, ਜੋ ਅਜੇ ਤਿੰਨ ਦਿਨ ਪਹਿਲਾਂ ਹੀ ਉਹਨਾਂ ਨਾਲ ਰਲਿਆ ਸੀ।

ਪੁਲਿਸ ਨੇ ਦੂਜੇ ਦੋਹਾਂ ਦੀ ਸਨਾਖਤ ਸੋਹੇਲ ਸੇਖ, ਤੁਰਕਵਾਂਗਮ (ਸ਼ੋਪੀਆਂ) ਤੋਂ ਅਤੇ ਸਾਹਿਦ ਦਾਰ ਸੰਬੂਰਾ, ਅਵੰਤੀਪੁਰਾ ਤੋਂ, ਦੇ ਰੂਪ ਵਿੱਚ ਕੀਤੀ। "ਆਤਮ-ਸਮਰਪਣ ਕਰਨ ਲਈ ਲਗਾਤਾਰ ਹੋਕਾ ਦਿੱਤਾ ਜਾ ਰਿਹਾ ਸੀ, ਪਰ ਲੁਕੇ ਹੋਏ ਅੱਤਵਾਦੀਆਂ ਨੇ ਅੱਗੋਂ ਅੰਨੇਵਾਹ ਗੋਲੀ ਚਲਾ ਦਿੱਤੀ। ਜਿਸ ਕਾਰਨ ਆਖਰ ਤਿੰਨੇ ਹੀ ਮਾਰੇ ਗਏ," ਇੱਕ ਪੁਲਿਸ ਰਿਲੀਜ ਵਿੱਚ ਕਿਹਾ ਗਿਆ।

ਸਕੂਲੋਂ ਨਿੱਕਲਿਆ ਹੋਇਆ ਅਤੇ ਚਾਰ ਭੈਣ-ਭਾਈਆਂ ਵਿੱਚੋਂ ਸਭ ਤੋਂ ਛੋਟਾ, ਵਾਗੇ, ਪੰਦਰਾਂ ਜਨਵਰੀ ਦੀ ਸਾਮ ਘਰੋਂ ਰਾਸਨ ਲੈਣ ਲਈ ਨਿੱਕਲਿਆ। ਪਰ, ਲਗਭਗ ਅੱਠ ਵਜੇ ਜਦੋਂ ਉਸਦੇ ਵੱਡੇ ਭਰਾ, ਫਿਆਜ ਅਹਿਮਦ ਨੇ ਇਹ ਪੁੱਛਣ ਲਈ ਫੋਨ ਕੀਤਾ ਕਿ ਉਹ ਕਿੱਥੇ ਹੈ?, ਤਾਂ ਫੋਨ ਬੰਦ ਆ ਰਿਹਾ ਸੀ। ਸਾਰੀ ਰਾਤ ਉਸਨੇ ਨੰਬਰ ਲਾਉਣ ਦੀ ਕੋਸਿਸ ਕੀਤੀ, ਪਰ ਵਾਗੇ ਦਾ ਕੋਈ ਪਤਾ ਨਾ ਲੱਗਿਆ।

ਅਗਲੇ ਦਿਨ ਵਾਗੇ ਦੇ ਇੱਕ ਦੋਸਤ ਨੇ ਅਹਿਮਦ ਤੱਕ ਪਹੁੰਚ ਕੀਤੀ ਤੇ ਕਿਹਾ ਕਿ" ਵਾਗੇ ਨੇ ਕਿਹਾ ਹੈ ਕਿ ਉਹ ਉਸਨੂੰ ਲੱਭਣ ਦੀ ਕੋਸਿਸ ਨਾ ਕਰਣ," ਅਹਿਮਦ ਨੇ 'ਦਿ ਵਾਇਰ' ਨੂੰ ਦੱਸਿਆ।

ਗੁਆਂਢੀ ਪਿੰਡਾਂ ਤੋਂ ਅਫਸੋਸ ਜਾਹਿਰ ਕਰਨ ਆਇਆਂ ਨਾਲ ਭਰੇ ਹਨੇਰੇ ਕਮਰੇ ਵਿੱਚ ਬੈਠੇ ਅਹਿਮਦ ਨੇ ਦੱਸਿਆ ਕਿ ਉਹ ਨੇੜਲੇ ਪੁਲਿਸ ਸਟੇਸਨ, ਲਗਭਗ ਤਿੰਨ ਕਿ.ਮੀ. ਦੂਰ, ਗੁੰਮਸੁਦਗੀ ਦੀ ਰਿਪੋਰਟ ਲਿਖਾਉਣ ਗਏ ਸੀ।

ਦੋ ਦਿਨਾਂ ਬਾਅਦ, ਦੇਰ ਰਾਤ, ਅਹਿਮਦ ਦੇ ਫੋਨ 'ਤੇ ਇੱਕ ਅਣਜਾਣ ਨੰਬਰ ਤੋਂ ਫੋਨ ਆਇਆ। ਪਹਿਲਾਂ ਉਸਨੂੰ ਲੱਗਿਆ ਕਿ ਉਸਦੇ ਭਰਾ ਬਾਰੇ ਖਬਰ ਲੈਣ ਲਈ ਇਹ ਕਿਸੇ ਸੈਨਾ ਅਫਸਰ ਦਾ ਫੋਨ ਹੋਵੇਗਾ। ਕਿਉਂ ਕਿ ਪਿਛਲੇ ਸਮੇਂ ਅਜਿਹੇ ਕਈ ਫੋਨ ਉਹਨੂੰ ਆ ਚੁੱਕੇ ਸੀ। ਪਰ ਜਦੋਂ ਫੋਨ ਦੁਬਾਰਾ ਆਇਆ ਤਾਂ ਉਸਨੇ ਚੁੱਕ ਲਿਆ।

ਦੂਜੇ ਪਾਸੇ ਵਾਗੇ ਸੀ," ਭਾਈਜਾਨ! ਇਹ ਮੈਂ ਹਾਂ...ਮੁਦਾਸਿਰ" ਅਹਿਮਦ ਨੇ ਯਾਦ ਕਰਕੇ ਸਬਦ ਦੁਹਾਰਾਏ।

"ਕੁਝ ਪਲਾਂ ਲਈ ਮੈਂ ਸਮਝ ਨਾ ਸਕਿਆ ਕਿ ਕੌਣ ਹੈ... ਮੈਂ ਬਹੁਤ ਉਤੇਜਿਤ ਹੋ ਗਿਆ," ਅਹਿਮਦ ਨੇ ਕਿਹਾ। ਕੁਝ ਸਮੇਂ ਬਾਅਦ ਉਹ ਹੰਝੂਆਂ ਨਾਲ ਗੜੁੱਚ ਹੋ ਚੁੱਕਿਆ ਸੀ।

"ਅਸੀਂ ਘਿਰ ਚੁੱਕੇ ਹਾਂ। ਉਹਨਾਂ ਨੇ ਇਲਾਕੇ ਨੂੰ ਚਾਰੇ ਪਾਸਿਓਂ ਘੇਰ ਕੇ ਤੇਜ ਰੌਸਨੀ ਕਰ ਦਿੱਤੀ ਹੈ। ਨਿਕਲਣ ਦਾ ਕੋਈ ਰਸਤਾ ਨਹੀਂ ਹੈ।," ਵਾਗੇ ਨੇ ਅਹਿਮਦ ਨੂੰ ਕਿਹਾ।

ਇਲਾਕੇ ਦੇ ਹਰ ਘਰ ਵਾਂਗ ਅਹਿਮਦ ਗਹਿਰੇ ਦੁੱਖ ਵਿੱਚ ਸੀ। ਉਸਨੇ ਵਾਗੇ ਨੂੰ ਆਤਮ-ਸਮਰਪਣ ਕਰਨ ਲਈ ਕਿਹਾ। ਵਾਗੇ ਨੇ ਜਵਾਬ ਦਿੱਤਾ," ਮੈਂ ਅਜਿਹੀਆਂ ਗੱਲਾਂ ਸੁਣਨ ਲਈ ਤੁਹਾਨੂੰ ਫੋਨ ਨਹੀਂ ਕੀਤਾ। ਮੈਨੂੰ ਦੁਆਵਾਂ ਅਤੇ ਮਾਫੀ ਦੇਣਾ।" ਐਨਾ ਕਹਿ ਕੇ ਵਾਗੇ ਨੇ ਫੋਨ ਕੱਟ ਦਿੱਤਾ।

**ਇੱਕ ਅੰਤਿਮ ਸੰਸਕਾਰ**

ਅਧਿਕਾਰੀਆਂ ਨੇ ਕਿਹਾ ਕਿ ਤਿੰਨਾਂ ਦੀਆਂ ਲਾਸਾਂ ਨੂੰ ਉੱਤਰੀ ਕਸਮੀਰ ਵਿਚਲੇ ਬਾਰਾਮੂਲਾ ਦੇ ਸੀਰੀ ਇਲਾਕੇ ਵਿੱਚ ਇੱਕ ਕਬਰਿਸਤਾਨ ਵਿੱਚ ਦਫਨਾ ਦਿੱਤਾ ਗਿਆ ਹੈ, ਜੋ ਕਿ ਉਹਨਾਂ ਦੇ ਪਿੰਡ ਤੋਂ ਇੱਕ ਸੌ ਤੀਹ ਕਿ.ਮੀ. ਦੂਰ ਹੈ। ਇਹ ਪਿਛਲੇ ਸਾਲ ਘੜੀ ਗਈ ਨੀਤੀ ਦਾ ਇੱਕ ਹਿੱਸਾ ਹੈ, ਪਰ ਲੜਾਕਿਆਂ ਦੀਆਂ ਮ੍ਰਿਤਕ ਦੇਹਾਂ ਨੂੰ ਘਰਦਿਆਂ ਹਵਾਲੇ ਨਾ ਕਰਨਾ, ਕਸਮੀਰੀਆਂ ਦੇ ਗੁੱਸੇ ਨੂੰ ਹੋਰ ਲਾਂਬੂ ਲਾਉਣ ਦਾ ਕੰਮ ਕਰ ਰਿਹਾ ਹੈ।

ਜੰਮੂ ਕਸਮੀਰ ਅਧਿਕਾਰੀਆਂ ਨੇ ਕਿਹਾ ਕਿ ਅਜਿਹਾ ਕਰੋਨਾ ਕਾਲ ਦੇ ਚੱਲਦਿਆਂ ਕੀਤਾ ਗਿਆ, ਪਰ ਲੋਕਾਂ ਦਾ ਕਹਿਣਾ ਹੈ ਕਿ ਖ਼ੁਦ ਪ੍ਰਸਾਸਨ ਆਪਣੇ ਜੁਝਾਰੂਆਂ ਦੀ ਮੌਤ ਵੇਲੇ ਅਜਿਹੇ ਜਾਬਤਿਆਂ ਨੂੰ ਨਹੀਂ ਮੰਨਦਾ। ਜਿਵੇਂ ਕਿ ਅਲਤਾਫ ਦੇ ਪਰਿਵਾਰ ਨੇ ਵੀ ਪੁਸਟੀ ਕੀਤੀ ਹੈ ਕਿ ਅੰਤਿਮ ਰਸਮਾਂ ਲਈ ਉਹਨਾਂ ਨੂੰ ਬੇਟੇ ਦੀ ਮ੍ਰਿਤਕ ਦੇਹ ਦੇ ਦਿੱਤੀ ਗਈ ਸੀ। ਹੋਰ ਪਰਿਵਾਰਾਂ ਦੀ ਤਰ੍ਹਾਂ, ਵਾਗੇ ਦੇ ਪਰਿਵਾਰ ਨੇ ਵੀ ਇਸ ਨੀਤੀ ਨੂੰ ਬਿਨਾਂ ਬਹੁਤੀ ਵਿਰੋਧਤਾ ਦੇ ਕਬੂਲ ਕਰ ਲਿਆ।

ਹਾਲਾਤਾਂ ਦੀ ਅਧੀਨਗੀ ਮੰਨਦਿਆਂ ਉਹ ਪੁਲਿਸ ਕੰਟਰੋਲ ਰੂਮ ਸ੍ਰੀਨਗਰ ਆਪਣੇ ਲਖਤੇ ਜਿਗਰ ਦੀ ਆਖਰੀ ਝਲਕ ਦੇਖ ਕੇ ਮੁੜ ਆਏ।

ਦੂਜੇ ਦੋ ਲੜਾਕਿਆਂ ਦੇ ਰਿਸਤੇਦਾਰਾਂ ਤੇ ਮਿੱਤਰਾਂ ਨੇ ਵੀ ਪੁਲਿਸ ਵਹੀਕਲਾਂ ਦੇ ਪਿੱਛੇ ਸੀਰੀ, ਬਾਰਾਮੁੱਲਾ ਵਿਖੇ ਪਹੁੰਚ ਕੀਤੀ ਅਤੇ ਆਖਰੀ ਰਸਮਾਂ ਵਿੱਚ ਸਿਰਕਤ ਕੀਤੀ।

"300 ਦੇ ਲਗਭਗ ਲੋਕ ਉੱਥੇ ਪਹੁੰਚੇ ਤੇ ਫਿਰ ਅਸੀਂ ਉਹਨਾਂ ਨੂੰ ਬੇਨਾਮ ਕਬਰਾਂ ਵਿੱਚ ਲਿਟਾ ਦਿੱਤਾ। ਰਸਮਾਂ ਪੁਲਿਸ ਸਟੇਸਨ ਦੇ ਵਿਹੜੇ ਵਿੱਚ ਪੁਲਿਸ ਦੀ ਨਿਗਰਾਨੀ ਹੇਠ ਹੀ ਹੋਈਆਂ," ਅਹਿਮਦ ਬੋਲਿਆ।

ਵਾਗੇ ਦੀ ਕਹਾਣੀ ਉਸ ਵਰਗੇ ਹੀ ਹੋਰ ਬਹੁਤ ਸਾਰੇ ਨੌਜਵਾਨਾਂ ਦੀ ਕਹਾਣੀ ਹੈ, ਜੇਕਰ ਸਾਰੇ ਨਹੀਂ ਤਾਂ ਘੱਟੋ-ਘੱਟ ਉਹਨਾਂ ਦੀ, ਜਿਹਨਾਂ ਦੀ ਪ੍ਰਸਾਸਨ ਵਿਰੁੱਧ ਨਰਾਜਗੀ ਉੱਪਰ ਅਸੰਵੇਦਨਸੀਲ ਪੁਲਿਸ ਬਲਾਂ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ, ਤੇ ਉਹਨਾਂ ਦੇ ਮਿਲੀਟੈਂਟਾਂ ਨਾਲ ਮਿਲ ਜਾਣ ਦਾ ਕਾਰਨ ਬਣੇ।

ਅਹਿਮਦ ਮੁਤਾਬਿਕ, "ਵਾਗੇ ਸ਼ਾਇਦ ਉਸ ਗੁੱਸੇ ਕਾਰਨ ਬਹੁਤ ਪ੍ਰੇਸਾਨ ਰਹਿ ਚੁੱਕਾ ਸੀ, ਜੋ ਪੁਲਿਸ ਵੱਲੋਂ 2016 ਦੇ ਅੰਦੋਲਨਕਾਰੀਆਂ ਦੇ ਮਾਰੇ ਜਾਣ ਕਾਰਨ ਉਸ ਅੰਦਰ ਪਨਪਿਆ ਸੀ, ਜਿਹਨਾਂ ਨਾਲ ਉਹ ਵੀ ਅੰਦੋਲਨ ਵਿੱਚ ਸਾਮਿਲ ਸੀ। ਪੁਲਿਸ ਨੇ ਪੱਥਰਬਾਜੀ ਕਾਰਨ ਉਸ ਤੇ ਵੀ ਮਾਮਲਾ ਦਰਜ ਕੀਤਾ ਸੀ।" "ਉਹ ਮਸਲੇ ਦੀ ਗੰਭੀਰਤਾ ਸਮਝਣ ਲਈ ਬਹੁਤ ਛੋਟਾ ਸੀ। ਤੇ ਹੁਣ ਅਸੀਂ ਉਸਨੂੰ ਗਵਾ ਲਿਆ ਹੈ,"ਅਹਿਮਦ ਨੇ ਭਰੇ ਗੱਚ ਨਾਲ ਕਿਹਾ।

ਤੇ ਇੱਕ ਹੋਰ ਪਰਿਵਾਰ

ਵਾਗੇ ਵਾਂਗ ਹੀ, ਇੱਕ ਹੋਰ ਪਰਿਵਾਰ, 19 ਫਰਵਰੀ ਨੂੰ 50 ਸਾਲਾ ਪੁਲਿਸ ਕਾਂਸਟੇਬਲ ਮੁਹੰਮਦ ਯੂਸਫ ਬਾਜਾਰਡ ਦੇ ਮਾਰੇ ਜਾਣ ਨਾਲ, ਪੱਟਿਆ ਗਿਆ ਮਹਿਸੂਸ ਕਰ ਰਿਹਾ ਹੈ।

ਹਮਲੇ ਦੀ ਇੱਕ ਕਲਿੱਪ, ਸੋਸਲ ਮੀਡੀਆ ਤੇ ਕਾਫੀ ਘੁੰਮ ਰਹੀ ਹੈ, ਜਿਸ ਵਿੱਚ ਤਹਿਰਾਨ (ਸਰਦੀਆਂ ਵਿੱਚ ਪਹਿਨਿਆਂ ਜਾਣ ਵਾਲਾ ਕਸਮੀਰੀ ਕੁੜਤਾ) ਪਾ ਕੇ ਇੱਕ ਆਦਮੀ ਇੱਕ ਆਟੋਮੈਟਿਕ ਰਾਈਫਲ ਵਰਗਾ ਕੁੱਝ ਕੱਢਦਾ ਹੈ ਅਤੇ ਪੁਲਿਸ ਵਾਲੇ ਤੇ ਗੋਲੀਆਂ ਚਲਾ ਕੇ ਨਿਕਲ ਜਾਂਦਾ ਹੈ।

ਬਾਜਾਰਡ, ਉੱਤਰ ਕਸਮੀਰ ਦੇ ਮਰਹਾਮਾ ਕੁਪਵਾੜਾ, ਸ੍ਰੀਨਗਰ ਤੋਂ 100 ਕਿ.ਮੀ. ਦੂਰ ਜੰਗਲਾਂ ਨਾਲ ਘਿਰੇ ਇੱਕ ਨਿੱਕੇ ਕਸਬੇ ਦਾ ਬਾਸਿੰਦਾ ਸੀ। ਉਸਨੇ ਡੇਢ ਮਹੀਨੇ ਦੀ ਬਿਮਾਰੀ ਕਾਰਨ ਛੁੱਟੀ ਮਗਰੋਂ ਹੁਣੇ ਹੀ ਦੁਬਾਰਾ ਨੌਕਰੀ ਸੁਰੂ ਕੀਤੀ ਸੀ। "ਰਾਤ ਦੇ ਲਗਭਗ ਇੱਕ ਵਜੇ, ਸਾਡਾ ਚਚੇਰਾ ਭਾਈ ਜੋ ਕਿ ਸੀ.ਆਰ.ਪੀ.ਐੱਫ ਵਿੱਚ ਹੈ, ਉਸਨੇ ਦੱਸਿਆ ਕਿ ਉਹ ਮਾਰਿਆ ਜਾ ਚੁੱਕਿਆ ਹੈ। ਸਾਰਾ ਪਰਿਵਾਰ ਬੁਰੀ ਤਰ੍ਹਾਂ ਸਦਮੇਂ ਵਿੱਚ ਚਲਾ ਗਿਆ," ਮੁਹੰਮਦ ਆਯੂਬ, ਜੋ ਕਿ ਬਾਜਾਰਡ ਦਾ ਸਾਲਾ ਹੈ, ਨੇ ਦੱਸਿਆ।

ਬਾਜਾਰਡ ਚਾਰ ਬੱਚਿਆਂ ਦਾ ਪਿਤਾ ਸੀ। ਉਸਦੀ ਵੀਹ ਸਾਲ ਦੀ ਨੌਕਰੀ ਸੀ, ਜਿਸ ਦੌਰਾਨ ਉਹ ਤਿੰਨ ਹਮਲਿਆਂ ਦਾ ਗਵਾਹ ਰਹਿ ਚੁੱਕਾ ਸੀ। ਖੁਸਕਿਸਮਤੀ ਨਾਲ ਉਹ ਹਰ ਵਾਰੀ ਬਚਦਾ ਰਿਹਾ ਸੀ। "ਉਹ ਜਦੋਂ ਦਾ ਭਰਤੀ ਹੋਇਆ ਸੀ, ਉਸਨੂੰ ਕਦੇ ਕੋਈ ਧਮਕੀ ਨਹੀਂ ਮਿਲੀ ਸੀ। ਆਂਢ-ਗੁਆਂਢ ਵਿੱਚ ਉਸਦੇ ਦਿਆਲੂ ਸੁਭਾਅ ਕਰਕੇ ਉਸਦਾ ਬਹੁਤ ਸਤਿਕਾਰ ਸੀ," ਆਯੂਬ ਦੱਸਦਾ ਹੈ।

ਬਾਜਾਰਡ ਦੀ ਬੇਟੀ, ਜਿਸ ਦੇ ਉਹ ਬਹੁਤ ਜਿਆਦਾ ਨੇੜੇ ਸੀ, ਕਈ ਵਾਰ ਬੇਹੋਸ ਹੋ ਚੁੱਕੀ ਹੈ, ਜਦੋਂ ਦਾ ਉਸਨੇ ਆਪਣੇ ਪਿਤਾ ਨੂੰ ਤਾਬੂਤ ਬਣਿਆਂ ਦੇਖਿਆ।

ਆਯੂਬ ਨੇ ਕਿਹਾ ਕਿ ਲਗਾਤਾਰ ਹੋ ਰਹੀਆਂ ਹੱਤਿਆਵਾਂ ਨੇ ਇਲਾਕੇ ਦੇ ਹਰ ਘਰ ਨੂੰ ਬੁਰੀ ਤਰ੍ਹਾਂ ਝੰਜੋੜ ਦਿੱਤਾ ਹੈ। "ਇੰਝ ਲੱਗਦਾ ਹੈ ਕਿ ਇਹ ਸਿਲਸਿਲਾ ਕਦੇ ਨਹੀਂ ਰੁਕੇਗਾ ਜਦੋਂ ਤੱਕ ਸਮੱਸਿਆ ਦੀ ਜੜ੍ਹ ਫੜ ਕੇ ਠੋਸ ਕਦਮ ਨਹੀਂ ਚੁੱਕੇ ਜਾਂਦੇ," ਉਹ ਕਹਿੰਦਾ ਹੈ।

ਨੋਟ: ਇਹ ਲੇਖ ਮੂਲ ਰੂਪ ਵਿਚ ਅੰਗਰੇਜ਼ੀ ਭਾਸ਼ਾ 'ਚ ਪੱਤਰਕਾਰ ਕਾਇਸਰ ਅੰਦਰਾਬੀ ਅਤੇ ਸ਼ਾਕਿਰ ਮੀਰ ਵੱਲੋਂ ਲਿਖਿਆ ਗਿਆ ਸੀ ਜਿਸ ਨੂੰ ਦਾ ਵਾਇਰ ਨੇ ਪ੍ਰਕਾਸ਼ਿਤ ਕੀਤਾ ਸੀ। ਅੰਮ੍ਰਿਤਸਰ ਟਾਈਮਜ਼ ਵੱਲੋਂ ਆਪਣੇ ਪਾਠਕਾਂ ਦੇ ਪੜ੍ਹਨ ਹਿੱਤ ਧੰਨਵਾਦ ਸਹਿਤ ਹਰਮਨਪ੍ਰੀਤ ਸਿੰਘ ਵੱਲੋਂ ਕੀਤਾ ਪੰਜਾਬੀ ਦਾ ਤਰਜ਼ਮਾ ਛਾਪਿਆ ਗਿਆ ਹੈ।

## ਲਾਚਾਰ ਸੁਪਨਾ

ਕੁਲੀ ਆਪਣੇ ਕੰਬਦੇ ਹੱਥਾਂ, ਆਪਣੀਆਂ ਲੜਖੜਾਂਦੀਆਂ ਲੱਤਾਂ ਨਾਲ ਸਮਾਨ ਬਾਹਰ ਕਾਰ ਤੱਕ ਲੈ ਗਿਆ ਅਤੇ ਉਸ ਔਰਤ ਨੇ ਕੁਲੀ ਦੇ ਹੱਥਾਂ ਉੱਤੇ ਮਜ਼ਦੂਰੀ ਦੇ ਪੈਸੇ ਰੱਖ ਦਿੱਤੇ ਅਤੇ ਉਹ ਮੁਸਾਫ਼ਰ ਕਾਰ ਵਿੱਚ ਬੈਠ ਕੇ ਦੂਰ ਚਲੇ ਗਏ। ਨੌਜਵਾਨ ਮਜ਼ਦੂਰ ਕੁਲੀ ਭਰੀਆਂ ਅੱਖਾਂ ਨਾਲ ਦੂਰ ਧੂੜ ਉਡਾਂਦੀ ਕਾਰ ਵੱਲ ਦੇਖਦਾ ਰਿਹਾ।

.... ਕੋਲ ਖੜੋਤਾ ਇੱਕ ਸਿਆਣੀ ਉਮਰ ਦਾ ਕੁੜੀ ਨੌਜਵਾਨ ਕੁੜੀ ਦੀਆਂ ਭਰੀਆਂ ਅੱਖਾਂ ਦੇ ਅੱਥਰੂ ਭਾਂਪ ਗਿਆ। ਉਸ ਦੇ ਆਪਣੇ ਗਲ ਵਿੱਚ ਪਏ ਹੋਏ ਮੈਲੇ ਪਰਨੇ ਨਾਲ ਉਸ ਨੌਜਵਾਨ ਕੁਲੀ ਦੇ ਅੱਥਰੂ ਪੂੰਝ ਲਏ ਅਤੇ ਆਪ ਆਪਣੇ ਅੱਥਰੂ ਉਸ ਨੌਜਵਾਨ ਤੋਂ ਓਹਲੇ ਹੋ ਕੇ ਲੁਕਾ ਲਏ।

... ਤਾਂ ਇਹ ਨੌਜਵਾਨ ਕੁਲੀ ਦੀਨਾ ਨਾਥ ਦਾ ਪੁੱਤਰ ਲਾਲ ਕੁੜਤਾ ਅਤੇ ਮੋਢੇ ਉੱਤੇ ਪਿੱਤਲ ਦਾ ਬੈਜ ਲਾਈ ਸ਼ਿਵ ਚਰਨ ਹੀ ਤਾਂ ਸੀ ਅਤੇ ਉਹ ਨੌਜਵਾਨ ਮੁਸਾਫ਼ਰ ਸ਼ਿਵ ਦੀ ਕਲਪਨਾ, ਕਲਪਨਾ ਤਾਂ ਸੀ।

ਇੱਕ ਲਾਚਾਰ ਸੁਪਨਾ। ਇੱਕ ਪੀੜੀ ਦੀਨਾ ਨਾਥ ਕੁਲੀ ਦਾ ਟੁੱਟਿਆ ਸੀ ਅਤੇ ਇੱਕ ਲਾਚਾਰ ਸੁਪਨਾ ਇੱਕ ਨੌਜਵਾਨ ਪੜੀ-ਲਿਖੀ ਪੀੜੀ ਦੇ ਭਵਿੱਖ ਦਾ ਅਤੇ ਉਹਦੀ ਮੁਹੱਬਤ ਦਾ ਟੁੱਟਿਆ।

## ਮੋਦੀ ਸਰਕਾਰ ਦੀ ਦਮਨ...

ਫਰਿਆਦ ਲੇਕਰ ਰਾਸਤੋਂ ਮੇਂ ਕੈਦ ਹੈਂ।' ਡਰ ਦੀ ਭਾਵਨਾ ਜੋ ਕਿ ਆਮ ਤੌਰ 'ਤੇ ਲੋਕਾਂ ਨੂੰ ਆਪਣੇ ਆਪ ਨੂੰ ਪ੍ਰਗਟ ਕਰਨ ਤੋਂ ਰੋਕਦੀ ਹੈ, ਉਸ ਨੂੰ ਵੀ ਵਿਚਾਰਧਾਰਕ ਰੰਗਤ ਦਿੱਤੀ ਜਾ ਰਹੀ ਹੈ ਤਾਂ ਕਿ ਲੋਕਾਂ ਨੂੰ ਨਿਰਧਾਰਤ ਅਖ਼ਬਾਰਾਂ ਦੀਆਂ ਖ਼ਬਰਾਂ, ਪੱਤਰਕਾਰਾਂ ਦੀਆਂ ਰਿਪੋਰਟਾਂ ਅਤੇ ਘੜੇ ਹੋਏ ਵਿਚਾਰਾਂ ਰਾਹੀ ਚੁੱਪ ਕਰਵਾਇਆ ਜਾ ਸਕੇ।

ਇਹ ਲੋਕਾਂ ਨੂੰ 'ਆਗਿਆਕਾਰੀ' ਅਤੇ ਉਨਾਂ ਵਿਚ ਦੱਬੀ-ਕੁਚਲੀ ਮਾਨਸਿਕਤਾ ਵਿਕਸਿਤ ਕਰਨ ਦਾ ਸਭ ਤੋਂ ਕਾਰਗਰ ਮਾਧਿਅਮ ਹੈ। ਉਹ ਮੰਨਦੇ ਹਨ ਕਿ ਲੋਕਾਂ ਦੇ ਘੇਰੇ ਨੂੰ ਅਤਿਅੰਤ ਸੀਮਿਤ ਕਰ ਦਿਉ ਅਤੇ ਉਨਾਂ ਦੇ ਵਿਚਾਰਾਂ ਦੀ ਅਜ਼ਾਦੀ ਨੂੰ ਬਹਿਸ ਵਿਚ ਹੀ ਉਲਝਾ ਕੇ ਰੱਖੋ। ਇਹ ਭਵਿੱਖ ਪ੍ਰਤੀ ਅਨਿਸ਼ਚਿਤਤਾ ਨੂੰ ਦਰਸਾਉਂਦਾ ਹੈ। ਇਸ ਤੋਂ ਪਹਿਲਾਂ ਲੋਕ ਕਦੇ ਰਾਜਨੀਤਕ ਸ਼ਕਤੀਆਂ ਦੇ ਏਨੇ ਮੁਹਤਾਜ ਨਹੀਂ ਹੋਏ ਜੋ ਚੋਣਵੇਂ ਦਮਨ ਦੀ ਨੀਤੀ ਸਦਕਾ ਵਿਵਹਾਰਿਕ ਬੁੱਧੀ ਨੂੰ ਸਮਝਣ ਤੋਂ ਇਨਕਾਰੀ ਹੋਏ ਹਨ।

## ਟੈਕਸਸ ਬਰਫਬਾਰੀ ਕਾਰਨ ਆਮ..

ਐਨਡਬਲਿਊਐਸ ਵੱਲੋਂ ਬੀਤੇ ਸ਼ੁੱਕਰਵਾਰ ਨੂੰ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ, 'ਦੇਸ਼ ਦੇ ਉੱਤਰੀ ਖੇਤਰ ਵਿੱਚ ਜਮਾ ਦੇਣ ਦੀ ਹੱਦ ਤੱਕ ਘਟੇ ਤਾਪਮਾਨ ਦੇ ਵਧੇ ਮੌਕਿਆਂ ਨੇ ਅਮਰੀਕਾ ਦੇ ਇੱਕ ਤੋਂ ਦੂਜੇ ਤਟ ਤੱਕ ਕਹਿਰੀ ਢਾਹੁਣ ਵਾਲੇ ਸਰਦ ਤੂਫ਼ਾਨਾਂ ਦੀ ਨੀਂਹ ਰੱਖੀ ਹੈ, ਇਹ ਨਾ ਸਿਰਫ਼ ਇਸ ਹਫ਼ਤੇ ਬਲਕਿ ਆਉਣ ਵਾਲੇ ਹਫ਼ਤੇ ਵੀ ਜਾਰੀ ਰਹੇਗਾ। ਭਿਅੰਕਰ ਸਰਦ ਹਾਲਾਤ ਦੀਆਂ ਚੇਤਾਵਨੀ ਘੱਟੋ ਘੱਟ ਹਾਲ ਦੀ ਘੜੀ ਇਸੇ ਤਰਾਂ ਜਾਰੀ ਰਹਿਣਗੀਆਂ, ਜਦੋਂ ਮੌਸਮੀ ਪ੍ਰਣਾਲੀ ਉੱਤਰ ਵੱਲ ਜਾਣਾ ਸ਼ੁਰੂ ਕਰ ਦੇਵੇਗੀ।

ਮੌਸਮੀ ਭਵਿੱਖਬਾਣੀ ਕੇਂਦਰ, ਮਾਰਕ ਛੇਨਾਰਡ ਦੀ ਵਿਗਿਆਨੀ ਨੇ ਰਾਇਟਰਜ ਨਿਊਜ ਏਜੰਸੀ ਨੂੰ ਦੱਸਿਆ, ਐਮਾਰੀਲੋ ਵਿੱਚ ਮਨਫ਼ੀ 17 ਡਿਗਰੀ ਸੈਲਸੀਅਸ ਤਾਪਮਾਨ ਰਿਕਾਰਡ ਕੀਤਾ ਗਿਆ, ਜਿਸ ਨਾਲ ਸਾਲ 1895 ਦੌਰਾਨ ਰਿਹਾ ਸ਼ਹਿਰ ਦਾ ਪਹਿਲਾ ਮਨਫ਼ੀ ਗਿਆਰਾਂ ਡਿਗਰੀ ਦਾ ਰਿਕਾਰਡ ਟੁੱਟ ਗਿਆ। ਛੇਨਾਰਡ ਨੇ ਦੱਸਿਆ, 'ਇਸੇ ਤਰਾਂ ਲੋਬੌਕ ਵਿੱਚ ਤਾਪਮਾਨ ਮਨਫ਼ੀ 13 ਡਿਗਰੀ ਤੱਕ ਪਹੁੰਚਿਆ। ਇਹ ਤਾਪਮਾਨ ਔਸਤਨ ਤਾਪਮਾਨ ਤੋਂ 40 ਤੋਂ 50 ਡਿਗਰੀ ਤੱਕ ਘੱਟ ਹਨ।' ਓਕਲਾਹੋਮਾ ਦੇ ਕੁਝ ਹਿੱਸਿਆਂ ਅਤੇ ਟੈਕਸਸ ਦੀਆਂ ਸੜਕਾਂ 'ਤੇ ਇਸ ਹਫ਼ਤੇ ਇੱਕ ਫੁੱਟ ਤੱਕ ਬਰਫ਼ ਪੈਣ ਦੀ ਭਵਿੱਖਬਾਣੀ ਕੀਤੀ ਗਈ ਹੈ ਜਦੋਂ ਕਿ ਡੈਲਸ ਵਿੱਚ ਚਾਰ ਇੰਚ ਤੱਕ ਬਰਫ਼ ਡਿਗ ਸਕਦੀ ਹੈ। ਛੈਨਰਡ ਹੂਸਟਨ ਵਿੱਚ ਸੜਕਾਂ 'ਤੇ ਠਾਰਦੇ ਮੀਂਹ ਅਤੇ ਗੜਿਆਂ ਦੇ ਇਕੱਠੇ ਪੈਣ ਕਾਰਨ ਵਧੇਰੇ ਖ਼ਤਰਨਾਕ ਹਾਲਾਤ ਦੀ ਚੇਤਾਵਨੀ ਦਿੰਦੇ ਹਨ।

## ਸਕੂਲ ਦੀਆਂ ਯਾਦਾਂ

ਜਦੋਂ ਪਾਣੀ ਪੀਣ ਬਹਾਨੇ ਜਾਂਦੇ
ਲੁਕ-ਲੁਕ ਬੱਤੀ ਗਾਜੀ ਖਾਂਦੇ

ਨਿੱਕੀ-ਨਿੱਕੀ ਗੱਲ 'ਤੇ ਰੁੱਸਣਾ
ਖੇਡਦੇ ਸੂਣ-ਸਲੀਕੀ
ਉਹ ਸਫੈਦਿਆਂ ਪਿੱਛੇ ਲੁੱਕਣਾ

ਪੂਲੇ ਦੀ ਕਲਮ ਨਾਲ ਜਦ
ੳ,ਅ,ੲ ਲਿਖਦੇ ਸੀ
ਡੋਲ-ਡੋਲ ਸਿਆਹੀ
ਅੱਖਰ ਲਿਖਣਾ ਸਿੱਖਦੇ ਸੀ

ਕਦੇ ਪੈਨਸਿਲ ਸੈਂਡੋ ਹਿੱਸੇ ਆ ਜਾਂਦੀ
ਬੜਾ ਚਾਅ ਹੁੰਦਾ ਸੀ ਨਕਲੀ ਲਾਟਰੀ ਪੱਟੀ ਦਾ
ਬਾਂਦਰ ਕੀਲਾ, ਖੋ-ਖੋ ਖੇਡਦੇ ਜਦੋਂ
ਉਦੋਂ ਚੰਗਾ ਹੁੰਦਾ ਸੀ ਨਜ਼ਾਰਾ ਅੱਧੀ ਛੁੱਟੀ ਦਾ

ਸਾਨੂੰ ਬੈਂਚ ਕਿੱਥੇ ਫੱਬਦੇ ਸੀ
ਜਦੋਂ ਬੈਠਣ ਪਿੱਛੇ ਲੜਦੇ ਸੀ
ਤੱਪੜ ਹੀ ਚੰਗੇ ਲੱਗਦੇ ਸੀ

ਬਰਾਂਡੇ ਹੀ ਏ.ਸੀ ਕਮਰੇ ਹੁੰਦੇ ਸੀ
ਰੱਖ ਬਲੈਕ ਬੋਰਡ ਕੁਰਸੀ ਉੱਪਰ
ਬੜੇ ਖ਼ੁਸ਼ ਹੁੰਦੇ ਸੀ

ਗਗਨ ਉਹ ਅਧਿਆਪਕਾਂ ਦਾ ਪਿਆਰ
ਹੌਸਲਾ ਦੁੱਗਣਾ ਕਰ ਦਿੰਦਾ ਸੀ
ਡਿਗ-ਡਿਗ ਕੇ ਫਿਰ ਉੱਠਣਾ
ਅਨੋਖਾ ਜਜ਼ਬਾ ਭਰ ਦਿੰਦਾ ਸੀ
ਧਾਲੀਵਾਲ ਉਹ ਜ਼ਿੰਦਗੀ ਬੜੀ ਰੰਗੀਨ ਸੀ
ਜੋ ਸਰਕਾਰੀ ਸਕੂਲ ਦੇ ਕਰੀਬ ਸੀ
ਜੋ ਰੱਬ ਵਰਗੇ ਅਧਿਆਪਕਾਂ ਦੇ ਕਰੀਬ ਸੀ ।

ਗਗਨਦੀਪ ਧਾਲੀਵਾਲ ਝਲੂਰ ਬਰਨਾਲਾ
ਜਨਰਲ ਸਕੱਤਰ
ਮਹਿਲਾ ਕਾਵਿ ਮੰਚ ਪੰਜਾਬ

## ਦਿੱਲੀ ਵਿਚ ਦਹਿਸਤ ਦੇ ਸਾਏ...

"ਨਿਸਾ ਨੇ ਦੱਸਿਆ, "ਉਹਨਾਂ ਨੇ ਸਾਨੂੰ ਦੇਖਦਿਆਂ 'ਦੰਗਈ' ਕਿਹਾ।"

ਕੁਝ ਦਿਨਾਂ ਬਾਅਦ ਜਦੋਂ ਨਿਸਾ ਤੇ ਉਸਦਾ ਪਰਿਵਾਰ ਵਾਪਿਸ ਆਪਣੇ ਘਰ ਆਏ ਸਨ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੂਰੇ ਭਾਰਤ ਵਿੱਚ ਕਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ 21 ਦਿਨਾਂ ਦਾ ਲਾਕਡਾਊਨ ਕਰ ਦਿੱਤਾ। ਕਰੋਨਾ ਵਾਇਰਸ ਦੇ ਵਿਸਫੋਟ ਦਾ ਕਾਰਨ, ਮੀਡੀਆ ਅਤੇ ਸੱਤਾ ਵਿੱਚ ਬੈਠੀ ਧਿਰ ਦੇ ਨੇਤਾਵਾਂ ਨੇ, ਤਬਲੀਗੀ ਜਮਾਤ(ਇੱਕ ਮੁਸਲਮਾਨ ਮਿਸਨਰੀ ਸੰਸਥਾ) ਦੁਆਰਾ ਕੀਤਾ ਇੱਕ ਇਕੱਠ ਦੱਸ ਕੇ ਪਰਚਾਰਿਆ। ਸਿੱਟੇ ਵਜੋਂ ਇੱਕ ਥਾਂ ਰਹਿ ਰਹੇ ਹਿੰਦੂ ਵਸਨੀਕਾਂ ਵੱਲੋਂ, ਮੁਸਲਮਾਨ ਪਰਿਵਾਰਾਂ ਨੂੰ ਨਿਸਾਨਾ ਬਣਾਉਣ ਦਾ ਇੱਕ ਹੋਰ ਕਾਰਨ ਮਿਲ ਗਿਆ।

"ਜਦੋਂ ਵੀ ਅਸੀਂ ਬਾਹਰ ਜਾਂਦੇ ਤਾਂ ਸਾਨੂੰ (ਮੁਸਲਮਾਨਾਂ) ਨੂੰ ਦੇਖ ਕੇ ਹਿੰਦੂ ਪਰਿਵਾਰ ਆਪਣੇ ਮੂੰਹ ਢੱਕ ਲੈਂਦੇ ਤੇ ਸਾਨੂੰ 'ਕਰੋਨਾ' ਕਹਿ ਕੇ ਬੁਲਾਇਆ ਜਾਂਦਾ।" ਨਿਸਾ ਨੇ ਕਿਹਾ, "ਤਾਂ ਅਸੀਂ ਘਰੋਂ ਨਿੱਕਲਣਾ ਬੰਦ ਕਰ ਦਿੱਤਾ। ਸਾਡੇ ਭਰਾ ਸਿਰਫ ਰਾਸਨ ਲੈਣ ਲਈ ਹੀ ਘਰੋਂ ਨਿੱਕਲਦੇ। ਤੇ ਫਿਰ ਤਿੰਨ ਚਾਰ ਮਹੀਨਿਆਂ ਬਾਅਦ ਅਸੀਂ ਆਪਣਾ ਘਰ ਵੇਚ ਦਿੱਤਾ। ਦੋ ਹੋਰ ਮੁਸਲਮਾਨ ਪਰਿਵਾਰ ਜੋ ਸਾਡੀ ਹੀ ਗਲੀ ਵਿੱਚ ਰਹਿੰਦੇ ਸਨ, ਉਹ ਵੀ ਘਰ ਛੱਡ ਕੇ ਹੋਰ ਕਿਤੇ ਰਹਿਣ ਚਲੇ ਗਏ।"

**ਹਿੰਦੂ ਮੁਹੱਲਿਆਂ ਵਿੱਚੋਂ ਪ੍ਰਵਾਸ**

ਮੁਹੰਮਦ ਹਾਨਿਫ ਦੀ ਕਹਾਣੀ ਵੀ ਕੁਝ ਇਸੇ ਤਰਾਂ ਹੀ ਹੈ। ਉਸਨੇ ਵੀ ਆਪਣਾ ਦੋ ਮੰਜਿਲਾ ਮਕਾਨ, ਜੋ ਕਿ ਦੰਗਿਆਂ ਦੀ ਲਪੇਟ ਚ ਆਉਣ ਵਾਲੇ ਕਲਾਵਰ ਨਗਰ 'ਚ ਸੀ, ਵੇਚ ਦਿੱਤਾ। ਇਹ ਸਿਵ ਵਿਹਾਰ ਤੋਂ ਦੋ ਕਿਲੋਮੀਟਰ ਦੂਰ ਸੀ। ਹੁਣ ਉਹ ਮੁਸਤਫਾਬਾਦ ਦੇ ਸੁਬੁਰਬਨ ਇਲਾਕੇ ਵਿੱਚ ਕਿਰਾਏ ਤੇ ਰਹਿ ਰਿਹਾ। ਦੰਗਿਆਂ ਦੌਰਾਨ ਉਸਦੇ ਘਰ ਲੁੱਟ ਅਤੇ ਭੰਨਤੋੜ ਹੋਈ ਸੀ।

'ਮੇਰੇ ਕੋਲ ਚਾਰ ਬੈੱਡ, ਦੋ ਫਰਿੱਜਾਂ ਤੇ ਮੋਟਰਸਾਈਕਲ ਸੀ। ਹੁਣ ਕੁਝ ਨਹੀਂ ਬਚਿਆ। ਤਾਂ ਉੱਥੇ ਰਹਿਣ ਦਾ ਹੁਣ ਕੋਈ ਮਤਲਬ ਨਹੀਂ ਬਣਦਾ ਸੀ। ਇਸ ਲਈ ਮੈਂ ਇਲਾਕਾ ਛੱਡਣ ਦਾ ਇਰਾਦਾ ਕਰ ਲਿਆ।," ਪੰਜਾਹ ਸਾਲਾ ਹਾਨਿਫ ਨੇ ਕਿਹਾ।

ਮੁਹੰਮਦ ਉਸ ਗਲੀ ਵਿੱਚ ਇੱਕੋ-ਇੱਕ ਮੁਸਲਮਾਨ ਪਰਿਵਾਰ ਸੀ। ਪਿਛਲੀ ਫਰਵਰੀ ਹਿੰਸਾ ਤੋਂ ਬਾਅਦ, ਉਹ ਤੇ ਉਸਦੇ ਪਰਿਵਾਰ ਨੇ ਹਮੇਸਾ ਲਈ ਘਰ ਛੱਡਣ ਦਾ ਫੈਸਲਾ ਕਰ ਲਿਆ। ਆਖਿਰਕਾਰ, ਪਿਛਲੇ ਸਾਲ ਅਕਤੂਬਰ ਵਿੱਚ ਉਹ ਆਪਣਾ ਘਰ ਵੇਚ ਸਕਿਆ।

"ਸਾਡੀਆਂ ਜਾਨਾਂ ਇੱਕ ਵਾਰ ਬੜੀ ਮੁਸਕਿਲ ਨਾਲ ਬਚੀਆਂ ਹਨ, ਦੁਬਾਰਾ ਖਤਰਾ ਸਹੇੜਨਾ ਸਹੀ ਨਹੀਂ ਹੋਵੇਗਾ।"

ਮੁਹੰਮਦ ਨੇ ਤੱਥ ਜਾਹਿਰ ਕੀਤਾ ਕਿ ਮਜਬੂਰੀ ਵੱਸ ਮਕਾਨਾਂ ਦੀ ਵਿਕਰੀ ਕਾਰਨ ਦੰਗਿਆਂ ਦੀ ਲਪੇਟ 'ਚ ਆਏ ਮੁਹੱਲਿਆਂ ਵਿੱਚ ਕੀਮਤ ਥੱਲੇ ਡਿੱਗੀ ਹੈ। ਦੰਗਿਆਂ ਤੋਂ ਪਹਿਲਾਂ ਉਸ ਦੇ ਮਕਾਨ ਲਈ ਅਠਾਰਾਂ ਲੱਖ ਦੀ ਪੇਸਕਸ ਕੀਤੀ ਗਈ ਸੀ, ਜੋ ਕਿ ਉਸਨੇ ਹੁਣ ਬਾਰਾਂ ਲੱਖ ਵਿੱਚ ਗੈਰ-ਮੁਸਲਿਮ ਪਰਿਵਾਰ ਨੂੰ ਵੇਚਿਆ ਹੈ।

ਹਾਲਾਂਕਿ ਦਿੱਲੀ ਪੁਲਿਸ, ਹਿੰਦੂ ਮੁਹੱਲਿਆਂ ਵਿੱਚੋਂ ਹੋ ਰਹੇ ਇਸ ਤਰਾਂ ਮੁਸਲਮਾਨਾਂ ਦੇ ਮਜਬੂਰਨ ਪ੍ਰਵਾਸ ਵੱਲ ਕੋਈ ਖਾਸ ਧਿਆਨ ਦੇ ਕੇ ਰਾਜੀ ਨਹੀਂ। "ਅਸੀਂ ਫਿਲਹਾਲ ਕਿਸਾਨ ਅੰਦੋਲਨ ਵੱਲ ਰੁੱਝੇ ਹੋਏ ਹਾਂ," ਦਿੱਲੀ ਪੁਲਿਸ ਦੇ ਸੀਨੀਅਰ ਪਬਲਿਕ ਰਿਲੇਸਨ ਅਫਸਰ ਨੇ, ਅਲ ਜਜੀਰਾ ਨੂੰ ਦਿੱਲੀ ਦੇ ਬਾਡਰਾਂ ਤੇ ਨਵੇਂ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਮਹੀਨਾਬੱਧੀ ਬੈਠੇ ਕਿਸਾਨਾਂ ਦਾ ਹਵਾਲਾ ਦਿੰਦਿਆਂ ਕਿਹਾ।

ਮਨੁੱਖੀ ਹੱਕਾਂ ਨਾਲ ਜੁੜੀਆਂ ਸੰਸਥਾਵਾਂ ਅਤੇ ਕਾਫੀ ਪੀੜਤਾਂ ਨੇ ਦਿੱਲੀ ਪੁਲਿਸ ਦੀ ਦੰਗਾਕਾਰੀਆਂ ਨੂੰ ਹਮਾਇਤ ਹੋਣ ਦਾ ਦਾਅਵਾ ਕੀਤਾ, ਕਿਉਂਕਿ ਹਿੰਦੂ ਦੰਗਾਕਾਰੀ ਕਾਫੀ ਦਿਨਾਂ ਤੱਕ ਸੜਕਾਂ ਤੇ ਘੁੰਮਦੇ ਕੋਹਰਾਮ ਮਚਾਉਂਦੇ ਰਹੇ ਤੇ ਪੁਲਿਸ ਨੇ ਬਣਦੀ ਮੁਸਤੈਦੀ ਨਹੀਂ ਦਿਖਾਈ। ਪਿਛਲੀ ਫਰਵਰੀ ਵਾਪਰੀ ਹਿੰਸਾ,ਜਿਸ ਨੂੰ ਕਈ ਅਲੋਚਕਾਂ ਨੇ ਸਰਕਾਰ ਦਾ ਮੁਸਲਮਾਨ ਵਿਰੋਧੀ ਦਾਅ ਕਰਾਰ ਦਿੱਤਾ ਹੈ, ਕਈ ਥਾਵਾਂ ਤੇ ਹਿੰਦੂ ਭੀੜ ਨਾਲ ਰਲਕੇ ਪੁਲਿਸ ਵਾਲੇ ਮੁਸਲਮਾਨਾਂ ਤੇ ਪੱਥਰ ਵੀ ਸੁੱਟਦੇ ਦੇਖੇ ਗਏ। ਪੀੜਿਤਾਂ ਅਤੇ ਵਕੀਲਾਂ ਵੱਲੋਂ ਕੀਤੇ ਦਾਅਵਿਆਂ ਅਨੁਸਾਰ, ਹੋਈ ਹਿੰਸਾ ਨੂੰ ਲੈ ਕੇ ਦਰਜ ਹੋਏ ਮੁਕੱਦਮੇ ਵਾਪਿਸ ਲੈਣ ਲਈ ਵੀ ਕਈ ਪੁਲਿਸ ਕਰਮੀਆਂ ਨੇ ਉਹਨਾਂ ਤੇ ਦਬਾਅ ਬਣਾਉਣ ਦੀ ਕੋਸਿਸ ਕੀਤੀ।

ਕੁੱਝ ਮੁਸਲਮਾਨ ਪਰਿਵਾਰ ਜੋ ਆਪਣਾ ਘਰ ਛੱਡ ਨਹੀਂ ਸਕੇ, ਉਹਨਾਂ ਨੇ ਕਿਹਾ ਕਿ ਰਾਸਟਰੀ ਮੌਕਿਆਂ ਅਤੇ ਹਿੰਦੂ ਤਿਉਹਾਰਾਂ ਮੌਕੇ ਸੁਰੱਖਿਆ ਦੇ ਡਰੋਂ ਉਹ ਘਰ ਛੱਡ ਕੇ ਕਿਤੇ ਹੋਰ ਰਹਿਣ ਚਲੇ ਜਾਂਦੇ ਹਨ।

"ਗਣਤੰਤਰ ਦਿਵਸ ਦੇ ਮੌਕੇ ਤੇ ਉਹਨਾਂ ਦਾ ਸਾਰਾ ਪਰਿਵਾਰ ਟਕਰਾਅ ਦੀਆਂ ਸੰਭਾਵਨਾਵਾਂ ਦੇ ਚੱਲਦੇ ਰਿਸਤੇਦਾਰ ਘਰੇ ਚਲਾ ਗਿਆ ਸੀ।," ਦੰਗਿਆਂ ਦੀ ਲਪੇਟ 'ਚ ਆਏ ਸਿਵਵਿਹਾਰ ਦੀ ਵਸਨੀਕ ਸਹਿਨਾਜ ਸੇਖ ਨੇ ਕਿਹਾ।

ਫਰਹਾਨ ਖਾਨ,ਜੋ ਕਿ ਇੱਕ ਸਥਾਨਕ ਕਾਰਕੁੰਨ ਹੈ ਅਤੇ ਪੀੜਤਾਂ ਦੀ ਮਦਦ ਲਈ ਆਹਰ ਕਰ ਰਿਹਾ ਹੈ। ਉਸਨੇ ਦੱਸਿਆ ਕਿ ਨਵੰਬਰ ਵਿੱਚ ਦਿਵਾਲੀ ਦੇ ਤਿਉਹਾਰ ਨੇੜੇ, ਕੁੱਝ ਅਨਸਰ ਇਕੱਠੇ ਹੋ ਕੇ ਸਿਵ ਵਿਹਾਰ ਦੇ ਸਮਸਾਨ ਕੋਲ ਇਕੱਠੇ ਹੋ ਕੇ, ਜਿਵੇਂ ਹੀ ਨੇੜੇ ਦੀ ਮਸਜਿਦ ਵਿੱਚੋਂ ਅਜਾਨ ਦੀ ਆਵਾਜ ਆਉਂਦੀ, ਉੱਚੀ ਉੱਚੀ 'ਜੈ ਸ੍ਰੀ ਰਾਮ' ਦੇ ਨਾਹਰੇ ਮਾਰਦੇ। ਉਹ ਉਦੋਂ ਤੱਕ ਨਾ ਹਟੇ, ਜਦੋਂ ਤੱਕ ਪੁਲਿਸ ਬੁਲਾ ਕੇ ਦਖਲ ਅੰਦਾਜੀ ਦੀ ਮੰਗ ਨਹੀਂ ਕੀਤੀ ਗਈ। ਅਜਿਹਾ ਮਾਹੌਲ ਡਰ ਪੈਦਾ ਕਰਦਾ ਹੈ।

ਸਮਾਜਿਕ ਕਾਰਕੁੰਨ ਆਸਿਫ ਮੁਜਤਬਾ ਨੇ ਕਿਹਾ ਕਿ ਸਿਵ ਵਿਹਾਰ ਵਿੱਚ ਸੱਜੇ ਪੱਖੀ ਹਿੰਦੂ ਗਰੁੱਪਾਂ ਵੱਲੋਂ ਉੱਤਰ ਪ੍ਰਦੇਸ ਵਿੱਚ ਰਾਮ ਮੰਦਰ ਦੇ ਉਦਘਾਟਨ ਸੰਬੰਧੀ ਰੈਲੀਆਂ ਕੀਤੀ ਗਈਆਂ।

"ਮੁਸਲਮਾਨ ਸਮਾਜ ਸਹਿਮ ਵਿੱਚ ਸੀ ਜਦੋਂ ਅਜਿਹੇ ਇਕੱਠ ਮੁਹੱਲੇ ਵਿੱਚ ਆ ਕੇ ਇਤਰਾਜਯੋਗ ਨਾਹਰੇ ਮਾਰਦੇ, ਪਰ ਪੁਲਿਸ ਨੂੰ ਸੂਚਨਾ ਦਿੱਤੇ ਜਾਣ ਦੇ ਬਾਵਜੂਦ ਵੀ ਪੁਲਿਸ ਅਤੇ ਪ੍ਰਸਾਸਨਿਕ ਅਧਿਕਾਰੀਆਂ ਵੱਲੋਂ ਮੁਸਲਮਾਨਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਕੁੱਝ ਵੀ ਖਾਸ ਕਦਮ ਨਾ ਉਠਾਇਆ ਗਿਆ।," 2 ਫਾਉਂਡੇਸਨ ਦੇ ਹੈੱਡ ਆਸਿਫ ਨੇ ਦੱਸਿਆ, ਜੋ ਕਿ ਫਰਵਰੀ 2020 ਦੀ ਹਿੰਸਾ ਦੇ ਪੀੜਤਾਂ ਨੂੰ ਆਰਥਿਕ ਅਤੇ ਕਾਨੂੰਨੀ ਸਹਾਇਤਾ ਪ੍ਰਦਾਨ ਕਰਦੀ ਹੈ।

ਇਲਾਕੇ ਦੇ ਮੁਸਲਮਾਨ ਦਾ ਕਹਿਣਾ ਹੈ ਕਿ 1984 ਤੋਂ ਬਾਅਦ ਹੁਣ ਫਿਰ ਅਜਿਹਾ ਮਾਹੌਲ ਬਣ ਰਿਹਾ ਜਿਸ ਵਿੱਚ ਦੋ ਕੌਮਾਂ ਦੀ ਮਾਨਸਿਕਤਾ ਵਿੱਚ ਬੇਵਿਸਵਾਸੀ ਅਤੇ ਨਫਰਤ ਭਾਰੂ ਹੋ ਰਹੀ ਹੈ। ਇਹ ਉਹਨਾਂ ਦੀ ਮਾਨਸਿਕ ਸਿਹਤ ਨੂੰ ਖਰਾਬ ਕਰ ਰਿਹਾ ਅਤੇ ਉਹਨਾਂ ਨੂੰ ਉਹ ਘਰ ਛੱਡ ਕੇ ਜਾਣ ਲਈ ਮਜਬੂਰ ਹੋਣਾ ਪੈ ਰਿਹਾ, ਜਿਹਨਾਂ ਵਿੱਚ ਉਹ ਦਹਾਕਿਆਂ ਬੱਧੀ ਰਹਿ ਰਹੇ ਸਨ।

"ਅਸੀਂ ਇਸ ਜਗ੍ਹਾ ਨੂੰ ਛੱਡਣਾ ਚਾਹੁੰਦੇ ਹਾਂ। ਅਸੀਂ ਰਾਤ ਨੂੰ ਸੌਂ ਨਹੀਂ ਸਕਦੇ। ਇੱਕ ਨਿੱਕੀ ਜਿਹੀ ਆਵਾਜ ਵੀ ਆਉਂਦੀ ਹੈ ਤਾਂ ਰਾਤ ਨੂੰ ਘਬਰਾਹਟ ਪੈਦਾ ਕਰਦੀ ਹੈ। ਸਾਨੂੰ ਲੱਗਦਾ ਹੈ ਕਿ ਸਾਡੇ ਤੇ ਫਿਰ ਹਮਲਾ ਹੋ ਰਿਹਾ।," ਸਹਿਨਾਜ ਨੇ ਅਲ ਜਜੀਰਾ ਨਾਲ ਗੱਲ ਕਰਦਿਆਂ ਕਿਹਾ।

"ਸਹਿਨਾਜ ਦੇ ਘਰ ਵੀ ਫਰਵਰੀ ਹਿੰਸਾ ਦੌਰਾਨ ਲੁੱਟ-ਖਸੁੱਟ ਕੀਤੀ ਗਈ ਸੀ, ਜਿਸ ਵਿੱਚ ਉਹ ਅਤੇ ਉਸਦੀ ਭੈਣ ਨੇ ਆਪਣਾ ਸਾਰਾ ਗਹਿਣਾ-ਗੱਟਾ ਗਵਾ ਦਿੱਤਾ।ਘਰ ਸਿਰਫ ਇਸ ਲਈ ਸੜਨ ਤੋਂ ਬਚ ਗਿਆ, ਕਿਉਂਕਿ ਜੇਕਰ ਅਜਿਹਾ ਹੁੰਦਾ ਤਾਂ ਨਾਲ ਲੱਗਦੇ ਹਿੰਦੂਆਂ ਦੇ ਘਰ ਵੀ ਮੱਚ ਜਾਣੇ ਸੀ।," ਸਹਿਨਾਜ ਦੀ ਭੈਣ, ਨਾਜੀਆ ਪ੍ਰਵੀਨ ਨੇ ਦੱਸਿਆ।

ਉਹ ਵੀ ਆਪਣਾ ਘਰ ਵੇਚਣਾ ਚਾਹੁੰਦੇ ਹਨ, ਪਰ ਉਹਨਾਂ ਨੂੰ ਘਰ ਦੀ ਕੀਮਤ ਦਾ 75% ਵੀ ਨਹੀਂ ਮਿਲਦਾ।

" ਮੇਰੇ ਮਾਤਾ ਘਰ ਨੂੰ ਚਾਲੀ ਲੱਖ ਵਿੱਚ ਵੇਚਣਾ ਚਾਹੁੰਦੇ ਸਨ। ਪਰ ਸਹੀ ਕੀਮਤ ਨਾ ਮਿਲਣ ਕਾਰਨ ਪੈਂਤੀ ਲੱਖ ਵਿੱਚ ਵੇਚਣ ਦਾ ਫੈਂਸਲਾ ਕੀਤਾ। ਹੁਣ ਅਸੀਂ ਤੀਹ ਲੱਖ ਵਿੱਚ ਵੀ ਘਰ ਦੇਣ ਨੂੰ ਤਿਆਰ ਹਾਂ, ਪਰ ਕੋਈ ਖਰੀਦਦਾਰ ਨਹੀਂ ਮਿਲ ਰਿਹਾ।," ਸਹਿਨਾਜ ਕਹਿੰਦੀ ਹੈ।

ਸਾਰੇ ਪਹੁੰਚ ਕਰਨ ਵਾਲੇ ਖਰੀਦ ਦਾਰ ਗੈਰ-ਮੁਸਲਮਾਨ ਹਨ। "ਹਾਂ, ਠੀਕ ਵੀ ਹੈ।ਕੋਈ ਮੁਸਲਮਾਨ ਇਸ ਇਲਾਕੇ ਵਿੱਚ ਕਿਉਂ ਰਹਿਣਾ ਚਾਹੇਗਾ।," ਉਸਨੇ ਆਖਿਆ।

**ਮਜਬੂਰਨ ਵਿਕਰੀ**

ਹਿੰਸਾ ਦੀ ਲਪੇਟ ਚ ਆਏ ਇਲਾਕਿਆਂ ਦੇ ਜਾਇਦਾਦ ਦਲਾਲਾਂ ਨੇ ਵੀ ਕਿਹਾ ਕਿ ਮੁਸਲਮਾਨ ਪਰਿਵਾਰ ਤੇਜੀ ਨਾਲ ਆਪਣੀ ਜਾਇਦਾਦ ਵੇਚ ਰਹੇ ਹਨ, ਜਿਸ ਨਾਲ ਘਾਟੇ ਦੀ ਵਿਕਰੀ ਕੀਤੀ ਜਾ ਰਹੀ ਹੈ।

ਰਿਜਵਾਨ ਖਾਨ, ਜੋ ਕਿ ਪਿਛਲੇ ਸਤਾਰਾਂ ਸਾਲਾਂ ਤੋਂ ਜਾਇਦਾਦ ਦੀ ਦਲਾਲੀ ਦਾ ਕੰਮ ਕਰਦਾ ਹੈ, ਉਸਨੇ ਦੱਸਿਆ ਕਿ ਹੁਣ ਤੱਕ ਪੰਦਰਾਂ ਤੋਂ ਵੀਹ ਗਾਹਕਾਂ ਨੇ ਉਸ ਤੱਕ ਪਹੁੰਚ ਕੀਤੀ ਹੈ, ਜੋ ਕਿ ਆਪਣੀ ਜਾਇਦਾਦ ਵੇਚਣੀ ਚਾਹੁੰਦੇ ਹਨ। ਇਹਨਾਂ ਵਿੱਚੋਂ ਲਗਭਗ ਸਾਰੇ ਹੀ ਮੁਸਲਮਾਨ ਹਨ, ਜੋ ਹਿੰਦੂ ਬਹੁਗਿਣਤੀ ਇਲਾਕੇ ਵਿੱਚ ਰਹਿੰਦੇ ਹਨ। ਜਿਹਨਾਂ ਵਿੱਚੋਂ ਕੁੱਝ ਨੇ ਉਸ ਦੀ ਮਦਦ ਨਾਲ ਜਾਇਦਾਦ ਵੇਚ ਵੀ ਦਿੱਤੀ ਹੈ।

"ਪਰ ਉਹਨਾਂ ਨੂੰ ਸਹੀ ਕੀਮਤ ਨਹੀਂ ਮਿਲ ਰਹੀ। ਮੰਨ ਲਉ ਬਜਾਰ ਦਾ ਰੇਟ 20 ਲੱਖ ਹੈ ਤਾਂ ਉਹ ਮਸਾਂ 15 ਲੱਖ ਵਿੱਚ ਹੀ ਜਾਇਦਾਦ ਵੇਚ ਪਾਉਂਦੇ ਹਨ।"

ਸਥਾਨਕ ਪ੍ਰਸਾਸਨ ਨੇ ਹਾਲਾਂਕਿ ਕਿਹਾ ਕਿ ਉਹ ਇਹੋ ਜਿਹੇ ਕਿਸੇ ਵੀ ਰੁਝਾਨ ਤੋਂ 'ਬੇਖਬਰ' ਹਨ।

ਪੁਨੀਤ ਕੁਮਾਰ ਪਟੇਲ, ਜੋ ਕਿ ਕਾਰਾਵਲ ਨਗਰ ਦੇ ਸਬ ਡਿਵੀਜਨਲ ਮੈਜਿਸਟਰੇਟ ਹਨ, ਨੇ ਕਿਹਾ, "ਹਿੰਸਾ ਦੇ ਦੌਰਾਨ ਕੁੱਝ ਲੋਕ ਘਰ ਛੱਡ ਕੇ ਚਲੇ ਗਏ ਸਨ, ਪਰ ਹੁਣ ਉਹਨਾਂ ਦੀ ਵਾਪਸੀ ਹੋ ਰਹੀ ਹੈ। ਜੇਕਰ ਅਜਿਹਾ ਕੋਈ ਰੁਝਾਨ ਹੁੰਦਾ ਤਾਂ ਉਹਨਾਂ ਨੂੰ ਖਬਰ ਹੋ ਜਾਣੀ ਸੀ।"

ਦੂਜੇ ਪਾਸੇ, ਸੱਤਾਧਾਰੀ ਬੀ.ਜੇ.ਪੀ. ਨੇ ਇਹਨਾਂ ਘਟਨਾਵਾਂ ਨੂੰ ਮੰਨਿਆ ਹੈ ਅਤੇ ਭਾਈਚਾਰਿਆਂ ਵਿਚ 'ਵਿਸਵਾਸ ਵਧਾਊ ਹੀਲੇ' ਕੀਤੇ ਜਾਣ ਦੀ ਗੱਲ ਕਹੀ ਹੈ।

"ਇਹ ਬਦਕਿਸਮਤੀ ਵਾਲੀ ਗੱਲ ਹੈ ਕਿ ਹਿੰਸਾ ਵਾਲੇ ਇਲਾਕਿਆਂ ਵਿੱਚ ਹਿੰਸਾ ਤੋਂ ਬਾਅਦ ਦੋਹਾਂ ਭਾਈਚਾਰਿਆਂ ਵਿਚਕਾਰ ਪਾੜਾ ਵਧਿਆ ਹੈ। ਦਿੱਲੀ ਦੇ ਲੋਕਾਂ, ਸਰਕਾਰ ਅਤੇ ਕੇਂਦਰ ਸਰਕਾਰ ਨੂੰ ਇਕੱਠੇ ਬੈਠ ਕੇ ਇਸ ਮਸਲੇ ਦਾ ਹੱਲ ਕੱਢਣਾ ਚਾਹੀਦਾ ਹੈ।," ਬੀ.ਜੇ.ਪੀ. ਦੇ ਸਥਾਨਕ ਬੁਲਾਰੇ ਹਰੀਸ ਖੁਰਾਣਾ ਨੇ ਕਿਹਾ। ਹਾਲਾਂਕਿ ਕਿ ਬਹੁਤੇ ਦੰਗਾ ਪੀੜਤ ਇਲਾਕਿਆਂ ਵਿੱਚ ਹਾਲਾਤ ਸੁਖਾਵੇਂ ਹੋਣ ਦੀ ਸਥਿਤੀ ਤੋਂ ਬਹੁਤ ਦੂਰ ਹਨ।

**ਦੋਹਾਂ ਭਾਈਚਾਰਿਆਂ ਵਿਚਕਾਰ ਸਮਾਜਿਕ ਗਤੀਵਿਧੀਆਂ ਦਾ ਘਟਣਾ**

"ਹਾਲਾਤ ਆਮ ਕਿਵੇਂ ਹੋਣਗੇ ਜੇਕਰ ਆਪਸੀ ਮਿਲਵਰਤਨ ਨਹੀਂ ਹੋਵੇਗਾ," ਇਬਰਾਹੀਮ ਨੇ ਚਿੰਤਾ ਜਤਾਈ। ਇਬਰਾਹੀਮ ਦੀ ਸਿਵ ਵਿਹਾਰ ਵਿੱਚ ਕਰਿਆਨਾ ਦੀ ਦੁਕਾਨ ਹੈ, ਰਹਿੰਦਾ ਉਹ ਮੁਸਲਮਾਨ ਵਸੋਂ ਵਾਲੇ ਇਲਾਕੇ 'ਚ ਹੈ , ਪਰ ਦੁਕਾਨ ਹਿੰਦੂ ਵਸੋਂ ਵਾਲੀ ਗਲੀ ਵਿੱਚ ਹੋਣ ਕਰਕੇ, ਉਸਦਾ ਰੁਜਗਾਰ ਬੁਰੀ ਤਰਾਂ ਪ੍ਰਭਾਵਿਤ ਹੋਇਆ ਹੈ। ਕਿਉਂਕਿ ਦੰਗਿਆਂ ਤੋਂ ਬਾਅਦ ਉਸਦੇ ਹਿੰਦੂ ਗਾਹਕ ਉਸ ਦੀ ਦੁਕਾਨ ਤੇ ਆਉਣਾ ਪਸੰਦ ਨਹੀਂ ਕਰਦੇ।

"ਹੁਣ ਮੁਸਲਮਾਨ, ਮੁਸਲਮਾਨ ਦੁਕਾਨਦਾਰਾਂ ਦੀ ਦੁਕਾਨ ਤੇ ਜਾਂਦੇ ਹਨ ਤੇ ਹਿੰਦੂ, ਹਿੰਦੂ ਦੁਕਾਨਦਾਰਾਂ ਕੋਲ।," ਮੁਹੰਮਦ ਆਖਦਾ ਹੈ, "ਪਹਿਲਾਂ ਮੇਰੀ ਦੁਕਾਨ ਤੇ ਹਿੰਦੂ ਤੇ ਮੁਸਲਮਾਨ ਦੋਵੇਂ ਗਾਹਕ ਆਉਂਦੇ ਸਨ, ਪਰ ਹੁਣ ਲਗਭਗ ਸਾਰੇ ਗੈਰ ਮੁਸਲਮਾਨਾਂ ਨੇ ਮੇਰੀ ਦੁਕਾਨ ਤੋਂ ਸਮਾਨ ਲੈਣਾ ਛੱਡ ਦਿੱਤਾ ਹੈ।"

ਮੁਹੰਮਦ ਦੀ ਦੁਕਾਨ ਨੂੰ ਦੰਗਿਆਂ ਦੌਰਾਨ ਪਹਿਲਾਂ ਲੁੱਟ ਕੇ, ਫਿਰ ਸਾੜ ਦਿੱਤਾ ਗਿਆ। ਉਸ ਤੋਂ ਬਾਅਦ ਵੀ ਹਿੰਦੂ ਪਰਿਵਾਰਾਂ ਵੱਲੋਂ ਅਣ-ਐਲਾਨੇ ਸਮਾਜਿਕ ਬਾਈਕਾਟ ਦੇ ਚੱਲਦਿਆਂ ਉਸ ਦਾ ਰੁਜਗਾਰ ਡਾਵਾਂ-ਡੋਲ ਹੋ ਰਿਹਾ ਹੈ, ਮਜਬੂਰਨ ਉਹ ਦੁਕਾਨ ਨੂੰ ਵੇਚਣ ਦਾ ਸੋਚ ਰਿਹਾ ਹੈ। "ਮੈਂ ਤੇ ਮੇਰੇ ਪਿਤਾ, ਦੁਕਾਨ ਬਦਲਣ ਲਈ ਸੰਭਾਵਿਤ ਟਿਕਾਣਿਆਂ ਤੇ ਵਿਚਾਰ ਕਰ ਰਹੇ ਹਾਂ।" ਮੁਹੰਮਦ ਨੇ ਅਲ-ਜਜੀਰਾ ਨੂੰ ਦੱਸਿਆ।

ਦੰਗਿਆਂ ਤੋਂ ਬਾਅਦ ਦਾਗੀ ਹੋਏ ਰਿਸਤਿਆਂ ਨੂੰ ਪਹਿਲਾਂ ਤੋਂ ਹੀ ਖਿੱਚੀਆਂ ਹੋਈਆਂ ਲਕੀਰਾਂ ਨੂੰ ਹੋਰ ਗੂੜ੍ਹਾ ਕਰ ਦਿੱਤਾ ਹੈ। "ਸਾਡੇ ਬੱਚੇ ਹੁਣ ਹਿੰਦੂ ਪਰਿਵਾਰਾਂ ਦੇ ਬੱਚਿਆਂ ਨਾਲ ਇਕੱਠੇ ਖੇਡਦੇ ਵੀ ਨਹੀਂ। ਉਹਨਾਂ ਨੇ ਆਪਣੇ ਬੱਚਿਆਂ ਨੂੰ ਅਜਿਹਾ ਕਰਨ ਤੋਂ ਵਰਜ ਦਿੱਤਾ ਹੈ, ਸੋ ਅਸੀਂ ਵੀ ਆਪਣੇ ਬੱਚਿਆਂ ਨੂੰ ਬਾਹਰ ਘੁੰਮਣ ਦੀ ਇਜਾਜਤ ਨਹੀਂ ਦਿੰਦੇ।," ਨਾਜੀਆ ਪ੍ਰਵੀਨ ਨੇ ਕਿਹਾ।

ਭਾਰਤ ਦੇ ਲਗਭਗ 20 ਕਰੋੜ ਮੁਸਲਮਾਨ ਨਿੱਤ-ਦਿਨ ਹੁੰਦੀਆਂ ਵਾਰਦਾਤਾਂ ਨੇ ਹਾਸੀਏ ਤੇ ਧੱਕ ਦਿੱਤੇ ਹਨ, ਤੇ ਜਦੋਂ ਵੀ ਕੋਈ ਅਜਿਹੀ ਘਟਨਾ ਹੁੰਦੀ ਹੈ ਤਾਂ ਉਹਨਾਂ ਨੂੰ ਭੱਜਕੇ ਆਪਣੀ ਬਹੁ-ਗਿਣਤੀ ਵਾਲੇ ਇਲਾਕੇ ਵਿੱਚ ਪਨਾਹ ਲੈਣੀ ਪੈਂਦੀ ਹੈ।2014 ਵਿੱਚ ਮੋਦੀ ਦੀ ਬੀ.ਜੇ.ਪੀ. ਸਰਕਾਰ ਆਉਣ ਨਾਲ ਇਸ ਰੁਝਾਨ ਵਿੱਚ ਤੇਜੀ ਦੇਖਣ ਨੂੰ ਮਿਲੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਮੁਸਲਮਾਨਾਂ ਦਾ ਇਜ ਤਰਾਂ ਚੁੱਪਚਾਪ ਉੱਠ ਕੇ ਆਪਣੀ ਵਸੋਂ ਵਾਲੇ ਪਾਸੇ ਚਲੇ ਜਾਣਾ, ਸੱਭਿਆਚਾਰਕ ਵਿਭਿੰਨਤਾਵਾਂ ਵਾਲੇ ਦੇਸ ਵਿੱਚ ਉਹਨਾਂ ਦੇ ਪਾੜਿਆਂ ਅਤੇ ਬੇਗਾਨਗੀ ਦੇ ਅਹਿਸਾਸ ਨੂੰ ਤੇਜ ਕਰੇਗਾ।

**'Midnight'borders- A people s history of modern India'** ਦੇ ਲੇਖਕ ਅਤੇ ਨਿਊਯਾਰਕ ਤੋਂ ਵਕੀਲ ਸੁਚਿਤਰਾ ਵਿਜਿਆਨ ਨੇ ਕਿਹਾ, "ਇਹ ਬਿਲਕੁਲ ਕੋਈ ਨਵਾਂ ਵਰਤਾਰਾ ਨਹੀਂ ਹੈ। ਕਈ ਵਾਰ ਤਾਂ ਇੱਕ ਪਰਿਵਾਰ ਨੂੰ ਹਿੰਸਾ ਦੇ ਚੱਲਦਿਆਂ ਕਈ ਵਾਰ ਆਪਣਾ ਘਰ ਬਦਲਣਾ ਪੈਂਦਾ ਹੈ। ਇਹ ਹਾਸੀਏ ਤੇ ਧੱਕੇ ਜਾ ਰਹੇ ਮੁਸਲਮਾਨ ਭਾਈਚਾਰੇ ਲਈ ਬਹੁਤ ਆਮ ਗੱਲ ਹੋ ਗਈ ਹੈ। ਗੁਜਰਾਤ ਦੰਗੇ(2002) ਹੋਣ, ਨੇਲੀ ਕਤਲੇਆਮ(1983) ਹੋਵੇ ਜਾਂ ਫਿਰ ਤਾਜਾ ਤਰੀਨ ਨਵੀਂ ਦਿੱਲੀ ਦੀਆਂ ਘਟਨਾਵਾਂ, ਮੁਸਲਮਾਨਾਂ ਨੂੰ ਕਈ ਵਾਰ ਅਜਿਹੇ ਹਲਾਤਾਂ ਕਰਕੇ ਆਵਾਸ ਬਦਲਣ ਲਈ ਮਜਬੂਰ ਹੋਣਾ ਪਿਆ ਹੈ।

ਫੈਡਰਲ ਸਰਕਾਰ ਦੁਆਰਾ ਗਠਿਤ ਸਚਾਰ ਨਿਆਂਇਕ ਕਮੇਟੀ ਦੀ 2006 ਦੀ ਰਿਪੋਰਟ ਵਿੱਚ ਵੀ ਇਹ ਤੱਥ ਜਾਹਿਰ ਕੀਤਾ ਕਿ ਆਪਣੀ ਸੁਰੱਖਿਆ ਦਾ ਫਿਕਰ ਕਰਦੇ ਹੋਏ ਮੁਸਲਮਾਨ ਭਾਈਚਾਰਾ ਲਗਾਤਾਰ ਵੱਧ ਮੁਸਲਿਮ ਵਸੋਂ ਵਾਲੇ ਮੁਹੱਲਿਆਂ, ਕਾਲੋਨੀਆਂ, ਇਲਾਕਿਆਂ ਵਿੱਚ ਤੇਜੀ ਨਾਲ ਪ੍ਰਵਾਸ ਕਰ ਰਿਹਾ ਹੈ।

## ਦਿਸ਼ਾ ਰਾਵੀ ਦੀ ਜ਼ਮਾਨਤ...

'ਮੈਂ ਇਸ ਤੱਥ ਤੋਂ ਵੀ ਜਾਣੂ ਹਾਂ ਕਿ ਤਫਤੀਸ਼ ਇੱਕ ਨਵੇਂ ਪੜਾਅ 'ਤੇ ਹੈ ਅਤੇ ਪੁਲਿਸ ਹੋਰ ਸਬੂਤ ਜੁਟਾਉਣ ਵੱਲ ਯਤਨਸ਼ੀਲ ਹੈ, ਪਰ ਫਿਰ ਵੀ, ਜਾਂਚਕਾਰੀ ਏਜੰਸੀ ਨੇ ਜੁਟਾਈ ਗਈ ਸਮੱਗਰੀ ਦੇ ਆਧਾਰ ਤੇ ਆਰੋਪੀ ਨੂੰ ਗ੍ਰਿਫਤਾਰ ਕਰਨ ਦਾ ਸੁਚੇਤ ਫੈਸਲਾ ਲਿਆ ਸੀ ਤੇ ਹੁਣ ਭਵਿੱਖੀ ਸੰਭਾਵਨਾਵਾਂ ਦੇ ਆਧਾਰ ਤੇ ਕਿਸੇ ਨਾਗਰਿਕ ਦੀ ਆਜ਼ਾਦੀ 'ਤੇ ਰੋਕ ਲਾਉਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।'

'ਇਸ ਤੋਂ ਇਲਾਵਾ ਦੋਸ਼ੀ ਵੱਲੋਂ ਕਿਸੇ ਵੀ ਕਾਲ, ਭੜਕਾਹਟ, ਪ੍ਰੇਰਨਾ, ਉਤਸ਼ਾਹਿਤ ਕਰਨ ਦਾ ਕੋਈ ਰਿਕਾਰਡ ਨਹੀਂ ਹੈ, ਜੋ ਉੱਪਰ ਦੱਸੀਆਂ ਸੰਸਥਾਵਾਂ ਅਤੇ ਛੱਬੀ ਜਨਵਰੀ ਦੇ ਘਟਨਾਕ੍ਰਮ ਨਾਲ ਬੇਨਤੀ ਕਰਤਾ ਦਾ ਕੋਈ ਸਬੰਧ ਦਰਸਾਉਂਦਾ ਹੋਵੇ।'

'ਬੇਨਤੀ ਕਰਤਾ/ਆਰੋਪੀ 26 ਜਨਵਰੀ, 2021 ਨੂੰ ਪੀਜੇਐਫ ਦੇ ਸੰਸਥਾਪਕਾਂ ਨਾਲ ਹਿੰਸਾ ਪੈਦਾ ਕਰਨ ਲਈ ਸਾਂਝੇ ਮਕਸਦ ਨਾਲ ਸਹਿਮਤ ਹੋਇਆ ਜਾਂ ਜਾਣਕਾਰੀ ਸਾਂਝੀ ਕੀਤੀ, ਸਬੂਤਾਂ ਦੀ ਅਣਹੋਂਦ ਕਾਰਨ, ਸਿਰਫ ਸੰਭਾਵਨਾਵਾਂ ਦੇ ਆਧਾਰ 'ਤੇ ਇਹ ਨਹੀਂ ਮੰਨਿਆ ਜਾ ਸਕਦਾ। 26 ਜਨਵਰੀ ਦੀ ਹਿੰਸਾ ਵਿੱਚ ਉਸਦਾ ਹੱਥ ਹੋਣਾ ਜਾਂ ਵੱਖਵਾਦੀ ਵਿਚਾਰਾਂ ਦਾ ਪਸਾਰ ਕਰਨ ਦਾ ਦੋਸ ਸਿਰਫ ਇਸ ਗੱਲ ਕਰਕੇ ਉਸ ਸਿਰ ਨਹੀਂ ਮੜਿਆ ਜਾ ਸਕਦਾ ਕਿ ਉਸਨੇ ਅਜਿਹਾ ਕਰਨ ਵਾਲਿਆਂ ਨਾਲ ਮੰਚ ਸਾਂਝਾ ਕੀਤਾ ਸੀ।'




# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**